Tanya's Beauty Salon
THREADING / WAXING
FACIAL (MEN & WOMEN)
ANTI-AGING FACIAL - BLEACH
HAIR CUT - COLOR AND STYLE
WE SPECIALIZE IN BRIDAL & HENNA
85-03 ROOSEVELT AVE. JACKSON HEIGHTS, NY 11373
Tel: 718-205-7832

Ad Space Available
Call 847-359-0746

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Nineteenth Year of Publication
ਨਿਊ ਯਾਰਕ ਐਡੀਸ਼ਨ
Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 19, Issue 09, March 3, 2018
20451 N. Plum Grove Rd., Palatine, IL 60074 Ph:847-359-0746, Fax:847-705-9388

## ਟਰੂਡੋ ਫੇਰੀ: ਭਾਰਤ ਨੇ ਘੜ ਲਈ ਸੀ ਕਈ ਮਹੀਨੇ ਪਹਿਲਾਂ ਰਣਨੀਤੀ

### ਫੇਰੀ ਨੂੰ ਖਾਲਿਸਤਾਨੀ ਪਾਣ ਚਾੜ੍ਹਨ ਲਈ ਲਾਇਆ ਟਿੱਲ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਭਾਰਤ ਦੇ ਸੱਤ ਦਿਨਾਂ ਦੌਰੇ ਪਿੱਛੋਂ ਵਤਨ ਪਰਤ ਗਏ ਹਨ, ਪਰ ਭਾਰਤ ਸਰਕਾਰ ਵੱਲੋਂ ਉਨ੍ਹਾਂ ਦੀ ਖੁੱਲ੍ਹਦਿਲੀ ਨਾਲ ਆਓ-ਭਗਤ ਤੋਂ ਪਾਸਾ ਵੱਟਣ ਅਤੇ ਟਰੂਡੋ ਸਰਕਾਰ ਨੂੰ ਅਤਿਵਾਦ ਪੱਖੀ ਪ੍ਰਚਾਰ ਕੇ ਜਿੱਚ ਕਰਨ ਵਾਲੀ ਰਣਨੀਤੀ ਅਜੇ ਵੀ ਸਵਾਲਾਂ ਦੇ ਘੇਰੇ ਵਿਚ ਹੈ। ਇਹ ਰਿਪੋਰਟਾਂ ਅੱਜ ਕੱਲ੍ਹ ਖੂਬ ਚਰਚਾ ਵਿਚ ਹਨ ਕਿ ਨਰੇਂਦਰ ਮੋਦੀ ਸਰਕਾਰ ਵੱਲੋਂ ਟਰੂਡੋ ਦੀ ਅਜਿਹੀ 'ਮਹਿਮਾਨ ਨਿਵਾਜੀ' ਬਾਰੇ ਰਣਨੀਤੀ ਪਹਿਲਾਂ ਹੀ ਬਣਾ ਲਈ ਸੀ। ਇਸੇ ਰਣਨੀਤੀ ਤਹਿਤ ਮੋਦੀ ਸਰਕਾਰ ਦਾ ਸਾਰਾ ਜ਼ੋਰ ਟਰੂਡੋ ਸਰਕਾਰ 'ਤੇ ਖਾਲਿਸਤਾਨੀ ਪੱਖੀ ਹੋਣ ਦਾ ਠੱਪਾ ਲਾਉਣ 'ਤੇ ਲੱਗ ਗਿਆ। ਇਹ ਵੀ ਚਰਚਾ ਹੈ ਕਿ ਭਾਰਤੀ ਵਿਦੇਸ਼ ਮੰਤਰਾਲੇ ਨੇ ਟਰੂਡੋ ਦੀ ਸ੍ਰੀ ਦਰਬਾਰ ਸਾਹਿਬ ਯਾਤਰਾ ਲਈ ਅੜਿੱਕੇ ਡਾਹੁਣ ਵਿਚ ਕੋਈ ਕਸਰ ਨਹੀਂ ਛੱਡੀ, ਪਰ ਟਰੂਡੋ ਨੇ ਭਾਰਤੀ ਅਧਿਕਾਰੀਆਂ ਦੀ ਪੇਸ਼ ਨਾ ਜਾਣ ਦਿੱਤੀ।

ਭਾਰਤ ਸਰਕਾਰ ਦੀ ਨੀਅਤ 'ਤੇ ਸਭ ਤੋਂ ਵੱਧ ਸਵਾਲ ਸਾਬਕਾ ਖਾੜਕੂ ਦੱਸੇ ਜਾਂਦੇ ਜਸਪਾਲ ਅਟਵਾਲ ਦੀ ਐਨ ਮੌਕੇ ਵਾਲੀ 'ਐਂਟਰੀ' ਉਤੇ ਉਠ ਰਹੇ ਹਨ। ਮੋਦੀ ਨਾਲ ਟਰੂਡੋ ਦੀ ਮੁਲਾਕਾਤ ਤੋਂ ਇਕ ਦਿਨ ਪਹਿਲਾਂ ਇਹ ਰੌਲਾ ਪਾ ਦਿੱਤਾ ਗਿਆ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਨਾਲ ਕਾਲੀ ਸੂਚੀ ਵਾਲੇ ਸਿੱਖ ਵੀ ਆਏ ਹਨ। ਵਿਦੇਸ਼ ਮੰਤਰਾਲੇ ਦੇ ਇਕ ਅਧਿਕਾਰੀ ਵੱਲੋਂ ਉਸ ਦਾ ਨਾਂ ਕਾਲੀ ਸੂਚੀ



ਵਿਚੋਂ ਪਿਛਲੇ ਸਾਲ ਹੀ ਕੱਢੇ ਜਾਣ ਦਾ ਬੋਲਿਆ ਝੂਠ ਵੀ ਨੰਗਾ ਹੋ ਗਿਆ ਹੈ। ਅਟਵਾਲ ਪਿਛਲੇ ਸਾਲਾਂ ਦੌਰਾਨ ਕਈ ਵਾਰ ਭਾਰਤ ਆ ਚੁੱਕਾ ਹੈ। ਦੱਸਿਆ ਜਾਂਦਾ ਹੈ ਕਿ ਜਸਪਾਲ ਨੇ ਕਾਫੀ ਸਮਾਂ ਪਹਿਲਾਂ ਭਾਰਤੀ ਅਧਿਕਾਰੀਆਂ ਨਾਲ ਨੇੜਤਾ ਬਣਾ ਲਈ ਸੀ ਅਤੇ ਪਹਿਲੀ ਵਾਰ ਉਹ 1999 ਵਿਚ ਵੀਜ਼ਾ ਲੈ ਕੇ ਭਾਰਤ ਆਇਆ। ਇਸ ਤੋਂ ਬਾਅਦ

(ਬਾਕੀ ਸਫਾ 6 ਉਤੇ)

## ਕੈਪਟਨ ਪਰਿਵਾਰ ਵੀ ਬੈਂਕ ਘੁਟਾਲੇ ਦੇ ਲਪੇਟੇ ਵਿਚ

**ਨਵੀਂ ਦਿੱਲੀ:** ਬੈਂਕ ਘੁਟਾਲਿਆਂ ਬਾਰੇ ਧੜਾ ਧੜ ਖੁਲਾਸਿਆਂ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪਰਿਵਾਰ ਨੂੰ ਵੀ ਲਪੇਟੇ ਵਿਚ ਲੈ ਲਿਆ ਹੈ। ਓਰੀਐਂਟਲ ਬੈਂਕ ਆਫ ਕਾਮਰਸ (ਓ.ਬੀ.ਸੀ.) ਵਿਚ ਤਕਰੀਬਨ 200 ਕਰੋੜ ਦੇ ਘਪਲੇ ਦਾ ਪਤਾ ਲੱਗਾ ਹੈ। ਇਸ ਘੁਟਾਲੇ ਵਿਚ ਕੈਪਟਨ ਦੇ ਜਵਾਈ ਗੁਰਪਾਲ ਸਿੰਘ ਮਾਨ ਦਾ ਨਾਮ ਵੀ ਸ਼ਾਮਲ ਹੈ। ਗੁਰਪਾਲ ਸਿੰਘ ਮਾਨ ਸਿੰਭੌਲੀ ਸ਼ੂਗਰਜ਼ ਮਿੱਲ ਲਿਮਟਿਡ ਦੇ ਡਿਪਟੀ ਐਮ.ਡੀ. ਹਨ। ਹਾਲਾਂਕਿ ਕੈਪਟਨ ਦਾ ਕਹਿਣਾ ਹੈ ਕਿ ਸਿੰਭੌਲੀ ਸ਼ੂਗਰਜ਼ ਵਿਚ ਉਨ੍ਹਾਂ ਦੇ ਜਵਾਈ ਦੀ ਮਹਿਜ਼ 12.5 ਫੀਸਦੀ ਹਿੱਸੇਦਾਰੀ ਹੈ ਅਤੇ ਉਸ ਨੂੰ ਬਿਨਾਂ ਵਜ੍ਹਾ ਵਿਵਾਦ ਵਿਚ ਲਪੇਟਿਆ ਜਾ ਰਿਹਾ ਹੈ।

ਇਸ ਖੁਲਾਸੇ ਨੇ ਬੈਂਕ ਘੁਟਾਲਿਆਂ ਵਿਚ ਘਿਰੀ ਭਾਜਪਾ ਨੂੰ ਉਠਣ ਦਾ ਮੌਕਾ ਵੀ ਦੇ ਦਿੱਤਾ ਹੈ। ਹੁਣ ਤੱਕ ਇਸ ਘਪਲੇਬਾਜ਼ੀ ਖਿਲਾਫ ਚੁੱਪ ਬੈਠੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਇਸ ਖੁਲਾਸੇ ਪਿੱਛੋਂ ਕੈਪਟਨ ਨੂੰ ਘੇਰਨ ਲਈ ਇਕ ਮਿੰਟ ਵੀ ਨਾ ਲਾਇਆ ਤੇ ਆਖ ਦਿੱਤਾ ਕਿ ਸ਼ਰਮ ਵਾਲੀ ਗੱਲ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਦੇ ਰਿਸ਼ਤੇਦਾਰ ਨੇ ਕਿਸਾਨਾਂ ਦੀ ਸਖਤ ਮਿਹਨਤ



ਦੀ ਕਮਾਈ ਆਪਣੀ ਜੇਬ ਵਿਚ ਪਾ ਲਈ ਹੈ। ਉਧਰ, ਗੁਰਪਾਲ ਸਿੰਘ ਖਿਲਾਫ ਕੇਸ ਦਰਜ ਕਰਨ ਪਿੱਛੋਂ ਕਾਂਗਰਸੀ ਹਲਕਿਆਂ ਵਿਚ ਬੇਚੈਨੀ ਹੈ। ਕਾਂਗਰਸੀ ਆਗੂਆਂ ਦਾ ਮੰਨਣਾ ਹੈ ਕਿ ਤਾਜ਼ਾ ਘਟਨਾਕ੍ਰਮ ਨਾਲ ਮੁੱਖ ਮੰਤਰੀ ਦੀਆਂ ਮੁਸ਼ਕਿਲਾਂ ਵਧ ਗਈਆਂ ਹਨ। ਉਂਜ, ਗੁਰਪਾਲ

(ਬਾਕੀ ਸਫਾ 6 ਉਤੇ)

## ਨਿਗਮ ਚੋਣਾਂ: ਕਾਂਗਰਸ ਦੀ ਦਸ ਸਾਲ ਪਿੱਛੋਂ ਲੁਧਿਆਣੇ ਵਾਪਸੀ

**ਲੁਧਿਆਣਾ:** ਨਗਰ ਨਿਗਮ ਲੁਧਿਆਣਾ ਵਿਚ ਦਸ ਸਾਲਾਂ ਪਿੱਛੋਂ ਕਾਂਗਰਸ ਦੀ ਵਾਪਸੀ ਹੋਈ ਹੈ। ਨਿਗਮ ਚੋਣਾਂ ਵਿਚ ਕਾਂਗਰਸ ਨੂੰ ਦੋ-ਤਿਹਾਈ ਦੇ ਕਰੀਬ ਬਹੁਮਤ ਮਿਲਿਆ ਹੈ। ਪਾਰਟੀ ਨੇ ਕੁੱਲ 95 ਸੀਟਾਂ ਵਿਚੋਂ 62 ਜਿੱਤੀਆਂ। ਅਕਾਲੀ-ਭਾਜਪਾ ਗੱਠਜੋੜ 21 ਸੀਟਾਂ 'ਤੇ ਜੇਤੂ ਰਿਹਾ। ਸੱਤ ਸੀਟਾਂ ਉਤੇ ਬੈਂਸ ਭਰਾਵਾਂ ਦੀ ਲੋਕ ਇਨਸਾਫ ਪਾਰਟੀ ਜਿੱਤੀ ਅਤੇ ਇਕ ਉਤੇ ਉਸ ਦੀ ਸਹਿਯੋਗੀ ਪਾਰਟੀ ਆਮ ਆਦਮੀ ਪਾਰਟੀ (ਆਪ)। ਚਾਰ ਸੀਟਾਂ ਆਜ਼ਾਦ ਉਮੀਦਵਾਰਾਂ ਦੇ ਹਿੱਸੇ ਆਈਆਂ। ਇਨ੍ਹਾਂ ਚੋਣਾਂ ਵਿਚ ਅਕਾਲੀ ਦਲ ਨੂੰ ਵੱਧ ਧੱਕਾ ਲੱਗਿਆ। ਪਿਛਲੀ ਵਾਰ ਇਸ ਦੇ 27 ਮੈਂਬਰ ਸਨ। ਇਸ ਵਾਰ ਇਹ ਪਾਰਟੀ ਸਿਰਫ 11 ਵਾਰਡਾਂ ਵਿਚ ਜੇਤੂ ਰਹੀ।

ਚੋਣਾਂ ਦੌਰਾਨ ਖਾਸ ਗੱਲ ਇਹ ਰਹੀ ਕਿ ਕਾਂਗਰਸ ਦੇ ਜ਼ਿਆਦਾਤਰ ਉਮੀਦਵਾਰ ਵੱਡੀ ਲੀਡ ਨਾਲ ਜਿੱਤੇ ਜਦਕਿ ਅਕਾਲੀ ਦਲ ਦੇ ਕਈ

(ਬਾਕੀ ਸਫਾ 6 ਉਤੇ)

### ਜ਼ਿਮਨੀ ਚੋਣਾਂ ਵਿਚ ਵੀ ਕਾਂਗਰਸ ਦੀ ਝੰਡੀ

**ਚੰਡੀਗੜ੍ਹ:** ਲੁਧਿਆਣਾ ਨਗਰ ਨਿਗਮ ਚੋਣ ਦੇ ਨਾਲ ਗੁਰਦਾਸਪੁਰ, ਫਤਿਹਗੜ੍ਹ ਚੂੜੀਆਂ, ਦੀਨਾਨਗਰ, ਪਠਾਨਕੋਟ ਦੇ ਸੁਜਾਨਪੁਰ, ਫਾਜ਼ਿਲਕਾ, ਕਪੂਰਥਲਾ ਤੇ ਸੁਲਤਾਨਪੁਰ ਲੋਧੀ ਦੇ ਇਕ-ਇਕ ਵਾਰਡ 'ਚ ਹੋਈ ਜ਼ਿਮਨੀ ਚੋਣ ਵਿਚ ਵੀ ਕਾਂਗਰਸੀ ਉਮੀਦਵਾਰਾਂ ਦੀ ਝੰਡੀ ਰਹੀ। ਗੁਰਦਾਸਪੁਰ ਦੇ ਵਾਰਡ ਨੰਬਰ 22 ਤੋਂ ਸੁਨੀਤਾ, ਫਤਿਹਗੜ੍ਹ ਚੂੜੀਆਂ ਦੇ ਵਾਰਡ ਨੰਬਰ ਇਕ ਤੋਂ ਮਨਦੀਪ ਕੌਰ ਤੇ ਦੀਨਾਨਗਰ ਦੇ ਵਾਰਡ ਨੰਬਰ ਸੱਤ ਤੋਂ ਆਸ਼ਾ ਰਾਣੀ ਜੇਤੂ ਰਹੇ। ਤਿੰਨੇ ਮਹਿਲਾ ਉਮੀਦਵਾਰ ਕਾਂਗਰਸ ਪਾਰਟੀ ਨਾਲ ਸਬੰਧਤ ਹਨ। ਪਠਾਨਕੋਟ ਦੇ ਸੁਜਾਨਪੁਰ ਵਿਚ ਵਾਰਡ ਨੰਬਰ ਪੰਜ ਦੇ ਨੁਮਾਇੰਦੇ ਚੁਣਨ ਲਈ ਹੋਈ ਜ਼ਿਮਨੀ ਚੋਣ ਵਿਚ ਵੀ ਕਾਂਗਰਸ ਨੇ ਜਿੱਤ ਦਰਜ ਕੀਤੀ ਹੈ।

ਜੁਲਾਈ - ਅਗਸਤ 2018
High Season Sale
ਦਿੱਲੀ $855
ਟੈਕਸ ਸਮੇਤ
Harpreet Singh
WorldWide Travel
www.fly2world.com
866 66 INDIA
4 6 3 4 2
734 838 9998
24 ਘੰਟੇ ਐਮਰਜੰਸੀ
Fares shown are for July 10th to Dec 7th 2018 departure from Detroit and may change without notice. please call for more details. Other conditions apply.

ATLANTIC TAX SOLUTIONS INC.
Income Tax Preparation
By Certified Public Accountant
ਰਿਚਮੰਡ ਹਿੱਲ ਵਿੱਖੇ ਪੰਜਾਬੀ ਭਰਾਵਾਂ ਦੀ ਸੇਵਾ ਲਈ ਇੰਕਮ ਟੈਕਸ ਤੇ ਇੰਸ਼ੋਰੈਂਸ ਦਾ ਦਫ਼ਤਰ ਖੁੱਲ ਗਿਆ ਹੈ। ਅੱਜ ਹੀ ਰਾਹੁਲ ਸਿੰਘ ਨੂੰ ਕਾਲ ਕਰੋ।
Free Consultancy ❖ Best Services ❖ Best Prices
Rahul Singh, CPA
Experience and Specialty
Corporate Tax
Personal Income Tax
Financial Statement Audit
New Business Setup
Year Round Service
Accounting
Bookkeeping
Payroll Services
Immigration Forms
Insurance
Auto
Home
Life
Business
Worker Comp.
Get the most from your tax refund!
AUTHORIZED e-file PROVIDER
ਪਰਸਨਲ ਟੈਕਸ, ਕਾਰਪੋਰੇਟ ਟੈਕਸ, ਆਡਿਟ, ਬੁੱਕ ਕੀਪਿੰਗ ਤੇ ਟੈਕਸ ਦੀਆਂ ਹੋਰ ਸੇਵਾਵਾਂ ਲਈ ਸੰਪਰਕ ਕਰੋ
718-850-0040 Cell: 917-622-1354 (Rahul) Cell: 917-650-7989 (Rehan)
11805 Atlantic Ave, Richmond Hill NY 11418 Email: sendtocpa@gmail.com

# ਟਰੂਡੋ ਦੀ ਅੰਮ੍ਰਿਤਸਰ ਫੇਰੀ: ਸ਼੍ਰੋਮਣੀ ਕਮੇਟੀ ਨੂੰ ਸਿੱਖ ਮਸਲਿਆਂ ਬਾਰੇ ਵੱਡੀਆਂ ਆਸਾਂ



**ਅੰਮ੍ਰਿਤਸਰ:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਅਤੇ ਇਸ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਨਿੱਘਾ ਸਵਾਗਤ ਕੀਤੇ ਜਾਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੂੰ ਆਸ ਹੈ ਕਿ ਇਹ ਦੌਰਾ ਵਿਸ਼ਵ ਭਰ ਵਿਚ ਵਸਦੇ ਸਿੱਖ ਭਾਈਚਾਰੇ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਮਦਦਗਾਰ ਸਾਬਤ ਹੋਵੇਗਾ। ਕਮੇਟੀ ਨੂੰ ਆਸ ਹੈ ਕਿ ਇਸ ਦੌਰੇ ਨਾਲ ਸਿੱਖ ਸਬੰਧਾਂ ਬਾਰੇ ਚਰਚਾ ਦਾ ਦੌਰ ਸ਼ੁਰੂ ਹੋਵੇਗਾ, ਜਿਸ ਨਾਲ ਸਿੱਖ ਧਰਮ ਅਤੇ ਕੌਮ ਬਾਰੇ ਵੀ ਪ੍ਰਚਾਰ ਹੋਵੇਗਾ।

ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਕਿਹਾ ਕਿ ਇਸ ਦੌਰੇ ਨਾਲ ਵਿਸ਼ਵ ਪੱਧਰ 'ਤੇ ਸਿੱਖਾਂ ਬਾਰੇ ਚਰਚਾ ਹੋਵੇਗੀ ਜਿਸ ਨਾਲ ਸਿੱਖ ਪਛਾਣ ਦੀ ਸਮੱਸਿਆ ਹੱਲ ਕਰਨ ਵਿਚ ਮਦਦ ਮਿਲੇਗੀ। ਉਨ੍ਹਾਂ ਕਿਹਾ ਕਿ ਜਦੋਂ ਸੂਚਨਾ ਕੇਂਦਰ ਵਿਚ ਪ੍ਰਧਾਨ ਮੰਤਰੀ ਟਰੂਡੋ ਨੂੰ ਸਨਮਾਨਤ ਕੀਤਾ ਜਾ ਰਿਹਾ ਸੀ ਤਾਂ ਉਸ ਵੇਲੇ ਉਨ੍ਹਾਂ ਦੇ ਦੋ ਬੱਚਿਆਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਮਾਡਲ ਦਿੱਤੇ ਗਏ। ਇਸ ਮੌਕੇ ਪ੍ਰਧਾਨ ਮੰਤਰੀ ਨੇ ਖੁਦ ਆਪਣੇ ਤੀਜੇ ਬੱਚੇ ਲਈ ਵੀ ਮਾਡਲ ਦੇਣ ਦੀ ਮੰਗ ਕੀਤੀ। ਉਨ੍ਹਾਂ ਆਪਣੇ ਬੱਚਿਆਂ ਨੂੰ ਆਖਿਆ ਕਿ ਉਹ ਘਰ ਪਰਤ ਕੇ ਆਪਣੇ ਸਕੂਲ ਅਤੇ ਹੋਰ ਸਾਥੀਆਂ ਨੂੰ ਇਸ ਬਾਰੇ ਜ਼ਰੂਰ ਦੱਸਣ। ਉਨ੍ਹਾਂ ਕਿਹਾ ਕਿ ਜਦੋਂ ਪ੍ਰਧਾਨ ਮੰਤਰੀ ਨੂੰ ਸ੍ਰੀ ਸਾਹਿਬ ਭੇਟ ਕਰਨ ਦਾ ਫੈਸਲਾ ਕੀਤਾ ਗਿਆ ਤਾਂ ਉਸ ਵੇਲੇ ਸੁਰੱਖਿਆ ਅਮਲੇ ਵੱਲੋਂ ਕਿਰਪਾਨ ਦੀ ਮਹੱਤਤਾ ਬਾਰੇ ਪੁੱਛਿਆ ਗਿਆ, ਜਿਸ ਨਾਲ ਉਨ੍ਹਾਂ ਨੂੰ ਸਿੱਖ ਧਰਮ ਵਿਚ ਸ੍ਰੀ ਸਾਹਿਬ ਦੀ ਮਹੱਤਤਾ ਬਾਰੇ ਪਤਾ ਲੱਗਾ ਹੈ। ਪ੍ਰਧਾਨ ਮੰਤਰੀ ਨੇ ਆਪਣੇ ਨਿੱਜੀ ਫੇਸਬੁੱਕ ਖਾਤੇ 'ਤੇ ਵੀ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਦਿੱਤੇ ਗਏ ਮਾਣ ਸਨਮਾਨ ਦਾ ਜ਼ਿਕਰ ਕੀਤਾ ਹੈ।

## ਪਾਰਟੀਸ਼ਨ ਮਿਊਜ਼ੀਅਮ ਦੇਖ ਭਾਵੁਕ ਹੋਏ ਟਰੂਡੋ

**ਚੰਡੀਗੜ੍ਹ:** ਜਸਟਿਨ ਟਰੂਡੋ ਨੇ ਪਾਰਟੀਸ਼ਨ ਮਿਊਜ਼ੀਅਮ 'ਚ ਅਧਿਕਾਰਤ ਸਮੇਂ ਮੁਤਾਬਕ ਸਿਰਫ 12 ਮਿੰਟ ਰੁਕਣਾ ਸੀ ਪਰ ਉਹ 22 ਮਿੰਟ ਰੁਕੇ। ਟਰੂਡੋ ਮਿਊਜ਼ੀਅਮ ਦੇਖ ਦੇ ਕਾਫੀ ਭਾਵੁਕ ਹੋ ਗਏ। ਇਹ ਮਿਊਜ਼ੀਅਮ 1947 ਦੇ ਉਜਾੜੇ ਦੀ ਦਾਸਤਾਨ ਬਿਆਨਦਾ ਹੈ। ਆਪਣੇ ਤੈਅ ਸਮੇਂ ਤੋਂ ਪੂਰੇ 42 ਮਿੰਟ ਦੀ ਦੇਰੀ ਨਾਲ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਾਫਲਾ ਦੁਪਹਿਰ ਇਕ ਵੱਜ ਕੇ 12 ਮਿੰਟ 'ਤੇ ਪਾਰਟੀਸ਼ਨ ਮਿਊਜ਼ੀਅਮ ਪਹੁੰਚਿਆ। ਉਹ ਇਕ ਵੱਜ ਕੇ 33 ਮਿੰਟ ਦੇ ਕਰੀਬ ਇਥੋਂ ਨਿਕਲੇ। ਉਨ੍ਹਾਂ ਨਾਲ ਆਏ ਕੈਨੇਡੀਅਨ ਮੰਤਰੀਆਂ ਨੇ ਮਿਊਜ਼ੀਅਮ ਦੀਆਂ ਹੇਠਲੀਆਂ ਗੈਲਰੀਆਂ ਦਾ ਦੌਰਾ ਕੀਤਾ ਤੇ ਸਰਕਾਰ ਦੇ ਉਦਮਾਂ ਦੀ ਖੁਲ੍ਹ ਕੇ ਪ੍ਰਸ਼ੰਸਾ ਕੀਤੀ।

## ਖਾਲਿਸਤਾਨੀ ਨੂੰ ਡਿਨਰ ਦੇ ਸੱਦੇ ਤੋਂ ਵਿਵਾਦ

**ਨਵੀਂ ਦਿੱਲੀ:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਭਾਰਤ ਫੇਰੀ ਦੌਰਾਨ ਸ੍ਰੀ ਟਰੂਡੋ ਦੇ ਦਫਤਰ ਅਤੇ ਮੋਦੀ ਸਰਕਾਰ ਨੂੰ ਉਦੋਂ ਨਮੋਸ਼ੀ ਝੱਲਣੀ ਪਈ ਜਦੋਂ ਸਾਹਮਣੇ ਆਇਆ ਕਿ ਮਹਿਮਾਨ ਵਫਦ ਦੇ ਅਧਿਕਾਰਤ ਸਮਾਗਮਾਂ ਵਿਚ ਕੈਨੇਡਾ ਤੋਂ ਪੁੱਜਾ ਹੋਇਆ ਇਕ ਸਜ਼ਾਯਾਫਤਾ ਖਾਲਿਸਤਾਨੀ ਵੀ ਹਿੱਸਾ ਲੈ ਰਿਹਾ ਹੈ।

ਜਸਪਾਲ ਅਟਵਾਲ ਨਾ ਸਿਰਫ ਮੁੰਬਈ ਵਿੱਚ ਕੈਨੇਡੀਅਨ ਵਫਦ ਦੇ ਸਮਾਗਮਾਂ ਵਿਚ ਸ਼ਾਮਲ ਸੀ, ਸਗੋਂ ਕੈਨੇਡੀਅਨ ਹਾਈ ਕਮਿਸ਼ਨ ਵਿਚ ਹਾਈ ਕਮਿਸ਼ਨਰ ਨਾਦਿਰ ਪਟੇਲ ਵੱਲੋਂ ਸ੍ਰੀ ਟਰੂਡੋ ਦੇ ਮਾਣ ਵਿਚ ਦਿੱਤੇ ਰਾਤਰੀ ਭੋਜ ਲਈ ਵੀ ਉਸ ਨੂੰ ਸੱਦਾ ਦਿੱਤਾ ਗਿਆ ਸੀ। ਵਿਵਾਦ ਪੈਦਾ ਹੋਣ 'ਤੇ ਇਹ ਸੱਦਾ ਰੱਦ ਕਰ ਦਿੱਤਾ ਗਿਆ। ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਇਹ ਪਤਾ ਲਾਇਆ ਜਾ ਰਿਹਾ ਹੈ ਕਿ ਉਸ ਨੂੰ ਭਾਰਤ ਆਉਣ ਲਈ ਵੀਜ਼ਾ ਕਿਵੇਂ ਜਾਰੀ ਹੋਇਆ।

# ਜਸਟਿਨ ਟਰੂਡੋ ਨਾਲ ਮੁਲਾਕਾਤ ਦੌਰਾਨ ਮੋਦੀ ਦਾ ਸਖਤ ਸੁਨੇਹਾ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਪਣੇ ਕੈਨੇਡੀਅਨ ਹਮਰੁਤਬਾ ਜਸਟਿਨ ਟਰੂਡੋ ਨਾਲ ਮੁਲਾਕਾਤ ਦੌਰਾਨ ਦ੍ਰਿੜ੍ਹ ਸੁਨੇਹਾ ਦਿੰਦਿਆਂ ਆਖਿਆ ਕਿ ਭਾਰਤ ਦੀ ਪ੍ਰਭੂਤਾ ਤੇ ਏਕਤਾ ਲਈ ਚੁਣੌਤੀ ਪੈਦਾ ਕਰਨ ਵਾਲਿਆਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਦੀ ਇਸ ਟਿੱਪਣੀ ਨੂੰ ਕੈਨੇਡਾ ਦੇ ਖਾਲਿਸਤਾਨੀਆਂ ਪ੍ਰਤੀ ਨਰਮ ਰੁਖ 'ਤੇ ਤਿੱਖੀ ਚੋਟ ਵਜੋਂ ਦੇਖਿਆ ਜਾ ਰਿਹਾ ਹੈ।

ਇਸ ਤੋਂ ਪਹਿਲਾਂ ਦੋਵਾਂ ਪ੍ਰਧਾਨ ਮੰਤਰੀਆਂ ਨੇ ਵੱਖ-ਵੱਖ ਮੁੱਦਿਆਂ 'ਤੇ ਵਿਆਪਕ ਗੱਲਬਾਤ ਕੀਤੀ। ਰਾਸ਼ਟਰਪਤੀ ਭਵਨ ਵਿਚ ਸ੍ਰੀ ਟਰੂਡੋ ਦਾ ਰਸਮੀ ਸਵਾਗਤ ਕੀਤਾ ਗਿਆ, ਜਿਸ ਦੌਰਾਨ ਸ੍ਰੀ ਮੋਦੀ ਨੇ ਉਨ੍ਹਾਂ ਦਾ ਗਲਵੱਕੜੀ ਪਾ ਕੇ ਨਿੱਘਾ ਸਵਾਗਤ ਕੀਤਾ। ਸ੍ਰੀ ਮੋਦੀ ਨੇ ਆਖਿਆ, "ਧਰਮ ਨੂੰ ਸਿਆਸੀ ਟੀਚਿਆਂ ਲਈ ਵਰਤਣ ਤੇ ਫੁੱਟ ਪਾਉਣ ਵਾਲਿਆਂ ਲਈ ਸਮਾਜ ਵਿਚ ਕੋਈ ਥਾਂ ਨਹੀਂ



ਹੋਣੀ ਚਾਹੀਦੀ। ਜੋ ਵੀ ਸਾਡੇ ਮੁਲਕਾਂ ਦੀ ਪ੍ਰਭੂਤਾ, ਏਕਤਾ ਤੇ ਅਖੰਡਤਾ ਨੂੰ ਵੰਗਾਰਨਗੇ, ਉਨ੍ਹਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।" ਗੱਲਬਾਤ ਤੋਂ ਬਾਅਦ ਦੋਵਾਂ ਧਿਰਾਂ ਨੇ ਊਰਜਾ, ਸੂਚਨਾ ਤਕਨਾਲੋਜੀ, ਵਪਾਰ, ਸਾਇੰਸ ਤੇ ਖੇਡਾਂ ਆਦਿ ਵਿਚ ਸਹਿਯੋਗ ਵਧਾਉਣ ਲਈ ਛੇ ਸਮਝੌਤਿਆਂ ਉਤੇ ਵੀ ਸਹੀ ਪਾਈ।

ਸ੍ਰੀ ਮੋਦੀ ਨੇ ਕਿਹਾ ਕਿ ਉਨ੍ਹਾਂ ਤੇ ਸ੍ਰੀ ਟਰੂਡੋ ਦਰਮਿਆਨ ਦਹਿਸ਼ਤਗਰਦੀ ਤੇ ਵੱਖਵਾਦ ਦੇ ਟਾਕਰੇ ਲਈ ਰਜ਼ਾਮੰਦੀ ਬਣੀ ਹੈ। ਦੋਵਾਂ ਮੁਲਕਾਂ ਦੇ ਕੌਮੀ ਸਲਾਮਤੀ ਸਲਾਹਕਾਰਾਂ ਨੇ 'ਦਹਿਸ਼ਤਗਰਦੀ ਅਤੇ ਹਿੰਸਕ ਵੱਖਵਾਦ ਦੇ ਟਾਕਰੇ ਲਈ ਸਹਿਯੋਗ ਸਬੰਧੀ ਰੂਪ-ਰੇਖਾ' ਨੂੰ ਅੰਤਿਮ ਰੂਪ ਦਿੱਤਾ ਹੈ। ਇਸ ਦਸਤਾਵੇਜ਼ ਵਿਚ ਬੱਬਰ ਖਾਲਸਾ ਇੰਟਰਨੈਸ਼ਨਲ, ਸਿੱਖ ਯੂਥ ਫੈਡਰੇਸ਼ਨ ਤੋਂ ਇਲਾਵਾ ਲਸ਼ਕਰੇ-ਤੋਇਬਾ ਅਤੇ ਆਧਾਰਤ ਜੈਸ਼-ਏ-ਮੁਹੰਮਦ ਆਦਿ ਤੋਂ ਦਰਪੇਸ਼ ਦਹਿਸ਼ਤੀ ਖਤਰਿਆਂ ਨੂੰ ਨਾਕਾਮ ਕਰਨ ਦਾ ਅਹਿਦ ਕੀਤਾ ਹੈ।

ਇਸ ਦੌਰਾਨ ਕੈਨੇਡੀਅਨ ਮੀਡੀਆ ਰਿਪੋਰਟਾਂ ਮੁਤਾਬਕ ਕੈਨੇਡਾ ਦੀ ਖੁਫੀਆ ਏਜੰਸੀ ਨੂੰ ਜਸਪਾਲ ਅਟਵਾਲ ਵੱਲੋਂ ਸ੍ਰੀ ਟਰੂਡੋ ਦੇ ਸਮਾਗਮਾਂ ਵਿੱਚ ਸ਼ਮੂਲੀਅਤ ਕੀਤੇ ਜਾਣ ਦੇ ਮਾੜੇ ਸਿੱਟਿਆਂ ਬਾਰੇ ਖਬਰਦਾਰ ਕੀਤਾ ਗਿਆ ਸੀ।

# ਅਹਿਮ ਨੁਕਤਿਆਂ ਦੁਆਲੇ ਘੁੰਮੀ ਟਰੂਡੋ ਤੇ ਕੈਪਟਨ ਵਿਚਾਲੇ ਮੁਲਾਕਾਤ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਕੋਲ ਪੰਜਾਬ ਦੇ ਕੁਝ ਮੁੱਦੇ ਉਠਾਏ ਹਨ। ਉਨ੍ਹਾਂ ਨੇ ਉਚੇਰੀ ਸਿੱਖਿਆ, ਵਿਗਿਆਨਕ ਖੋਜ ਤੇ ਤਕਨਾਲੋਜੀ, ਨਵੀਨਤਾ ਤੇ ਸਟਾਰਟ ਅੱਪ ਦੇ ਨਾਲ-ਨਾਲ ਹੁਨਰ ਵਿਕਾਸ ਵਰਗੇ ਕੁਝ ਖੇਤਰਾਂ ਦਾ ਵਰਨਣ ਕੀਤਾ। ਉਨ੍ਹਾਂ ਨੇ ਟਰੂਡੋ ਨੂੰ ਕਿਹਾ ਕਿ ਪੰਜਾਬ ਦੇ ਵਿਕਾਸ ਲਈ ਕੈਨੇਡਾ ਸਹਿਯੋਗ ਕਰ ਸਕਦਾ ਹੈ ਤੇ ਪੰਜਾਬ ਦੇ ਲੋਕ ਕੈਨੇਡਾ ਦੀ ਤਰੱਕੀ ਵਿਚ ਮਹੱਤਵਪੂਰਨ ਭੂਮਿਕਾ ਅਦਾ ਕਰ ਰਹੇ ਹਨ।

ਕੈਨੇਡਾ ਵਿਚ ਵੱਡੀ ਗਿਣਤੀ ਪੰਜਾਬੀ ਭਾਈਚਾਰਾ ਰਹਿ ਰਿਹਾ ਹੈ ਤੇ ਕੁਝ ਪੰਜਾਬੀ ਤਾਂ ਟਰੂਡੋ ਦੀ ਕੈਬਨਿਟ ਦਾ ਵੀ ਹਿੱਸਾ ਹਨ। ਇਸ ਕਰ ਕੇ ਭਾਰਤ ਤੇ ਕੈਨੇਡਾ ਦਰਮਿਆਨ ਦੋਸਤਾਨਾ ਰਿਸ਼ਤੇ ਲਗਾਤਾਰ ਗੂੜ੍ਹੇ ਹੁੰਦੇ ਜਾ ਰਹੇ ਹਨ। ਦੋਵਾਂ ਆਗੂਆਂ ਨੇ ਦੁਵੱਲੇ ਰਿਸ਼ਤਿਆਂ ਦੇ ਵੱਖ-ਵੱਖ ਖੇਤਰਾਂ ਵਿਚ ਦੋਵਾਂ ਦੇਸ਼ਾਂ ਵਿਚਾਲੇ ਮਜ਼ਬੂਤ ਸਹਿਯੋਗ ਦੀ ਮਹੱਤਤਾ 'ਤੇ ਸਹਿਮਤੀ ਜ਼ਾਹਰ ਕੀਤੀ ਹੈ। ਮੁੱਖ ਮੰਤਰੀ ਨੇ ਆਰਥਿਕ ਸਹਿਯੋਗ ਨਾਲ ਸਬੰਧਤ ਵੱਖ-ਵੱਖ ਅਹਿਮ ਕਾਰਜ ਖੇਤਰਾਂ ਵਿਚ ਕੈਨੇਡਾ ਨਾਲ ਜੁੜਨ ਪ੍ਰਤੀ ਪੰਜਾਬੀਆਂ ਦੀ ਦਿਲਚਸਪੀ ਦਾ ਵੀ ਪ੍ਰਗਟਾਵਾ ਕੀਤਾ। ਇਸ ਵੇਲੇ ਦੋਵਾਂ ਦਰਮਿਆਨ ਤਜਾਰਤੀ ਸਬੰਧ ਬਹੁਤ ਘੱਟ ਹੋਣ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਨੂੰ ਪੰਜਾਬ ਵਿਚ ਕੈਨੇਡਾ ਦੇ ਕਾਰੋਬਾਰੀ ਨਿਵੇਸ਼ ਲਈ ਕਦਮ ਚੁੱਕਣ ਦੀ ਅਪੀਲ ਕੀਤੀ ਹੈ।



ਦੋਵਾਂ ਲੀਡਰਾਂ ਨੇ ਕੈਨੇਡਾ ਤੇ ਭਾਰਤ ਦੀ ਤਰੱਕੀ ਦੇ ਹਿੱਤ ਵਿੱਚ ਸਾਂਝੇ ਪ੍ਰੋਜੈਕਟਾਂ ਰਾਹੀਂ ਦੁਵੱਲੇ ਸਹਿਯੋਗ 'ਤੇ ਸਹਿਮਤੀ ਜ਼ਾਹਰ ਕੀਤੀ। ਉਚੇਰੀ ਸਿੱਖਿਆ ਦੇ ਖੇਤਰ ਵਿਚ ਮੁੱਖ ਮੰਤਰੀ ਨੇ ਯੂਨੀਵਰਸਿਟੀਆਂ ਤੇ ਹੋਰ ਸਿੱਖਿਆ ਸੰਸਥਾਵਾਂ ਨਾਲ ਸਮਝੌਤੇ ਸਹੀਬੰਦ ਕਰਨ ਦੇ ਨਾਲ-ਨਾਲ ਵਿਦਿਆਰਥੀਆਂ ਦਾ ਆਦਾਨ-ਪ੍ਰਦਾਨ ਪ੍ਰੋਗਰਾਮ ਸ਼ੁਰੂ ਕਰਨ ਦੀ ਵੀ ਮੰਗ ਕੀਤੀ। ਸਸਕੈਚਵੈਨ ਯੂਨੀਵਰਸਿਟੀ ਨਾਲ ਕੀਤੇ ਸਮਝੌਤੇ 'ਤੇ ਅਮਲ ਨਾ ਹੋਣ ਉਤੇ ਵੀ ਉਨ੍ਹਾਂ ਨੇ ਅਫਸੋਸ ਜ਼ਾਹਰ ਕੀਤਾ। ਕੈਪਟਨ ਅਮਰਿੰਦਰ ਸਿੰਘ ਨੇ ਦਾਲਾਂ, ਮੱਕੀ ਤੇ ਪਸ਼ੂ ਧਨ ਦੇ ਖੇਤਰਾਂ ਵਿਚ ਵਿਗਿਆਨਕ ਖੋਜ ਤੇ ਤਕਨਾਲੋਜੀ ਦੇ ਰੂਪ ਵਿਚ ਆਪਸੀ ਸਹਿਯੋਗ ਦਾ ਸੁਝਾਅ ਦਿੱਤਾ।

ਉਨ੍ਹਾਂ ਨੇ ਹੁਨਰ ਵਿਕਾਸ ਵਿਚ ਨਿਵੇਸ਼ ਦਾ ਸੱਦਾ ਦਿੰਦਿਆਂ ਸੁਝਾਅ ਦਿੱਤਾ ਕਿ ਕੈਨੇਡਾ ਵੱਲੋਂ ਪੰਜਾਬ ਦੀ ਹੁਨਰ ਵਿਕਾਸ ਯੂਨੀਵਰਸਿਟੀ ਵਿਚ ਆਪਣੇ ਕਾਰੋਬਾਰ ਜਾਂ ਯੂਨੀਵਰਸਿਟੀ ਰਾਹੀਂ ਸੈਂਟਰ ਆਫ ਐਕਸੀਲੈਂਸ ਦੀ ਸਥਾਪਨਾ 'ਤੇ ਵਿਚਾਰ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਸਿੱਖਿਅਤ ਪੰਜਾਬੀ ਨੌਜਵਾਨਾਂ ਦੇ ਕੈਨੇਡਾ ਵਿਚ ਆਵਾਸ ਨੂੰ ਹੁਲਾਰਾ ਦੇਣ ਲਈ ਸਹਾਇਤਾ ਦੇ ਸਕਦਾ ਹੈ। ਮੁੱਖ ਮੰਤਰੀ ਨੇ ਸੂਬਾ ਸਰਕਾਰ ਦੇ 'ਜੜ੍ਹਾਂ ਨਾਲ ਜੁੜੋ' ਪ੍ਰੋਗਰਾਮ ਦਾ ਜ਼ਿਕਰ ਵੀ ਕੀਤਾ ਜਿਸ ਨਾਲ ਕੈਨੇਡਾ ਵਿਚ ਰਹਿੰਦੇ ਪੰਜਾਬੀ ਭਾਈਚਾਰੇ ਦੇ ਬੱਚਿਆਂ ਨੂੰ ਪੰਜਾਬ ਦੀ ਝਲਕ ਪਾਉਣ ਦਾ ਮੌਕਾ ਹਾਸਲ ਹੋਵੇਗਾ।

## ਟਰੂਡੋ ਨਾਲ ਵਿਤਕਰਾ ਹੋਣ ਦਾ ਦੋਸ਼

**ਅੰਮ੍ਰਿਤਸਰ:** ਅਮਰੀਕਾ ਦੀਆਂ 85 ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਪੰਥਕ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਬਣਾਈ ਗਈ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (ਯੂ.ਐਸ.ਏ.) ਦੇ ਆਗੂਆਂ ਨੇ ਦੋਸ਼ ਲਾਇਆ ਹੈ ਕਿ ਭਾਰਤ ਦੌਰੇ ਦੌਰਾਨ ਭਾਰਤ ਸਰਕਾਰ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਵਿਤਕਰਾ ਕੀਤਾ ਹੈ ਅਤੇ ਇਹ ਵਿਤਕਰਾ ਉਨ੍ਹਾਂ ਦੀ ਸਿੱਖਾਂ ਨਾਲ ਹਮਦਰਦੀ ਕਾਰਨ ਕੀਤਾ ਗਿਆ ਹੈ। ਕੋਆਰਡੀਨੇਸ਼ਨ ਕਮੇਟੀ ਦੇ ਕਨਵੀਨਰ ਹਿੰਮਤ ਸਿੰਘ ਨੇ ਦੋਸ਼ ਲਾਇਆ ਕਿ ਕੈਨੇਡਾ ਦੀ ਸਰਕਾਰ ਦਾ ਸਿੱਖਾਂ ਪ੍ਰਤੀ ਨਰਮ ਵਤੀਰਾ ਭਾਰਤ ਦੀ ਭਾਜਪਾ ਸਰਕਾਰ ਨੂੰ ਹਜ਼ਮ ਨਹੀਂ ਹੋ ਰਿਹਾ।

## ਵਪਾਰ ਤੇ ਸਾਈਬਰ ਸੁਰੱਖਿਆ ਸਬੰਧੀ ਰਿਸ਼ਤੇ ਮਜ਼ਬੂਤ ਕਰਨ ਦਾ ਫੈਸਲਾ

**ਨਵੀਂ ਦਿੱਲੀ:** ਭਾਰਤ ਅਤੇ ਕੈਨੇਡਾ ਨੇ ਉਚ ਪੱਧਰੀ ਗੱਲਬਾਤ ਦੌਰਾਨ ਦੋਵੇਂ ਦੇਸ਼ਾਂ ਦਰਮਿਆਨ ਵਪਾਰ ਅਤੇ ਸਾਈਬਰ ਸੁਰੱਖਿਆ ਸਬੰਧੀ ਦੁਵੱਲੇ ਸਬੰਧ ਹੋਰ ਮਜ਼ਬੂਤ ਕਰਨ ਦਾ ਫੈਸਲਾ ਕੀਤਾ।

ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਕੈਨੇਡਾ ਦੀ ਹਮਰੁਤਬਾ ਕ੍ਰਿਸਟੀਆ ਫ੍ਰੀਲੈਂਡ ਨਾਲ ਦੁਵੱਲੀ ਮੁਲਾਕਾਤ ਦੌਰਾਨ ਵਪਾਰ, ਨਿਵੇਸ਼, ਸੁਰੱਖਿਆ, ਸਾਈਬਰ ਸੁਰੱਖਿਆ, ਊਰਜਾ, ਦੋਵੇਂ ਦੇਸ਼ਾਂ ਦੇ ਲੋਕਾਂ ਦਰਮਿਆਨ ਸੰਪਰਕ ਸਣੇ ਵੱਖ-ਵੱਖ ਮੁੱਦਿਆਂ ਉਤੇ ਆਪਸੀ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਸਬੰਧੀ ਗੱਲਬਾਤ ਕੀਤੀ।

## ਟਰੂਡੋ ਨੂੰ ਸੌਂਪੀਆਂ ਦੋ ਸੂਚੀਆਂ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਮੀਟਿੰਗ ਦੌਰਾਨ ਉਨ੍ਹਾਂ ਨੂੰ ਦੋ ਸੂਚੀਆਂ ਸੌਂਪੀਆਂ ਸਨ। ਇਕ ਸੂਚੀ ਵਿਚ ਨਸ਼ੀਲੇ ਪਦਾਰਥਾਂ ਦੇ ਧੰਦੇ ਨਾਲ ਜੁੜੇ ਵਿਅਕਤੀਆਂ ਅਤੇ ਦੂਜੀ ਸੂਚੀ ਖਾੜਕੂਆਂ ਨਾਲ ਸਬੰਧਤ ਸੀ।

ਇਨ੍ਹਾਂ ਵਿਚ ਲੁਧਿਆਣਾ ਦੇ ਸ਼ਿੰਗਾਰ ਸਿਨਮਾ ਬੰਬ ਕਾਂਡ 'ਚ ਲੋੜੀਂਦਾ ਖਾੜਕੂ, ਹੁਣੇ ਜਿਹੇ ਸਿਆਸੀ ਅਤੇ ਧਾਰਮਿਕ ਆਗੂਆਂ ਦੀਆਂ ਹੋਈਆਂ ਹੱਤਿਆਵਾਂ ਲਈ ਮਾਲੀ ਸਹਾਇਤਾ ਮੁਹੱਈਆ ਕਰਾਉਣ ਸਮੇਤ ਹੋਰਾਂ ਦੇ ਨਾਮ ਸ਼ਾਮਲ ਹਨ। ਉਂਜ ਸ੍ਰੀ ਟਰੂਡੋ ਨੂੰ ਕੁੱਲ 9 ਖਾੜਕੂਆਂ ਜਾਂ ਉਨ੍ਹਾਂ ਦੇ ਹਮਦਰਦਾਂ ਦੇ ਨਾਂਵਾਂ ਦੀ ਸੂਚੀ ਸੌਂਪੀ ਗਈ ਹੈ। ਪੰਜਾਬ ਪੁਲਿਸ ਨੇ ਦਾਅਵਾ ਕੀਤਾ ਕਿ ਬਾਕੀ ਦੇ ਨਾਮ ਖੁਫ਼ੀਆ ਰਿਪੋਰਟਾਂ ਅਤੇ ਉਨ੍ਹਾਂ ਦੀਆਂ ਦੇਸ਼ ਵਿਰੋਧੀ ਸਰਗਰਮੀਆਂ ਦੇ ਆਧਾਰ ਉਤੇ ਸ਼ਾਮਲ ਕੀਤੇ ਗਏ ਹਨ।

ਇਨ੍ਹਾਂ ਨਾਂਵਾਂ 'ਚ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੇ ਛੇ ਅਤੇ ਖਾਲਿਸਤਾਨ ਟਾਈਗਰ ਫੋਰਸ ਜਾਂ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਤਿੰਨ ਮੈਂਬਰ ਸ਼ਾਮਲ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਨੂੰ ਸੌਂਪੀ ਸੂਚੀ 'ਚ ਗੁਰਜੀਤ ਸਿੰਘ ਚੀਮਾ, ਗੁਰਪ੍ਰੀਤ ਸਿੰਘ ਪੀਤ, ਗੁਰਜਿੰਦਰ ਸਿੰਘ ਪਨੂੰ, ਹਰਦੀਪ ਸਿੰਘ ਨਿੱਝਰ ਅਤੇ ਮਲਕੀਤ ਸਿੰਘ ਦੇ ਨਾਮ ਸ਼ਾਮਲ ਹਨ। ਨਸ਼ਰ ਕੀਤੇ ਨਾਂਵਾਂ ਵਿਚੋਂ ਤਿੰਨ ਖਿਲਾਫ਼ ਕਈ ਕੇਸ ਦਰਜ ਹਨ। ਸਰੀ ਵਾਸੀ ਮਲਕੀਤ ਸਿੰਘ 'ਤੇ ਖਾੜਕੂਆਂ ਨੂੰ ਹੱਤਿਆਵਾਂ ਲਈ ਹਥਿਆਰ ਸਪਲਾਈ ਕਰਨ ਦੇ ਦੋਸ਼ ਹਨ।

## ਗਰਮਖਿਆਲੀਆਂ ਬਾਰੇ ਟਰੂਡੋ ਦਾ ਭਰੋਸਾ

**ਅੰਮ੍ਰਿਤਸਰ:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਦੌਰਾਨ ਭਰੋਸਾ ਦਿੱਤਾ ਕਿ ਉਨ੍ਹਾਂ ਦਾ ਮੁਲਕ ਭਾਰਤ ਜਾਂ ਇਸ ਦੇ ਕਿਸੇ ਹੋਰ ਖਿੱਤੇ ਵਿਚ ਕਿਸੇ ਵੀ ਵੱਖਵਾਦੀ ਲਹਿਰ ਨੂੰ ਸਮਰਥਨ ਨਹੀਂ ਦੇਵੇਗਾ।

ਸ੍ਰੀ ਟਰੂਡੋ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਕਿਸੇ ਵੀ ਤਰ੍ਹਾਂ ਦੀਆਂ ਵੱਖਵਾਦੀ ਗਤੀਵਿਧੀਆਂ ਦੇ ਹੱਕ ਵਿਚ ਨਹੀਂ ਹੈ। ਉਨ੍ਹਾਂ ਆਪਣੇ ਮੁਲਕ ਵਿਚ ਆਪਣੇ ਜੀਵਨ ਦੌਰਾਨ ਅਜਿਹੀਆਂ ਚੁਣੌਤੀਆਂ ਨੂੰ ਨਜਿੱਠਿਆ ਹੈ ਅਤੇ ਇਨ੍ਹਾਂ ਨੂੰ ਖਤਮ ਕੀਤਾ ਹੈ। ਉਹ ਹਿੰਸਾ ਦੇ ਖਤਰਿਆਂ ਤੋਂ ਪੂਰੀ ਤਰ੍ਹਾਂ ਜਾਣੂ ਹਨ ਅਤੇ ਅਜਿਹੀਆਂ ਤਾਕਤਾਂ ਨੂੰ ਸ਼ਕਤੀ ਨਾਲ ਖਤਮ ਵੀ ਕੀਤਾ ਹੈ।

# ਉਘੀ ਅਦਾਕਾਰਾ ਸ੍ਰੀਦੇਵੀ ਨਹੀਂ ਰਹੇ

**ਮੁੰਬਈ:** ਬੌਲੀਵੁੱਡ ਦੀ ਪਹਿਲੀ ਮਹਿਲਾ ਸੁਪਰਸਟਾਰ ਤੇ ਪਦਮਸ੍ਰੀ ਉਘੀ ਅਦਾਕਾਰਾ ਸ੍ਰੀਦੇਵੀ(54) ਦਾ ਦੁਬਈ ਵਿਚ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ। ਅਦਾਕਾਰਾ ਦੁਬਈ ਆਪਣੇ ਭਤੀਜੇ ਮੋਹਿਤ ਮਰਵਾਹ ਦੇ ਵਿਆਹ ਲਈ ਗਈ ਸੀ। ਅਦਾਕਾਰਾ ਨੂੰ ਰਾਤ ਗਿਆਰਾਂ ਵਜੇ ਦੇ ਕਰੀਬ ਦੌਰਾ ਪਿਆ ਤੇ ਉਸ ਨੂੰ ਫੌਰੀ ਨੇੜਲੇ 'ਰਾਸ਼ਿਦ' ਹਸਪਤਾਲ ਲਿਜਾਇਆ ਗਿਆ, ਜਿਥੇ ਡਾਕਟਰਾਂ ਨੇ ਦਾਖਲ ਕਰਨ ਮਗਰੋਂ ਮ੍ਰਿਤਕ ਐਲਾਨ ਦਿੱਤਾ।



ਸ੍ਰੀਦੇਵੀ ਫਿਲਮ ਨਿਰਮਾਤਾ ਬੋਨੀ ਕਪੂਰ ਦੀ ਦੂਜੀ ਪਤਨੀ ਸੀ ਤੇ ਇਸ ਵਿਆਹ ਤੋਂ ਉਨ੍ਹਾਂ ਦੇ ਦੋ ਧੀਆਂ ਜਾਹਨਵੀ ਤੇ ਖੁਸ਼ੀ ਹਨ। ਸ੍ਰੀਦੇਵੀ ਨੇ ਚਾਰ ਦਹਾਕਾ ਲੰਮੇ ਆਪਣੇ ਕਰੀਅਰ ਦੌਰਾਨ ਫਿਲਮ ਇੰਡਸਟਰੀ ਦੀ ਝੋਲੀ ਕਈ ਯਾਦਗਾਰੀ ਫਿਲਮਾਂ- ਸਦਮਾ, ਚਾਂਦਨੀ, ਲੰਮਹੇ, ਮਿਸਟਰ ਇੰਡੀਆ, ਗੁਮਰਾਹ, ਤੋਹਫ਼ਾ, ਨਗੀਨਾ ਆਦਿ ਪਾਈਆਂ। ਇਸ ਦੌਰਾਨ ਫਿਲਮ ਇੰਡਸਟਰੀ ਤੇ ਅਦਾਕਾਰਾ ਦੇ ਪ੍ਰਸ਼ੰਸਕਾਂ ਸਮੇਤ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਉਪ ਰਾਸ਼ਟਰਪਤੀ ਐਮ.ਵੈਂਕੱਈਆ ਨਾਇਡੂ ਨੇ ਸ੍ਰੀਦੇਵੀ ਦੀ ਬੇਵਕਤੀ ਮੌਤ 'ਤੇ ਦੁੱਖ ਦਾ ਇਜ਼ਹਾਰ ਕੀਤਾ।

ਬਹੁਮੁਖੀ ਪ੍ਰਤਿਭਾ ਦੀ ਮਾਲਕ ਅਦਾਕਾਰ ਸ੍ਰੀਦੇਵੀ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ 1978 ਵਿਚ 'ਸੋਲਵਾਂ ਸਾਵਨ' ਨਾਲ ਕੀਤੀ ਸੀ, ਪਰ ਉਸ ਨੂੰ ਅਸਲ ਪਛਾਣ ਪੰਜ ਸਾਲ ਮਗਰੋਂ ਜਿਤੇਂਦਰ ਸਟਾਰਰ ਫਿਲਮ 'ਹਿੰਮਤਵਾਲਾ' ਨਾਲ ਮਿਲੀ। ਬੌਲੀਵੁੱਡ 'ਚ ਦਾਖਲੇ ਤੋਂ ਪਹਿਲਾਂ ਅਦਾਕਾਰਾ ਨੇ ਦੱਖਣ ਦੀਆਂ ਫਿਲਮਾਂ 'ਚ ਕਾਫੀ ਨਾਮਣਾ ਖੱਟਿਆ।

ਸ੍ਰੀਦੇਵੀ ਨੇ 1969 ਵਿਚ ਬਾਲ ਕਲਾਕਾਰ ਵਜੋਂ ਪਹਿਲੀ ਤਾਮਿਲ ਫਿਲਮ 'ਥੁਨਾਇਵਨ' ਕੀਤੀ ਸੀ। ਉਂਜ ਇਸ ਅਦਾਕਾਰਾ ਨੇ ਮਲਿਆਲਮ, ਤੇਲਗੂ ਤੇ ਕੰਨੜ ਫਿਲਮਾਂ ਵੀ ਕੀਤੀਆਂ। 15 ਸਾਲ ਫਿਲਮ ਇੰਡਸਟਰੀ ਤੋਂ ਲਾਂਭੇ ਰਹਿਣ ਮਗਰੋਂ ਸ੍ਰੀਦੇਵੀ ਨੇ ਹੋਮ ਪ੍ਰੋਡਕਸ਼ਨ ਰਾਹੀਂ ਫਿਲਮ 'ਜੁਦਾਈ' ਨਾਲ ਵਾਪਸੀ ਕੀਤੀ, ਪਰ ਸਾਲ 2012 ਵਿਚ ਨਿਰਦੇਸ਼ਕ ਗੌਰੀ ਸ਼ਿੰਦੇ ਦੀ ਫਿਲਮ 'ਇੰਗਲਿਸ਼ ਵਿੰਗਲਿਸ਼' ਨੂੰ ਉਨ੍ਹਾਂ ਦੀ ਅਸਲ ਵਾਪਸੀ ਮੰਨਿਆ ਜਾਂਦਾ ਹੈ। ਅਦਾਕਾਰਾ ਪਿਛਲੇ ਸਾਲ ਰਿਲੀਜ਼ ਹੋਈ ਫਿਲਮ 'ਮੌਮ' ਵਿਚ ਨਵਾਜ਼ੁਦੀਨ ਸਿੱਦੀਕੀ ਤੇ ਅਕਸ਼ੈ ਖੰਨਾ ਨਾਲ ਨਜ਼ਰ ਆਈ ਸੀ। ਅਦਾਕਾਰਾ ਨੇ ਸੁਪਰ ਸਟਾਰ ਸ਼ਾਹਰੁਖ਼ ਖਾਨ ਦੀ ਅਗਾਮੀ ਫਿਲਮ 'ਜ਼ੀਰੋ' ਵਿਚ ਵੀ ਮਹਿਮਾਨ ਦੀ (ਵਿਸ਼ੇਸ਼) ਭੂਮਿਕਾ ਨਿਭਾਈ ਹੈ।

# ਪ੍ਰੋਮੋਟਰ ਸਿੰਘ ਭਰਾਵਾਂ ਦੀ ਜਾਇਦਾਦ ਹੋਵੇਗੀ ਕੁਰਕ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਫੋਰਟਿਸ ਹੈਲਥ ਕੇਅਰ ਦੇ ਪ੍ਰੋਮੋਟਰ ਸਿੰਘ ਭਰਾਵਾਂ-ਮਾਲਵਿੰਦਰ ਤੇ ਸ਼ਵਿੰਦਰ ਸਿੰਘ ਦੀਆਂ 2 ਹੋਲਡਿੰਗ ਕੰਪਨੀਆਂ-ਆਰ.ਐਚ.ਸੀ. ਹੋਲਡਿੰਗਜ਼ (ਸਿੰਗਾਪੁਰ) ਤੇ ਆਸਕਰ ਇਨਵੈਸਟਮੈਂਟ (ਨਵੀਂ ਦਿੱਲੀ)ਦੀ ਜਾਇਦਾਦ ਕੁਰਕ ਕਰਨ ਦੇ ਹੁਕਮ ਜਾਰੀ ਕਰ ਦਿੱਤੇ। ਦੋਵੇਂ ਪ੍ਰਾਈਵੇਟ ਕੰਪਨੀਆਂ ਹਨ, ਜੋ ਕਿਤੇ ਵੀ ਗਿਰਵੀ ਨਹੀਂ ਹੈ।

ਅਦਾਲਤ ਨੇ ਆਰ.ਐਚ.ਸੀ. ਹੋਲਡਿੰਗਜ਼ ਦੇ ਬੈਂਕ ਖਾਤੇ ਦੀ ਵਰਤੋਂ 'ਤੇ ਵੀ ਰੋਕ ਲਾ ਦਿੱਤੀ ਹੈ। ਇਸ ਖਾਤੇ ਵਿਚੋਂ ਸਿਰਫ ਕਰਮਚਾਰੀਆਂ ਨੂੰ ਤਨਖਾਹਾਂ ਦਿੱਤੀਆਂ ਜਾ ਸਕਦੀਆਂ ਹਨ। ਅਦਾਲਤ ਨੇ ਇਹ ਹੁਕਮ ਜਾਪਾਨ ਦੀ ਦਾਇਚੀ ਸੈਂਕਿਓ ਨੂੰ 3,500 ਕਰੋੜ ਰੁਪਏ ਦੇਣ ਦੇ ਸੰਦਰਭ 'ਚ ਦਿੱਤਾ ਹੈ। ਮਾਲਵਿੰਦਰ ਤੇ ਸ਼ਵਿੰਦਰ ਦਾਇਚੀ ਖਿਲਾਫ਼ ਸਿੰਗਾਪੁਰ ਆਰਬੀਟ੍ਰੇਸ਼ਨ ਅਦਾਲਤ 'ਚ ਕੇਸ ਕਰ ਚੁੱਕੇ ਹਨ। ਦਿੱਲੀ ਹਾਈ ਕੋਰਟ ਨੇ ਆਰਬੀਟ੍ਰੇਸ਼ਨ ਅਦਾਲਤ ਦੇ ਫੈਸਲੇ ਨੂੰ ਸਹੀ ਠਹਿਰਾਇਆ ਸੀ। ਸਿੰਘ ਭਰਾਵਾਂ ਨੇ ਦਿੱਲੀ ਹਾਈ ਕੋਰਟ ਦੇ ਫੈਸਲੇ ਨੂੰ ਇਹ ਕਹਿ ਕੇ ਸੁਪਰੀਮ ਕੋਰਟ 'ਚ ਚੁਣੌਤੀ ਦਿੱਤੀ ਕਿ ਆਰਬੀਟ੍ਰੇਸ਼ਨ ਅਦਾਲਤ ਦਾ ਫੈਸਲਾ ਭਾਰਤ 'ਚ ਲਾਗੂ ਨਹੀਂ ਹੋ ਸਕਦਾ ਪਰ ਕੋਰਟ ਨੇ ਇਹ ਦਲੀਲ ਰੱਦ ਕਰ ਦਿੱਤੀ।


**House for Sale in Chandigarh**

**HIG Independent duplex house around 9 marla in Sector 28 West, Chandigarh for sale.**

***Please contact:***
***Sunny 618-513-7645***


# ਵਰਲਡ ਸਿੱਖ ਪਾਰਲੀਮੈਂਟ ਬਾਰੇ ਕੋਈ ਵੀ ਜਥੇਬੰਦੀ ਜਾਂ ਸੱਜਣ ਭੁਲੇਖਾ ਪੈਦਾ ਨਾ ਕਰੇ: ਜਥੇਦਾਰ ਮੰਡ

**ਅੰਮ੍ਰਿਤਸਰ (ਬਿਊਰੋ):** ਸਰਬੱਤ ਖਾਲਸਾ ਵਲੋਂ ਅਕਾਲ ਤਖਤ ਸਾਹਿਬ ਦੇ ਥਾਪੇ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਦੇਸ਼ ਵਿਦੇਸ਼ ਦੀਆਂ ਸਿੱਖ ਜਥੇਬੰਦੀਆਂ ਨੂੰ ਹੁਕਮ ਜਾਰੀ ਕਰਦਿਆਂ ਕਿਹਾ ਹੈ ਕਿ ਸਰਬੱਤ ਖਾਲਸਾ 2015 ਵਿਚ ਵਰਲਡ ਸਿੱਖ ਪਾਰਲੀਮੈਂਟ ਬਣਾਉਣ ਬਾਰੇ ਜੋ ਮਤਾ ਪਾਸ ਕੀਤਾ ਗਿਆ ਸੀ, ਉਸ ਸਬੰਧੀ ਕੋਈ ਵੀ ਸਿੱਖ ਜਥੇਬੰਦੀ ਜਾਂ ਸੱਜਣ ਆਪਹੁਦਰਾਪਨ ਕਰਦਿਆਂ ਭਰਮ ਭੁਲੇਖਾ ਖੜ੍ਹਾ ਨਾ ਕਰੇ।



*ਭਾਈ ਧਿਆਨ ਸਿੰਘ ਮੰਡ*

ਇਥੇ ਜਾਰੀ ਇਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਇਹ ਪੰਥਕ ਮਸਲਾ ਹੈ ਅਤੇ ਜਿਨ੍ਹਾਂ ਦੇ ਅਧਿਕਾਰ ਖੇਤਰ ਵਿਚ ਇਹ ਨਹੀਂ ਆਉਂਦਾ, ਉਹ ਇਸ ਸਬੰਧੀ ਇਕੱਠ ਅਤੇ ਬਿਆਨਬਾਜੀ ਕਰਕੇ ਇਸ ਮਹਾਨ ਸੰਸਥਾ ਨੂੰ ਬਣਨ ਤੋਂ ਪਹਿਲਾਂ ਹੀ ਸਾਬੋਤਾਜ ਕਰਨਾ ਚਾਹੁੰਦੇ ਹਨ, ਜੋ ਹਰਗਿਜ਼ ਬਰਦਾਸ਼ਤ ਨਹੀਂ ਹੋਵੇਗਾ।

ਜਥੇਦਾਰ ਮੰਡ ਨੇ ਕਿਹਾ ਕਿ ਇਸ ਸਬੰਧੀ ਅਸੀਂ ਪਹਿਲਾਂ ਵੀ ਬਿਆਨ ਜਾਰੀ ਕਰ ਚੁਕੇ ਹਾਂ, ਜਿਸ ਉਪਰ ਆਪਣੀ ਮਰਜ਼ੀ ਕਰਨ ਵਾਲਿਆਂ ਨੇ ਗੌਰ ਨਹੀਂ ਕੀਤਾ। ਕਈ ਵੀਰ ਤੇ ਜਥੇਬੰਦੀਆਂ ਸਿਰਫ ਆਪਣੀ ਲੀਡਰੀ ਚਮਕਾਉਣ ਦੇ ਨਾਂ ਉਤੇ ਸਿੱਖ ਸੰਗਤਾਂ ਨੂੰ ਗੁਮਰਾਹ ਕਰ ਰਹੇ ਹਨ, ਜੋ ਮੰਦਭਾਗਾ ਵੀ ਹੈ।

ਜਥੇਦਾਰ ਮੰਡ ਨੇ ਕਿਹਾ ਕਿ ਇਸ ਮਾਮਲੇ ਸਬੰਧੀ ਸਰਬੱਤ ਖਾਲਸਾ ਵਲੋਂ ਥਾਪੇ ਗਏ ਸਾਰੇ ਸਿੰਘ ਸਾਹਿਬਾਨ ਆਪਸੀ ਵਿਚਾਰ ਚਰਚਾ ਕਰਕੇ ਹੀ ਕੌਮ ਨੂੰ ਇਸ ਜਥੇਬੰਦੀ ਦੀ ਰੂਪ ਰੇਖਾ ਦੱਸਣਗੇ। ਉਨ੍ਹਾਂ ਕਿਹਾ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਅਤੇ ਦੂਜੇ ਜਥੇਦਾਰ ਸਾਹਿਬਾਨ ਨਾਲ ਜਲਦੀ ਸਲਾਹ ਮਸ਼ਵਰਾ ਕਰਕੇ ਇਸ ਸਬੰਧੀ ਸਿੱਖ ਸੰਗਤਾਂ ਨੂੰ ਦੱਸਿਆ ਜਾਵੇਗਾ। ਦੇਸ਼ ਵਿਦੇਸ਼ ਦੀਆਂ ਇੱਕਾ ਦੁੱਕਾ ਸਿੱਖ ਜਥੇਬੰਦੀਆਂ ਅਤੇ ਸੱਜਣ ਇਸ ਅਤਿ ਸੰਵੇਦਨਸ਼ੀਲ ਪੰਥਕ ਮੁੱਦੇ ਉਤੇ ਰਾਜਨੀਤੀ ਕਰਨ ਤੋਂ ਗੁਰੇਜ ਕਰਨ।

# ਸੁਰਜੀਤ ਸਿੰਘ ਕਾਲਾਬੂਲਾ ਸੁਰਗਵਾਸ

**ਲੁਧਿਆਣਾ (ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਜਨਰਲ ਸਕੱਤਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਸ.



*ਸੁਰਜੀਤ ਸਿੰਘ ਕਾਲਾਬੂਲਾ*

ਸੁਰਜੀਤ ਸਿੰਘ ਕਾਲਾਬੂਲਾ ਇਥੇ ਦਯਾ ਨੰਦ ਹਸਪਤਾਲ ਵਿਖੇ ਇਸ ਸੰਸਾਰ ਨੂੰ ਸਦੀਵੀ ਅਲਵਿਦਾ ਕਹਿ ਗਏ। ਅਜੇ 4-5 ਦਿਨ ਪਹਿਲਾਂ ਹੀ ਉਨ੍ਹਾਂ ਦੇ ਵੱਡੇ ਭਾਈ ਬਲਵਿੰਦਰ ਸਿੰਘ ਵੀ ਅਕਾਲ ਚਲਾਣਾ ਕਰ ਗਏ ਸਨ।

ਸ. ਸੁਰਜੀਤ ਸਿੰਘ ਦੀ ਬੇਵਕਤ ਮੌਤ 'ਤੇ ਗਹਿਰਾ ਦੁੱਖ ਪ੍ਰਗਟਾਉਂਦਿਆਂ ਪਾਰਟੀ ਦੀ ਕੈਲੀਫੋਰਨੀਆ ਇਕਾਈ ਦੇ ਪ੍ਰਧਾਨ ਜਥੇਦਾਰ ਤਰਸੇਮ ਸਿੰਘ ਟੂਲੈਰੀ ਨੇ ਕਿਹਾ ਕਿ ਪਾਰਟੀ ਦੇ ਸੇਵਾਦਾਰਾਂ ਵਲੋਂ ਪਰਮਾਤਮਾ ਅੱਗੇ ਅਰਦਾਸ ਹੈ ਕਿ ਮਹਾਰਾਜ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਸਦੀਵੀ ਨਿਵਾਸ ਬਖਸ਼ਣ ਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਅਮਰੀਕਾ ਇਕਾਈ ਦੇ ਕਨਵੀਨਰ ਬੂਟਾ ਸਿੰਘ ਖੜੌਦ, ਪ੍ਰਧਾਨ ਸੁਰਜੀਤ ਸਿੰਘ ਕੁਲਾਰ, ਕੌਮੀ ਜਨਰਲ ਸਕੱਤਰ ਜੀਤ ਸਿੰਘ ਆਲੋਅਰਖ, ਪੈਨਲ ਮੈਂਬਰ ਰੁਪਿੰਦਰ ਸਿੰਘ ਬਾਠ ਤੇ ਮੱਖਣ ਸਿੰਘ ਕਲੇਰ, ਸਪੋਕਸਮੈਨ ਸਰਬਜੀਤ ਸਿੰਘ, ਪ੍ਰੀਤਮ ਸਿੰਘ ਜੋਗਾ ਨੰਗਲ, ਲਖਵੀਰ ਸਿੰਘ ਕੰਗ, ਰੇਸ਼ਮ ਸਿੰਘ ਵਰਜੀਨੀਆ, ਤਰਸੇਮ ਸਿੰਘ, ਜੋਗਾ ਸਿੰਘ, ਅਮਨਦੀਪ ਸਿੰਘ, ਸੰਤ ਬਲਵੀਰ ਸਿੰਘ, ਅਮਰਜੀਤ ਸਿੰਘ, ਦਲਵੀਰ ਸਿੰਘ, ਅਰਵਿੰਦਰ ਸਿੰਘ ਆਦਿ ਮੈਂਬਰਾਂ ਨੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ।


## Matrimonials

### ਲੜਕੀ ਦੀ ਲੋੜ ਹੈ

Looking for a suitable beautiful educated US citizen/ green card holder girl, at least 5'-6" or more, for Sikh clean shaven handsome boy 40 yrs, 6', US born MBA. Owns family established business. Cast no bar. Contact: 513-546-7246 *8-11*

Wanted US citizen or GC holder life partner for Saini Sikh clean shaven Canadian PR 30, 5'-9" boy. M. Tech from University of Windsor, ON. Working in Automotive Company in Toronto. Family well settled in USA (Midwest). Contact, 765-570-0149 *7-10*

Saini Sikh clean shave boy, 28, 6', M.Sc. Bio Technology doing BDS in Chandigarh, seeks suitable well educated Saini/Jatt Sikh girl. Family well settled in the USA. Pl contact, Ph: 516-503-9541 or email: mohan1w34@gmail.com *4-11*

### ਵਰ ਦੀ ਲੋੜ

Wanted well settled Canadian/US citizen/green card holder boy for Jatt Sikh Kang Canadian PR girl 24 yrs, 5'-6", diploma electrical control systems, currently working as technical support in Toronto, only child. The boy should be a balance of modern and traditional values. Contact: WhatsApp 1-437-779-2765 *8-11*

*To Advertise with Punjab Times*
***Call: 847-359-0746***



**ਤੰਦੂਰੀਏ, ਡਿਸ਼ ਵਾਸ਼ਰ ਅਤੇ ਹੈਲਪਰ ਦੀ ਲੋੜ ਹੈ**

***ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਡਿਸ਼ ਵਾਸ਼ਰ ਅਤੇ ਹੈਲਪਰ ਦੀ ਲੋੜ ਹੈ***

**ਸੰਪਰਕ ਕਰੋ, ਫੋਨ: 608-218-9200**
**608-320-0062**

*2-*



**ਹਲਵਾਈ ਤੇ ਹੈਲਪਰਾਂ ਦੀ ਲੋੜ ਹੈ**

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ ਅਤੇ ਹੈਲਪਰ ਚਾਹੀਦੇ ਹਨ। ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

*ਸੰਪਰਕ ਕਰੋ*

ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635

*8-*



***ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ***

**ਫੋਨ (408) 687-1899**

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

Email: Homeomedicine@yahoo.com

**7021 Village Park Way, Dublin, CA 94568**

# ਕੇਜਰੀਵਾਲ ਸਰਕਾਰ ਤੇ ਕੇਂਦਰ 'ਚ ਮੁੜ ਛਿੜੀ ਸਿਆਸੀ ਜੰਗ

**ਨਵੀਂ ਦਿੱਲੀ:** ਦਿੱਲੀ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਤੇ ਕੇਂਦਰ ਵਿਚ ਨਵੀਂ ਲੜਾਈ ਛਿੜ ਗਈ ਹੈ। ਦਿੱਲੀ ਸਰਕਾਰ ਦੇ ਮੁੱਖ ਸਕੱਤਰ ਅੰਸ਼ੂ ਪ੍ਰਕਾਸ਼ ਉਤੇ ਆਮ ਆਦਮੀ ਪਾਰਟੀ (ਆਪ) ਦੇ ਕੁਝ ਵਿਧਾਇਕਾਂ ਵੱਲੋਂ ਕੀਤੇ ਕਥਿਤ ਹਮਲੇ ਪਿੱਛੋਂ ਦਿੱਲੀ ਪੁਲਿਸ ਵੱਲੋਂ ਕੀਤੀ ਗਈ ਕਾਰਵਾਈ 'ਤੇ ਸਵਾਲ ਉਠ ਰਹੇ ਹਨ। ਦਿੱਲੀ ਪੁਲਿਸ ਵੱਲੋਂ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਰਿਹਾਇਸ਼ 'ਤੇ ਕੀਤੀ ਛਾਪੇਮਾਰੀ ਪਿੱਛੋਂ 'ਆਪ' ਦਾ ਦੋਸ਼ ਹੈ ਕਿ ਪੁਲਿਸ ਨੇ ਮੋਦੀ ਸਰਕਾਰ ਦੇ ਕਹਿਣ 'ਤੇ ਕਾਰਵਾਈ ਲਈ ਇੰਨੀ ਫੁਰਤੀ ਵਿਖਾਈ ਹੈ। ਪੁਲਿਸ ਅਧਿਕਾਰੀਆਂ ਦਾ ਦਾਅਵਾ ਹੈ ਕਿ ਪੁਲਿਸ ਟੀਮ ਮੁੱਖ ਮੰਤਰੀ ਨਿਵਾਸ ਵਿਚ ਮੁੱਖ ਸਕੱਤਰ ਦੀ ਕੁੱਟਮਾਰ ਦੇ ਮਾਮਲੇ ਵਿਚ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਲੈਣ ਗਈ ਸੀ। ਪੁਲਿਸ ਵੱਲੋਂ ਉਥੇ ਲੱਗੇ 21 ਸੀ.ਸੀ.ਟੀ.ਵੀ. ਕੈਮਰਿਆਂ ਦੀ ਜਾਂਚ ਕੀਤੀ ਗਈ, ਜਿਨ੍ਹਾਂ ਵਿਚੋਂ 14 ਕੈਮਰੇ ਚੱਲ ਰਹੇ ਸਨ। ਇਸ ਦੌਰਾਨ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਸਬੰਧੀ ਇਕ ਹਾਰਡ ਡਿਸਕ ਕਬਜ਼ੇ ਵਿਚ ਲਈ ਗਈ ਹੈ।





ਪੁਲਿਸ ਦੀ ਇਸ ਛਾਪੇਮਾਰੀ ਪਿੱਛੋਂ ਅਰਵਿੰਦ ਕੇਜਰੀਵਾਲ ਨੇ ਆਪਣੇ ਮੰਤਰੀਆਂ ਸਣੇ ਉਪ ਰਾਜਪਾਲ ਅਨਿਲ ਬੈਜਲ ਨਾਲ ਮੁਲਾਕਾਤ ਕੀਤੀ। ਮੁਲਾਕਾਤ ਪਿਛੋਂ ਉਪ ਰਾਜਪਾਲ ਅਨਿਲ ਬੈਜਲ ਨੇ ਮੁੱਖ ਸਕੱਤਰ ਦੀ ਕੁੱਟਮਾਰ ਦੀ ਘਟਨਾ ਨੂੰ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਕਿ ਲੋਕਤੰਤਰੀ ਸਮਾਜ 'ਚ ਹਿੰਸਾ ਦੀ ਕੋਈ ਥਾਂ ਨਹੀਂ ਹੈ, ਸਰਕਾਰ ਨੂੰ ਆਪਣੇ ਮੁਲਾਜ਼ਮਾਂ ਦਾ ਵਿਸ਼ਵਾਸ ਮੁੜ ਕਾਇਮ ਕਰਨ ਲਈ ਕਦਮ ਚੁੱਕਣੇ ਚਾਹੀਦੇ ਹਨ।

ਪੁਲਿਸ ਦੀ ਅਜਿਹੀ ਕਾਰਵਾਈ ਤੋਂ ਇਲਾਵਾ ਕੇਜਰੀਵਾਲ ਸਰਕਾਰ ਨੂੰ ਸਰਕਾਰੀ ਅਫਸਰਾਂ ਤੇ ਕਰਮਚਾਰੀਆਂ ਦੀ ਹੜਤਾਲ ਤੇ ਰੋਸ ਵਿਖਾਵਿਆਂ ਦਾ ਵੱਖਰੇ ਤੌਰ 'ਤੇ ਸਾਹਮਣਾ ਕਰਨਾ ਪੈ ਰਿਹਾ ਹੈ। ਸ੍ਰੀ ਅੰਸ਼ੂ ਪ੍ਰਕਾਸ਼ ਦਾ ਦਾਅਵਾ ਹੈ ਕਿ ਮੁੱਖ ਮੰਤਰੀ ਦੇ ਸਾਹਮਣੇ 'ਆਪ' ਦੇ ਇਕ ਵਿਧਾਨਕਾਰ ਨੇ ਉਨ੍ਹਾਂ ਨੂੰ ਘਸੁੰਨ ਮਾਰੇ, ਉਨ੍ਹਾਂ ਦੀ ਐਨਕ ਤੋੜ ਦਿੱਤੀ। ਕੁਝ ਹੋਰ ਵਿਧਾਇਕ ਵੀ ਉਨ੍ਹਾਂ ਨਾਲ ਹਿੰਸਕ ਢੰਗ ਨਾਲ ਪੇਸ਼ ਆਏ। ਸ੍ਰੀ ਅੰਸ਼ੂ ਪ੍ਰਕਾਸ਼ ਵੱਲੋਂ ਲਾਇਆ ਦੋਸ਼ ਹੈ ਕਿ ਉਨ੍ਹਾਂ ਨੂੰ ਸ੍ਰੀ ਕੇਜਰੀਵਾਲ ਦੀ ਰਿਹਾਇਸ਼ 'ਤੇ ਕੁਝ ਟੀ.ਵੀ. ਵਿਗਿਆਪਨ ਰਿਲੀਜ਼ ਕਰਨ ਦੀ ਮਨਜ਼ੂਰੀ ਦੇਣ ਲਈ ਬੁਲਾਇਆ ਗਿਆ ਸੀ। ਉਨ੍ਹਾਂ ਵੱਲੋਂ ਮਨਜ਼ੂਰੀ ਤੋਂ ਨਾਂਹ ਕੀਤੇ ਜਾਣ ਉਤੇ ਉਨ੍ਹਾਂ ਉਪਰ ਹਮਲਾ ਕੀਤਾ ਗਿਆ। ਦੂਜੇ ਪਾਸੇ 'ਆਪ' ਦਾ ਦਾਅਵਾ ਹੈ ਕਿ ਮੀਟਿੰਗ ਜ਼ਰੂਰਤਮੰਦ ਲੋਕਾਂ ਨੂੰ ਰਾਸ਼ਨ ਵੰਡਣ ਦੀ ਮਨਜ਼ੂਰੀ ਦੇਣ ਬਾਰੇ ਸੀ। ਜਦੋਂ ਮੁੱਖ ਸਕੱਤਰ ਮਨਜ਼ੂਰੀ ਨਾ ਦੇਣ 'ਤੇ ਅੜੇ ਰਹੇ ਅਤੇ ਜਾਤੀ-ਸੂਚਕ ਸ਼ਬਦ ਵਰਤਿਆ ਤਾਂ ਮੀਟਿੰਗ ਵਿਚ ਹਾਜ਼ਰ ਕੁਝ ਵਿਧਾਨਕਾਰ ਤਲਖ ਹੋ ਗਏ।

### 'ਅਮਿਤ ਸ਼ਾਹ ਤੋਂ ਪੁੱਛਗਿੱਛ ਦੀ ਹਿੰਮਤ ਵਿਖਾਏ ਪੁਲਿਸ'

ਦਿੱਲੀ ਪੁਲਿਸ ਵੱਲੋਂ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਕੀਤੀ ਛਾਪੇਮਾਰੀ ਪਿੱਛੋਂ ਕੇਜਰੀਵਾਲ ਨੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੂੰ ਵੀ ਨਿਸ਼ਾਨਾ ਬਣਾਇਆ। ਕੇਜਰੀਵਾਲ ਨੇ ਕਿਹਾ ਕਿ ਦੋ ਥੱਪੜਾਂ ਦੇ ਇਲਜ਼ਾਮ ਦੀ ਪੜਤਾਲ ਲਈ ਮੁੱਖ ਮੰਤਰੀ ਦੇ ਪੂਰੇ ਘਰ ਦੀ ਤਲਾਸ਼ੀ ਚੱਲ ਰਹੀ ਹੈ। ਜੱਜ ਲੋਯਾ ਦੀ ਹੱਤਿਆ 'ਤੇ ਪੁੱਛਗਿੱਛ ਬਣਦੀ ਹੈ ਜਾਂ ਨਹੀਂ? ਉਹ ਜਾਂਚ ਏਜੰਸੀਆਂ ਨੂੰ ਕਹਿਣਾ ਚਾਹੁੰਦੇ ਹਨ ਕਿ ਜੱਜ ਲੋਯਾ ਦੀ ਹੱਤਿਆ ਦੇ ਮਾਮਲੇ 'ਚ ਅਮਿਤ ਸ਼ਾਹ ਤੋਂ ਪੁੱਛਗਿੱਛ ਕਰਨ ਦੀ ਹਿੰਮਤ ਵਿਖਾਉਣ ਤਾਂ ਪੂਰਾ ਦੇਸ਼ ਉਨ੍ਹਾਂ ਨੂੰ ਵਧਾਈ ਦੇਵੇਗਾ।

### ਮੋਦੀ ਸਰਕਾਰ ਦੀ ਦਾਦਾਗਿਰੀ ਦਾ ਡਟਕੇ ਸਾਹਮਣਾ ਕਰਾਂਗੇ: ਭਗਵੰਤ ਮਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਸਰਕਾਰੀ ਰਿਹਾਇਸ਼ ਉਤੇ ਬਿਨਾਂ ਅਗਾਊਂ ਸੂਚਨਾ ਪੁਲਿਸ ਦਾ ਛਾਪਾ ਮਰਵਾਉਣ ਦੀ ਨਿੰਦਾ ਕੀਤੀ ਹੈ। ਪ੍ਰਧਾਨ ਭਗਵੰਤ ਮਾਨ, ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਅਤੇ ਸੂਬਾ ਸਹਿ ਪ੍ਰਧਾਨ ਤੇ ਵਿਧਾਇਕ ਅਮਨ ਅਰੋੜਾ ਨੇ ਕਿਹਾ ਕਿ ਨਰੇਂਦਰ ਮੋਦੀ ਸਰਕਾਰ ਆਪਣੇ ਸਿਆਸੀ ਵਿਰੋਧੀਆਂ ਨੂੰ ਖਤਮ ਕਰਨ ਲਈ ਤਾਨਾਸ਼ਾਹ ਹੋ ਚੁੱਕੀ ਹੈ। ਮੋਦੀ ਸਰਕਾਰ ਦਾ ਇਹ ਤਾਨਾਸ਼ਾਹ ਰਵੱਈਆ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਲਈ ਖਤਰੇ ਦੀ ਘੰਟੀ ਹੈ।

# ਦਲਿਤਾਂ ਸਬੰਧੀ ਮੀਟਿੰਗ 'ਚੋਂ ਕੈਪਟਨ ਦੀ ਗੈਰਹਾਜ਼ਰੀ ਬਣੀ ਸਿਆਸੀ ਮੁੱਦਾ

**ਚੰਡੀਗੜ੍ਹ:** ਦਲਿਤਾਂ ਦੇ ਮਾਮਲੇ ਵਿਚਾਰਨ ਵਾਲੀ 'ਉਚ ਤਾਕਤੀ' ਕਮੇਟੀ ਦੀ ਮੀਟਿੰਗ ਵਿਚੋਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਗੈਰਹਾਜ਼ਰੀ ਨੂੰ ਕਾਂਗਰਸ ਦੇ ਸੰਸਦ ਮੈਂਬਰ ਸ਼ਮਸ਼ੇਰ ਸਿੰਘ ਦੂਲੋ ਨੇ ਮੁੱਦੇ ਵਜੋਂ ਉਭਾਰਿਆ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪਵਨ ਕੁਮਾਰ ਟੀਨੂੰ, ਭਾਜਪਾ ਦੇ ਸੋਮ ਪ੍ਰਕਾਸ਼ (ਦੋਵੇਂ ਵਿਧਾਇਕ) ਅਤੇ ਸ੍ਰੀ ਦੂਲੋ ਨੇ ਇਕੋ ਸੁਰ ਵਿਚ ਕੈਪਟਨ ਦੀ ਅਗਵਾਈ ਹੇਠਲੀ ਕਾਂਗਰਸ ਸਰਕਾਰ ਉਤੇ ਦਲਿਤ ਵਿਰੋਧੀ ਹੋਣ ਦੇ ਦੋਸ਼ ਲਾਏ ਹਨ।

ਮੀਟਿੰਗ ਦੀ ਪ੍ਰਧਾਨਗੀ ਕਮੇਟੀ ਦੇ ਚੇਅਰਮੈਨ ਵਜੋਂ ਮੁੱਖ ਮੰਤਰੀ ਨੇ ਕਰਨੀ ਸੀ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਅਤੇ ਸਮਾਜ ਭਲਾਈ ਮੰਤਰੀ ਸਾਧੂ ਸਿੰਘ ਧਰਮਸੋਤ ਜਿਉਂ ਹੀ ਕਾਰਵਾਈ ਸ਼ੁਰੂ ਕਰਨ ਲੱਗੇ ਤਾਂ ਸਭ ਤੋਂ ਪਹਿਲਾਂ ਕਾਂਗਰਸ ਦੇ ਹੀ ਰਾਜ ਸਭਾ ਮੈਂਬਰ ਸ਼ਮਸ਼ੇਰ ਸਿੰਘ ਦੂਲੋ ਨੇ ਮੁੱਖ ਮੰਤਰੀ ਦੀ ਗੈਰਹਾਜ਼ਰੀ ਉਤੇ ਸਵਾਲ ਖੜ੍ਹਾ ਕੀਤਾ। ਮੁੱਖ ਮੰਤਰੀ ਦੀ ਸਿਹਤ ਨਾਸਾਜ਼ ਹੋਣ ਦੀ ਦਲੀਲ ਦੇ ਕੇ ਮੀਟਿੰਗ ਕਰਨ ਦੀ ਵਿੱਤ ਮੰਤਰੀ ਦੀ ਬੇਨਤੀ ਨੂੰ ਸ੍ਰੀ ਦੂਲੋ ਅਤੇ ਤਿੰਨਾਂ ਵਿਧਾਇਕਾਂ ਪਵਨ ਕੁਮਾਰ ਟੀਨੂੰ, ਸੋਮ ਪਕਾਸ਼ ਅਤੇ 'ਆਪ' ਦੇ ਬੁੱਧ ਰਾਮ ਨੇ ਰੱਦ ਕਰ ਦਿੱਤਾ। ਇਨ੍ਹਾਂ ਚਾਰਾਂ ਦਲਿਤ ਆਗੂਆਂ ਨੇ ਆਪਣੀਆਂ ਦਲੀਲਾਂ ਰੱਖਣ ਤੋਂ ਬਾਅਦ ਮੀਟਿੰਗ ਵਿਚੋਂ ਵਾਕਆਊਟ ਕਰ ਦਿੱਤਾ।

ਸ੍ਰੀ ਦੂਲੋ ਨੇ ਤਾਂ ਇਥੋਂ ਤੱਕ ਕਿਹਾ ਕਿ ਮੁੱਖ ਮੰਤਰੀ ਪੰਜਾਬ ਦਲਿਤਾਂ ਦੇ ਮਾਮਲਿਆਂ ਪ੍ਰਤੀ ਗੰਭੀਰ ਨਹੀਂ ਤੇ ਪਹਿਲਾਂ ਵੀ ਸੂਬੇ ਦੇ ਸੰਸਦ ਮੈਂਬਰਾਂ ਦੀ ਮੀਟਿੰਗ ਬੁਲਾ ਕੇ ਉਨ੍ਹਾਂ ਸਿਹਤ ਮੰਤਰੀ ਬ੍ਰਹਮ ਮਹਿੰਦਰਾ ਨੂੰ ਭੇਜ ਦਿੱਤਾ ਸੀ। ਉਨ੍ਹਾਂ ਕਿਹਾ ਕਿ ਕਈ ਮਾਮਲੇ ਵਿੱਤ ਮੰਤਰੀ ਅਤੇ ਭਲਾਈ ਮੰਤਰੀ ਦੇ ਵਿਭਾਗਾਂ ਜਾਂ ਕਾਨੂੰਨ ਵਿਵਸਥਾ ਨਾਲ ਜੁੜੇ ਹੋਏ ਹਨ ਤੇ ਅਜਿਹੇ ਮਾਮਲਿਆਂ ਉਤੇ ਸਮਰੱਥ ਅਥਾਰਟੀ ਮੁੱਖ ਮੰਤਰੀ ਨੂੰ ਹੀ ਮੰਨਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸਭ ਤੋਂ ਵੱਡੀ ਮਿਸਾਲ ਦਲਿਤ ਵਿਦਿਆਰਥੀਆਂ ਨੂੰ ਵਜ਼ੀਫੇ ਦੀ ਕਹੀ ਜਾ ਸਕਦੀ ਹੈ ਤੇ ਇਹ ਮਾਮਲਾ ਮਨਪ੍ਰੀਤ ਸਿੰਘ ਬਾਦਲ ਅਤੇ ਸ੍ਰੀ ਧਰਮਸੋਤ (ਦੋਹਾਂ) ਦੇ ਵਿਭਾਗਾਂ ਨਾਲ ਸਬੰਧਤ ਹੈ। ਸਰਕਾਰ ਵੱਲੋਂ ਆਪਣੇ ਹਿੱਸੇ ਦੀ ਰਕਮ ਪਾਉਣੀ ਤਾਂ ਦੂਰ, ਕੇਂਦਰ ਤੋਂ ਆਈ ਰਕਮ ਵੀ ਲਾਭਪਾਤਰੀਆਂ ਨੂੰ ਦਿੱਤੀ ਨਹੀਂ ਜਾ ਰਹੀ। ਰਾਜ ਸਭਾ ਮੈਂਬਰ ਨੇ ਕਿਹਾ ਕਿ ਸੰਗਰੂਰ ਜ਼ਿਲ੍ਹੇ ਵਿਚ ਬਾਲਦ ਕਲਾਂ ਪਿੰਡ ਦੀ ਪੰਚਾਇਤੀ ਜ਼ਮੀਨ ਵਿਚ ਦਲਿਤਾਂ ਦੇ ਹਿੱਸੇ ਦਾ ਮਾਮਲਾ ਪਿਛਲੇ ਕਈ ਸਾਲਾਂ ਤੋਂ ਭਾਰੂ ਹੈ ਤੇ ਦਲਿਤਾਂ ਨੂੰ ਲਗਾਤਾਰ ਤਸ਼ੱਦਦ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਾਂਗਰਸ ਸ਼ਾਸਨ ਦੌਰਾਨ ਦਲਿਤਾਂ 'ਤੇ ਅਤਿਆਚਾਰ ਹੋਣ ਦੇ ਦੋਸ਼ ਵੀ ਲਾਏ।

ਭਾਜਪਾ ਦੇ ਸੋਮ ਪ੍ਰਕਾਸ਼ ਨੇ ਕਿਹਾ ਕਿ ਪੰਜਾਬ ਵਿਚ ਦਲਿਤਾਂ ਉਤੇ ਸਰਕਾਰੀ ਸ਼ਹਿ 'ਤੇ ਤਸ਼ੱਦਦ ਦੇ ਮਾਮਲੇ ਵਧ ਰਹੇ ਹਨ ਤੇ ਮੁੱਖ ਮੰਤਰੀ ਨੇ ਉਚ-ਤਾਕਤੀ ਕਮੇਟੀ ਦੀ ਮੀਟਿੰਗ ਪ੍ਰਤੀ ਬੇਰੁਖੀ ਦਿਖਾ ਕੇ ਦਲਿਤ ਮਾਮਲਿਆਂ ਤੋਂ ਮੂੰਹ ਮੋੜਨ ਦਾ ਸਬੂਤ ਦਿੱਤਾ ਹੈ।

ਇਹ ਵੀ ਦੱਸਣਯੋਗ ਹੈ ਕਿ ਇਹ ਮੀਟਿੰਗ ਤਕਰੀਬਨ ਢਾਈ ਸਾਲਾਂ ਬਾਅਦ ਹੋ ਰਹੀ ਸੀ। ਸ੍ਰੀ ਦੂਲੋ ਦਾ ਕਹਿਣਾ ਹੈ ਕਿ ਇਸ ਤੋਂ ਪਹਿਲਾਂ 2015 ਵਿਚ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮੀਟਿੰਗ ਕੀਤੀ ਸੀ। ਕਾਂਗਰਸ ਹਕੂਮਤ ਵਿਚ ਪਹਿਲੀ ਵਾਰੀ ਮੀਟਿੰਗ ਹੋਣੀ ਸੀ ਪਰ ਮੁੱਖ ਮੰਤਰੀ ਗੈਰਹਾਜ਼ਰ ਹੋ ਗਏ।

### ਮੁੱਖ ਮੰਤਰੀ ਨੂੰ ਬੈਠਕ 'ਚ ਆਉਣਾ ਚਾਹੀਦਾ ਸੀ: ਦੂਲੋ

**ਚੰਡੀਗੜ੍ਹ:** ਕਾਂਗਰਸੀ ਆਗੂ ਸ਼ਮਸ਼ੇਰ ਸਿੰਘ ਦੂਲੋ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਪਹਿਲਾਂ ਸੰਸਦ ਮੈਂਬਰਾਂ ਦੀ ਬੈਠਕ 'ਚ ਨਹੀਂ ਪਹੁੰਚੇ ਸਨ। ਪੰਜਾਬ ਦੇ ਦਲਿਤ ਭਾਈਚਾਰੇ ਦੀਆਂ ਬਹੁਤ ਸਾਰੀਆਂ ਮੁਸ਼ਕਲਾਂ ਹਨ, ਜਿਨ੍ਹਾਂ ਦੇ ਹੱਲ ਬਾਰੇ ਗੰਭੀਰ ਹੋਣ ਦੀ ਲੋੜ ਹੈ, ਇਸ ਲਈ ਮੁੱਖ ਮੰਤਰੀ ਨੂੰ ਬੈਠਕ 'ਚ ਆਉਣਾ ਚਾਹੀਦਾ ਸੀ।



## ਨਾਭਾ ਜੇਲ੍ਹ ਕਾਂਡ ਦਾ ਸਰਗਨਾ ਰੋਮੀ ਹਾਂਗਕਾਂਗ ਵਿਚ ਗ੍ਰਿਫਤਾਰ

**ਪਟਿਆਲਾ:** ਨਾਭਾ ਜੇਲ੍ਹ ਕਾਂਡ ਸਮੇਤ ਸੱਤ ਹਿੰਦੂ ਆਗੂਆਂ ਤੇ ਹੋਰਨਾਂ ਦੇ ਕਤਲਾਂ ਸਬੰਧੀ ਕੌਮੀ ਜਾਂਚ ਏਜੰਸੀ ਅਤੇ ਪੰਜਾਬ ਪੁਲਿਸ ਨੂੰ ਲੋੜੀਂਦਾ ਮੁਲਜ਼ਮ ਰਮਨਜੀਤ ਸਿੰਘ ਰੋਮੀ



ਹਾਂਗਕਾਂਗ ਵਿਚ ਫੜਿਆ ਗਿਆ ਹੈ। ਪਟਿਆਲਾ ਪੁਲਿਸ ਦਾ ਦਾਅਵਾ ਹੈ ਕਿ ਰੋਮੀ ਦੀ ਗ੍ਰਿਫਤਾਰੀ ਉਨ੍ਹਾਂ ਵੱਲੋਂ ਜਾਰੀ ਕੀਤੇ ਰੈੱਡ ਕਾਰਨਰ ਨੋਟਿਸ ਤਹਿਤ ਹੀ ਹੋਈ ਹੈ।

ਰੋਮੀ ਨੂੰ ਹਵਾਲਗੀ ਤਹਿਤ ਭਾਰਤ ਲਿਆਉਣ ਲਈ ਪਟਿਆਲਾ ਪੁਲਿਸ ਨੇ ਯਤਨ ਆਰੰਭ ਦਿੱਤੇ ਹਨ। ਪੁਲਿਸ ਸੂਤਰਾਂ ਅਨੁਸਾਰ ਰਮਨਜੀਤ ਸਿੰਘ ਰੋਮੀ ਨੇ ਜਿਥੇ ਨਾਭਾ ਜੇਲ੍ਹ ਕਾਂਡ ਦੌਰਾਨ ਵਿਦੇਸ਼ ਵਿਚ ਰਹਿ ਕੇ ਮੁਲਜ਼ਮਾਂ ਮਦਦ ਕੀਤੀ, ਉਥੇ ਹੀ ਫਰਾਰ ਹੋਏ ਗੈਂਗਸਟਰਾਂ ਲਈ ਬਾਅਦ ਵਿਚ ਵੀ ਫੰਡ ਭੇਜਣ ਸਮੇਤ ਹਾਂਗਕਾਂਗ ਵਿਚ ਰਹਿੰਦਿਆਂ ਹੀ 'ਕੰਟਰੋਲ ਰੂਮ' ਦਾ ਕੰਮ ਵੀ ਕਰਦਾ ਰਿਹਾ। ਰੋਮੀ ਦੀ ਅੱਧੀ ਦਰਜਨ ਤੋਂ ਵੱਧ ਹਿੰਦੂ ਨੇਤਾਵਾਂ ਤੇ ਹੋਰਾਂ ਦੇ ਕਤਲਾਂ ਵਿਚ ਸ਼ਮੂਲੀਅਤ ਦਾ ਦਾਅਵਾ ਕੌਮੀ ਜਾਂਚ ਏਜੰਸੀ ਵੱਲੋਂ ਜੱਗੀ ਜੌਹਲ ਤੇ ਹੋਰਾਂ ਦੀ ਪੁੱਛਗਿੱਛ ਦੇ ਹਵਾਲੇ ਨਾਲ ਕੀਤਾ ਗਿਆ ਹੈ। ਪੁਲਿਸ ਕੋਲ ਇਤਲਾਹ ਸੀ ਕਿ ਉਹ ਨਾਭਾ ਜੇਲ੍ਹ ਵਿਚ ਬੰਦ ਆਪਣੇ ਸਾਥੀ ਗੈਂਗਸਟਰਾਂ ਨੂੰ ਛੁਡਾਉਣ ਦੀ ਵਿਉਂਤਬੰਦੀ ਕਰ ਰਿਹਾ ਹੈ ਪਰ ਇਸ ਗ੍ਰਿਫਤਾਰੀ ਬਾਅਦ ਜਦੋਂ ਰੋਮੀ ਨੂੰ ਨਾਭਾ ਜੇਲ੍ਹ ਵਿਚ ਬੰਦ ਕੀਤਾ ਗਿਆ, ਤਾਂ ਉਸ ਨੇ ਗੁਰਪ੍ਰੀਤ ਸੇਖੋਂ ਨਾਲ ਨਾਭਾ ਜੇਲ੍ਹ ਕਾਂਡ ਦੀ ਸਾਜ਼ਿਸ਼ ਰਚੀ। ਕੁਝ ਮਹੀਨਿਆਂ ਬਾਅਦ ਉਹ ਜ਼ਮਾਨਤ ਪਿੱਛੋਂ ਵਿਦੇਸ਼ ਚਲਾ ਗਿਆ ਅਤੇ 27 ਨਵੰਬਰ 2016 ਨੂੰ ਨਾਭਾ ਜੇਲ੍ਹ ਬਰੇਕ ਕਾਂਡ ਦੌਰਾਨ ਚਾਰ ਗੈਂਗਸਟਰ ਅਤੇ ਦੋ ਖਾੜਕੂ ਭੱਜ ਗਏ ਸਨ।

# ਕਰਜ਼ ਮੁਆਫੀ ਦੇ ਹੱਕਦਾਰ ਕਿਸਾਨਾਂ ਦੀ ਗਿਣਤੀ ਘਟਾਉਣ ਦੀਆਂ ਜੁਗਤਾਂ

**ਚੰਡੀਗੜ੍ਹ:** ਪੰਜਾਬ ਸਰਕਾਰ ਦਾ ਸਾਰਾ ਜ਼ੋਰ ਹੁਣ ਵੱਧ ਤੋਂ ਵੱਧ ਕਿਸਾਨਾਂ ਨੂੰ ਕਰਜ਼ਾ ਮੁਆਫੀ ਯੋਜਨਾ ਤੋਂ ਬਾਹਰ ਕਰਨ ਵਿਚ ਲੱਗਾ ਹੋਇਆ ਹੈ। ਸਰਕਾਰ ਨੇ ਹੁਣ 17 ਅਕਤੂਬਰ, 2017 ਨੂੰ ਜਾਰੀ ਨੋਟੀਫਿਕੇਸ਼ਨ ਦੀ ਥਾਂ ਸੋਧਿਆ ਹੋਇਆ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਨਵੇਂ ਨੋਟੀਫਿਕੇਸ਼ਨ ਮੁਤਾਬਕ ਪੰਜਾਬ ਦੇ ਸਰਕਾਰੀ ਅਤੇ ਨੀਮ ਸਰਕਾਰੀ ਅਦਾਰਿਆਂ, ਬੋਰਡਾਂ ਕਾਰਪੋਰੇਸ਼ਨਾਂ, ਰਾਜ ਤੇ ਕੇਂਦਰ ਦੇ ਪੈਨਸ਼ਨਰਾਂ ਅਤੇ ਆਮਦਨ ਕਰ ਅਦਾ ਕਰਨ ਵਾਲੇ ਕਿਸਾਨਾਂ ਨੂੰ ਉਕਤ ਸਕੀਮ 'ਚੋਂ ਬਾਹਰ ਕਰ ਦਿੱਤਾ ਗਿਆ ਹੈ।

ਨੋਟੀਫਿਕੇਸ਼ਨ ਅਨੁਸਾਰ ਮਾਰਜਨਲ ਕਿਸਾਨਾਂ ਲਈ ਇਹ ਸ਼ਰਤ ਲਗਾਈ ਗਈ ਹੈ ਕਿ ਉਹ ਇਕ ਹਲਫਨਾਮਾ ਦਾਇਰ ਕਰਨਗੇ ਕਿ ਉਨ੍ਹਾਂ ਦੀ ਸਮੁੱਚੇ ਦੇਸ਼ ਵਿਚ ਢਾਈ ਏਕੜ ਤੋਂ ਵੱਧ ਜ਼ਮੀਨ ਨਹੀਂ ਹੈ। ਇਸੇ ਤਰ੍ਹਾਂ ਛੋਟੇ ਕਿਸਾਨਾਂ ਨੂੰ ਦੇਸ਼ ਵਿਚ 5 ਏਕੜ ਤੋਂ ਵੱਧ ਜ਼ਮੀਨ ਦੀ ਮਲਕੀਅਤ ਨਾ ਹੋਣ ਦਾ ਹਲਫਨਾਮਾ ਦਾਇਰ ਕਰਨਾ ਪਵੇਗਾ। ਜਾਤੀ ਤੌਰ ਉਤੇ ਦਿੱਤਾ ਜਾਣ ਵਾਲਾ ਇਹ ਹਲਫਨਾਮਾ ਮਾਰਜਨਲ ਕਿਸਾਨਾਂ ਲਈ ਪੀਲੇ ਅਤੇ ਛੋਟੇ ਕਿਸਾਨਾਂ ਲਈ ਹਰੇ ਰੰਗ ਦਾ ਹੋਵੇਗਾ। ਸਥਾਨਕ ਪੱਧਰ 'ਤੇ ਐਸ.ਡੀ.ਐਮ. ਦੀ ਅਗਵਾਈ ਵਿਚ ਕਮੇਟੀਆਂ ਬਣਾਈਆਂ ਜਾਣਗੀਆਂ ਜਿਨ੍ਹਾਂ ਵਿਚ ਏ.ਆਰ. ਸਹਿਕਾਰੀ ਸਭਾਵਾਂ ਅਤੇ ਖੇਤੀ ਵਿਕਾਸ ਅਫਸਰ ਸ਼ਾਮਲ ਹੋਣਗੇ, ਜੋ ਕਿ ਉਨ੍ਹਾਂ ਕੇਸਾਂ ਸਬੰਧੀ ਫੈਸਲੇ ਕਰਨਗੇ ਜਿਨ੍ਹਾਂ ਵਿਚ ਆਧਾਰ ਕਾਰਡ ਨਹੀਂ ਹੈ ਜਾਂ ਲਾਭਪਾਤਰੀਆਂ ਦੇ ਨਾਂਵਾਂ ਸਬੰਧੀ ਮਾਲ ਵਿਭਾਗ ਦੇ ਰਿਕਾਰਡ ਤੇ ਆਧਾਰ ਕਾਰਡ 'ਚ ਦਿੱਤੇ ਨਾਂਵਾਂ ਸਬੰਧੀ ਫਰਕ ਹੈ।

ਸਮਾਜਿਕ ਆਡਿਟ ਦੌਰਾਨ ਜਿਨ੍ਹਾਂ ਕੇਸਾਂ ਸਬੰਧੀ ਇਤਰਾਜ਼ ਜਾਂ ਦਾਅਵੇ ਸਾਹਮਣੇ ਆਏ ਹਨ, ਉਨ੍ਹਾਂ ਉਤੇ ਵੀ ਇਹੋ ਕਮੇਟੀ ਫੈਸਲੇ ਲਵੇਗੀ। ਸਹਿਕਾਰੀ ਵਿਭਾਗ ਵੱਲੋਂ ਅਜਿਹੇ ਕੇਸ ਮਾਲ ਵਿਭਾਗ ਨੂੰ ਭੇਜੇ ਜਾਣਗੇ, ਜਿਨ੍ਹਾਂ ਸਬੰਧੀ ਲਾਭ ਪਾਤਰੀਆਂ ਦੇ ਨਾਂ ਮਾਲ ਵਿਭਾਗ ਦੇ ਰਿਕਾਰਡ ਵਿਚ ਨਹੀਂ ਦਰਸਾਏ ਗਏ, ਜਿਨ੍ਹਾਂ ਕੇਸਾਂ ਵਿਚ ਕਰਜ਼ਾ ਮੁਆਫੀ ਦੀ ਰਾਸ਼ੀ ਸਬੰਧੀ ਕੋਈ ਇਤਰਾਜ਼ ਹੋਣਗੇ, ਉਹ ਕੇਸ ਸਹਿਕਾਰੀ ਵਿਭਾਗ ਦੇ ਚੀਫ ਅਡੀਟਰ ਨੂੰ ਭੇਜੇ ਜਾਣਗੇ।

ਦੱਸ ਦਈਏ ਕਿ ਇਸ ਤੋਂ ਪਹਿਲਾਂ ਖੁਦਕਸ਼ੀ ਕਰ ਗਏ ਕਿਸਾਨਾਂ ਅਤੇ ਮਜ਼ਦੂਰ ਦੇ ਪਰਿਵਾਰ ਸੂਬਾ ਸਰਕਾਰ ਵੱਲੋਂ ਬਣਾਈਆਂ ਗਈਆਂ ਕਮੇਟੀਆਂ ਦੇ ਚੱਕਰਵਿਊ ਵਿਚ ਉਲਝ ਕੇ ਰਹਿ ਗਏ ਹਨ। ਕਮੇਟੀਆਂ ਦੀਆਂ ਰਿਪੋਰਟਾਂ ਨੂੰ ਉਡੀਕਣ ਤੱਕ ਇਨ੍ਹਾਂ ਮੁੱਦਿਆਂ ਉਤੇ ਫੈਸਲੇ ਹੋਣ ਦੀ ਉਮੀਦ ਨਹੀਂ ਅਤੇ ਆਏ ਦਿਨ ਜ਼ਮੀਨਾਂ ਦੀਆਂ ਕੁਰਕੀਆਂ, ਬੈਂਕਾਂ ਵੱਲੋਂ ਕਰਜ਼ਾ ਵਾਪਸ ਕਰਨ ਦੇ ਨੋਟਿਸ ਅਤੇ ਵਿੱਤੋਂ ਟੁੱਟੇ ਮਜ਼ਦੂਰਾਂ ਦੀ ਦਸ਼ਾ ਬਦਤਰ ਹੁੰਦੀ ਜਾ ਰਹੀ ਹੈ।

### ਕਿਸਾਨਾਂ ਵੱਲੋਂ ਸਰਕਾਰ ਘੇਰਨ ਦੀ ਤਿਆਰੀ

**ਤਰਨ ਤਾਰਨ:** ਸੱਤ ਕਿਸਾਨ ਜਥੇਬੰਦੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਪੰਜਾਬ ਸਰਕਾਰ ਨੇ ਵਿਧਾਨ ਸਭਾ ਸੈਸ਼ਨ ਦੌਰਾਨ ਕਿਸਾਨਾਂ ਦੇ ਕਰਜ਼ੇ ਸਮੇਤ ਸਾਰੇ ਮਸਲੇ ਹੱਲ ਨਾ ਕੀਤੇ ਤਾਂ 3 ਅਪਰੈਲ ਨੂੰ ਚੰਡੀਗੜ੍ਹ 'ਚ ਰੋਸ ਰੈਲੀ ਕਰਨਗੀਆਂ। ਕਿਸਾਨ ਜਥੇਬੰਦੀਆਂ ਦੀ ਮੰਗ ਹੈ ਕਿ ਪੰਜਾਬ ਵਿਚ ਕਰਜ਼ਾਈ ਕਿਸਾਨਾਂ ਦੀਆਂ ਖੁਦਕੁਸ਼ੀਆਂ ਨੂੰ ਠੱਲ੍ਹ ਪਾਉਣ ਲਈ ਸਰਕਾਰ ਕਿਸਾਨਾਂ ਦਾ ਹਰ ਤਰ੍ਹਾਂ ਦਾ ਸਮੁੱਚਾ ਕਰਜ਼ਾ ਖਤਮ ਕਰੇ। ਖੇਤੀ ਲਈ ਬਿਨਾਂ ਵਿਆਜ ਲੰਮੀ ਮਿਆਦ ਵਾਲੇ ਕਰਜ਼ੇ ਦਿੱਤੇ ਜਾਣ। ਕਰਜ਼ਾਈ ਕਿਸਾਨਾਂ ਨੂੰ ਜ਼ਲੀਲ ਕਰਨਾ ਬੰਦ ਕੀਤਾ ਜਾਵੇ।

## ਸੱਜਣ ਕੁਮਾਰ ਦੀ ਜ਼ਮਾਨਤ ਨੂੰ ਚੁਣੌਤੀ ਦੇਵੇਗੀ ਦਿੱਲੀ ਕਮੇਟੀ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਐਲਾਨ ਕੀਤਾ ਕਿ ਦਿੱਲੀ ਹਾਈ ਕੋਰਟ ਵੱਲੋਂ ਸੱਜਣ ਕੁਮਾਰ ਦੀ ਜ਼ਮਾਨਤ ਰੱਦ ਨਾ ਕਰਨ ਦੇ ਫੈਸਲੇ ਨੂੰ ਉਹ ਸੁਪਰੀਮ ਕੋਰਟ ਵਿਚ ਚੁਣੌਤੀ ਦੇਵੇਗੀ। ਇਹ ਕੇਸ ਤਿੰਨ ਸਿੱਖਾਂ ਸੋਹਣ ਸਿੰਘ ਤੇ ਉਸ ਦੇ ਜਵਾਈ ਅਵਤਾਰ ਸਿੰਘ ਨੂੰ ਜਨਕਪੁਰੀ ਵਿਚ ਅਤੇ ਗੁਰਚਰਨ ਸਿੰਘ ਨੂੰ ਵਿਕਾਸਪੁਰੀ ਵਿਚ ਜਿਉਂਦੇ ਸਾੜਨ ਨਾਲ ਸਬੰਧਤ ਹੈ।

ਹਾਈ ਕੋਰਟ ਵੱਲੋਂ ਸੱਜਣ ਕੁਮਾਰ ਦੀ ਪੇਸ਼ਗੀ ਜ਼ਮਾਨਤ ਰੱਦ ਕਰਨ ਲਈ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਵੱਲੋਂ ਪਾਈ ਪਟੀਸ਼ਨ ਰੱਦ ਕਰਨ ਦੇ ਫੈਸਲੇ 'ਤੇ ਪ੍ਰਤੀਕਰਮ ਦਿੰਦਿਆਂ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਇਹ ਫੈਸਲਾ ਸਿੱਖ ਭਾਈਚਾਰੇ ਲਈ ਹੈਰਾਨੀ ਭਰਿਆ ਹੈ ਤੇ ਕਮੇਟੀ ਸਿੱਟ ਤੋਂ ਵੀ ਮੰਗ ਕਰੇਗੀ ਕਿ ਉਹ ਸੁਪਰੀਮ ਕੋਰਟ ਵਿਚ ਮਾਮਲੇ ਨੂੰ ਚੁਣੌਤੀ ਦੇਵੇ।

# ਨੀਤੀ ਆਯੋਗ ਨੇ ਨਾ ਫੜ੍ਹਾਇਆ ਪੱਲਾ

## ਪੰਜਾਬ ਨੂੰ ਆਪਣਾ ਘਰ ਆਪ ਸੰਭਾਲਣ ਦੀ ਦਿੱਤੀ ਸਲਾਹ

**ਚੰਡੀਗੜ੍ਹ:** ਪੰਜਾਬ ਸਰਕਾਰ ਦੀਆਂ ਮੰਗਾਂ ਅਤੇ ਅਪੀਲਾਂ ਬਾਰੇ ਨੀਤੀ ਆਯੋਗ ਦੇ ਅਧਿਕਾਰੀਆਂ ਨੇ ਕੋਈ ਪੱਲਾ ਨਹੀਂ ਫੜਾਇਆ। ਸਰਕਾਰ ਨੂੰ ਆਪਣਾ ਘਰ ਖੁਦ ਠੀਕ ਕਰਨ ਦੀ ਨਸੀਹਤ ਦੇ ਕੇ ਟੀਮ ਦਿੱਲੀ ਰਵਾਨਾ ਹੋ ਗਈ। ਪੰਜਾਬ ਸਰਕਾਰ ਨੇ ਮੰਗ ਕੀਤੀ ਸੀ ਕਿ ਉਸ ਨੂੰ ਕੇਂਦਰ ਵਾਸਤੇ ਅਨਾਜ ਖਰੀਦਣ, ਇਸ ਦੀ ਸੰਭਾਲ ਕਰਨ ਅਤੇ ਦੇਸ਼ ਦਾ ਅੰਨ ਭੰਡਾਰ ਬਣੇ ਰਹਿਣ ਹਿੱਤ ਆਪਣੀ ਜ਼ਮੀਨ ਪ੍ਰਦਾਨ ਕਰਨ ਬਦਲੇ 1800 ਕਰੋੜ ਰੁਪਏ ਦਾ ਸਾਲਾਨਾ ਇਵਜ਼ਾਨਾ ਦਿੱਤਾ ਜਾਵੇ, ਪਰ ਇਸ ਮੰਗ ਨੂੰ ਨੀਤੀ ਆਯੋਗ ਨੇ ਇਹ ਕਹਿ ਕੇ ਨਾਮਨਜ਼ੂਰ ਕਰ ਦਿੱਤਾ ਕਿ ਦੇਸ਼ ਦੀ ਖੁਰਾਕ ਸੁਰੱਖਿਆ ਯਕੀਨੀ ਬਣਾਉਣ ਦਾ ਕੰਮ ਸਾਡੇ ਉਤੇ ਛੱਡ ਦਿਉ, ਤੁਸੀਂ ਆਪਣੀਆਂ ਸਮੱਸਿਆਵਾਂ ਵੱਲ ਧਿਆਨ ਦਿਉ।

ਨੀਤੀ ਆਯੋਗ ਦੇ ਉਪ ਚੇਅਰਮੈਨ ਡਾ. ਰਾਜੀਵ ਕੁਮਾਰ ਦੀ ਅਗਵਾਈ ਵਿਚ ਆਈ ਟੀਮ ਨਾਲ ਮੁਲਾਕਾਤ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਪ੍ਰਯੋਜਿਤ ਸਕੀਮਾਂ ਲਈ 90:10 ਦੀ ਹਿੱਸੇਦਾਰੀ ਦੀ ਬਹਾਲੀ ਵਾਸਤੇ ਪੰਜਾਬ ਨੂੰ 'ਵਿਸ਼ੇਸ਼ ਸ਼੍ਰੇਣੀ' ਦਾ ਦਰਜਾ ਦੇਣ ਦੀ ਮੰਗ ਕੀਤੀ। ਇਸ ਤੋਂ ਬਾਅਦ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਅਤੇ ਸੂਬੇ ਦੇ ਅਧਿਕਾਰੀਆਂ ਨੇ ਵੱਖ-ਵੱਖ ਵਿਭਾਗਾਂ ਵੱਲੋਂ ਵਿਚਾਰ ਵਿਸਥਾਰ ਵਿਚ ਪੇਸ਼ ਕੀਤੇ। ਸੂਤਰਾਂ ਅਨੁਸਾਰ ਵਿੱਤ ਮੰਤਰੀ ਵੱਲੋਂ ਕਣਕ ਅਤੇ ਝੋਨੇ ਨੂੰ ਸੰਭਾਲਣ ਉਤੇ ਹੀ ਲਗਭਗ 1800 ਕਰੋੜ ਰੁਪਏ ਖਰਚ ਹੋਣ ਦੀ ਦਲੀਲ ਦੇ ਜਵਾਬ ਵਿਚ ਨੀਤੀ ਆਯੋਗ ਦੇ ਮੈਂਬਰਾਂ ਨੇ ਸਪਸ਼ਟ ਕਿਹਾ ਕਿ ਪਿਛਲੇ ਵੀਹ ਸਾਲਾਂ ਤੋਂ ਝੋਨੇ-ਕਣਕ ਦਾ ਫਸਲੀ ਚੱਕਰ ਤਬਦੀਲ ਕਰਨ ਦੀ ਪੰਜਾਬ ਸਰਕਾਰ ਨੂੰ ਕੋਸ਼ਿਸ਼ ਕਰਨੀ ਚਾਹੀਦੀ ਸੀ। ਕਿਸੇ ਨੇ ਇਹ ਫਸਲਾਂ ਬੀਜਣ ਲਈ ਨਹੀਂ ਕਿਹਾ ਸੀ। ਪੰਜਾਬ ਦੇ ਅਧਿਕਾਰੀਆਂ ਦੀਆਂ ਲੰਮੀਆਂ ਪੇਸ਼ਕਾਰੀਆਂ ਕਰ ਕੇ ਨੀਤੀ ਆਯੋਗ ਦੀ ਟੀਮ ਦਸ ਮਿੰਟ ਵਿਚ ਆਪਣੀ ਗੱਲ ਕਹਿ ਕੇ ਚਲਦੀ ਬਣੀ। ਉਨ੍ਹਾਂ ਪੰਜਾਬ ਸਰਕਾਰ ਨੂੰ ਠੋਸ ਪ੍ਰੋਜੈਕਟ ਬਣਾ ਕੇ ਬਾਅਦ ਵਿਚ ਗੱਲ ਕਰਨ ਅਤੇ ਤਿੰਨ ਮਹੀਨੇ ਇਨ੍ਹਾਂ ਪ੍ਰੋਜੈਕਟਾਂ ਦੀ ਪੜਚੋਲ ਕਰਨ ਦੀ ਪੇਸ਼ਕਸ਼ ਕੀਤੀ। ਕਮੇਟੀ ਵਿਚ ਰਮੇਸ਼ ਚੰਦ ਵੀ ਸ਼ਾਮਲ ਸੀ ਜਿਸ ਨੇ ਘੱਟੋ ਘੱਟ ਸਮਰਥਨ ਮੁੱਲ ਬਾਰੇ ਕਿਸਾਨ ਪੱਖੀ ਰਿਪੋਰਟ ਦਿੱਤੀ ਸੀ। ਸਮੇਂ ਦੀ ਘਾਟ ਦੀ ਦਲੀਲ ਦਿੰਦਿਆਂ ਉਸ ਨੇ ਆਪਣੀ ਪ੍ਰੈਜੇਂਟੇਸ਼ਨ ਵਿੱਤ ਮੰਤਰੀ ਨੂੰ ਸੌਂਪ ਕੇ ਹੀ ਕੰਮ ਚਲਾਉਣਾ ਬਿਹਤਰ ਸਮਝਿਆ।

ਮੁੱਖ ਮੰਤਰੀ ਨੇ ਸੂਬੇ ਦੀ 'ਸਰਗਰਮ ਸਰਹੱਦੀ ਖੇਤਰ' ਦੇ ਮੱਦੇਨਜ਼ਰ ਸੂਬੇ ਨਾਲ ਵੱਖਰਾ ਵਰਤਾਅ ਕੀਤੇ ਜਾਣ ਦੀ ਜ਼ਰੂਰਤ ਉਤੇ ਜ਼ੋਰ ਦਿੱਤਾ ਕਿਉਂਕਿ ਸਰਹੱਦ ਪਾਰਲੇ ਗੁਆਂਢੀ (ਪਾਕਿਸਤਾਨ) ਵੱਲੋਂ ਨਫਰਤ ਵਾਲਾ ਵਤੀਰਾ ਅਪਣਾਇਆ ਹੋਇਆ ਹੈ। ਪੰਜਾਬ ਨਾਲ ਹਿੱਸੇਦਾਰੀ ਵਿਚ 50:50 ਤਬਦੀਲੀ ਲਿਆਉਣ ਦਾ ਜ਼ਿਕਰ ਕਰਦੇ ਹੋਏ ਕੈਪਟਨ ਅਮਰਿੰਦਰ ਸਿੰਘ ਨੇ 90:10 ਦੀ ਮੂਲ ਹਿੱਸੇਦਾਰੀ ਬਹਾਲ ਕਰਨ ਲਈ ਕਿਹਾ ਹੈ ਜੋ ਇਸ ਵੇਲੇ ਸਿਰਫ 'ਵਿਸ਼ੇਸ਼ ਸ਼੍ਰੇਣੀ' ਵਾਲੇ ਸੂਬਿਆਂ ਲਈ ਲਾਗੂ ਹੈ। ਉਨ੍ਹਾਂ ਸੂਬੇ ਦੀ ਅਸਥਿਰ ਸਰਹੱਦ ਦੇ ਕਾਰਨ ਪੰਜਾਬ ਨੂੰ 'ਵਿਸ਼ੇਸ਼ ਸ਼੍ਰੇਣੀ' ਦੀ ਸੂਚੀ ਵਿਚ ਸ਼ਾਮਲ ਕਰਨ ਦੀ ਅਪੀਲ ਕੀਤੀ।



### ਨੀਤੀ ਆਯੋਗ ਨੇ ਕਿਸਾਨਾਂ ਨਾਲ ਵਿਸ਼ਵਾਸਘਾਤ ਕੀਤਾ: ਖਹਿਰਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਪਹਿਲਾਂ ਹੀ ਕਰਜ਼ੇ ਦੀ ਮਾਰ ਝੱਲ ਰਹੇ ਕਿਸਾਨਾਂ ਨੂੰ ਨੀਤੀ ਆਯੋਗ ਵੱਲੋਂ ਕੀਤਾ ਗਿਆ ਇਨਕਾਰ ਕਿਸਾਨਾਂ 'ਚ ਗਲਤ ਸੁਨੇਹਾ ਭੇਜੇਗਾ। ਉਨ੍ਹਾਂ ਕਿਹਾ ਕਿ ਭਾਵੇਂ ਹੁਣ ਕਈ ਹੋਰ ਸੂਬਿਆਂ ਨੇ ਅੰਨ ਉਤਪਾਦਨ 'ਚ ਯੋਗਦਾਨ ਪਾਉਣਾ ਸ਼ੁਰੂ ਕਰ ਦਿੱਤਾ ਹੈ ਪਰ ਇਹ ਪੰਜਾਬ ਹੀ ਸੀ ਜਿਸ ਨੇ ਜ਼ਰੂਰਤ ਸਮੇਂ ਦੇਸ਼ ਦੇ ਅੰਨ ਭੰਡਾਰ ਭਰੇ।



### ਯੋਜਨਾਵਾਂ ਵਿਚ ਕੇਂਦਰੀ ਹਿੱਸਾ ਵਧੇ: ਮਨਪ੍ਰੀਤ

**ਚੰਡੀਗੜ੍ਹ:**"ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਆਖਿਆ ਕਿ ਅੰਨ ਭੰਡਾਰਨ ਦੇ ਮਸਲੇ 'ਤੇ ਹਰ ਸਾਲ ਸੂਬੇ ਦੇ 1800 ਕਰੋੜ ਰੁਪਏ ਖਰਚ ਹੁੰਦੇ ਹਨ। ਐਫ.ਸੀ.ਆਈ. ਅੰਨ ਭੰਡਾਰਨ ਨੂੰ ਸੰਭਾਲੇ, ਇਸ ਨਾਲ ਪੰਜਾਬ ਨੂੰ ਥੋੜ੍ਹੀ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਜ਼ਰੂਰੀ ਹੈ ਕਿ ਸਕੀਮਾਂ ਵਿਚ ਕੇਂਦਰ ਦਾ ਹਿੱਸਾ ਵਧੇ ਤਾਂ ਕਿ ਪੰਜਾਬ ਦੀ ਆਰਥਿਕਤਾ ਅੱਗੇ ਜਾਵੇ।

## ਜਦੋਂ ਜੇਲ੍ਹ ਵਿਚੋਂ ਰੁਖਸਤ ਹੋਈ ਕੈਦੀ ਦੀ ਧੀ ਦੀ ਡੋਲੀ

**ਲਾਹੌਰ:** ਪਾਕਿਸਤਾਨ ਦੇ ਕਰਾਚੀ ਸ਼ਹਿਰ ਦੀ ਡਿਸਟ੍ਰਿਕਟ ਮਲੀਰ ਜੇਲ੍ਹ 'ਚ ਬੰਦ ਹੱਤਿਆ ਦੇ ਦੋਸ਼ੀ ਮੁਹੰਮਦ ਰਾਸ਼ਿਦ ਵੱਲੋਂ ਬੇਟੀ ਅਰੂਸਾ ਦੇ ਵਿਆਹ 'ਚ ਸ਼ਾਮਲ ਹੋਣ ਦੀ ਇੱਛਾ ਜੇਲ੍ਹ ਦੇ ਅਫਸਰਾਂ ਵੱਲੋਂ ਵੱਖਰੇ ਹੀ ਢੰਗ ਨਾਲ ਪੂਰੀ ਕੀਤੀ ਗਈ। ਪਿਛਲੇ ਹਫਤੇ ਮੁਹੰਮਦ ਰਾਸ਼ਿਦ ਦੀ ਧੀ ਦੀ ਵਿਦਾਈ ਬਾਰੇ ਵੀਡੀਓ ਸੋਸ਼ਲ ਮੀਡੀਆ 'ਤੇ ਬੜੀ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ।



ਉਕਤ ਕੈਦੀ ਨੇ ਆਪਣੀ ਇਕਲੌਤੀ ਧੀ ਦੇ ਨਿਕਾਹ 'ਚ ਸ਼ਾਮਲ ਹੋਣ ਲਈ ਅਦਾਲਤ ਵਿਚ ਦਰਖਾਸਤ ਦਿੱਤੀ ਸੀ, ਪਰ ਅਦਾਲਤ ਨੇ ਉਸ ਨੂੰ ਜੇਲ੍ਹ 'ਚੋਂ ਬਾਹਰ ਜਾਣ ਦੀ ਮਨਜ਼ੂਰੀ ਦੇਣ ਤੋਂ ਨਾਂਹ ਕਰ ਦਿੱਤੀ, ਜਿਸ ਪਿਛੋਂ ਉਸ ਵੱਲੋਂ ਜੇਲ੍ਹ ਸੁਪਰਡੈਂਟ ਹਸਨ ਸਹੇਤੂ ਕੋਲ ਧੀ ਦੇ ਨਿਕਾਹ 'ਚ ਸ਼ਾਮਲ ਹੋਣ ਦੀ ਇੱਛਾ ਜ਼ਾਹਿਰ ਕੀਤੀ ਗਈ।

ਇਸ ਅਧਿਕਾਰੀ ਨੇ ਉਚ ਅਧਿਕਾਰੀਆਂ ਨਾਲ ਸਲਾਹ ਕਰ ਕੇ ਮੁਹੰਮਦ ਰਾਸ਼ਿਦ ਨੂੰ ਦੱਸੇ ਬਗੈਰ ਅਰੂਸਾ ਦੀ ਬਾਰਾਤ ਨੂੰ ਜੇਲ੍ਹ 'ਚ ਬੁਲਾ ਕੇ ਉਥੋਂ ਡੋਲੀ ਵਿਦਾ ਕਰਨ ਦਾ ਫੈਸਲਾ ਲਿਆ। ਬਾਰਾਤ ਜੇਲ੍ਹ 'ਚ ਪਹੁੰਚਣ 'ਤੇ ਹੋਰਨਾਂ ਕੈਦੀਆਂ ਤੇ ਪੁਲਿਸ ਕਰਮਚਾਰੀਆਂ ਨੇ ਨੱਚ-ਟੱਪ ਕੇ ਬਰਾਤੀਆਂ ਦਾ ਮਨੋਰੰਜਨ ਕੀਤਾ।

# ਮਾਝਾ ਤੇ ਦੁਆਬਾ ਵੀ ਕੈਂਸਰ ਦੀ ਜਕੜ ਹੇਠ

**ਫਰੀਦਕੋਟ:** ਪੰਜਾਬ ਦੇ ਮਾਲਵੇ ਪਿਛੋਂ ਹੁਣ ਮਾਝੇ ਤੇ ਦੁਆਬੇ ਨੂੰ ਵੀ ਕੈਂਸਰ ਨੇ ਆਪਣੀ ਲਪੇਟ 'ਚ ਲੈਣਾ ਸ਼ੁਰੂ ਕਰ ਦਿੱਤਾ ਹੈ। ਤਾਜ਼ਾ ਸਰਵੇਖਣ ਅਨੁਸਾਰ ਕੈਂਸਰ ਦੇ ਜ਼ਿਆਦਾ ਮਰੀਜ਼ ਅੰਮ੍ਰਿਤਸਰ ਤੇ ਲੁਧਿਆਣਾ ਵਿਚ ਸਾਹਮਣੇ ਆਏ ਹਨ।


ਲੁਧਿਆਣਾ ਜ਼ਿਲ੍ਹਾ ਪਹਿਲੇ, ਅੰਮ੍ਰਿਤਸਰ ਦੂਜੇ ਤੇ ਬਠਿੰਡਾ ਜ਼ਿਲ੍ਹਾ ਤੀਜੇ ਸਥਾਨ ਉਤੇ ਹੈ। 2017 ਤੱਕ ਦੇ ਅੰਕੜਿਆਂ ਮੁਤਾਬਕ ਜ਼ਿਲ੍ਹਾ ਅੰਮ੍ਰਿਤਸਰ 'ਚ 745, ਬਰਨਾਲਾ ਵਿਚ 203, ਬਠਿੰਡਾ 'ਚ 552, ਫਤਿਹਗੜ੍ਹ ਸਾਹਿਬ ਵਿਚ 127, ਫਰੀਦਕੋਟ 'ਚ 248, ਫਿਰੋਜ਼ਪੁਰ 'ਚ 295, ਫਾਜ਼ਿਲਕਾ 'ਚ 260, ਗੁਰਦਾਸਪੁਰ ਵਿਚ 469, ਹੁਸ਼ਿਆਰਪੁਰ 'ਚ 310, ਜਲੰਧਰ 'ਚ 450, ਕਪੂਰਥਲਾ ਵਿਚ 196, ਲੁਧਿਆਣਾ ਵਿਚ 749, ਮਾਨਸਾ 'ਚ 320, ਮੋਗਾ 'ਚ 350, ਸ੍ਰੀ ਮੁਕਤਸਰ ਸਾਹਿਬ 'ਚ 354, ਪਟਿਆਲਾ 'ਚ 616, ਪਠਾਨਕੋਟ ਵਿਚ 124, ਰੂਪ ਨਗਰ 'ਚ 97, ਸ਼ਹੀਦ ਭਗਤ ਸਿੰਘ ਨਗਰ ਵਿਚ 113, ਮੋਹਾਲੀ 'ਚ 98, ਸੰਗਰੂਰ ਵਿਚ 682 ਅਤੇ ਤਰਨਤਾਰਨ ਵਿਚ 399 ਕੈਂਸਰ ਦੇ ਮਰੀਜ਼ ਦਰਜ ਕੀਤੇ ਗਏ ਹਨ।




ਕੈਂਸਰ ਦੇ ਮਰੀਜ਼ਾਂ ਦਾ ਹਰ ਸਾਲ ਅੰਕੜਾ ਵਧਦਾ ਜਾ ਰਿਹਾ ਹੈ। ਸਾਲ 2012 ਵਿਚ 6027, 2013 ਵਿਚ 5565, 2014 ਵਿਚ 8121, 2015 ਵਿਚ 8150, 2016 ਵਿਚ 8925 ਅਤੇ ਸਾਲ 2017 ਵਿਚ 7756 ਕੈਂਸਰ ਦੇ ਮਰੀਜ਼ ਸਾਹਮਣੇ ਆਏ ਹਨ। ਕੈਂਸਰ ਦੇ ਮਰੀਜ਼ਾਂ ਵਿਚ ਉਹ ਮਰਦ ਅਤੇ ਔਰਤਾਂ ਵੀ ਸ਼ਾਮਲ ਹਨ ਜਿਨ੍ਹਾਂ ਨੂੰ ਮੂੰਹ, ਫੇਫੜੇ, ਪ੍ਰੋਸਟੇਟ ਫੂਡ ਪਾਈਪ, ਗਲਾ, ਜੀਭ, ਪਿੱਤਾ, ਛਾਤੀ, ਬੱਚੇਦਾਨੀ ਤੇ ਬਲੱਡ ਕੈਂਸਰ ਨਾਲ ਪੀੜਤ ਹਨ। ਪੰਜਾਬ ਸਰਕਾਰ ਵੱਲੋਂ ਕੈਂਸਰ ਦੇ ਇਲਾਜ ਲਈ ਰੋਗੀਆਂ ਦੀ ਮਦਦ ਲਈ 50 ਕਰੋੜ ਰੁਪਏ ਰੱਖੇ ਜਾਂਦੇ ਹਨ ਜੋ ਵਧਾ ਕੇ 100 ਕਰੋੜ ਰੁਪਏ ਤੋਂ ਉਪਰ ਰੱਖੇ ਗਏ ਹਨ ਪਰ ਪੰਜਾਬ ਕੈਂਸਰ ਮਰੀਜ਼ਾਂ ਦੀ ਗਿਣਤੀ ਜ਼ਿਆਦਾ ਹੋਣ ਕਾਰਨ ਇਕ ਮਰੀਜ਼ ਨੂੰ ਇਲਾਜ ਲਈ ਮੁੱਖ ਮੰਤਰੀ ਫੰਡ ਵਿਚ ਸਿਰਫ ਡੇਢ ਲੱਖ ਰੁਪਏ ਦਿੱਤੇ ਜਾਂਦੇ ਹਨ ਜਦ ਕਿ ਖਰਚਾ ਇਸ ਤੋਂ ਬਹੁਤ ਜ਼ਿਆਦਾ ਹੈ।

## ਸ਼੍ਰੋਮਣੀ ਸਾਹਿਤਕਾਰ ਕਰਤਾਰ ਸਿੰਘ ਸੂਰੀ ਨਹੀਂ ਰਹੇ

**ਅੰਮ੍ਰਿਤਸਰ:** ਪੰਜਾਬੀ ਨਾਵਲ ਦੇ ਪਿਤਾਮਾ ਨਾਨਕ ਸਿੰਘ ਦੇ ਵੱਡੇ ਪੁੱਤਰ ਡਾ. ਕਰਤਾਰ ਸਿੰਘ ਸੂਰੀ (90) ਦਾ ਚੰਡੀਗੜ੍ਹ ਵਿਚ ਦੇਹਾਂਤ ਹੋ ਗਿਆ। ਡਾ. ਸੂਰੀ ਆਪਣੇ ਪਿਛੇ ਦੋ ਬੇਟੀਆਂ, ਦੋ ਬੇਟੇ ਅਤੇ ਪਤਨੀ ਛੱਡ ਗਏ ਹਨ। ਡਾ. ਸੂਰੀ ਨੇ ਆਪਣਾ ਕਰੀਅਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਬਤੌਰ ਲੈਕਚਰਾਰ (ਪੰਜਾਬੀ) ਵਜੋਂ ਸ਼ੁਰੂ ਕੀਤਾ ਸੀ। ਪੰਜਾਬੀ ਯੂਨੀਵਰਸਿਟੀ ਵਿਚ ਉਹ ਰੀਡਰ ਰਹੇ ਅਤੇ ਜੰਮੂ ਯੂਨੀਵਰਸਿਟੀ ਵਿਚ ਉਹ ਪੰਜਾਬੀ ਵਿਭਾਗ ਵਿਚ ਪ੍ਰੋਫੈਸਰ ਅਤੇ ਬਾਬਾ ਫਰੀਦ ਚੇਅਰ ਦੇ ਮੁਖੀ ਰਹੇ। ਬਾਅਦ ਵਿਚ ਉਹ ਫਿਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਪੰਜਾਬੀ ਵਿਭਾਗ ਵਿਚ ਪ੍ਰੋਫੈਸਰ ਅਤੇ ਸਕੂਲ ਆਫ ਪੰਜਾਬੀ ਸਟੱਡੀਜ਼ ਦੇ ਚੇਅਰਮੈਨ ਰਹੇ ਅਤੇ ਇਥੋਂ ਹੀ ਉਹ ਸੇਵਾ ਮੁਕਤ ਹੋਏ ਸਨ। ਉਹ ਪਿਛਲੇ ਕੁਝ ਸਮੇਂ ਤੋਂ ਯਮੁਨਾਨਗਰ ਰਹਿ ਰਹੇ ਸਨ।



ਡਾ. ਸੂਰੀ ਦੀਆਂ ਕਹਾਣੀਆਂ ਦੀਆਂ ਪੁਸਤਕਾਂ ਵਿਚ 'ਪ੍ਰਭਾਤ ਕਿਰਨਾਂ', 'ਅਰਸ਼ ਤੇ ਫਰਸ਼', 'ਭਗਵਾਨ ਮਹਿੰਗਾ ਹੈ', 'ਪੁਰਾਣਾ ਪਿੰਜਰਾ' ਸ਼ਾਮਲ ਹਨ। ਉਨ੍ਹਾਂ ਦੀ ਸਵੈ-ਜੀਵਨੀ-'ਸੱਭੇ ਰੰਗ ਆਕਾਸ਼ ਦੇ' ਹੈ।

ਇਸ ਤੋਂ ਇਲਾਵਾ ਉਨ੍ਹਾਂ 'ਅਮਿਟ ਯਾਦਾਂ' ਅਤੇ ਬਾਊ ਜੀ ਦੇ ਖਤਾਂ ਦੀ ਪੁਸਤਕ 'ਖਤੋ-ਖਿਤਾਬਤ' ਵੀ ਹੈ। ਉਨ੍ਹਾਂ ਨੂੰ ਭਾਸ਼ਾ ਵਿਭਾਗ ਵੱਲੋਂ ਸ਼੍ਰੋਮਣੀ ਸਾਹਿਤਕਾਰ ਦਾ ਪੁਰਸਕਾਰ ਅਤੇ ਹਰਿਆਣਾ ਸਾਹਿਤ ਅਕਾਦਮੀ ਵੱਲੋਂ ਭਾਈ ਸੰਤੋਖ ਸਿੰਘ ਪੁਰਸਕਾਰ ਮਿਲਿਆ ਸੀ।

## ਗੋਲੀਬੰਦੀ ਦੀ ਉਲੰਘਣਾ: ਪਾਕਿਸਤਾਨ ਵਾਲੇ ਪਾਸੇ ਵੀ ਹਿਜਰਤ

**ਇਸਲਾਮਾਬਾਦ:** ਕੰਟਰੋਲ ਰੇਖਾ 'ਤੇ ਭਾਰਤੀ ਸੁਰੱਖਿਆ ਬਲਾਂ ਵੱਲੋਂ ਕੀਤੀ ਜਾ ਰਹੀ ਗੋਲੀਬੰਦੀ ਦੀ ਉਲੰਘਣਾ ਨੂੰ ਦੇਖਦਿਆਂ ਮਕਬੂਜ਼ਾ ਕਸ਼ਮੀਰ (ਪੀ.ਓ.ਕੇ.) ਸਰਕਾਰ ਨੇ ਸਥਾਨਕ ਲੋਕਾਂ ਨੂੰ ਸੁਰੱਖਿਅਤ ਇਲਾਕਿਆਂ 'ਚ ਭੇਜਣ ਦੀ ਯੋਜਨਾ ਤਿਆਰ ਕੀਤੀ ਹੈ। 'ਦਿ ਐਕਸਪ੍ਰੈੱਸ ਟ੍ਰਿਬਿਊਨ' ਨੇ ਸਥਾਨਕ ਸਰਕਾਰ ਦੇ ਸੂਤਰਾਂ ਦੇ ਹਵਾਲੇ ਨਾਲ ਕਿਹਾ ਹੈ ਕਿ ਪਿਛਲੇ ਕੁਝ ਦਿਨਾਂ ਤੋਂ ਭਾਰਤੀ ਸੁਰੱਖਿਆ ਬਲਾਂ ਵੱਲੋਂ ਗੋਲੀਬੰਦੀ ਦੀ ਕੀਤੀ ਗਈ ਉਲੰਘਣਾ 'ਚ ਕੋਈ ਕਮੀ ਨਾ ਆਉਣ ਕਰ ਕੇ ਇਹ ਫੈਸਲਾ ਲਿਆ ਗਿਆ ਹੈ।

ਸਰਕਾਰ ਨੇ ਜ਼ਿਲ੍ਹਾ ਅਤੇ ਸਥਾਨਕ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਕੰਟਰੋਲ ਰੇਖਾ ਦੇ ਨਾਲ ਲੱਗਦੇ ਇਲਾਕਿਆਂ 'ਚੋਂ ਹਜ਼ਾਰਾਂ ਲੋਕਾਂ ਨੂੰ ਸੁਰੱਖਿਅਤ ਥਾਂਵਾਂ ਉਤੇ ਪਹੁੰਚਾਉਣ ਦੇ ਪ੍ਰਬੰਧ ਕਰ ਕੇ ਰੱਖਣ। ਉਂਜ ਕੰਟਰੋਲ ਰੇਖਾ 'ਤੇ ਪੈਂਦੇ ਪਿੰਡਾਂ ਦੇ ਲੋਕਾਂ ਨੂੰ ਸੁਰੱਖਿਅਤ ਥਾਂਵਾਂ 'ਤੇ ਭੇਜਿਆ ਜਾ ਚੁਕਾ ਹੈ।

# ਬਾਦਲ 'ਪੋਲ ਖੋਲ੍ਹ ਰੈਲੀਆਂ' ਰਾਹੀਂ ਭੱਲ ਬਣਾਉਣ ਲੱਗੇ

**ਚੰਡੀਗੜ੍ਹ:** ਅਕਾਲੀ ਦਲ ਬਾਦਲ 'ਪੋਲ ਖੋਲ੍ਹ ਰੈਲੀਆਂ' ਰਾਹੀਂ ਪੰਜਾਬ ਦੇ ਲੋਕਾਂ ਦੇ ਮਨ ਟਟੋਲਣ ਵਿਚ ਜੁਟਿਆ ਹੋਇਆ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਰੈਲੀਆਂ ਜ਼ਰੀਏ ਵਰਕਰਾਂ 'ਚ ਜੋਸ਼ ਭਰਨ ਦਾ ਕੰਮ ਵੀ ਕਰ ਰਿਹਾ ਹੈ। ਜ਼ਿਕਰਯੋਗ ਹੈ ਕਿ ਅਕਾਲੀ ਦਲ ਨੇ 7 ਫਰਵਰੀ ਤੋਂ ਵਿਧਾਨ ਸਭਾ ਹਲਕਾ ਫਾਜ਼ਿਲਕਾ ਤੋਂ ਪੋਲ ਖੋਲ੍ਹ ਰੈਲੀਆਂ ਅਰੰਭੀਆਂ ਹਨ, ਜੋ ਹਰ ਹਲਕੇ 'ਚ ਕੀਤੀਆਂ ਜਾਣਗੀਆਂ।

ਹਾੜ੍ਹੀ ਤੋਂ ਪਹਿਲਾਂ 30 ਦੇ ਕਰੀਬ ਰੈਲੀਆਂ ਕੀਤੀਆਂ ਜਾਣੀਆਂ ਹਨ ਅਤੇ ਹਾੜੀ ਵਿਚ ਵਿਰਾਮ ਦੇ ਕੇ ਫਿਰ ਇਹ ਰੈਲੀਆਂ ਦੁਬਾਰਾ ਸ਼ੁਰੂ ਕੀਤੀਆਂ ਜਾਣਗੀਆਂ। ਲੰਘੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਹੱਥੋਂ ਕਰਾਰੀ ਹਾਰ ਅਤੇ ਆਮ ਆਦਮੀ ਪਾਰਟੀ ਵੱਲੋਂ ਵਿਧਾਨ ਸਭਾ 'ਚ ਵਿਰੋਧੀ ਧਿਰ ਦਾ ਰੁਤਬਾ ਖੋਹ ਲੈਣ ਕਾਰਨ ਅਕਾਲੀ ਦਲ ਸਾਹ ਸਤਹੀਣ ਹੋ ਗਿਆ ਸੀ ਪਰ ਕੈਪਟਨ ਅਮਰਿੰਦਰ ਸਿੰਘ ਦੀਆਂ ਸੀਮਤ ਸਰਗਰਮੀਆਂ ਅਕਾਲੀ ਦਲ ਨੂੰ ਫਿੱਟ ਬੈਠਣ ਲੱਗੀਆਂ ਹਨ। ਇਹ ਪਹਿਲੀ ਵਾਰ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਨ੍ਹਾਂ ਰੈਲੀਆਂ ਤੋਂ ਆਪਣੇ ਆਪ ਨੂੰ ਦੂਰ ਰੱਖਿਆ ਹੈ। ਇਸ ਕਾਰਨ ਪਾਰਟੀ ਪ੍ਰਧਾਨ ਵਜੋਂ ਸੁਖਬੀਰ ਸਿੰਘ ਬਾਦਲ ਨੂੰ ਮਜ਼ਬੂਤੀ ਨਾਲ ਵਿਚਰਨ ਦਾ ਮੌਕਾ ਮਿਲ ਰਿਹਾ ਹੈ ਅਤੇ ਸਮੁੱਚੀ ਸੀਨੀਅਰ ਲੀਡਰਸ਼ਿਪ ਦੇ ਨਾਲ ਹੀ ਮੌਜੂਦਾ ਅਹੁਦੇਦਾਰ ਉਨ੍ਹਾਂ ਦੀ ਪ੍ਰਧਾਨਗੀ ਨੂੰ ਖਿੜੇ ਮੱਥੇ ਕਬੂਲ ਰਹੇ ਹਨ।



ਰੈਲੀਆਂ ਵਿਚ ਅਗਲੇ ਵਰ੍ਹੇ ਹੋ ਰਹੀਆਂ ਲੋਕ ਸਭਾ ਚੋਣਾਂ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ ਜਾ ਰਿਹਾ ਹੈ। ਸੁਖਬੀਰ ਨੇ ਤਾਂ ਵਰਕਰਾਂ ਨੂੰ ਇਹ ਅਪੀਲ ਵੀ ਕਰ ਦਿੱਤੀ ਕਿ ਉਹ 13 ਦੀਆਂ 13 ਸੀਟਾਂ 'ਤੇ ਕਾਂਗਰਸ ਨੂੰ ਕਰਾਰੀ ਹਾਰ ਦੇਣ। ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਵੀ ਪਾਰਟੀ ਵਰਕਰਾਂ ਨੂੰ ਹੁਣੇ ਤੋਂ ਹੀ ਤਿਆਰੀਆਂ ਸ਼ੁਰੂ ਕਰਨ ਲਈ ਕਹਿ ਦਿੱਤਾ। ਲੋਕ ਸਭਾ ਚੋਣਾਂ ਲਈ ਤੀਜੀ ਵਾਰ ਬਠਿੰਡਾ ਹਲਕੇ ਤੋਂ ਪਾਰਟੀ ਵੱਲੋਂ ਉਮੀਦਵਾਰ ਹਰਸਿਮਰਤ ਕੌਰ ਬਾਦਲ ਨੇ ਬਠਿੰਡਾ ਤੇ ਮਾਨਸਾ ਜ਼ਿਲ੍ਹਿਆਂ 'ਚ ਆਪਣੀਆਂ ਸਰਗਰਮੀਆਂ ਵਧਾ ਦਿੱਤੀਆਂ ਹਨ। ਉਨ੍ਹਾਂ ਪੋਲ ਖੋਲ੍ਹ ਰੈਲੀ 'ਚ ਭਰਵੀਂ ਹਾਜ਼ਰੀ ਲਗਾਈ ਤੇ ਕਾਂਗਰਸ ਨੂੰ ਸਬਕ ਸਿਖਾਉਣ ਲਈ ਲੋਕ ਸਭਾ ਚੋਣਾਂ 'ਚ ਹਰਾਉਣ ਦਾ ਸੱਦਾ ਦਿੱਤਾ। ਹੋਰ ਬੁਲਾਰਿਆਂ ਦੀਆਂ ਤਕਰੀਰਾਂ 'ਚ ਵੀ ਲੋਕ ਸਭਾ ਚੋਣਾਂ ਦਾ ਜ਼ਿਕਰ ਸ਼ਾਮਲ ਸੀ। ਦੂਜੇ ਪਾਸੇ ਕਾਂਗਰਸ ਪਾਰਟੀ ਦੀਆਂ ਠੱਪ ਪਈਆਂ ਸਰਗਰਮੀਆਂ ਤੋਂ ਪਾਰਟੀ ਵਰਕਰ ਅੰਦਰੋਂ ਅੰਦਰੀ ਝੁਰ ਰਹੇ ਹਨ। ਰਾਜ ਭਾਗ ਹੋਣ ਦੇ ਬਾਵਜੂਦ ਕਾਂਗਰਸੀਆਂ ਵਿਚ ਪਹਿਲਾਂ ਵਾਂਗ ਉਤਸ਼ਾਹ ਗਾਇਬ ਹੈ।

## ਸ਼ਰੀਫ ਤੋਂ ਪੀ. ਐਮ. ਐਲ. (ਐਨ) ਮੁਖੀ ਦਾ ਅਹੁਦਾ ਵੀ ਖੁੱਸਿਆ

**ਇਸਲਾਮਾਬਾਦ:** ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਨਵਾਜ਼ ਸ਼ਰੀਫ (68) ਨੂੰ ਇਕ ਹੋਰ ਝਟਕਾ ਦਿੰਦਿਆਂ ਉਸ ਨੂੰ ਹਾਕਮ ਧਿਰ ਪੀ.ਐਮ.ਐਲ.(ਐਨ) ਦੇ ਮੁਖੀ ਦੇ ਅਹੁਦੇ ਤੋਂ ਵੀ ਹਟਾਉਣ ਦਾ ਰਾਹ ਪੱਧਰਾ ਕਰ ਦਿੱਤਾ। ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਕਿ ਜੋ ਵਿਅਕਤੀ ਸੰਵਿਧਾਨ ਦੀ ਧਾਰਾ 62 ਤੇ 63 ਤਹਿਤ ਅਯੋਗ ਠਹਿਰਾ ਦਿੱਤਾ ਜਾਂਦਾ ਹੈ, ਉਹ ਕਿਸੇ ਸਿਆਸੀ ਪਾਰਟੀ ਦੇ ਮੁਖੀ ਵਜੋਂ ਸੇਵਾਵਾਂ ਨਹੀਂ ਨਿਭਾ ਸਕਦਾ।

# ਪਾਕਿਸਤਾਨ 'ਚ ਅਨੰਦ ਕਾਰਜ ਐਕਟ ਲਈ ਨਵਾਂ ਖਰੜਾ ਤਿਆਰ

**ਇਸਲਾਮਾਬਾਦ:** ਪਾਕਿਸਤਾਨ ਦੀ ਪੰਜਾਬ ਵਿਧਾਨ ਸਭਾ ਵਿਚ ਪਹਿਲਾਂ ਤੋਂ ਪੇਸ਼ ਕੀਤੇ ਗਏ ਸਿੱਖ ਅਨੰਦ ਕਾਰਜ ਐਕਟ 'ਚ ਸਿੱਖ ਵਿਆਹਾਂ ਦੇ ਪੰਜੀਕਰਨ ਹਿੱਤ ਪੇਸ਼ ਬਿੱਲ ਲਈ ਇਕ ਵਾਰ ਮੁੜ ਨਵਾਂ ਖਰੜਾ ਤਿਆਰ ਕੀਤਾ ਜਾ ਰਿਹਾ ਹੈ। ਇਹ ਖਰੜਾ ਪੀ.ਐਮ.ਐਲ.-ਐਨ. ਦੇ ਐਮ.ਪੀ. ਰਮੇਸ਼ ਸਿੰਘ ਅਰੋੜਾ ਵੱਲੋਂ ਪੰਜਾਬ ਵਿਧਾਨ ਸਭਾ 'ਚ ਪੇਸ਼ ਕੀਤਾ ਜਾਵੇਗਾ। ਦੱਸਿਆ ਜਾ ਰਿਹਾ ਹੈ ਕਿ ਨਵੇਂ ਡਰਾਫਟ ਬਿੱਲ ਅਨੁਸਾਰ ਪਾਕਿਸਤਾਨ ਵਿਚ ਹੋਣ ਵਾਲੇ ਸਿੱਖ ਭਾਈਚਾਰੇ ਦੇ ਵਿਆਹਾਂ ਨੂੰ ਯੂਨੀਅਨ ਕੌਂਸਲ ਵਿਚ ਰਜਿਸਟਰ ਕੀਤਾ ਜਾਵੇਗਾ।

ਇਸ ਨਿਯਮ ਅਧੀਨ ਵਿਆਹੁਤਾ ਜੋੜੇ ਵੱਲੋਂ ਦਸਤਖਤ ਕੀਤਾ ਸਿੱਖ ਮੈਰਿਜ ਫਾਰਮ ਵਿਆਹ ਦੀ ਤਰੀਕ ਦੇ 30 ਦਿਨਾਂ ਦੇ ਅੰਦਰ ਯੂਨੀਅਨ ਕੌਂਸਲ ਨੂੰ ਦੇਣਾ ਹੋਵੇਗਾ। ਪਾਕਿਸਤਾਨ ਦੀ ਹਰੇਕ ਯੂਨੀਅਨ ਕੌਂਸਲ ਵੱਲੋਂ ਵਿਆਹ ਰਜਿਸਟਰ 'ਚ ਸਿੱਖ ਵਿਆਹਾਂ ਨੂੰ ਦਾਖਲ ਕਰਨ ਹਿੱਤ ਇਕ ਜਾਂ ਵਧੇਰੇ ਵਿਅਕਤੀਆਂ ਨੂੰ ਲਾਇਸੈਂਸ ਦਿੱਤੇ ਜਾਣਗੇ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਵਿਆਹ ਨੂੰ ਭੰਗ ਕਰਨ (ਤਲਾਕ ਲੈਣ) ਦੀ ਮੰਗ ਰੱਖਣ ਵਾਲੇ ਜੋੜਿਆਂ ਨੂੰ ਸਿੱਖ ਅਨੰਦ ਕਾਰਜ ਕਮੇਟੀ ਦੇ ਚੇਅਰਮੈਨ ਨੂੰ ਦਰਖਾਸਤ ਦੇਣੀ ਹੋਵੇਗੀ। ਇਹ ਦਰਖਾਸਤ ਮਿਲਣ ਉਪਰੰਤ ਚੇਅਰਮੈਨ ਵੱਲੋਂ ਦੂਜੀ ਧਿਰ ਨੂੰ ਨੋਟਿਸ ਭੇਜਿਆ ਜਾਵੇਗਾ ਅਤੇ ਨੋਟਿਸ ਪ੍ਰਾਪਤ ਕਰਨ ਦੇ 30 ਦਿਨਾਂ ਦੇ ਅੰਦਰ ਤਲਾਕ ਲੈਣ ਵਾਲੇ ਜੋੜੇ ਨੂੰ ਸਾਲਸੀ ਕੌਂਸਲ ਨੂੰ ਮਿਲਣਾ ਹੋਵੇਗਾ ਜੋ ਦੋਵਾਂ ਧਿਰਾਂ ਨੂੰ ਸੁਲ੍ਹਾ-ਸਫਾਈ ਕਰਨ ਲਈ ਇਕ ਮੌਕਾ ਪ੍ਰਦਾਨ ਕਰੇਗੀ ਅਤੇ ਇਸ ਉਪਰੰਤ ਕਾਮਯਾਬੀ ਨਾ ਮਿਲਣ 'ਤੇ ਤਲਾਕ ਮਨਜ਼ੂਰ ਕਰ ਲਿਆ ਜਾਵੇਗਾ।

ਉਧਰ ਪਿਸ਼ਾਵਰੀ ਸਿੱਖਾਂ ਦਾ ਕਹਿਣਾ ਹੈ ਕਿ ਉਕਤ ਬਿੱਲ ਦੇ ਪਾਸ ਹੋਣ ਦਾ ਲਾਭ ਸਿਰਫ ਪਾਕਿਸਤਾਨ ਦੇ ਸੂਬਾ ਪੰਜਾਬ ਦੇ ਸਿੱਖਾਂ ਨੂੰ ਹੀ ਮਿਲ ਸਕੇਗਾ ਅਤੇ ਪੰਜਾਬ 'ਚ ਸਿੱਖਾਂ ਦੀ ਆਬਾਦੀ ਇਸ ਸਮੇਂ ਸਿਰਫ 6 ਹਜ਼ਾਰ ਦੇ ਕਰੀਬ ਹੈ, ਜਦੋਂਕਿ ਸੂਬਾ ਖੈਬਰ ਪਖਤੂਨਖਵਾ ਵਿਚ ਸਿੱਖ ਭਾਈਚਾਰੇ ਦੀ ਆਬਾਦੀ 15 ਹਜ਼ਾਰ ਦੇ ਕਰੀਬ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅਨੰਦ ਕਾਰਜ ਬਿੱਲ ਪਾਕਿਸਤਾਨੀ ਸਿੱਖਾਂ ਦਾ ਇਕ ਮਹੱਤਵਪੂਰਨ ਮਾਮਲਾ ਹੈ ਅਤੇ ਪਾਕਿ ਸਰਕਾਰ ਵੱਲੋਂ ਸੰਨ 2007 ਤੋਂ ਸਿੱਖ ਅਨੰਦ ਮੈਰਿਜ ਐਕਟ ਲਾਗੂ ਕੀਤੇ ਜਾਣ ਦਾ ਲਾਲੀਪੋਪ ਦਿੱਤਾ ਜਾ ਰਿਹਾ ਹੈ। ਪਾਕਿਸਤਾਨ ਰਹਿੰਦੇ ਕਿਸੇ ਵੀ ਸਿੱਖ ਕੋਲ ਆਪਣੇ ਵਿਆਹ ਦਾ ਸਰਕਾਰੀ ਸਰਟੀਫਿਕੇਟ ਮੌਜੂਦ ਨਹੀਂ ਹੈ ਅਤੇ ਉਨ੍ਹਾਂ ਨੂੰ ਵਿਆਹ ਦੇ ਸਰਟੀਫਿਕੇਟ ਵਜੋਂ ਪਿਸ਼ਾਵਰ ਦੇ ਗੁਰਦੁਆਰਾ ਭਾਈ ਜੋਗਾ ਸਿੰਘ ਵੱਲੋਂ ਗੁਰਮੁਖੀ 'ਚ ਤਿਆਰ ਕੀਤਾ ਨਿਕਾਹਨਾਮਾ ਦਿੱਤਾ ਜਾ ਰਿਹਾ ਹੈ, ਜਿਸ ਨੂੰ ਕਾਨੂੰਨੀ ਮਾਨਤਾ ਪ੍ਰਾਪਤ ਨਹੀਂ ਹੈ।

## ਹੁਣ ਸਰਕਾਰੀ ਬੈਠਕਾਂ ਵਿਚ ਪੱਕੇ ਪੈਰੀਂ ਹੋਵੇਗੀ ਕੇਜਰੀਵਾਲ ਸਰਕਾਰ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਸਕੱਤਰ ਨਾਲ ਕੁੱਟਮਾਰ ਦੇ ਦੋਸ਼ਾਂ ਤੋਂ ਬਾਅਦ ਦਿੱਲੀ ਸਰਕਾਰ ਨੇ ਕਿਸੇ ਵੀ ਹੋਰ ਵਿਵਾਦ ਤੋਂ ਬਚਣ ਲਈ ਵੱਡਾ ਫੈਸਲਾ ਕੀਤਾ ਹੈ। ਅਰਵਿੰਦ ਕੇਜਰੀਵਾਲ ਸਰਕਾਰ ਇਕ ਤਜਵੀਜ਼ ਲਿਆਉਣ ਲਈ ਵਿਚਾਰ ਕਰ ਰਹੀ ਹੈ, ਜਿਸ ਤਹਿਤ ਦਿੱਲੀ ਸਰਕਾਰ 'ਚ ਹੋਣ ਵਾਲੀ ਹਰ ਮੀਟਿੰਗ ਦੀ ਰਿਕਾਰਡਿੰਗ ਅਤੇ ਸਰਕਾਰ ਦੀ ਵੈੱਬਸਾਈਟ 'ਤੇ ਸਿੱਧਾ ਪ੍ਰਸਾਰਨ ਵੀ ਕੀਤਾ ਜਾਵੇਗਾ।

ਮੁੱਖ ਮੰਤਰੀ ਸਮੇਤ ਹਰ ਮੰਤਰੀ ਤੇ ਅਧਿਕਾਰੀ ਦੀਆਂ ਸਰਕਾਰੀ ਬੈਠਕਾਂ ਦਾ ਪ੍ਰਸਾਰਨ ਦਿੱਲੀ ਸਰਕਾਰ ਦੀ ਵੈੱਬਸਾਈਟ 'ਤੇ ਕੀਤਾ ਜਾਵੇਗਾ। ਇਸ ਦੇ ਨਾਲ ਹੀ ਅਧਿਕਾਰੀਆਂ ਦੀ ਜਵਾਬਦੇਹੀ ਤੈਅ ਕਰਨ ਲਈ ਸਰਕਾਰ ਦੀਆਂ ਨੀਤੀਆਂ ਨਾਲ ਜੁੜੀਆਂ ਫਾਈਲਾਂ 'ਤੇ ਕਦੋਂ, ਕਿਸ ਮੰਤਰੀ ਅਤੇ ਅਧਿਕਾਰੀ ਨੇ ਕੀ ਲਿਖਿਆ ਅਤੇ ਕਿੰਨਾ ਸਮਾਂ ਲੱਗੇਗਾ, ਇਸ ਦਾ ਸਾਰਾ ਵੇਰਵਾ ਵੀ ਵੈੱਬਸਾਈਟ ਉਤੇ ਜਨਤਾ ਵਾਸਤੇ ਪਾਇਆ ਜਾਵੇਗਾ।

## ਸਾਬਕਾ ਕੈਬਨਿਟ ਮੰਤਰੀ ਸਰਦੂਲ ਸਿੰਘ ਬੰਡਾਲਾ ਦਾ ਦੇਹਾਂਤ

**ਚੰਡੀਗੜ੍ਹ:** ਜੰਡਿਆਲਾ ਗੁਰੂ ਹਲਕੇ ਦੇ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਬੰਡਾਲਾ ਦੇ ਪਿਤਾ ਤੇ ਸਾਬਕਾ ਕੈਬਨਿਟ ਮੰਤਰੀ ਸਰਦੂਲ ਸਿੰਘ ਬੰਡਾਲਾ ਦਾ ਦੇਹਾਂਤ ਹੋ ਗਿਆ। ਸਰਦੂਲ ਸਿੰਘ ਬੰਡਾਲਾ ਦੀ ਅਚਾਨਕ ਸਿਹਤ ਖਰਾਬ ਹੋਣ ਕਾਰਨ ਉਨ੍ਹਾਂ ਉਨ੍ਹਾਂ ਨੂੰ ਪੀ.ਜੀ.ਆਈ. ਚੰਡੀਗੜ੍ਹ ਦਾਖਲ ਕਰਵਾਇਆ ਗਿਆ ਸੀ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਾਬਕਾ ਕੈਬਨਿਟ ਮੰਤਰੀ ਸਰਦੂਲ ਸਿੰਘ ਬੰਡਾਲਾ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਹ 72 ਵਰ੍ਹਿਆਂ ਦੇ ਸਨ। ਮੁੱਖ ਮੰਤਰੀ ਨੇ ਸਰਦੂਲ ਸਿੰਘ ਬੰਡਾਲਾ ਵੱਲੋਂ ਸਮਾਜ ਦੇ ਪਛੜੇ ਵਰਗਾਂ ਦਾ ਜੀਵਨ ਪੱਧਰ ਉਚਾ ਚੁੱਕਣ ਲਈ ਨਿਭਾਈਆਂ ਸ਼ਾਨਦਾਰ ਸੇਵਾਵਾਂ ਨੂੰ ਚੇਤੇ ਕੀਤਾ।

## ਜੰਗੀ ਯਾਦਗਾਰ 'ਚ ਲਾਪਤਾ ਫੌਜੀਆਂ ਦੇ ਨਾਂ ਵੀ ਹੋਣਗੇ ਸ਼ਾਮਲ

**ਅੰਮ੍ਰਿਤਸਰ:** ਪੰਜਾਬ ਰਾਜ ਜੰਗੀ ਨਾਇਕ ਯਾਦਗਾਰ ਮਿਊਜ਼ੀਅਮ ਵਿਚ ਸੂਬੇ ਦੇ ਚਾਰ ਹਜ਼ਾਰ ਸ਼ਹੀਦ ਹੋਏ ਸੈਨਿਕਾਂ ਦੇ ਨਾਲ ਹੁਣ ਪਹਿਲੀ ਭਾਰਤ ਪਾਕਿਸਤਾਨ ਜੰਗ (1947-48) ਦੌਰਾਨ ਲਾਪਤਾ ਹੋਏ 54 ਫੌਜੀਆਂ ਦੇ ਨਾਂ ਵੀ ਲਿਖੇ ਜਾਣਗੇ। ਜੰਗੀ ਯਾਦਗਾਰ ਦੀ ਸਤਵੀਂ ਗੈਲਰੀ ਮੁਕੰਮਲ ਹੋਣ ਨੇੜੇ ਹੈ ਅਤੇ ਇਸ ਨੂੰ ਵਿਸਾਖੀ ਮੌਕੇ ਲੋਕਾਂ ਵਾਸਤੇ ਖੋਲ੍ਹ ਦਿੱਤਾ ਜਾਵੇਗਾ। ਇਸ ਦੀ ਅੱਠਵੀਂ ਗੈਲਰੀ ਕਾਰਗਿਲ ਦੀ ਜੰਗ ਨੂੰ ਸਮਰਪਤ ਹੋਵੇਗੀ।

ਇਹ ਖੁਲਾਸਾ ਮਿਊਜ਼ੀਅਮ ਦੇ ਜਨਰਲ ਮੈਨੇਜਰ ਕਰਨਲ ਐਚ.ਪੀ. ਸਿੰਘ (ਸੇਵਾ ਮੁਕਤ) ਨੇ ਕੀਤਾ ਹੈ। ਉਹ ਇਸ ਸਬੰਧੀ ਹੋਈ ਮੀਟਿੰਗ ਵਿਚ ਸ਼ਾਮਲ ਹੋਏ ਸਨ। ਮੀਟਿੰਗ ਵਿਚ ਮੁਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਜ਼ੋਰ ਦੇ ਕਿਹਾ ਸੀ ਕਿ ਪਹਿਲੀ ਭਾਰਤ-ਪਾਕਿ ਜੰਗ ਦੌਰਾਨ ਲਾਪਤਾ ਹੋਏ 54 ਫੌਜੀਆਂ ਦੇ ਨਾਂ ਵੀ ਸ਼ਾਮਲ ਕੀਤੇ ਜਾਣ। ਇਨ੍ਹਾਂ ਦੇ ਨਾਂ ਵਿਸ਼ੇਸ਼ ਤੌਰ 'ਤੇ ਤਿਆਰ ਕਰਾਈਆਂ ਗਈਆਂ ਪਲੇਟਾਂ ਉਤੇ ਉਕਰੇ ਹੋਣਗੇ। ਹਰੇਕ ਪਲੇਟ ਉਤੇ ਸੌ ਫੌਜੀਆਂ ਦੇ ਨਾਂ ਹੋਣਗੇ। ਇਨ੍ਹਾਂ ਪਲੇਟਾਂ ਨੂੰ ਵੱਖ-ਵੱਖ ਥਾਂਵਾਂ ਉਤੇ ਸਥਾਪਤ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਸੂਬੇ ਨਾਲ ਸਬੰਧਤ ਸ਼ਹੀਦ ਫੌਜੀਆਂ ਦੀ ਗਿਣਤੀ ਲਗਭਗ ਚਾਰ ਹਜ਼ਾਰ ਹੈ। ਇਸ ਤੋਂ ਪਹਿਲਾਂ ਇਥੇ ਸਾਰਾਗੜੀ ਜੰਗ ਨੂੰ ਵੀ ਇਕ ਕੰਧ ਉਪਰ ਵਿਸ਼ੇਸ਼ ਤੌਰ 'ਤੇ ਵਿਖਾਇਆ ਗਿਆ ਹੈ। ਕੰਧ 'ਤੇ ਸਾਰਾਗੜੀ ਜੰਗ ਲੜਨ ਵਾਲੇ ਫੌਜੀਆਂ ਦੇ ਨਾਂ ਵੀ ਸ਼ਾਮਲ ਹਨ। ਇਸ ਵੇਲੇ ਜੰਗੀ ਯਾਦਗਾਰ ਵਿਚ ਛੇ ਗੈਲਰੀਆਂ ਮੁਕੰਮਲ ਹੋ ਚੁੱਕੀਆਂ ਹਨ ਅਤੇ ਲੋਕਾਂ ਵਾਸਤੇ ਖੋਲ੍ਹੀਆਂ ਜਾ ਚੁੱਕੀਆਂ ਹਨ।

## ਟਰੂਡੋ ਫੇਰੀ: ਭਾਰਤ ਨੇ ਘੜ ਲਈ ਸੀ ਕਈ ਮਹੀਨੇ ਪਹਿਲਾਂ ਰਣਨੀਤੀ

(ਸਫਾ ਇਕ ਦੀ ਬਾਕੀ)

ਮੁੜ 2002, 2007 ਅਤੇ ਫਿਰ ਅਗਸਤ 2017 ਵਿਚ ਉਹ ਭਾਰਤ ਆਇਆ। ਸੋਸ਼ਲ ਮੀਡੀਆ ਵਿਚ ਅਪਡੇਟ ਕੀਤੀਆਂ ਤਿੰਨ ਤਸਵੀਰਾਂ ਵਿਚ ਜਸਪਾਲ ਨੇ ਖੁਦ ਲਿਖਿਆ ਹੈ ਕਿ ਉਸ ਨੂੰ ਵਿੱਤ ਤੇ ਵਿਦੇਸ਼ ਮੰਤਰਾਲੇ 'ਚ ਸ਼ਾਨਦਾਰ ਪ੍ਰਾਹੁਣਚਾਰੀ ਮਿਲੀ ਤੇ ਸਵਾਗਤ ਹੋਇਆ। ਸੈਂਟਰਲ ਸਰੀ ਤੋਂ ਮੈਂਬਰ ਪਾਰਲੀਮੈਂਟ ਰਣਦੀਪ ਸਿੰਘ ਸਰਾਏ ਅਤੇ ਦਿੱਲੀ ਵਿਚ ਪ੍ਰਧਾਨ ਮੰਤਰੀ ਨਾਲ ਰਾਤ ਦੇ ਖਾਣੇ ਦਾ ਸੱਦਾ ਅਤੇ ਮੁੰਬਈ ਵਿਚ ਸ੍ਰੀਮਤੀ ਟਰੂਡੋ ਨਾਲ ਤਸਵੀਰ ਪਹਿਲੋਂ ਹੀ ਘੜੀ ਯੋਜਨਾ ਦਾ ਹਿੱਸਾ ਸਨ, ਜਿਉਂ ਹੀ ਇਹ ਯੋਜਨਾ ਸਿਰੇ ਚੜ੍ਹੀ ਤਾਂ ਦੂਤਾਵਾਸ ਦੇ ਅਧਿਕਾਰੀ ਨਾਲ ਗਏ ਮੀਡੀਆ ਕਰਮੀ ਦੀ ਫੇਸਬੁੱਕ ਉਪਰ ਸਭ ਤੋਂ ਪਹਿਲਾਂ ਇਹ ਤਸਵੀਰ ਅਪਲੋਡ ਕੀਤੀ ਗਈ। ਇਕ ਘੰਟੇ ਵਿਚ ਜਦ ਬਹੁਤ ਸਾਰੇ ਲੋਕਾਂ ਨੇ ਇਹ ਤਸਵੀਰ ਉਤਾਰ ਲਈ ਤਾਂ ਉਕਤ ਫੇਸਬੁੱਕ ਤੋਂ ਵੀ ਮਿਟਾ ਦਿੱਤੀ ਗਈ।

ਸਵਾਲ ਇਹ ਵੀ ਕੀਤਾ ਜਾ ਰਿਹਾ ਹੈ ਕਿ ਭਾਰਤ ਸਰਕਾਰ ਦੀ ਨਜ਼ਰ 'ਚ ਜੇ ਅਟਵਾਲ ਖਾਲਿਸਤਾਨੀ ਖਾੜਕੂ ਸੀ ਤਾਂ ਉਹ ਜੁਲਾਈ 2017 ਤੋਂ ਪਹਿਲਾਂ ਭਾਰਤ ਕਿਵੇਂ ਆਇਆ? ਇਹ ਵੀ ਪਤਾ ਲੱਗਾ ਹੈ ਕਿ ਭਾਰਤੀ ਦੂਤਾਵਾਸ ਵਿਚ ਤਾਇਨਾਤ ਇਕ ਸੀਨੀਅਰ ਅਧਿਕਾਰੀ ਟਰੂਡੋ ਫੇਰੀ ਦੌਰਾਨ ਪਰਛਾਵਾਂ ਬਣ ਕੇ ਉਨ੍ਹਾਂ ਨਾਲ ਘੁੰਮਦਾ ਰਿਹਾ।

ਇਹ ਅਧਿਕਾਰੀ ਪਹਿਲਾਂ ਹੀ ਮਿਥੇ ਪ੍ਰੋਗਰਾਮ ਮੁਤਾਬਕ 10 ਫਰਵਰੀ ਨੂੰ ਇਕ ਮੀਡੀਆ ਕਰਮੀ ਤੇ ਇਕ ਭਾਰਤੀ ਰਾਜਸੀ ਪਾਰਟੀ ਦੇ ਉਥੇ ਥਾਪੇ ਆਗੂ ਨਾਲ ਭਾਰਤ ਰਵਾਨਾ ਹੋਇਆ ਸੀ। ਅਟਵਾਲ ਨੇ ਵੀ 11 ਫਰਵਰੀ ਨੂੰ ਹੀ ਭਾਰਤ ਪੁੱਜਣ ਦਾ ਦਾਅਵਾ ਕੀਤਾ ਹੈ। ਭਾਰਤੀ ਦੂਤਾਵਾਸ ਦੇ ਸੀਨੀਅਰ ਅਧਿਕਾਰੀ ਤੇ ਅਟਵਾਲ ਦੇ ਇਕੋ ਸਮੇਂ ਦਿੱਲੀ ਪੁੱਜਣ ਨੂੰ ਮਹਿਜ਼ ਇਤਫਾਕ ਨਹੀਂ ਮੰਨਿਆ ਜਾ ਰਿਹਾ।

## ਕੈਪਟਨ ਪਰਿਵਾਰ ਵੀ ਬੈਂਕ ਘੁਟਾਲੇ ਦੇ ਲਪੇਟੇ ਵਿਚ

(ਸਫਾ ਇਕ ਦੀ ਬਾਕੀ)

ਸਿੰਘ ਵਿਰੁਧ ਦਰਜ ਕੇਸ ਮੁੱਖ ਮੰਤਰੀ ਵਿਰੋਧੀ ਕਾਂਗਰਸੀ ਧੜਿਆਂ ਨੂੰ ਵੀ ਸ਼ਕਤੀ ਦੇਣ 'ਚ ਸਹਾਈ ਹੋ ਸਕਦਾ ਹੈ। ਦੱਸ ਦਈਏ ਕਿ ਇਹ ਧੋਖਾਧੜੀ ਓ.ਬੀ.ਸੀ. ਦੀ ਮੇਰਠ ਬਰਾਂਚ ਵਿਚ 2011 ਵਿਚ ਤੇ ਫਿਰ 2015 ਵਿਚ ਕੀਤੀ ਗਈ।

ਸਿੰਭੌਲੀ ਸ਼ੂਗਰਜ਼ ਮਿੱਲ ਦੇਸ਼ ਦੀਆਂ ਸਭ ਤੋਂ ਵੱਡੀਆਂ ਸ਼ੂਗਰ ਕੰਪਨੀਆਂ ਵਿਚੋਂ ਹੈ। ਬੈਂਕ ਦੀ ਸ਼ਿਕਾਇਤ ਹੈ ਕਿ ਸਿੰਭੌਲੀ ਸ਼ੂਗਰਜ਼ ਨੇ 2011 ਵਿਚ 148.59 ਕਰੋੜ ਰੁਪਏ ਦਾ ਕਰਜ਼ ਲਿਆ ਸੀ। ਇਹ ਗੰਨਾ ਕਿਸਾਨਾਂ ਲਈ ਲਿਆਂਦੀ ਗਈ ਯੋਜਨਾ ਤਹਿਤ ਮਨਜ਼ੂਰ ਕੀਤਾ ਗਿਆ ਸੀ। ਇਹ ਰਕਮ 5,762 ਗੰਨਾ ਕਿਸਾਨਾਂ ਨੂੰ ਵਿੱਤੀ ਮਦਦ ਦੇ ਰੂਪ ਵਿਚ ਵੰਡੀ ਜਾਣੀ ਸੀ, ਪਰ ਕੰਪਨੀ ਨੇ ਇਸ ਨੂੰ ਖੁਦ ਖਰਚ ਕਰ ਲਿਆ। ਇਹ ਕਰਜ਼ 31 ਮਾਰਚ 2015 ਨੂੰ ਫਸੇ ਕਰਜ਼ (ਐਨ.ਪੀ.ਏ.) ਵਿਚ ਤਬਦੀਲ ਹੋ ਗਿਆ। ਬੈਂਕ ਨੇ 97.85 ਕਰੋੜ ਰੁਪਏ ਦੀ ਧੋਖਾਧੜੀ ਦਾ ਇਲਜ਼ਾਮ ਲਗਾਉਂਦੇ ਹੋਏ ਉਸੇ ਸਾਲ 13 ਮਈ ਨੂੰ ਰਿਜ਼ਰਵ ਬੈਂਕ ਨੂੰ ਇਸ ਦੀ ਜਾਣਕਾਰੀ ਦਿੱਤੀ ਗਈ।

## ਨਿਗਮ ਚੋਣਾਂ: ਕਾਂਗਰਸ ਦੀ ਦਸ ਸਾਲ ਪਿੱਛੋਂ ਲੁਧਿਆਣੇ ਵਾਪਸੀ

(ਸਫਾ ਇਕ ਦੀ ਬਾਕੀ)

ਉਮੀਦਵਾਰਾਂ ਦੀ ਜਿੱਤ ਦਾ ਅੰਤਰ 14 ਤੋਂ 20 ਵੋਟਾਂ ਤੱਕ ਦਾ ਰਿਹਾ। ਸੂਬੇ ਦੀ ਵਿਰੋਧੀ ਧਿਰ ਆਮ ਆਦਮੀ ਪਾਰਟੀ ਨੇ 39 ਵਾਰਡਾਂ ਵਿਚ ਚੋਣ ਲੜੀ ਤੇ ਸਿਰਫ ਇਕ ਉਤੇ ਹੀ ਜਿੱਤ ਹਾਸਲ ਕੀਤੀ ਹੈ। ਸ਼ਹਿਰ ਦੇ 95 ਵਾਰਡਾਂ ਵਿਚ ਗੱਠਜੋੜ ਨਾਲ ਚੋਣ ਲੜ ਰਹੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਦੀ ਲੋਕ ਇਨਸਾਫ ਪਾਰਟੀ ਤੇ ਆਪ ਦਾ ਸਭ ਤੋਂ ਮਾੜਾ ਪ੍ਰਦਰਸ਼ਨ ਰਿਹਾ। ਇਹ ਦੋਵੇਂ ਪਾਰਟੀਆਂ ਆਪਣੀ ਵਿਧਾਨ ਸਭਾ ਵਿਚ ਮਿਲੀਆਂ ਵੋਟਾਂ ਦੀ ਫੀਸਦੀ ਨੂੰ ਵੀ ਬਚਾਉਣ ਵਿਚ ਕਾਮਯਾਬ ਨਹੀਂ ਹੋ ਸਕੀਆਂ। ਵਿਧਾਇਕ ਬੈਂਸ ਭਰਾਵਾਂ ਦੇ ਹਲਕਿਆਂ ਵਿਚ 24 ਵਾਰਡ ਆਉਂਦੇ ਸਨ ਜਿਨ੍ਹਾਂ ਵਿਚ ਸਿਰਫ 7 ਉਤੇ ਉਹ ਜਿੱਤ ਹਾਸਲ ਕਰ ਸਕੇ ਜਦਕਿ ਬਾਕੀ ਹਲਕਿਆਂ ਵਿਚ ਵਿਧਾਇਕ ਬੈਂਸ ਭਰਾਵਾਂ ਦਾ ਖਾਤਾ ਵੀ ਖੁੱਲ੍ਹ ਨਹੀਂ ਸਕਿਆ।

ਨਿਗਮ ਚੋਣਾਂ ਤੋਂ ਪਹਿਲਾਂ ਕਾਂਗਰਸ ਨੇ ਬੈਂਸ ਭਰਾਵਾਂ ਦੇ ਕੁਝ ਨਜ਼ਦੀਕੀਆਂ ਨੂੰ ਤੋੜ ਕੇ ਉਨ੍ਹਾਂ ਨੂੰ ਕਮਜ਼ੋਰ ਕਰਨਾ ਸ਼ੁਰੂ ਕਰ ਦਿੱਤਾ ਸੀ, ਜਿਸ ਦੇ ਨਤੀਜੇ ਸਾਹਮਣੇ ਆ ਗਏ। 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਲੋਕ ਇਨਸਾਫ ਪਾਰਟੀ ਨੇ ਸ਼ਹਿਰ ਦੇ ਚਾਰ ਹਲਕਿਆਂ ਵਿਚ ਚੋਣ ਲੜੀ ਸੀ ਤੇ ਹਰ ਵਾਰਡ ਵਿਚ ਚੰਗੀ ਲੀਡ ਮਿਲੀ ਸਨ, ਪਰ ਨਿਗਮ ਚੋਣਾਂ ਵਿਚ ਉਹ ਆਪਣਾ ਵੋਟ ਬੈਂਕ ਵੀ ਨਹੀਂ ਬਚਾ ਸਕੀ।

ਲੁਧਿਆਣਾ ਵਿਚ 'ਆਪ' ਦਾ ਗ੍ਰਾਫ ਇਕ ਸਾਲ ਵਿਚ ਪੂਰੀ ਤਰ੍ਹਾਂ ਡਿੱਗ ਗਿਆ। 2014 ਦੀਆਂ ਲੋਕ ਸਭਾ ਚੋਣਾਂ 'ਚ ਪਾਰਟੀ ਉਮੀਦਵਾਰ ਐਚ.ਐਸ. ਫੂਲਕਾ 2.80 ਲੱਖ ਵੋਟਾਂ ਲੈ ਕੇ ਦੂਸਰੇ ਸਥਾਨ ਉਤੇ ਰਹੇ ਸਨ। ਇਸ ਤੋਂ ਬਾਅਦ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ 'ਆਪ' ਨੇ ਸ਼ਹਿਰ ਦੇ ਦੋ ਹਲਕਿਆਂ ਵਿਚ ਚੋਣ ਲੜੀ ਸੀ ਤੇ ਚੰਗੀ ਕਾਰਗੁਜ਼ਾਰੀ ਦਿਖਾਈ ਸੀ। ਲੁਧਿਆਣਾ ਪੂਰਬੀ ਤੋਂ ਦਲਜੀਤ ਭੋਲਾ ਤੇ ਲੁਧਿਆਣਾ ਪੱਛਮੀ ਤੋਂ ਅਹਿਬਾਬ ਗਰੇਵਾਲ, ਦੋਵੇਂ ਹੀ ਦੂਸਰੇ ਸਥਾਨ ਉਤੇ ਆਏ ਸਨ, ਪਰ ਇਕ ਸਾਲ ਬਾਅਦ ਨਿਗਮ ਚੋਣਾਂ ਵਿਚ ਲੋਕਾਂ ਨੇ 'ਆਪ' ਨੂੰ ਬਿਲਕੁਲ ਨਾਕਾਰ ਦਿੱਤਾ। 'ਆਪ' ਦੇ ਕਈ ਉਮੀਦਵਾਰਾਂ ਦੀਆਂ ਜ਼ਮਾਨਤ ਵੀ ਜ਼ਬਤ ਹੋ ਗਈਆਂ। ਕਈ ਵਾਰਡ ਅਜਿਹੇ ਹਨ, ਜਿਥੇ 'ਆਪ' ਉਮੀਦਵਾਰ ਤੋਂ ਵੱਧ ਆਜ਼ਾਦ ਉਮੀਦਵਾਰ ਵੋਟਾਂ ਲੈ ਗਏ।

## ਹਰਿਆਣਾ ਵਿਚ ਬਲਾਤਕਾਰੀ ਨੂੰ ਹੋਵੇਗੀ ਮੌਤ ਦੀ ਸਜ਼ਾ

**ਚੰਡੀਗੜ੍ਹ:** ਹਰਿਆਣਾ ਸਰਕਾਰ ਬਲਾਤਕਾਰ ਦੀਆਂ ਘਟਨਾਵਾਂ ਦੇ ਦੋਸ਼ੀਆਂ ਵਿਰੁੱਧ ਸਖਤੀ ਵਰਤਣ ਲਈ ਨਵਾਂ ਕਾਨੂੰਨ ਲਿਆਉਣ ਦੀ ਤਿਆਰੀ ਵਿਚ ਹੈ, ਜਿਸ ਅਨੁਸਾਰ 12 ਸਾਲ ਜਾਂ ਇਸ ਤੋਂ ਘੱਟ ਉਮਰ ਦੀ ਲੜਕੀ ਨਾਲ ਬਲਾਤਕਾਰ ਦੇ ਦੋਸ਼ੀ ਨੂੰ ਮੌਤ ਦੀ ਸਜ਼ਾ ਦੀ ਵਿਵਸਥਾ ਹੋਵੇਗੀ। ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੀ ਅਗਵਾਈ ਵਿਚ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿਚ ਇਹ ਫੈਸਲਾ ਹੋਇਆ ਕਿ ਬਲਾਤਕਾਰ ਦੀਆਂ ਘਟਨਾਵਾਂ ਨਾਲ ਨਜਿੱਠਣ ਲਈ ਮੌਜੂਦਾ ਫੌਜਦਾਰੀ ਕਾਨੂੰਨ ਨੂੰ ਹੋਰ ਸਖਤ ਬਣਾਇਆ ਜਾਵੇ।

**Punjab Times**
**Established in 2000**
**19th Year in Publication**
Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
Kamaljit Singh Virdi
Ph. 847-502-2703

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**
The views expressed in the articles published in the columns of Punjab Times are that of their writers, and it is not implied that Punjab Times endorses them.
Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਸੈਲਡੈਫ ਵਲੋਂ ਸਿੱਖ ਭਾਈਚਾਰੇ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਨ ਬਾਰੇ ਸਮਾਗਮ

**ਸ਼ਾਰਲਟ, ਨਾਰਥ ਕੈਰੋਲਾਈਨਾ (ਬਿਊਰੋ):** ਸਿੱਖ ਜਥੇਬੰਦੀ ਸੈਲਡੈਫ ਵਲੋਂ ਸ਼ਾਰਲਟ ਵਿਚ 18ਵਾਂ 'ਆਪਣੇ ਹੱਕਾਂ ਪ੍ਰਤੀ ਜਾਗਰੂਕਤਾ' ਵਿਚਾਰ ਵਟਾਂਦਰਾ ਇਥੇ ਗੁਰਦੁਆਰਾ ਸ਼ਾਰਲਟ ਵਿਖੇ ਲੰਘੀ 25 ਫਰਵਰੀ ਨੂੰ ਕਰਵਾਇਆ ਗਿਆ ਜਿਸ ਵਿਚ ਸੰਗਤ ਦੇ ਕਰੀਬ 200 ਮੈਂਬਰ ਹਾਜ਼ਰ ਸਨ।

ਇਸ ਸਮਾਗਮ ਨੂੰ ਨਾਰਥ ਕੈਰੋਲਾਈਨਾ ਹਿਊਮਨ ਰਿਲੇਸ਼ਨਜ਼ ਕਮਿਸ਼ਨ ਦੇ ਫਿਲ ਜੌਰਡਨ, ਜਸਟਿਸ ਵਿਭਾਗ ਦੇ ਕਮਿਊਨਿਟੀ ਰਿਲੇਸ਼ਨਜ਼ ਸਰਵਿਸ ਦੇ ਡਾਇਨ ਲਿਓਨਜ਼, ਇਕੁਅਲ ਇੰਪਲਾਇਮੈਂਟ ਅਪਰਚੂਨਿਟੀ ਕਮਿਸ਼ਨ ਦੇ ਪੈਟਰੀਸ਼ੀਆ ਫੁਲਰ ਅਤੇ ਸ਼ਾਰਲਟ ਇੰਟਰਨੈਸ਼ਨਲ ਏਅਰਪੋਰਟ ਤੋਂ ਟੀ. ਐਸ. ਏ. ਦੇ ਡੌਨ ਸ਼ੈਂਕ ਤੇ ਯੂਡੀਆਨਾ ਬੁਰੈਲ ਨੇ ਸੰਬੋਧਨ ਕੀਤਾ।

ਬੁਲਾਰਿਆਂ ਨੇ ਰੁਜ਼ਗਾਰ ਦੇ ਥਾਂ 'ਤੇ ਵਿਤਕਰੇ, ਸਕੂਲਾਂ ਵਿਚ ਨਸਲੀ ਛੇੜਛਾੜ, ਨਸਲੀ ਵਿਤਕਰੇ ਦੀ ਸ਼ਿਕਾਇਤ ਕਰਨ ਅਤੇ ਏਅਰਪੋਰਟ 'ਤੇ ਸੁਰੱਖਿਆ ਪ੍ਰਣਾਲੀ ਬਾਰੇ ਜਾਣਕਾਰੀ ਦਿੱਤੀ।

ਜ਼ਿਕਰਯੋਗ ਹੈ ਕਿ ਇਸ ਸਾਲ ਸੈਲਡੈਫ 18 'ਆਪਣੇ ਹੱਕਾਂ ਪ੍ਰਤੀ ਜਾਗਰੂਕਤਾ' ਸਮਾਗਮ ਕਰਵਾ ਚੁਕੀ ਹੈ। ਆਉਣ ਵਾਲੇ ਵੀਕਐਂਡ 'ਤੇ ਲਾਰੈਂਸਵਿਲ, ਨਿਊ ਜਰਸੀ ਅਤੇ ਬਿਊਨਾ ਪਾਰਕ, ਕੈਲੀਫੋਰਨੀਆ ਵਿਚ ਅਜਿਹੇ ਸਮਾਗਮ ਕਰਵਾਏ ਜਾਣਗੇ। ਸੈਲਡੈਫ ਵਲੋਂ ਜਾਰੀ ਇਕ ਬਿਆਨ ਅਨੁਸਾਰ ਅਜਿਹੇ ਮੰਚਾਂ ਦਾ ਮਨੋਰਥ ਸਿੱਖ ਭਾਈਚਾਰੇ ਨੂੰ ਨਸਲੀ ਵਿਤਕਰੇ ਦੀਆਂ ਘਟਨਾਵਾਂ ਨਾਲ ਨਜਿੱਠਣ ਅਤੇ ਇਨ੍ਹਾਂ ਦੀ ਰਿਪੋਰਟ ਉਨ੍ਹਾਂ ਏਜੰਸੀਆਂ ਤੇ ਗਰੁਪਾਂ ਪਾਸ ਕਰਨ ਲਈ ਸਿਖਿਅਤ ਕਰਨਾ ਜੋ ਅਜਿਹੇ ਹਾਲਾਤ ਵਿਚ ਮਦਦਗਾਰ ਸਾਬਤ ਹੋ ਸਕਦੇ ਹਨ, ਲੋਕਲ, ਸਟੇਟ ਤੇ ਫੈਡਰਲ ਗੌਰਮਿੰਟ ਏਜੰਸੀਆਂ ਨੂੰ ਸਥਾਨਕ ਸਿੱਖ ਅਮਰੀਕੀ ਭਾਈਚਾਰੇ ਨਾਲ ਉਸਾਰੂ ਸਬੰਧ ਬਣਾਉਣ ਦਾ ਮੌਕਾ ਦੇਣਾ ਅਤੇ ਇਨ੍ਹਾਂ ਏਜੰਸੀਆਂ ਦੀ ਸਥਾਨਕ ਸਿੱਖ ਭਾਈਚਾਰੇ ਦੀਆਂ ਲੋੜਾਂ ਪੂਰੀਆਂ ਕਰਨ ਵਿਚ ਮਦਦ ਕਰਨਾ ਹੈ। ਹੋਰ ਜਾਣਕਾਰੀ ਲਈ ਸੈਲਡੈਫ ਦੇ ਬੁਲਾਰੇ ਗੁਜਰੀ ਸਿੰਘ ਨਾਲ ਫੋਨ: (631) 404-9977 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## *ਨਸ਼ੇੜੀ ਨੇ 5 ਸਾਲਾ ਬੱਚੀ ਦਾ ਗਲਾ ਵੱਢਿਆ*

**ਚੰਡੀਗੜ੍ਹ:** ਇੰਡਸਟਰੀਅਲ ਇਲਾਕੇ ਦੀ ਸੰਜੇ ਕਾਲੋਨੀ 'ਚ ਦਿਨ-ਦਿਹਾੜੇ ਕਮਲੇਸ਼ ਨਾਂ ਦੇ ਨਸ਼ੇੜੀ ਨੇ ਗੁਆਂਢ ਰਹਿਣ ਵਾਲੀ ਮਾਸੂਮ ਬੱਚੀ ਉਜਾਲਾ (5) ਦੀ ਗਲਾ ਵੱਢ ਕੇ ਹੱਤਿਆ ਕਰ ਦਿੱਤੀ। ਦੋਸ਼ੀ ਨੇ ਬੱਚੀ 'ਤੇ ਉਸ ਸਮੇਂ ਹਮਲਾ ਕੀਤਾ ਜਦੋਂ ਉਹ ਆਪਣੇ ਘਰ 'ਚ ਖੇਡ ਰਹੀ ਸੀ।

ਬੱਚੀ ਦੀਆਂ ਚੀਕਾਂ ਸੁਣ ਕੇ ਮਾਤਾ-ਪਿਤਾ ਬਾਹਰ ਆਏ ਤੇ ਬੱਚੀ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਜ਼ਖ਼ਮੀ ਬੱਚੀ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਦੀ ਮੌਤ ਹੋ ਗਈ। ਦੋਸ਼ੀ ਨੂੰ ਮੌਕੇ 'ਤੇ ਹੀ ਫੜ ਲਿਆ ਗਿਆ ਜਿਸ ਨੇ ਦਾਅਵਾ ਕੀਤਾ ਕਿ ਉਸ ਦੇ ਸਿਰ ਕਾਲੀ ਮਾਤਾ ਦਾ ਸਾਇਆ ਆਇਆ ਸੀ, ਜਿਸ ਕਾਰਨ ਉਸ ਹੱਥੋਂ ਬੱਚੀ ਦੀ ਹੱਤਿਆ ਹੋ ਗਈ।

## ਸਿੱਖ ਕਤਲੇਆਮ ਦੇ ਦੋਸ਼ੀ ਨੂੰ ਜ਼ਮਾਨਤ ਦੇਣ ਤੋਂ ਨਾਂਹ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਸਿੱਖ ਕਤਲੇਆਮ ਦੇ ਇਕ ਮਾਮਲੇ 'ਚ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਕਾਂਗਰਸ ਦੇ ਸਾਬਕਾ ਕੌਂਸਲਰ ਬਲਵਾਨ ਖੋਖਰ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ। ਉਸ ਨੇ ਨੱਕ ਦੀ ਹੱਡੀ 'ਚ ਫਰੈਕਚਰ ਦਾ ਸਰ ਗੰਗਾਰਾਮ ਹਸਪਤਾਲ ਤੋਂ ਇਲਾਜ ਕਰਾਉਣ ਦੀ ਮੰਗ ਕੀਤੀ ਸੀ। ਬੈਂਚ ਨੇ ਕਿਹਾ ਕਿ ਖੋਖਰ ਦਾ ਤਿਹਾੜ ਜੇਲ੍ਹ 'ਚ ਇਲਾਜ ਚੱਲ ਰਿਹਾ ਹੈ, ਬਾਹਰ ਹਸਪਤਾਲ 'ਚ ਭੇਜਣ ਦੀ ਲੋੜ ਨਹੀਂ।

# ਏਅਰ ਇੰਡੀਆ ਦੀ ਅੰਮ੍ਰਿਤਸਰ ਬਰਮਿੰਘਮ ਉਡਾਣ ਨੂੰ ਹੁੰਗਾਰਾ

**ਅੰਮ੍ਰਿਤਸਰ:** ਸੱਤ ਸਾਲ ਮਗਰੋਂ ਮੁੜ ਸ਼ੁਰੂ ਹੋਈ ਏਅਰ ਇੰਡੀਆ ਦੀ ਅੰਮ੍ਰਿਤਸਰ-ਬਰਮਿੰਘਮ ਸਿੱਧੀ ਹਵਾਈ ਉਡਾਣ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ। ਹਵਾਈ ਅੱਡਾ ਪ੍ਰਬੰਧਕਾਂ ਵੱਲੋਂ ਉਮੀਦ ਕੀਤੀ ਜਾ ਰਹੀ ਹੈ ਕਿ ਜੇਕਰ ਅਜਿਹੀਆਂ ਕੁਝ ਹੋਰ ਸਫਲ ਕੌਮਾਂਤਰੀ ਉਡਾਣਾਂ ਇਥੋਂ ਸ਼ੁਰੂ ਹੋਣ ਤਾਂ ਉਸ ਨਾਲ ਹਵਾਈ ਅੱਡੇ ਦੀ ਪੁਰਾਣੀ ਸ਼ਾਨ ਮੁੜ ਬਹਾਲ ਹੋ ਜਾਵੇਗੀ। ਜਾਣਕਾਰੀ ਅਨੁਸਾਰ ਏਅਰ ਇੰਡੀਆ ਵੱਲੋਂ ਇਹ ਨਵੀਂ ਉਡਾਣ 20 ਫਰਵਰੀ ਤੋਂ ਸ਼ੁਰੂ ਕੀਤੀ ਗਈ ਹੈ। ਫਿਲਹਾਲ ਇਹ ਉਡਾਣ ਹਫਤੇ ਵਿਚ ਦੋ ਦਿਨ ਮੰਗਲਵਾਰ ਅਤੇ ਵੀਰਵਾਰ ਨੂੰ ਇਥੋਂ ਰਵਾਨਾ ਹੋਵੇਗੀ ਅਤੇ ਬੁੱਧਵਾਰ ਤੇ ਸ਼ੁੱਕਰਵਾਰ ਬਰਮਿੰਘਮ ਤੋਂ ਅੰਮ੍ਰਿਤਸਰ ਆਵੇਗੀ।

ਹਵਾਈ ਅੱਡੇ ਦੇ ਡਾਇਰੈਕਟਰ ਮਨੋਜ ਚਨਸੋਰੀਆ ਨੇ ਆਖਿਆ ਕਿ ਇਸ ਉਡਾਣ ਨੂੰ ਯਾਤਰੂਆਂ ਨੇ ਭਰਵਾਂ ਹੁੰਗਾਰਾ ਦਿੱਤਾ ਅਤੇ ਅਗਾਊਂ ਹੀ ਚੰਗੀ ਬੁਕਿੰਗ ਕਰਾਈ ਗਈ ਹੈ। ਜੇਕਰ ਇਹ ਹੁੰਗਾਰਾ ਇਸੇ ਤਰ੍ਹਾਂ ਜਾਰੀ ਰਿਹਾ ਤਾਂ ਭਵਿੱਖ ਵਿਚ ਹਵਾਈ ਕੰਪਨੀ ਵੱਲੋਂ ਇਸ ਉਡਾਣ ਨੂੰ ਰੋਜ਼ਾਨਾ ਵੀ ਸ਼ੁਰੂ ਕੀਤਾ ਜਾ ਸਕਦਾ ਹੈ। ਇਸ ਹਵਾਈ ਅੱਡੇ ਤੋਂ ਜੇਕਰ ਆਸਟਰੇਲੀਆ ਅਤੇ ਯੂ.ਐਸ.ਏ. ਵਾਸਤੇ ਸਿੱਧੀਆਂ ਉਡਾਣਾਂ ਸ਼ੁਰੂ ਹੋਣ ਤਾਂ ਉਸ ਨਾਲ ਹੋਰ ਵੀ ਲਾਹਾ ਮਿਲ ਸਕਦਾ ਹੈ ਕਿਉਂਕਿ ਆਸਟਰੇਲੀਆ ਅਤੇ ਅਮਰੀਕਾ ਵਿਚ ਪੰਜਾਬੀ ਭਾਈਚਾਰਾ ਵੱਡੀ ਗਿਣਤੀ ਵਿਚ ਵਸਿਆ ਹੋਇਆ ਹੈ। ਇਨ੍ਹਾਂ ਦੇਸ਼ਾਂ ਵਿਚ ਸਿੱਧੀਆਂ ਉਡਾਣਾਂ ਵੱਡੇ ਬੋਇੰਗ ਜਹਾਜ਼ਾਂ ਰਾਹੀਂ ਹੀ ਸੰਭਵ ਹਨ। ਇਸ ਵੇਲੇ ਆਸਟਰੇਲੀਆ ਜਾਣ ਵਾਲੇ ਵਧੇਰੇ ਯਾਤਰੂ ਸਿੰਘਾਪੁਰ ਰਸਤੇ ਯਾਤਰਾ ਕਰ ਰਹੇ ਹਨ, ਜਿਥੇ ਕੁਝ ਠਹਿਰਾਅ ਮਗਰੋਂ ਅਗਲੇ ਪੜਾਅ ਲਈ ਯਾਤਰਾ ਅਰੰਭ ਹੁੰਦੀ ਹੈ।

ਇਸੇ ਤਰ੍ਹਾਂ ਅਮਰੀਕਾ ਜਾਣ ਵਾਸਤੇ ਵੀ ਹੋਰ ਮੁਲਕਾਂ ਰਸਤੇ ਯਾਤਰਾ ਕੀਤੀ ਜਾ ਰਹੀ ਹੈ। ਅੰਮ੍ਰਿਤਸਰ ਦੇ ਹਵਾਈ ਅੱਡੇ ਤੋਂ ਇਸ ਵੇਲੇ ਸਿੰਗਾਪੁਰ, ਕੁਆਲਾਲੰਪੁਰ, ਅਸ਼ਕਾਬਾਦ, ਤਾਸ਼ਕੰਦ, ਦੁਬਈ ਅਤੇ ਬਰਮਿੰਘਮ ਵਾਸਤੇ ਸਿੱਧੀਆਂ ਹਵਾਈ ਉਡਾਣਾਂ ਚੱਲ ਰਹੀਆਂ ਹਨ। ਹੁਣ ਇਹ ਵੀ ਮੰਗ ਕੀਤੀ ਜਾ ਰਹੀ ਹੈ ਕਿ ਕੈਨੇਡਾ ਦੇ ਵੈਨਕੂਵਰ ਅਤੇ ਟੋਰਾਂਟੋ ਵਾਸਤੇ ਵੀ ਇਥੋਂ ਸਿੱਧੀ ਉਡਾਣ ਸ਼ੁਰੂ ਕੀਤੀ ਜਾਵੇ। ਇਸ ਤੋਂ ਪਹਿਲਾਂ ਵੀ ਕੈਨੇਡਾ ਵਾਸਤੇ ਇਥੋਂ ਸਿੱਧੀ ਉਡਾਣ ਸੀ ਪਰ ਉਸ ਨੂੰ ਦਿੱਲੀ ਤਬਦੀਲ ਕਰ ਦਿੱਤਾ ਗਿਆ ਸੀ।

## ਨੈਸ਼ਨਲ ਹੈਰਲਡ ਦੇ ਮੁੱਖ ਸੰਪਾਦਕ ਦਾ ਦੇਹਾਂਤ

**ਚੇਨਈ:** ਤਜਰਬੇਕਾਰ ਪੱਤਰਕਾਰ ਅਤੇ ਦਿੱਲੀ ਆਧਾਰਤ ਨੈਸ਼ਨਲ ਹੈਰਲਡ ਦੇ ਮੁੱਖ ਸੰਪਾਦਕ ਨੀਲਾਭ ਮਿਸ਼ਰਾ (57) ਦਾ ਦੇਹਾਂਤ ਹੋ ਗਿਆ। ਉਹ ਲਿਵਰ ਦੀ ਬਿਮਾਰੀ ਤੋਂ ਪੀੜਤ ਸਨ। ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਸ੍ਰੀ ਮਿਸ਼ਰਾ ਦੇ ਅਕਾਲ ਚਲਾਣੇ ਉਤੇ ਦੁਖ ਪ੍ਰਗਟ ਕੀਤਾ ਹੈ।

# ਕੰਬੋਡੀਆ ਦੇ ਪ੍ਰਧਾਨ ਮੰਤਰੀ ਵੱਲੋਂ ਆਸਟਰੇਲੀਆ ਨੂੰ ਧਮਕੀ

**ਨੋਮ ਪੈਨਹ:** ਕੰਬੋਡੀਆ ਦੇ ਪ੍ਰਧਾਨ ਮੰਤਰੀ ਹੁਨ ਸੇਨ ਨੇ ਆਸਟਰੇਲੀਆ ਨੂੰ ਧਮਕੀ ਦਿੱਤੀ ਹੈ ਕਿ ਜੇ ਘਰੇਲੂ ਰਾਜਨੀਤੀ ਵਿਚ ਉਨ੍ਹਾਂ ਉਤੇ ਕਿਸੇ ਤਰ੍ਹਾਂ ਦਾ ਦਬਾਅ ਪਾਇਆ ਤਾਂ ਉਹ ਆਸਟਰੇਲੀਆ ਨੂੰ ਸ਼ਰਮਿੰਦਾ ਕਰ ਦੇਣਗੇ। ਇਸ ਦੇ ਨਾਲ ਉਨ੍ਹਾਂ ਕਿਹਾ ਕਿ ਜੇ ਨੌਬਤ ਆਈ ਤਾਂ ਉਹ ਅਗਲੇ ਮਹੀਨੇ ਸਿਡਨੀ ਵਿਚ ਹੋਣ ਵਾਲੇ ਆਸੀਆਨ ਸੰਮੇਲਨ ਵਿਚ ਸਾਂਝੀ ਗੱਲਬਾਤ ਉਤੇ ਵੀ ਪਾਬੰਦੀ ਲਾ ਦੇਣਗੇ।

ਪਿਛਲੇ ਮਹੀਨਿਆਂ ਪੱਛਮੀ ਦੇਸ਼ਾਂ ਨੇ ਕੰਬੋਡੀਆ ਦੇ ਪ੍ਰਧਾਨ ਮੰਤਰੀ ਹੁਨ ਸੇਨ ਨੂੰ ਮੁੱਖ ਵਿਰੋਧੀ ਧਿਰ ਨੂੰ ਤੋੜਨ, ਸੁਤੰਤਰ ਸਮਾਚਾਰ ਪੱਤਰਾਂ ਨੂੰ ਬੰਦ ਕਰਨ ਅਤੇ ਅਦਾਲਤਾਂ ਵਿਚ ਆਲੋਚਕਾਂ ਨੂੰ ਖਦੇੜਨ ਦੇ ਦੋਸ਼ ਵਿਚ ਨੁਕਤਾਚੀਨੀ ਦਾ ਸ਼ਿਕਾਰ ਬਣਾਇਆ ਹੈ।

ਹੁਨ ਸੇਨ ਨੇ ਕਿਹਾ ਕਿ ਆਸੀਆਨ ਸੰਮੇਲਨ ਵਿਚ ਉਹ ਘਰੇਲੂ ਰਾਜਨੀਤੀ ਬਾਰੇ ਕਿਸੇ ਵੀ ਤਰ੍ਹਾਂ ਦਾ ਦਬਾਅ ਬਰਦਾਸ਼ਤ ਨਹੀਂ ਕਰਨਗੇ। ਆਸੀਆਨ ਦਾ ਇਹ ਪਹਿਲਾ ਸੰਮੇਲਨ ਮਾਰਚ ਵਿਚ ਹੋਵੇਗਾ, ਜਿਸ ਦੀ ਮੇਜ਼ਬਾਨੀ ਆਸਟਰੇਲੀਆ ਕਰੇਗਾ। ਪਿਛਲੇ ਮਹੀਨਿਆਂ ਵਿਚ ਆਪਣੀ ਸਖਤ ਕਾਨੂੰਨੀ ਕਾਰਵਾਈ ਕਾਰਨ ਕੰਬੋਡੀਆ ਹੁਣ ਚੀਨ ਦੇ ਬਹੁਤ ਕਰੀਬ ਆ ਗਿਆ ਹੈ।

ਇਹ ਪਹਿਲੀ ਵਾਰੀ ਨਹੀਂ, ਜਦੋਂ ਆਪਣੇ ਕਿਸੇ ਸਾਂਝੇ ਬਿਆਨ ਨੂੰ ਰੱਦ ਕਰਨ ਲਈ ਕੰਬੋਡੀਆ ਨੇ ਅਜਿਹਾ ਰੁਖ ਵਰਤਿਆ ਹੋਵੇ। ਜ਼ਿਕਰਯੋਗ ਹੈ ਕਿ ਸਾਲ 2012 ਵਿਚ ਵੀ ਵਿਦੇਸ਼ ਮੰਤਰੀ ਇਕ ਸਾਂਝੀ ਗੱਲਬਾਤ ਨੂੰ ਪੇਸ਼ ਕਰਨ ਵਿਚ ਅਸਫਲ ਰਹੇ ਸਨ। ਉਸ ਸਮੇਂ ਫਿਲੀਪੀਨ ਨੇ ਦੱਖਣੀ ਚੀਨ ਸਾਗਰ ਵਿਚ ਬੀਜਿੰਗ ਦੇ ਕੰਮਾਂ ਦੀ ਆਲੋਚਨਾ ਨੂੰ ਰੋਕਣ ਲਈ ਕੰਬੋਡੀਆ ਉਤੇ ਦੋਸ਼ ਲਾਇਆ ਸੀ।

# ਨੀਲਮ ਸੈਣੀ ਨੂੰ ਸਦਮਾ, ਪਤੀ ਦਾ ਦੇਹਾਂਤ

**ਸੈਨ ਹੋਜ਼ੇ (ਬਿਊਰੋ):** ਉਤਰੀ ਅਮਰੀਕਾ ਦੀ ਇਕ ਉਘੀ ਸਾਹਿਤਕ ਸ਼ਖਸੀਅਤ ਨੀਲਮ ਸੈਣੀ ਨੂੰ ਉਸ ਸਮੇਂ ਡੂੰਘਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਪਤੀ ਲਾਜਪਤ ਰਾਏ (ਲਾਜ) ਸੈਣੀ ਲੰਘੀ 21 ਫਰਵਰੀ ਨੂੰ 62 ਸਾਲ ਦੀ ਉਮਰੇ ਬ੍ਰੇਨ ਹੈਮਰੇਜ ਕਾਰਨ ਸਦੀਵੀ ਵਿਛੋੜਾ ਦੇ ਗਏ। ਉਹ ਆਪਣੇ ਪਿਛੇ ਪਤਨੀ ਨੀਲਮ ਸੈਣੀ ਤੇ ਪੁੱਤਰ ਅਭੀਤਾਭ ਸੈਣੀ ਤੋਂ ਇਲਾਵਾ ਚਾਰ ਭਰਾ ਅਤੇ ਦੋ ਭੈਣਾਂ ਛੱਡ ਗਏ ਹਨ। ਲਾਜ ਸੈਣੀ ਸਭ ਤੋਂ ਛੋਟਾ ਸੀ। ਉਹ ਪੰਜਾਬ ਦੇ ਪਿੰਡ ਤੂਰਾਂ, ਜ਼ਿਲ੍ਹਾ ਹੁਸ਼ਿਆਰਪੁਰ ਤੋਂ ਸਨ।

ਲਾਜ ਸੈਣੀ ਦਾ ਅੰਤਿਮ ਸੰਸਕਾਰ 3 ਮਾਰਚ, ਸਨਿਚਰਵਾਰ ਸਵੇਰੇ 10:00 ਤੋਂ ਦੁਪਹਿਰ 12:00 ਵਜੇ ਤੱਕ ਚੈਪਲ ਆਫ ਚਾਈਮਜ਼ ਫਿਊਨਰਲ ਹੋਮ (32992 ਮਿਸ਼ਨ ਬੁਲੇਵਾਰਡ) ਹੇਵਰਡ ਵਿਖੇ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਫਰੀਮਾਂਟ ਵਿਖੇ ਹੋਵੇਗੀ।

ਕੈਲੀਫੋਰਨੀਆ ਦੀ ਸਿਰਮੌਰ ਸਾਹਿਤਕ ਸੰਸਥਾ ਵਿਸ਼ਵ ਪੰਜਾਬੀ ਸਾਹਿਤਕ ਅਕਾਦਮੀ (ਵਿਪਸਾਅ) ਨੇ ਨੀਲਮ ਸੈਣੀ ਨਾਲ ਦੁੱਖ ਸਾਂਝਾ ਕਰਦਿਆਂ ਇਕ ਬਿਆਨ ਵਿਚ ਕਿਹਾ ਹੈ ਕਿ ਲਾਜ ਸੈਣੀ ਹਮੇਸ਼ਾ ਵਿਪਸਾ ਦੇ ਉਪਾਸ਼ਕ ਰਹੇ ਹਨ ਅਤੇ ਉਨ੍ਹਾਂ ਨੇ ਇਕ ਜਾਗਰੂਕ ਸ਼ਖਸੀਅਤ ਦੀ ਭੂਮਿਕਾ ਨਿਭਾਈ ਹੈ। ਨੀਲਮ ਸੈਣੀ ਦੀ ਆਕਰਸ਼ਕ ਸਾਹਿਤਕ ਅਭਿਵਿਅਕਤੀ ਨੂੰ



*ਲਾਜ ਸੈਣੀ*

ਪ੍ਰਮਾਣਿਕਤਾ ਦੀਆਂ ਸਿਖਰਾਂ 'ਤੇ ਪਹੁੰਚਾਉਣ ਵਿਚ ਉਨ੍ਹਾਂ ਦਾ ਉਸਾਰੂ ਰੋਲ ਰਿਹਾ ਹੈ। ਆਪਣੀ ਜੀਵਨ ਸਾਥਣ ਦੀ ਸਾਹਿਤਕ ਪ੍ਰਤਿਭਾ ਨੂੰ ਸਮਝਣਾ, ਪ੍ਰਵਾਨ ਕਰਨਾ ਅਤੇ ਉਤਸ਼ਾਹ ਦੇਣਾ ਉਨ੍ਹਾਂ ਦੀ ਸ਼ਖਸੀਅਤ ਦਾ ਉਸਾਰੂ ਪੱਖ ਸੀ ਜੋ ਆਪਣੇ ਆਪ ਵਿਚ ਇਕ ਮਿਸਾਲ ਹੈ। ਵਿਪਸਾਅ ਦੇ ਇਕ ਪਰਪੱਕ ਮੈਂਬਰ ਤੇ ਸਾਹਿਤਕ ਮੱਸ ਰੱਖਣ ਵਾਲੇ ਇਕ ਸੰਜੀਦਾ, ਸੁਹਿਰਦ ਅਤੇ ਹਰਮਨ ਪਿਆਰੇ ਲਾਜ ਦਾ ਵਿਛੋੜਾ ਇਕ ਸਦੀਵੀ ਘਾਟ ਹੈ।

ਵਿਪਸਾਅ ਦੇ ਪ੍ਰਧਾਨ ਸੁਖਵਿੰਦਰ ਕੰਬੋਜ, ਕੁਲਵਿੰਦਰ, ਰੇਸ਼ਮ ਸਿੱਧੂ, ਹਰਭਜਨ ਸਿੰਘ ਢਿੱਲੋਂ, ਨੰਨੂ ਸਹੋਤਾ, ਅਮਰਜੀਤ ਕੌਰ ਪਨੂੰ, ਸਰਬਜੀਤ ਸਿੰਘ ਗਿੱਲ, ਸੁਰਿੰਦਰ ਸੀਰਤ, ਜਸਵਿੰਦਰ ਸਿੰਘ, ਗੁਲਸ਼ਨ ਦਿਆਲ, ਤਾਰਾ ਸਾਗਰ, ਜਗਜੀਤ ਨੌਸ਼ਹਿਰਵੀ, ਪਰਮਜੀਤ ਕੌਰ ਗਿੱਲ, ਗੁਰਪ੍ਰੀਤ ਕੌਰ, ਪ੍ਰੋ. ਬਲਜਿੰਦਰ ਸਿੰਘ, ਗੁਰਮੀਤ ਸਿੰਘ ਅਤੇ ਹੋਰ ਮੈਂਬਰਾਂ ਨੇ ਨੀਲਮ ਸੈਣੀ ਅਤੇ ਸਪੁੱਤਰ ਅਭਿਤਾਬ ਸੈਣੀ ਨਾਲ ਦੁੱਖ ਸਾਂਝਾ ਕਰਦਿਆਂ ਪਰਮਾਤਮਾ ਅੱਗੇ ਅਰਦਾਸ ਕੀਤੀ ਹੈ ਕਿ ਉਨ੍ਹਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

ਇਸੇ ਦੌਰਾਨ ਪੰਜਾਬੀ ਗੀਤਕਾਰੀ ਮੰਚ, ਕੈਲੀਫੋਰਨੀਆ ਦੇ ਪ੍ਰਧਾਨ ਮੱਖਣ ਲੁਹਾਰ ਤੇ ਜਨਰਲ ਸਕੱਤਰ ਬਿੱਕਰ ਸਿੰਘ ਕੰਮੇਆਣਾ ਨੇ ਲਾਜ ਸੈਣੀ ਦੀ ਬੇਵਕਤੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਉਹ ਦੁੱਖ ਦੀ ਘੜੀ ਨੀਲਮ ਸੈਣੀ ਦੇ ਦੁੱਖ ਵਿਚ ਸ਼ਰੀਕ ਹਨ।

ਤੰਦੂਰੀਏ ਦੀ ਲੋੜ ਹੈ
ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ ਦੀ ਲੋੜ ਹੈ ਜੋ ਤੰਦੂਰ ਦਾ ਸਾਰਾ ਕੰਮ ਜਾਣਦਾ ਹੋਵੇ। ਚੰਗੀ ਤਨਖਾਹ; ਖਾਣਾ ਤੇ ਰਿਹਾਇਸ਼ ਮੁਫਤ
ਪਤੀ-ਪਤਨੀ ਨੂੰ ਪਹਿਲ
ਸੰਪਰਕ ਕਰੋ: ਮਿ. ਸਿੰਘ
ਫੋਨ: 515-291-1961
8-9

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਨੈਸ਼ਨਲ ਟਰਾਂਸਪੋਰਟ ਕੰਪਨੀ ਲਈ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

# ਵਿੱਤੀ ਤੰਗੀ ਅੱਗੇ ਸਰਕਾਰ ਦਾ ਹਰ ਅਸਤਰ ਪਿਆ ਖੁੰਢਾ

**ਚੰਡੀਗੜ੍ਹ:** ਪੰਜਾਬ ਨੂੰ ਗੰਭੀਰ ਵਿੱਤੀ ਸੰਕਟ ਵਿਚੋਂ ਕੱਢਣ ਲਈ ਕੈਪਟਨ ਅਮਰਿੰਦਰ ਸਿੰਘ ਸਰਕਾਰ ਹਰ ਮੋਰਚੇ ਉਤੇ ਅਸਫਲ ਹੋ ਰਹੀ ਹੈ। ਚਲੰਤ ਮਾਲੀ ਸਾਲ ਦੇ ਬਜਟ ਦਾ ਲੇਖਾ ਜੋਖਾ ਕਰਦਿਆਂ ਇਹ ਤੱਥ ਸਾਹਮਣੇ ਆਉਂਦੇ ਹਨ ਕਿ ਖਰਚਾ 107 ਫੀਸਦੀ ਤੱਕ ਪਹੁੰਚ ਗਿਆ ਹੈ ਤੇ ਬਝਵੇਂ ਖਰਚੇ ਵੀ ਕਰਜ਼ਾ ਚੁੱਕ ਕੇ ਕੀਤੇ ਜਾਂਦੇ ਹਨ। ਪੰਜਾਬ ਸਰਕਾਰ ਦੀ ਵਿੱਤੀ ਫਰੰਟ ਉਤੇ ਹਾਲਤ ਇੰਨੀ ਮਾੜੀ ਬਣੀ ਹੋਈ ਹੈ ਕਿ ਸਾਲਾਨਾ ਆਮਦਨ ਨਾਲੋਂ ਖਰਚੇ ਜ਼ਿਆਦਾ ਹਨ।

ਸਰਕਾਰ ਦੀ ਸਾਰੇ ਸਰੋਤਾਂ ਤੋਂ ਆਮਦਨ ਸਾਲ ਵਿਚ 60 ਹਜ਼ਾਰ ਕਰੋੜ ਰੁਪਏ ਦੇ ਕਰੀਬ ਹੈ, ਜਿਸ ਵਿਚੋਂ 24 ਹਜ਼ਾਰ ਕਰੋੜ ਰੁਪਏ ਸਾਲ ਵਿਚ ਤਨਖਾਹਾਂ ਦੇ ਭੁਗਤਾਨ 'ਤੇ ਖਰਚਿਆ ਜਾਂਦਾ ਹੈ। ਇਸੇ ਤਰ੍ਹਾਂ 10 ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਪੈਨਸ਼ਨਾਂ ਦੇ ਭੁਗਤਾਨ 'ਤੇ ਖਰਚ ਹੋ ਜਾਂਦਾ ਹੈ। ਸਰਕਾਰ ਵੱਲੋਂ ਲਏ ਗਏ ਕਰਜ਼ੇ ਦੀਆਂ ਕਿਸ਼ਤਾਂ ਦੇ ਰੂਪ ਵਿਚ ਸਾਲਾਨਾ 14 ਹਜ਼ਾਰ ਕਰੋੜ ਰੁਪਏ ਅਦਾ ਕੀਤੇ ਜਾਂਦੇ ਹਨ। ਇਸੇ ਤਰ੍ਹਾਂ 11 ਹਜ਼ਾਰ ਕਰੋੜ ਰੁਪਏ ਦੇ ਕਰੀਬ ਸਬਸਿਡੀਆਂ ਦਾ ਅਦਾ ਕਰਨਾ ਸੀ। ਸਪੱਸ਼ਟ ਹੈ ਕਿ ਸਰਕਾਰ ਕੋਲ ਵਿਕਾਸ ਕਾਰਜਾਂ ਜਾਂ ਕੇਂਦਰੀ ਸਕੀਮਾਂ ਵਿਚ ਪੈਸਾ ਪਾਉਣ ਲਈ ਧੇਲਾ ਵੀ ਨਹੀਂ।

ਸਰਕਾਰ ਵੱਲੋਂ ਵਿੱਤੀ ਹਾਲਤ ਸੁਧਾਰਨ ਅਤੇ ਇਸ ਦਿਸ਼ਾ ਵਿਚ ਅਹਿਮ ਫੈਸਲੇ ਲੈਣ ਲਈ ਸਿਹਤ ਮੰਤਰੀ ਬ੍ਰਹਮ ਮਹਿੰਦਰਾ ਅਤੇ ਵਿੱਤ ਮੰਤਰੀ ਮਨਪ੍ਰੀਤ ਬਾਦਲ 'ਤੇ ਅਧਾਰਿਤ ਇਕ ਵਿਸ਼ੇਸ਼ ਕਮੇਟੀ ਬਣਾਈ ਗਈ ਸੀ, ਪਰ ਅਜੇ ਤੱਕ ਸਾਰਥਿਕ ਨਤੀਜੇ ਸਾਹਮਣੇ ਨਹੀਂ ਆਏ। ਹਾਲਾਂਕਿ ਉਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਰਕੀਟ ਫੀਸ ਅਤੇ ਦਿਹਾਤੀ ਵਿਕਾਸ ਫੰਡ ਵਿਚ ਇਕ-ਇਕ ਫੀਸਦੀ ਦਾ ਵਾਧਾ ਵਿੱਤੀ ਹਾਲਤ ਸੁਧਾਰਨ ਲਈ ਚੁੱਕਿਆ ਗਿਆ ਹੀ ਕਦਮ ਹੈ। ਉਂਜ, ਅਧਿਕਾਰੀਆਂ ਦਾ ਮੰਨਣਾ ਹੈ ਕਿ ਵਿੱਤੀ ਹਾਲਤ ਸੁਧਾਰਨ ਦੀ ਦਿਸ਼ਾ ਵਿਚ ਵੱਡੇ ਸੁਧਾਰਾਂ ਅਤੇ ਸਖਤ ਫੈਸਲੇ ਲੈਣ ਦੀ ਜ਼ਰੂਰਤ ਹੈ।



ਕੈਪਟਨ ਸਰਕਾਰ ਨੇ ਹਾਲ ਹੀ 'ਚ ਮੁੱਖ ਮੰਤਰੀ ਤੇ ਮੰਤਰੀਆਂ ਦਾ ਆਮਦਨ ਕਰ ਸਰਕਾਰੀ ਖਜ਼ਾਨੇ ਵਿਚੋਂ ਅਦਾ ਕਰਨ ਦੇ ਫੈਸਲੇ ਨੂੰ ਵਾਪਸ ਲੈ ਕੇ ਚੰਗਾ ਸੰਕੇਤ ਤਾਂ ਦਿੱਤਾ ਹੈ ਪਰ ਸਰਕਾਰ ਨੂੰ ਸਿਆਸੀ ਮੁਲਾਹਜ਼ੇਦਾਰੀਆਂ ਪੁਗਾਉਣ ਲਈ ਕੀਤੀਆਂ ਬੇਲੋੜੀਆਂ ਤੇ ਥੋਕ 'ਚ ਨਿਯੁਕਤੀਆਂ ਰੱਦ ਕਰ ਕੇ ਮਿਸਾਲੀ ਫੈਸਲਾ ਲੈਣਾ ਚਾਹੀਦਾ ਹੈ।

## ਦੇਣਦਾਰੀਆਂ ਦੇ ਭਾਰ ਨੇ ਨੱਪੀ ਸਰਕਾਰ

**ਚੰਡੀਗੜ੍ਹ:** ਕੇਂਦਰ ਤੋਂ ਜੀ.ਐਸ.ਟੀ. ਦਾ ਬਣਦਾ ਹਿੱਸਾ ਸਮੇਂ ਸਿਰ ਨਾ ਮਿਲਣ ਕਰ ਕੇ ਪੰਜਾਬ ਸਰਕਾਰ ਵੱਲ ਕਈ ਵਿਭਾਗਾਂ ਦੇਣਦਾਰੀਆਂ ਵਧ ਗਈਆਂ ਹਨ। ਸੂਬੇ ਵਿਚ ਕਈ ਵਿਭਾਗ ਇਸ ਤਰ੍ਹਾਂ ਦੇ ਹਨ, ਜਿਹੜੇ ਇਸ ਵੇਲੇ ਪੂਰੀ ਤਰ੍ਹਾਂ ਜੀ.ਐਸ.ਟੀ. ਤੋਂ ਆਉਣ ਵਾਲੇ ਹਿੱਸੇ 'ਤੇ ਨਿਰਭਰ ਹਨ। ਪੰਜਾਬ ਸਰਕਾਰ ਦੀ ਸਭ ਤੋਂ ਵੱਡੀ ਦੇਣਦਾਰੀ ਇਸ ਵੇਲੇ ਪਾਵਰਕੌਮ ਦੀ ਹੈ।

ਸਬਸਿਡੀ ਦੀ ਰਕਮ ਸਮੇਂ ਸਿਰ ਨਾ ਮਿਲਣ ਕਰ ਕੇ ਇਹ ਮਾਮਲਾ ਪੰਜਾਬ ਬਿਜਲੀ ਅਥਾਰਿਟੀ ਕਮਿਸ਼ਨ ਕੋਲ ਪੁੱਜ ਗਿਆ ਹੈ। ਸਾਲ 2017-18 ਦੀ ਮੁਫਤ ਬਿਜਲੀ ਦੀ ਸਬਸਿਡੀ ਦੀ ਰਕਮ 11542 ਕਰੋੜ ਦੀ ਅਦਾਇਗੀ ਕੀਤੀ ਜਾਣੀ ਹੈ। ਦੂਜੇ ਪਾਸੇ ਪੰਜਾਬ ਸਰਕਾਰ ਨੇ ਹੋਰ ਜਿਨ੍ਹਾਂ ਅਹਿਮ ਵਿਭਾਗਾਂ ਨੂੰ ਜੀ.ਐਸ.ਟੀ. ਦੇ ਹਿੱਸੇ ਤੋਂ ਰਕਮ ਦੇਣੀ ਹੈ, ਉਨ੍ਹਾਂ ਵਿਚ 146 ਨਗਰ ਨਿਗਮ ਅਤੇ ਕਮੇਟੀਆਂ ਦਾ ਬਣਦਾ 10 ਫੀਸਦੀ ਹਿੱਸਾ, ਜਿਹੜਾ ਕਿ 700 ਕਰੋੜ ਤੋਂ ਜ਼ਿਆਦਾ ਹੈ। 10 ਨਗਰ ਨਿਗਮਾਂ ਅਤੇ ਬਾਕੀ ਨਗਰ ਕੌਂਸਲਾਂ ਵਿਚ ਤਾਂ ਮੁਲਾਜ਼ਮਾਂ ਨੂੰ ਤਨਖਾਹਾਂ ਅਤੇ ਟੈਲੀਫੋਨ, ਬਿਜਲੀ ਦੇ ਬਿੱਲਾਂ ਦੀ ਅਦਾਇਗੀ ਜੀ.ਐਸ.ਟੀ. ਦੇ ਹਿੱਸੇ ਤੋਂ ਆਉਂਦੀ ਰਕਮ ਤੋਂ ਹੀ ਕੀਤੀ ਜਾਂਦੀ ਹੈ। ਫੰਡ ਨਾ ਹੋਣ ਕਰ ਕੇ ਬਜ਼ੁਰਗਾਂ ਦੀਆਂ ਪੈਨਸ਼ਨਾਂ ਦੀ ਅਦਾਇਗੀ ਦਾ ਕੰਮ ਬੰਦ ਪਿਆ ਹੈ, ਜਦੋਂ ਕਿ ਸਸਤੇ ਰਾਸ਼ਨ ਵਾਲੀ ਸਕੀਮ ਤੋਂ ਹੁਣ ਸਿਰਫ ਕਣਕ ਹੀ ਬਚ ਗਈ ਹੈ।

# ਵਿੱਤੀ ਸੰਕਟ ਦੀ ਦੁਹਾਈ ਦੀ ਥਾਂ ਖਰਚੇ ਘਟਾਵੇ ਸਰਕਾਰ: ਹਾਈ ਕੋਰਟ

**ਚੰਡੀਗੜ੍ਹ:** ਕਿਸਾਨ ਕਰਜ਼ ਮੁਆਫੀ ਲਈ ਪੰਜਾਬ ਵਿਚ ਲੱਗਦੇ ਧਰਨਿਆਂ ਦੇ ਮਾਮਲੇ ਦੀ ਸੁਣਵਾਈ ਦੌਰਾਨ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਤਲਖ ਭਰੀ ਟਿੱਪਣੀ ਕਰਦਿਆਂ ਕਿਹਾ ਕਿ ਕਰਜ਼ਾ ਮੁਆਫੀ ਦੀ ਗੱਲ ਤੁਰਨ ਉਤੇ ਵਾਰ-ਵਾਰ ਵਿੱਤੀ ਸੰਕਟ ਦੀ ਦੁਹਾਈ ਦੇਣ ਦੀ ਬਜਾਏ ਸਰਕਾਰ ਆਪਣੇ ਖਰਚ ਕਿਉਂ ਨਹੀਂ ਘਟਾਉਂਦੀ?

ਡਿਵੀਜ਼ਨ ਬੈਂਚ ਨੇ ਇਹ ਟਿੱਪਣੀ ਪੰਜਾਬ ਸਰਕਾਰ ਵੱਲੋਂ ਕਰਜ਼ਾ ਮੁਆਫੀ ਲਈ ਕੋਈ ਠੋਸ ਯੋਜਨਾ ਉਲੀਕਣ ਲਈ ਸਮਾਂ ਮੰਗਣ ਉਤੇ ਕੀਤੀ। ਦਰਅਸਲ, ਪਟਿਆਲਾ ਵਿਚ ਪਿਛਲੇ ਸਾਲ ਕਿਸਾਨ ਜਥੇਬੰਦੀਆਂ ਵੱਲੋਂ ਧਰਨੇ ਦੇ ਸੱਦੇ ਕਾਰਨ ਹਾਈ ਕੋਰਟ ਵਿਚ ਇਕ ਪਟੀਸ਼ਨ ਦਾਖਲ ਕਰ ਕੇ ਕਿਹਾ ਸੀ ਕਿ ਧਰਨੇ ਕਾਰਨ ਲੋਕਾਂ ਨੂੰ ਪਰੇਸ਼ਾਨੀ ਹੋਵੇਗੀ, ਲਿਹਾਜ਼ਾ ਸਮਾਂ ਰਹਿੰਦਿਆਂ ਢੁਕਵੇਂ ਪ੍ਰਬੰਧ ਕੀਤੇ ਜਾਣ। ਇਸੇ ਮਾਮਲੇ ਵਿਚ ਹਾਈ ਕੋਰਟ ਨੇ ਕਿਹਾ ਸੀ ਕਿ ਜੇਕਰ ਸਰਕਾਰਾਂ ਕਿਸਾਨਾਂ ਲਈ ਠੋਸ ਨੀਤੀਆਂ ਬਣਾਉਣ ਤਾਂ ਉਨ੍ਹਾਂ ਵੱਲੋਂ ਧਰਨਾ ਪ੍ਰਦਰਸ਼ਨ ਕਰਨ ਦੀ ਨੌਬਤ ਹੀ ਨਾ ਆਵੇ। ਇਸੇ ਉਤੇ ਹਾਈ ਕੋਰਟ ਨੇ ਸਰਕਾਰ ਕੋਲੋਂ ਪੁੱਛਿਆ ਸੀ ਕਿ ਸਰਕਾਰ ਕੋਲ ਕਿਸਾਨਾਂ ਦੇ ਕਰਜ਼ਿਆਂ ਦੇ ਹੱਲ ਲਈ ਕੀ ਨੀਤੀ ਹੈ? ਇਸ ਬਾਰੇ ਸਰਕਾਰ ਨੇ ਜਵਾਬ ਲਈ ਸਮਾਂ ਮੰਗਿਆ ਸੀ ਤੇ ਹੁਣ ਸੁਣਵਾਈ ਦੌਰਾਨ ਹੋਰ ਸਮਾਂ ਮੰਗਣ ਉਤੇ ਉਪਰੋਕਤ ਟਿੱਪਣੀ ਕੀਤੀ ਗਈ ਹੈ।

ਸੁਣਵਾਈ ਦੌਰਾਨ ਕੇਂਦਰ ਸਰਕਾਰ ਵੱਲੋਂ ਪੇਸ਼ ਹੋਏ ਵਧੀਕ ਸਾਲੀਸਟਰ ਜਨਰਲ ਸਤਿਆਪਾਲ ਜੈਨ ਨੇ ਕਿਹਾ ਕਿ ਸਰਕਾਰਾਂ ਆਪਣੇ ਚੋਣ ਮਨੋਰਥ ਪੱਤਰ ਵਿਚ ਕਈ ਵਾਅਦੇ ਕਰ ਜਾਂਦੀਆਂ ਹਨ ਪਰ ਇਹ ਵਾਅਦੇ ਨਿਭਾਏ ਨਹੀਂ ਜਾਂਦੇ, ਲਿਹਾਜ਼ਾ ਚੋਣ ਮਨੋਰਥ ਪੱਤਰ 'ਚ ਕੀਤੇ ਗਏ ਵਾਅਦਿਆਂ ਨੂੰ ਪੂਰਾ ਕਰਨ ਲਈ ਰਾਜਸੀ ਪਾਰਟੀਆਂ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਣੀ ਚਾਹੀਦੀ ਹੈ ਤੇ ਇਸ ਮੰਗ ਨੂੰ ਲੈ ਕੇ ਇਕ ਕੇਸ ਸੁਪਰੀਮ ਕੋਰਟ ਵਿਚ ਵੀ ਵਿਚਾਰ ਅਧੀਨ ਹੈ। ਫਿਲਹਾਲ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਕਿਸਾਨਾਂ ਦੇ ਕਰਜ਼ਿਆਂ ਸਬੰਧੀ ਸੁਣਵਾਈ ਅੱਗੇ ਪਾ ਦਿੱਤੀ ਹੈ।

# ਹਰਿਮੰਦਰ ਸਾਹਿਬ ਵਿਚ ਵਰਤੇ ਜਾਣਗੇ ਮੱਕੀ ਦੇ ਆਟੇ ਦੇ ਲਿਫਾਫੇ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਹਰਿਮੰਦਰ ਸਾਹਿਬ ਅਤੇ ਇਸ ਦੇ ਆਲੇ ਦੁਆਲੇ ਨੂੰ ਵਾਤਾਵਰਣ ਪੱਖੀ ਬਣਾਉਣ ਦੇ ਯਤਨਾਂ ਤਹਿਤ ਹੁਣ ਇਥੇ ਹੁੰਦੀ ਪਲਾਸਟਿਕ ਦੇ ਲਿਫਾਫੇ ਦੀ ਵਰਤੋਂ ਬੰਦ ਕਰਨ ਦਾ ਫੈਸਲਾ ਕੀਤਾ ਹੈ। ਇਨ੍ਹਾਂ ਦੀ ਥਾਂ ਹੁਣ ਮੱਕੀ ਦੇ ਆਟੇ ਤੋਂ ਬਣੇ ਵਾਤਾਵਰਣ ਪੱਖੀ ਲਿਫਾਫੇ ਵਰਤੇ ਜਾਣ ਦੀ ਯੋਜਨਾ ਹੈ।

ਹਰਿਮੰਦਰ ਸਾਹਿਬ ਵਿਚ ਪਲਾਸਟਿਕ ਦੇ ਲਿਫਾਫਿਆਂ ਦੀ ਵੱਡੀ ਵਰਤੋਂ ਹੋ ਰਹੀ ਹੈ। ਪਲਾਸਟਿਕ ਦੇ ਲਿਫਾਫੇ ਕੜਾਹ ਪ੍ਰਸਾਦ ਲਿਜਾਣ ਲਈ ਵਰਤੇ ਜਾ ਰਹੇ ਹਨ। ਇਸੇ ਤਰ੍ਹਾਂ ਪਿੰਨੀ ਪ੍ਰਸਾਦ ਵਾਸਤੇ ਵੀ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਹੋ ਰਹੀ ਹੈ। ਸ਼੍ਰੋਮਣੀ ਕਮੇਟੀ ਇਨ੍ਹਾਂ ਲਿਫਾਫਿਆਂ ਦੀ ਵਰਤੋਂ ਮੁਕੰਮਲ ਤੌਰ 'ਤੇ ਬੰਦ ਕਰ ਕੇ ਹਰਿਮੰਦਰ ਸਾਹਿਬ ਤੋਂ ਲੋਕਾਂ ਨੂੰ ਇਹ ਸੁਨੇਹਾ ਦੇਣ ਦਾ ਵੀ ਯਤਨ ਕਰੇਗੀ ਕਿ ਸੰਗਤ ਖੁਦ ਵੀ ਵਾਤਾਵਰਣ ਪੱਖੀ ਚੀਜ਼ਾਂ ਦੀ ਵਰਤੋਂ ਕਰੇ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਪਲਾਸਟਿਕ ਦੇ ਲਿਫਾਫਿਆਂ ਦਾ ਬਦਲ ਲੱਭਣ ਲਈ ਪਿਛਲੇ ਲੰਮੇ ਸਮੇਂ ਤੋਂ ਯਤਨ ਕੀਤੇ ਜਾ ਰਹੇ ਹਨ। ਇਨ੍ਹਾਂ ਯਤਨਾਂ ਤਹਿਤ ਹੀ ਈਕੋ ਅੰਮ੍ਰਿਤਸਰ ਤੇ ਦਲਬੀਰ ਫਾਊਂਡੇਸ਼ਨ ਜਥੇਬੰਦੀ ਦੇ ਆਗੂ ਗੁਨਬੀਰ ਸਿੰਘ ਵੱਲੋਂ ਇਸ ਦਾ ਬਦਲ ਸੁਝਾਇਆ ਗਿਆ ਹੈ।

# ਕੈਪਟਨ ਦੇ ਅਫਸਰਸ਼ਾਹੀ ਨਾਲ ਮੋਹ ਤੋਂ ਕਾਂਗਰਸੀ ਲੀਡਰਸ਼ਿਪ ਔਖੀ



**ਚੰਡੀਗੜ੍ਹ:** ਇਕ ਪਾਸੇ ਕਾਂਗਰਸ ਸਰਕਾਰ ਆਰਥਿਕ ਮੰਦੀ ਦੀ ਮਾਰ ਝੱਲ ਰਹੀ ਹੈ ਤੇ ਦੂਜੇ ਪਾਸੇ ਕਾਂਗਰਸੀ ਆਗੂਆਂ ਤੇ ਵਰਕਰਾਂ ਵਿਚ ਇਸ ਗੱਲੋਂ ਨਿਰਾਸ਼ਾ ਦਾ ਆਲਮ ਹੈ ਕਿ ਉਨ੍ਹਾਂ ਦੀ ਕੋਈ ਪੁੱਛ-ਗਿੱਛ ਨਹੀਂ।

ਪੰਜਾਬ ਵਿਚ ਕਾਂਗਰਸ ਸਰਕਾਰ ਬਣੇ ਇਕ ਸਾਲ ਦਾ ਵਕਫਾ ਹੋਣ ਵਾਲਾ ਹੈ। ਸਰਕਾਰ ਆਰਥਿਕ ਮੰਦੀ ਕਾਰਨ ਨਾ ਤਾਂ ਚੋਣਾਂ ਵੇਲੇ ਕੀਤੇ ਲੁਭਾਊ ਵਾਅਦਿਆਂ ਨੂੰ ਪੂਰਾ ਕਰਨ ਲਈ ਕੁਝ ਕਰ ਸਕੀ ਹੈ ਤੇ ਨਾ ਹੀ 10 ਸਾਲ ਸੱਤਾ ਤੋਂ ਬਾਹਰ ਰਹਿ ਕੇ ਸੰਤਾਪ ਝੱਲਣ ਵਾਲੇ ਆਗੂਆਂ ਤੇ ਵਰਕਰਾਂ ਦੀਆਂ ਇੱਛਾਵਾਂ ਨੂੰ ਬੂਰ ਪਾ ਸਕੀ।

ਸੂਬੇ 'ਚ ਮੁੱਖ ਮੰਤਰੀ ਵੱਲੋਂ ਅਨੇਕਾਂ ਅਜਿਹੇ ਅਹੁਦੇ ਤੇ ਜ਼ਿੰਮੇਵਾਰੀਆਂ ਸਾਬਕਾ ਅਫਸਰਾਂ ਹਵਾਲੇ ਕੀਤੀਆਂ ਗਈਆਂ ਹਨ, ਜੋ ਪਹਿਲਾਂ ਸਿਆਸੀ ਲੋਕਾਂ ਲਈ ਹੀ ਰਹੀਆਂ ਹਨ। ਕਿਤੇ ਨਾ ਕਿਤੇ ਸਾਬਕਾ ਅਫਸਰ ਨੂੰ ਹੀ ਫਿੱਟ ਕੀਤਾ ਗਿਆ ਹੈ। ਸੁਰੇਸ਼ ਕੁਮਾਰ ਦੀ ਜੱਦੋ-ਜਹਿਦ ਵਾਲੀ ਨਿਯੁਕਤੀ ਵੀ ਕੈਪਟਨ ਸਰਕਾਰ ਦੀ ਸਾਬਕਾ ਅਫਸਰਾਂ ਪ੍ਰਤੀ ਮੋਹ ਵਾਲੀ ਨੀਤੀ ਦਾ ਖੁਲਾਸਾ ਕਰਦੀ ਹੈ। ਮੌਜੂਦਾ ਅਫਸਰਸ਼ਾਹੀ ਨਾਲ ਮੋਹ ਦੀ ਗੱਲ ਕਰੀਏ ਤਾਂ ਰੌਲਾ ਪਾ-ਪਾ ਕੇ ਕਾਂਗਰਸੀ ਥੱਕ ਗਏ ਪਰ ਅਫਸਰਸ਼ਾਹੀ ਖਿਲਾਫ ਮੁੱਖ ਮੰਤਰੀ ਦਾ ਰਵੱਈਆ ਨਾ ਬਦਲਿਆ। ਬੇਸ਼ੱਕ ਇਸ ਕਾਰਵਾਈ ਨੂੰ ਪ੍ਰਸ਼ਾਸਨਿਕ ਸੁਧਾਰਾਂ ਵਾਲੀ ਦੱਸਿਆ ਜਾ ਰਿਹਾ ਹੈ ਪਰ ਇਹ ਯਤਨ ਕਾਂਗਰਸੀ ਵਰਕਰਾਂ ਨੂੰ ਨਿਰਾਸ਼ਾ ਵੱਲ ਧੱਕ ਰਹੇ ਹਨ।

# ਭ੍ਰਿਸ਼ਟ ਸ਼ਾਸਨ ਦੇ ਮੁੱਦੇ 'ਤੇ ਅਕਾਲੀਆਂ ਤੇ ਕਾਂਗਰਸੀਆਂ ਵੱਲੋਂ ਇਕ ਦੂਜੇ ਵੱਲ ਉਂਗਲ

**ਚੰਡੀਗੜ੍ਹ:** ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਬਾਦਲ ਪਰਿਵਾਰ ਵਿਰੁੱਧ ਸ਼ਬਦੀ ਜੰਗ ਭਖਾ ਦਿੱਤੀ ਹੈ। ਅਕਾਲੀਆਂ ਦੇ ਜਵਾਬ 'ਚ ਸ੍ਰੀ ਸਿੱਧੂ ਨੇ ਬਾਦਲ ਪਰਿਵਾਰ ਨੂੰ ਸਿਆਸਤ ਵਿਚ ਸਭ ਤੋਂ ਭ੍ਰਿਸ਼ਟ ਕਰਾਰ ਦਿੱਤਾ, ਤਾਂ ਸ੍ਰੀ ਜਾਖੜ ਨੇ ਕਿਹਾ ਕਿ ਬਾਦਲਾਂ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਵਿਚ ਲਗਾਤਾਰ ਨਿਘਾਰ ਹੀ ਆਇਆ ਹੈ। ਦੱਸ ਦਈਏ ਕਿ ਅਕਾਲੀ ਦਲ ਬਾਦਲ ਨੇ ਪੋਲ ਖੋਲ੍ਹ ਰੈਲੀਆਂ ਰਾਹੀਂ ਕਾਂਗਰਸ ਸਰਕਾਰ ਦੀਆਂ 'ਨਕਾਮੀਆਂ' ਨੂੰ ਫਰੋਲਨ ਲਈ ਮੁਹਿੰਮ ਵਿੱਢੀ ਹੋਈ ਹੈ। ਇਸ ਦੇ ਜਵਾਬ ਵਿਚ ਸਥਾਨਕ ਸਰਕਾਰਾਂ ਬਾਰੇ ਮੰਤਰੀ ਨੇ ਕਿਹਾ ਕਿ ਬਾਦਲਾਂ ਨੇ ਆਪਣੀਆਂ ਲੋਕ ਵਿਰੋਧੀ ਤੇ ਭ੍ਰਿਸ਼ਟ ਨੀਤੀਆਂ ਨਾਲ ਪੰਜਾਬ ਦੇ ਲੋਕਾਂ ਦੇ ਸ਼ਾਨਦਾਰ ਢੰਗ ਨਾਲ ਜੀਵਨ ਜਿਊਣ ਦੇ ਅਧਿਕਾਰ ਨੂੰ ਵਾਂਝੇ ਕਰ ਦਿੱਤਾ ਤੇ ਸੂਬੇ ਨੂੰ ਦਲਦਲ ਵਿਚ ਧੱਕ ਦਿੱਤਾ ਹੈ।



ਉਨ੍ਹਾਂ ਕਿਹਾ ਕਿ ਪੰਜਾਬ ਵਿਚ ਗੈਂਗਸਟਰ ਅਕਾਲੀਆਂ ਦੀ ਹੀ ਦੇਣ ਹਨ, ਜਿਸ ਕਰ ਕੇ ਸੂਬੇ ਦੀ ਕਾਨੂੰਨ ਵਿਵਸਥਾ ਲੀਹ ਤੋਂ ਲੱਥੀ ਰਹੀ। ਅਕਾਲੀਆਂ ਨੇ ਕਾਂਗਰਸ ਸਰਕਾਰ ਨੂੰ ਜੋ ਵਿਵਸਥਾ ਦਿੱਤੀ ਹੈ, ਉਸ ਨੂੰ ਲੀਹ 'ਤੇ ਲਿਆਉਣ ਲਈ ਕੈਪਟਨ ਸਰਕਾਰ ਨੂੰ ਬਹੁਤ ਮੁਸ਼ੱਕਤ ਕਰਨੀ ਪਵੇਗੀ।

ਸ੍ਰੀ ਸਿੱਧੂ ਨੇ ਕਿਹਾ ਕਿ ਬਾਦਲ ਪਰਿਵਾਰ ਨੇ ਆਪਣੀ ਝੋਲੀ ਵਿਚ 25 ਮੰਤਰਾਲੇ ਰੱਖ ਕੇ ਸਰਕਾਰ ਨੂੰ ਆਪਣੇ ਨਿੱਜੀ ਲਾਭ ਵਿਚ ਬਦਲ ਦਿੱਤਾ ਸੀ। ਬਾਦਲਾਂ ਦੇ ਸ਼ਾਸਨ ਦੌਰਾਨ ਜਮਹੂਰੀਅਤ ਅਤੇ ਆਜ਼ਾਦੀ ਸਿਰਫ ਬਾਦਲ ਐਂਡ ਕੰਪਨੀ ਤੱਕ ਹੀ ਸੀਮਤ ਰਹੀ। ਰੇਤ ਦੀਆਂ ਖੱਡਾਂ ਤੋਂ ਲੈ ਕੇ ਟਰਾਂਸਪੋਰਟ ਅਤੇ ਕੇਬਲ ਤੋਂ ਲੈ ਕੇ ਪ੍ਰਾਹੁਣਾਚਾਰੀ ਤੱਕ ਦਾ ਸੂਬੇ ਦਾ ਸਾਰਾ ਕਾਰੋਬਾਰ ਬਾਦਲਾਂ ਦੀ ਖੁਦਗਰਜ਼ੀ ਅਤੇ ਲੋਭ ਦੇ ਢੱਠੇ ਚੜ੍ਹ ਗਿਆ ਅਤੇ ਇਹ ਲਾਲਚ ਇਨ੍ਹਾਂ ਦੇ ਧੁਰ ਅੰਦਰ ਤੱਕ ਧਸ ਗਿਆ ਜਿਸ ਦੀ ਬਦੌਲਤ ਇਹ ਸਮਾਂ ਗੁਜ਼ਰਨ ਦੇ ਨਾਲ ਅਮੀਰ ਬਣਦੇ ਗਏ ਜਦਕਿ ਇਸ ਦੇ ਉਲਟ ਪੰਜਾਬ ਦੇ ਲੋਕ ਗਰੀਬੀ ਅਤੇ ਤੰਗੀਆਂ-ਤੁਰਸ਼ੀਆਂ ਨਾਲ ਘੁਲਦੇ ਰਹੇ।

# ਬੱਸਾਂ ਦੇ ਰੂਟ ਪਰਮਿਟਾਂ 'ਚ ਹੇਰਫੇਰ 'ਤੇ ਸ਼ਿਕੰਜਾ ਕੱਸਣ ਦੀ ਤਿਆਰੀ

**ਜਲੰਧਰ:** ਅਦਾਲਤੀ ਦਾਬੇ ਪਿੱਛੋਂ ਪੰਜਾਬ ਸਰਕਾਰ ਨੇ ਨਿਯਮਾਂ ਨੂੰ ਉਲੰਘ ਕੇ ਬੱਸਾਂ ਦੇ ਰੂਟ ਪਰਮਿਟਾਂ ਵਿਚ ਕੀਤੇ ਬੇਥਾਹ ਵਾਧੇ ਤੇ ਬਦਲਾਅ ਨੂੰ ਰੱਦ ਕਰਨ ਲਈ ਨੋਟਿਸ ਜਾਰੀ ਕੀਤੇ ਹਨ ਅਤੇ ਸਬੰਧਤ ਬੱਸ ਕੰਪਨੀਆਂ ਨੂੰ ਹਫਤੇ ਵਿਚ ਜਵਾਬ ਦੇਣ ਲਈ ਆਖਿਆ ਗਿਆ ਹੈ। ਪੰਜਾਬ ਦੇ ਟਰਾਂਸਪੋਰਟ ਵਿਭਾਗ ਨੇ ਸਾਰੇ ਖੇਤਰੀ ਟਰਾਂਸਪੋਰਟ ਅਥਾਰਟੀ ਸਕੱਤਰਾਂ ਨੂੰ ਪੱਤਰ ਲਿਖ ਕੇ ਹਦਾਇਤ ਕੀਤੀ ਸੀ ਕਿ ਨਿਯਮਾਂ ਨੂੰ ਉਲੰਘ ਕੇ ਰੂਟ ਪਰਮਿਟਾਂ 'ਚ ਕੀਤੇ ਵਾਧੇ ਤੇ ਬਦਲਾਅ ਨੂੰ ਰੱਦ ਕਰਨ ਲਈ ਤੁਰਤ ਕਾਰਵਾਈ ਅਰੰਭੀ ਜਾਵੇ। ਵਰਨਣਯੋਗ ਹੈ ਕਿ ਕੇਂਦਰ ਸਰਕਾਰ ਦੇ ਮੋਟਰ ਵਾਹਨ ਐਕਟ ਮੁਤਾਬਕ ਕਿਸੇ ਵੀ ਬੱਸ ਰੂਟ ਪਰਮਿਟ ਵਿਚ ਸਿਰਫ ਇਕ ਵਾਰ ਹੀ 24 ਕਿਲੋਮੀਟਰ ਤੱਕ ਦਾ ਵਾਧਾ ਕੀਤਾ ਜਾ ਸਕਦਾ ਹੈ ਅਤੇ ਨਿਸ਼ਚਿਤ ਕੀਤੇ ਰੂਟ ਪਰਮਿਟ 'ਚ ਬਦਲਾਅ ਕਰ ਕੇ ਉਸ ਦੀ ਦਿਸ਼ਾ ਨਹੀਂ ਬਦਲੀ ਜਾ ਸਕਦੀ।

ਸਾਲ 1988 'ਚ ਹੋਂਦ 'ਚ ਆਏ ਮੋਟਰ ਵਾਹਨ ਐਕਟ ਦੀ 1998 ਪਿਛੋਂ ਸਰਕਾਰਾਂ ਤੇ ਅਧਿਕਾਰੀਆਂ ਨੇ ਘੱਟ ਹੀ ਪਰਵਾਹ ਕੀਤੀ ਹੈ। ਇਕ ਵਾਧੇ ਤੋਂ ਬਾਅਦ ਧੜਾਧੜ ਹੋਰ ਵਾਧੇ ਕਰ ਕੇ ਰੂਟ ਪਰਮਿਟਾਂ ਨੂੰ ਅਗਲੇ ਸ਼ਹਿਰਾਂ ਨਾਲ ਜੋੜਿਆ ਜਾਂਦਾ ਰਿਹਾ ਹੈ। ਇਸ ਤਰ੍ਹਾਂ ਇਕ ਸ਼ਹਿਰ ਤੋਂ ਕਿਸੇ ਪਿੰਡ ਨੂੰ ਜਾਰੀ ਕੀਤੇ ਰੂਟ ਪਰਮਿਟ ਵੀ ਕੱਟ ਕੇ ਮੁੱਖ ਸੜਕਾਂ ਰਾਹੀਂ ਅਗਲੇ ਸ਼ਹਿਰਾਂ ਤੱਕ ਜੋੜ ਦਿੱਤੇ ਗਏ ਜੋ ਕਿ ਕਾਨੂੰਨ ਦੀ ਸਰਾਸਰ ਅਵੱਗਿਆ ਹੈ। ਇਸ ਮਾਮਲੇ ਨੂੰ ਲੈ ਕੇ ਪਿਛਲੇ ਕਈ ਸਾਲ ਤੋਂ ਅਦਾਲਤੀ ਚਾਰਾਜੋਈ ਚਲਦੀ ਆਈ ਸੀ ਤੇ ਬਾਦਲ ਸਰਕਾਰ ਸਮੇਂ ਅਦਾਲਤ ਨੇ ਰੂਟ ਪਰਮਿਟਾਂ 'ਚ ਇਕ ਤੋਂ ਵੱਧ ਕੀਤੇ ਸਾਰੇ ਵਾਧੇ ਤੇ ਬਦਲਾਅ ਰੱਦ ਕਰਨ ਦਾ ਹੁਕਮ ਦਿੱਤਾ ਸੀ ਪਰ ਫੈਸਲਾ ਲਾਗੂ ਕਰਨ ਦੀ ਥਾਂ ਆਧੀ ਬਹਾਲੀ ਤਰੀਕਾਂ ਲਈਆਂ ਜਾਂਦੀਆਂ ਰਹੀਆਂ ਹਨ।

ਕੈਪਟਨ ਸਰਕਾਰ ਨੇ ਵੀ ਭਾਵੇਂ ਤੁਰਤ ਨਵੀਂ ਟਰਾਂਸਪੋਰਟ ਨੀਤੀ ਜਾਰੀ ਕਰਨ ਦਾ ਐਲਾਨ ਕੀਤਾ ਸੀ, ਪਰ 11 ਮਹੀਨੇ ਬੀਤ ਜਾਣ ਬਾਅਦ ਵੀ ਨਵੀਂ ਟਰਾਂਸਪੋਰਟ ਨੀਤੀ ਨਹੀਂ ਬਣਾਈ ਗਈ ਪਰ ਹੁਣ ਵਿਭਾਗ ਨੇ ਰੂਟਾਂ ਵਿਚ ਗੈਰ-ਕਾਨੂੰਨੀ ਵਾਧੇ ਤੇ ਬਦਲਾਅ ਰੱਦ ਕਰਨ ਲਈ ਨੋਟਿਸ ਜਾਰੀ ਕਰ ਦਿੱਤੇ ਹਨ। ਟਰਾਂਸਪੋਰਟ ਅਧਿਕਾਰੀਆਂ ਅਨੁਸਾਰ 7 ਹਜ਼ਾਰ ਤੋਂ ਵਧੇਰੇ ਪਰਮਿਟ ਇਸ ਫੈਸਲੇ ਤੋਂ ਪ੍ਰਭਾਵਿਤ ਹੋਣਗੇ ਤੇ ਸਮਝਿਆ ਜਾਂਦਾ ਹੈ ਕਿ ਇਸ ਫੈਸਲੇ ਦਾ ਸਭ ਤੋਂ ਵਧੇਰੇ ਅਸਰ ਬਾਦਲ ਪਰਿਵਾਰ ਦੀ ਟਰਾਂਸਪੋਰਟ 'ਤੇ ਪਵੇਗਾ।

## ਰਾਜ ਸਭਾ ਦੀਆਂ 59 ਸੀਟਾਂ ਲਈ ਚੋਣਾਂ ਦਾ ਐਲਾਨ

**ਨਵੀਂ ਦਿੱਲੀ:** ਚੋਣ ਕਮਿਸ਼ਨ ਨੇ ਰਾਜ ਸਭਾ ਦੀਆਂ 16 ਰਾਜਾਂ 'ਚ ਖਾਲੀ ਪਈਆਂ 59 ਰਾਜ ਸਭਾ ਸੀਟਾਂ ਲਈ ਚੋਣਾਂ ਦਾ ਐਲਾਨ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਕੇਂਦਰੀ ਮੰਤਰੀ ਰਵੀ ਸ਼ੰਕਰ ਪ੍ਰਸਾਦ, ਧਰਮੇਂਦਰ ਪ੍ਰਧਾਨ, ਜੇ.ਪੀ. ਨੱਡਾ, ਥਾਵਰਚੰਦ ਗਹਿਲੋਤ ਤੇ ਰਾਮਦਾਸ ਅਠਵਾਲੇ ਉਨ੍ਹਾਂ ਮੈਂਬਰਾਂ 'ਚ ਸ਼ਾਮਲ ਹਨ ਜਿਨ੍ਹਾਂ ਦੇ ਕਾਰਜਕਾਲ ਦੀ ਮਿਆਦ ਖਤਮ ਹੋ ਰਹੀ ਹੈ।

ਇਸ ਤੋਂ ਬਿਨਾ ਦੋ ਸਾਲਾਂ ਪਿਛੋਂ ਹੋਣ ਵਾਲੀ ਚੋਣਾਂ ਤਹਿਤ ਚੋਣ ਕਮਿਸ਼ਨ ਨੇ ਸੰਸਦ ਮੈਂਬਰ ਵਿਰੇਂਦਰ ਕੁਮਾਰ ਵੱਲੋਂ ਦਸੰਬਰ ਵਿਚ ਅਸਤੀਫਾ ਦਿੱਤੇ ਜਾਣ ਤੋਂ ਬਾਅਦ ਖਾਲੀ ਹੋਈ ਕੇਰਲਾ ਤੋਂ ਰਾਜ ਸਭਾ ਸੀਟ ਦੀ ਉਪ ਚੋਣ ਦਾ ਐਲਾਨ ਵੀ ਕਰ ਦਿੱਤਾ ਹੈ। ਚੋਣ ਕਮਿਸ਼ਨ ਨੇ ਕਿਹਾ ਕਿ ਇਨ੍ਹਾਂ ਚੋਣਾਂ ਲਈ ਵੋਟਾਂ 23 ਮਾਰਚ ਨੂੰ ਪੈਣਗੀਆਂ।

## ਪਹਿਲੀ ਜੁਲਾਈ ਤੋਂ 13 ਅੰਕਾਂ ਦਾ ਹੋਵੇਗਾ ਮੋਬਾਈਲ ਨੰਬਰ

**ਨਵੀਂ ਦਿੱਲੀ:** ਹੁਣ ਮੋਬਾਈਲ ਨੰਬਰ 10 ਨਹੀਂ, ਬਲਕਿ 13 ਅੰਕਾਂ ਦਾ ਹੋਵੇਗਾ। ਪਹਿਲੀ ਜੁਲਾਈ ਤੋਂ ਬਾਅਦ ਨਵਾਂ ਨੰਬਰ ਲੈਣ 'ਤੇ 13 ਅੰਕਾਂ ਦਾ ਨਵਾਂ ਮੋਬਾਈਲ ਨੰਬਰ ਮਿਲੇਗਾ। ਪਿਛਲੇ ਦਿਨੀਂ ਦਿੱਲੀ 'ਚ ਹੋਈ ਬੈਠਕ ਦੌਰਾਨ ਇਸ ਸਬੰਧੀ ਫੈਸਲਾ ਲਿਆ ਗਿਆ ਹੈ।

ਬੈਠਕ 'ਚ ਕਿਹਾ ਗਿਆ ਹੈ ਕਿ 10 ਅੰਕਾਂ ਦੇ ਲੈਵਲ 'ਚ ਹੁਣ ਨਵੇਂ ਮੋਬਾਈਲ ਨੰਬਰਾਂ ਦੀ ਗੁੰਜਾਇਸ਼ ਨਹੀਂ ਬਚੀ ਹੈ। ਇਸ ਕਾਰਨ 10 ਤੋਂ ਜ਼ਿਆਦਾ ਅੰਕਾਂ ਦੀ ਸਿਰੀਜ਼ ਸ਼ੁਰੂ ਕੀਤੀ ਜਾਵੇ ਅਤੇ ਬਾਅਦ 'ਚ ਸਾਰੇ ਮੋਬਾਈਲ ਨੰਬਰਾਂ ਨੂੰ 13 ਅੰਕਾਂ ਦਾ ਕਰ ਦਿੱਤਾ ਜਾਵੇਗਾ।

# ਬੈਂਕ ਲੋਟੂਆਂ ਦੀਆਂ ਬੜੀਆਂ ਡੂੰਘੀਆਂ ਜੜ੍ਹਾਂ

**ਨਵੀਂ ਦਿੱਲੀ:** ਹੀਰਾ ਕਾਰੋਬਾਰੀ ਨੀਰਵ ਮੋਦੀ, ਮੇਹੁਲ ਚੋਕਸੀ ਅਤੇ ਰੋਟੋਮੈਕ ਪੈੱਨਜ਼ ਦੇ ਮਾਲਕ ਵੱਲੋਂ ਬੈਂਕਾਂ ਨਾਲ ਵੱਡੀਆਂ ਵਿੱਤੀ ਗੜਬੜੀਆਂ ਦਾ ਪਰਦਾਫਾਸ਼ ਹੋਣ ਮਗਰੋਂ ਬੈਂਕਾਂ ਨਾਲ ਤਿੰਨ ਹੋਰ ਵਿੱਤੀ ਧੋਖਾਧੜੀ ਦੇ ਮਾਮਲੇ ਸਾਹਮਣੇ ਆਏ ਹਨ। ਤਿੰਨ ਵੱਖੋ ਵੱਖਰੇ ਬੈਂਕਾਂ ਵੱਲੋਂ ਇਕ ਜਿਊਲਰ, ਕਾਰੋਬਾਰੀ ਅਤੇ ਬੈਂਕ ਅਧਿਕਾਰੀ ਖਿਲਾਫ਼ ਦਿੱਤੀਆਂ ਸ਼ਿਕਾਇਤਾਂ ਦੇ ਆਧਾਰ ਉੱਤੇ ਸੀ.ਬੀ.ਆਈ. ਨੇ ਕੇਸ ਦਰਜ ਕੀਤੇ ਹਨ।

ਸੀ.ਬੀ.ਆਈ. ਨੇ ਦਿੱਲੀ ਦੇ ਕਰੋਲ ਬਾਗ ਅਧਾਰਤ ਜਿਊਲਰ ਕੰਪਨੀ ਦਵਾਰਕਾ ਦਾਸ ਸੇਠ ਇੰਟਰਨੈਸ਼ਨਲ ਖਿਲਾਫ਼ ਓਰੀਐਂਟਲ ਬੈਂਕ ਆਫ ਕਾਮਰਸ ਨਾਲ 389.85 ਕਰੋੜ ਰੁਪਏ ਦੀ ਧੋਖਾਧੜੀ ਦੇ ਮਾਮਲੇ 'ਚ ਕੇਸ ਦਰਜ ਕੀਤਾ ਹੈ। ਇਸ ਤੋਂ ਪਹਿਲਾਂ ਸੀ.ਬੀ.ਆਈ. ਨੇ ਬੈਂਕ ਆਫ ਮਹਾਰਾਸ਼ਟਰ ਦੀ ਸ਼ਿਕਾਇਤ 'ਤੇ ਕਾਰੋਬਾਰੀ ਅਮਿਤ ਸਿੰਗਲਾ ਅਤੇ ਹੋਰਾਂ ਖਿਲਾਫ਼ ਜਾਅਲੀ ਦਸਤਾਵੇਜ਼ਾਂ ਰਾਹੀਂ ਕਰਜ਼ਾ ਲੈਣ ਦਾ ਕੇਸ ਦਰਜ ਕੀਤਾ ਸੀ। ਇਸੇ ਤਰ੍ਹਾਂ ਜਾਂਚ ਏਜੰਸੀ ਨੇ ਪੰਜਾਬ ਨੈਸ਼ਨਲ ਬੈਂਕ ਦੀ ਬਾੜਮੇਰ ਸ਼ਾਖਾ (ਰਾਜਸਥਾਨ) ਦੇ ਸੀਨੀਅਰ ਬ੍ਰਾਂਚ ਮੈਨੇਜਰ ਇੰਦਰ ਚੰਦ ਚੰਦਾਵਤ ਖਿਲਾਫ਼ ਆਪਣੇ ਅਹੁਦੇ ਦੀ ਦੁਰਵਰਤੋਂ ਕਰ ਕੇ ਦੋ ਕਰੋੜ ਰੁਪਏ ਦਾ ਘਪਲਾ ਕਰਨ ਦੇ ਦੋਸ਼ ਹੇਠ ਕੇਸ ਦਰਜ ਕੀਤਾ।

ਓਰੀਐਂਟਲ ਬੈਂਕ ਆਫ ਕਾਮਰਸ ਨੇ ਦੋਸ਼ ਲਾਇਆ ਕਿ ਦਿੱਲੀ ਦੇ ਹੀਰਾ ਕਾਰੋਬਾਰੀ ਅਤੇ ਜਿਊਲਰ ਦਵਾਰਕਾ ਦਾਸ ਸੇਠ ਇੰਟਰਨੈਸ਼ਨਲ ਅਤੇ ਉਸ ਦੇ ਮਾਲਕ ਸਭਿਆ ਸੇਠ ਵੱਲੋਂ ਬੈਂਕ ਤੋਂ ਲਿਆ ਕਰਜ਼ਾ 2014 'ਚ ਡੁੱਬ ਗਿਆ ਸੀ ਪਰ ਬੈਂਕ ਨੇ ਸੀ.ਬੀ.ਆਈ. ਕੋਲ ਪਿਛਲੇ ਸਾਲ 16 ਅਗਸਤ ਨੂੰ ਪਹੁੰਚ ਕੀਤੀ ਜਿਸ ਮਗਰੋਂ ਸੇਠ ਮੁਲਕ ਤੋਂ ਭੱਜ ਗਿਆ। ਬੈਂਕ ਮੁਤਾਬਕ ਕੰਪਨੀ ਨੇ 2007 ਅਤੇ 2012 ਦਰਮਿਆਨ ਆਪਣੇ ਕਾਰੋਬਾਰ ਲਈ ਇਕ ਬੈਂਕ ਤੋਂ ਦੂਜੇ ਬੈਂਕ ਲਈ ਗਾਰੰਟੀ ਪੱਤਰ ਹਾਸਲ ਕਰ ਕੇ ਕਰਜ਼ੇ ਲਏ ਪਰ ਉਨ੍ਹਾਂ ਨੂੰ ਮੋੜਿਆ ਨਹੀਂ। ਬੈਂਕ ਵੱਲੋਂ ਕੀਤੀ ਗਈ ਜਾਂਚ ਵਿਚ ਪਤਾ ਲੱਗਿਆ ਕਿ ਕੰਪਨੀ ਨੇ ਵਿਦੇਸ਼ ਵਿਚ ਫਰਜ਼ੀ ਕੰਪਨੀਆਂ ਬਣਾ ਕੇ ਬੈਂਕ ਨੂੰ ਚੂਨਾ ਲਾਇਆ।

ਦਿੱਲੀ ਦੇ ਕਾਰੋਬਾਰੀ ਅਮਿਤ ਸਿੰਗਲਾ ਅਤੇ ਉਸ ਦੀ ਕੰਪਨੀ ਨੇ 2010 ਅਤੇ 2012 ਵਿਚਕਾਰ ਬੈਂਕ ਆਫ ਮਹਾਰਾਸ਼ਟਰ ਤੋਂ ਸਾਢੇ 9 ਕਰੋੜ ਰੁਪਏ ਲਏ। ਉਸ ਨੇ ਇਸ ਦੇ ਇਵਜ਼ ਵਿਚ ਦਿੱਲੀ ਅਤੇ ਹਰਿਆਣਾ ਵਿਚ ਤਿੰਨ ਸੰਪਤੀਆਂ ਗਿਰਵੀ ਰੱਖੀਆਂ। ਕਰਜ਼ਾ ਲੈਣ ਸਮੇਂ ਇਸ ਦੀ ਕੀਮਤ 18 ਕਰੋੜ ਰੁਪਏ ਦੱਸੀ ਗਈ ਸੀ। ਸਾਲ 2013 ਵਿਚ ਇਹ ਕਰਜ਼ਾ ਡੁੱਬ ਗਿਆ ਅਤੇ ਬੈਂਕ ਨੇ ਗਿਰਵੀ ਰੱਖੀ ਸੰਪਤੀ ਵਿਚੋਂ ਇਕ ਨੂੰ ਵੇਚ ਦਿੱਤਾ, ਪਰ ਸੰਪਤੀਆਂ ਦੀ ਅਸਲ ਬਾਜ਼ਾਰ ਕੀਮਤ ਮਹਿਜ਼ ਢਾਈ ਕਰੋੜ ਰੁਪਏ ਰਹਿ ਗਈ। ਬੈਂਕ ਆਫ ਮਹਾਰਾਸ਼ਟਰ ਦੀ ਐਫ.ਆਈ.ਆਰ. ਵਿਚ ਸਿੰਗਲਾ, ਦਿੱਲੀ ਅਧਾਰਤ ਆਸ਼ੀਰਵਾਦ ਚੇਨ ਕੰਪਨੀ ਦੇ ਪ੍ਰੋਪਰਾਈਟਰ, ਗਾਰੰਟਰ ਰੋਸ਼ਨ ਲਾਲ ਭਲੋਟੀਆ, ਸੰਪਤੀ ਦਾ ਮੁੱਲ ਪਾਉਣ ਵਾਲੀ ਕੰਪਨੀ ਟੈਕ ਮੈਕ ਇੰਟਰਨੈਸ਼ਨਲ ਅਤੇ ਬੈਂਕ ਦੇ ਅਣਪਛਾਤੇ ਅਧਿਕਾਰੀਆਂ ਦੇ ਨਾਮ ਸ਼ਾਮਲ ਹਨ।

### ਕੈਪਟਨ ਦੇ ਜਵਾਈ 'ਤੇ ਪਰਚਾ ਦਰਜ

**ਨਵੀਂ ਦਿੱਲੀ:** ਓਰੀਐਂਟਲ ਬੈਂਕ ਆਫ ਕਾਮਰਸ (ਓ.ਬੀ.ਸੀ.) ਵਿਚ ਤਕਰੀਬਨ 200 ਕਰੋੜ ਦੇ ਘਪਲੇ ਦਾ ਪਤਾ ਲੱਗਾ ਹੈ। ਇਸ ਘੁਟਾਲੇ ਵਿਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਜਵਾਈ ਗੁਰਪਾਲ ਸਿੰਘ ਮਾਨ ਦਾ ਨਾਮ ਵੀ ਸ਼ਾਮਲ ਹੈ।

ਗੁਰਪਾਲ ਸਿੰਘ ਮਾਨ ਸਿੰਭਾਵਲੀ ਸ਼ੂਗਰ ਮਿੱਲ ਲਿਮਟਿਡ ਦੇ ਡਿਪਟੀ ਐਮ.ਡੀ. ਹਨ। ਮਾਨ ਤੋਂ ਇਲਾਵਾ ਸੀ.ਬੀ.ਆਈ. ਨੇ ਮਿੱਲ ਦੇ ਚੇਅਰਮੈਨ ਗੁਰਮੀਤ ਸਿੰਘ ਤੇ ਸੀ.ਈ.ਓ. ਜੀ.ਐਸ.ਟੀ. ਰਾਵ ਸਮੇਤ ਤਕਰੀਬਨ 10 ਵਿਅਕਤੀਆਂ ਉਤੇ ਮਾਮਲਾ ਦਰਜ ਕੀਤਾ ਹੈ। ਇਹ ਧੋਖਾਧੜੀ ਓ.ਬੀ.ਸੀ. ਦੀ ਮੇਰਠ ਬਰਾਂਚ ਵਿਚ 2011 ਵਿਚ ਤੇ ਫਿਰ 2015 ਵਿਚ ਕੀਤੀ ਗਈ। ਸਿੰਭਾਵਲੀ ਸ਼ੂਗਰ ਮਿੱਲ ਦੇਸ਼ ਦੀਆਂ ਸਭ ਤੋਂ ਵੱਡੀਆਂ ਸ਼ੂਗਰ ਕੰਪਨੀਆਂ ਵਿਚੋਂ ਹੈ।

### ਰਾਹੁਲ ਨੇ ਘੇਰਿਆ ਮੋਦੀ

**ਨਵੀਂ ਦਿੱਲੀ:** ਹੋਰ ਬੈਂਕ ਘਪਲੇ ਸਾਹਮਣੇ ਆਉਣ 'ਤੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਮੋਦੀ ਸਰਕਾਰ 'ਤੇ ਸ਼ਬਦੀ ਵਾਰ ਕਰਦਿਆਂ ਦੋਸ਼ ਲਾਏ ਕਿ ਦਿੱਲੀ ਅਧਾਰਤ



ਹੀਰਾ ਜਿਊਲਰ ਵੀ ਨੀਰਵ ਮੋਦੀ ਅਤੇ ਵਿਜੇ ਮਾਲਿਆ ਵਾਂਗ ਗਾਇਬ ਹੋ ਗਿਆ। ਉਨ੍ਹਾਂ ਕਿਹਾ ਕਿ ਸਰਕਾਰ ਮੂੰਹ ਫੇਰ ਕੇ ਦੂਜੇ ਪਾਸੇ ਦੇਖਦੀ ਰਹੀ ਅਤੇ ਘਪਲੇਬਾਜ਼ ਬਾਹਰ ਭੱਜ ਗਿਆ।

### ਨੁਕਤਾਚੀਨੀ ਪਿੱਛੋਂ ਮੋਦੀ ਨੇ ਵੀ ਤੋੜੀ ਚੁੱਪ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਭਾਰਤ ਦੇ ਜਨਤਕ ਖੇਤਰ ਦੇ ਦੂਜੇ ਸਭ ਤੋਂ ਵੱਡੇ ਬੈਂਕ ਪੰਜਾਬ ਨੈਸ਼ਨਲ ਬੈਂਕ ਵਿਚ ਹੋਏ 11400 ਕਰੋੜ ਰੁਪਏ ਦੇ ਘਪਲੇ ਸਬੰਧੀ ਆਪਣੀ ਚੁੱਪ ਤੋੜਦਿਆਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਵਿੱਤੀ ਅਨਿਯਮਤਾਵਾਂ ਖਿਲਾਫ਼ ਸਖਤ ਕਾਰਵਾਈ ਕਰੇਗੀ ਅਤੇ ਜਨਤਾ ਦੇ ਪੈਸੇ ਦੀ ਲੁੱਟ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਹਰਿਆਣਾ ਦੇ ਸਕੂਲਾਂ ਵਿਚ ਹੁਣ ਗਾਇਤਰੀ ਮੰਤਰ ਦਾ ਜਾਪ

**ਚੰਡੀਗੜ੍ਹ:** ਸਕੂਲੀ ਕਿਤਾਬਾਂ ਵਿਚ ਬੱਚਿਆਂ ਨੂੰ ਭਗਵਤ ਗੀਤਾ ਤੋਂ ਜਾਣੂ ਕਰਾਉਣ ਤੋਂ ਬਾਅਦ ਹਰਿਆਣਾ ਸਰਕਾਰ ਹੁਣ ਸਰਕਾਰੀ ਸਕੂਲਾਂ ਦੀ ਸਵੇਰ ਦੀ ਸਭਾ ਵਿਚ ਗਾਇਤਰੀ ਮੰਤਰ ਦਾ ਜਾਪ



ਸ਼ੁਰੂ ਕਰਨ ਜਾ ਰਹੀ ਹੈ।

ਸਿੱਖਿਆ ਮੰਤਰੀ ਰਾਮ ਬਿਲਾਸ ਸ਼ਰਮਾ ਨੇ ਕਿਹਾ ਕਿ ਇਸ ਸਬੰਧੀ ਫੈਸਲਾ ਸਿੱਖਿਆ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਤੋਂ ਬਾਅਦ ਲਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਗਾਇਤਰੀ ਮੰਤਰ ਹਰਿਆਣਾ ਦੇ ਸਰਕਾਰੀ ਸਕੂਲਾਂ ਵਿਚ ਸਵੇਰ ਦੀ ਸਭਾ ਦਾ ਹਿੱਸਾ ਹੋਣਗੇ। 2015 ਵਿਚ ਭਾਜਪਾ ਸਰਕਾਰ ਨੇ ਸੂਬੇ ਦੇ ਸਕੂਲਾਂ ਦੇ ਸਿਲੇਬਸ ਵਿਚ ਗੀਤਾ ਪਾਠ ਸਮੇਤ ਹੋਰ ਧਾਰਮਿਕ ਕਿਤਾਬਾਂ ਸ਼ੁਰੂ ਕਰਨ ਦਾ ਫੈਸਲਾ ਲਿਆ ਸੀ, ਪਰ ਵਿਰੋਧ ਕਾਰਨ ਇਸ ਨੂੰ ਰੋਕ ਲਿਆ ਗਿਆ। ਬਾਅਦ ਵਿਚ ਜੂਨ 2016 ਵਿਚ ਇਸ ਨੂੰ ਸਿਲੇਬਸ ਵਿਚ ਸ਼ਾਮਲ ਕੀਤਾ ਗਿਆ।

## ਕਮਲ ਹਾਸਨ ਵੱਲੋਂ ਨਵੀਂ ਸਿਆਸੀ ਪਾਰਟੀ ਦਾ ਐਲਾਨ

**ਮਦੂਰਈ:** ਦੱਖਣ ਦੇ ਨਾਮੀ ਅਦਾਕਾਰ ਕਮਲ ਹਾਸਨ ਨੇ ਇਕ ਰੈਲੀ ਦੌਰਾਨ ਸਿਆਸੀ ਪਾਰਟੀ ਦਾ ਐਲਾਨ ਕਰ ਦਿੱਤਾ। ਪਾਰਟੀ ਦਾ ਨਾਂ ਮੱਕਲ ਨੀਤੀ ਮਾਇਯਾਮ ਭਾਵ ਲੋਕ ਨਿਆਂ ਕੇਂਦਰ (ਐਮ.ਐਨ.ਐਮ.) ਰੱਖਿਆ ਗਿਆ ਹੈ। ਇਸ ਮੌਕੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਹੋਰ ਪਤਵੰਤੇ ਹਾਜ਼ਰ ਸਨ। ਸ੍ਰੀ ਹਾਸਨ ਦੀਆਂ ਅਨੇਕਾਂ ਫਿਲਮਾਂ ਦੀ ਹੀਰੋਇਨ ਸ੍ਰੀਪ੍ਰਿਆ ਨੂੰ ਵੀ ਪਾਰਟੀ ਦੀ ਅਹਿਮ ਕਮੇਟੀ ਦੀ ਮੈਂਬਰ ਬਣਾਇਆ ਹੈ।



ਇਸ ਤੋਂ ਪਹਿਲਾਂ ਉਨ੍ਹਾਂ ਰਾਮੇਸ਼ਵਰਮ ਵਿਚ ਸਾਬਕਾ ਰਾਸ਼ਟਰਪਤੀ ਏ.ਪੀ.ਜੇ. ਅਬਦੁਲ ਕਲਾਮ ਦੇ ਘਰ ਪੁੱਜ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਆਪਣੇ ਸਿਆਸੀ ਸਫਰ ਦੀ ਸ਼ੁਰੂਆਤ ਕੀਤੀ। ਉਨ੍ਹਾਂ 'ਮਿਜ਼ਾਈਲਮੈਨ' ਵਜੋਂ ਜਾਣੇ ਜਾਂਦੇ ਮਰਹੂਮ ਸ੍ਰੀ ਕਲਾਮ ਨੂੰ ਆਪਣਾ ਆਦਰਸ਼ ਕਰਾਰ ਦਿੱਤਾ ਤੇ ਉਨ੍ਹਾਂ ਦੇ ਭਰਾ ਮੁਹੰਮਦ ਐਮ.ਐਲ. ਮਰਾਇਕਾਯਰ ਦਾ ਆਸ਼ੀਰਵਾਦ ਲਿਆ।

# ਭਾਰਤ ਦੇ 101 ਅਰਬਪਤੀਆਂ ਕੋਲ ਕੁੱਲ ਪੂੰਜੀ ਦਾ 15 ਫੀਸਦੀ ਹਿੱਸਾ

**ਨਵੀਂ ਦਿੱਲੀ:** ਭਾਰਤ ਵਿਚ ਤਿੰਨ ਦਹਾਕਿਆਂ ਤੋਂ ਆਰਥਿਕ ਅਸਮਾਨਤਾ ਲਗਾਤਾਰ ਵਧ ਰਹੀ ਹੈ। ਸਰਕਾਰ ਦੀਆਂ ਢਿੱਲ-ਮੱਠ ਵਾਲੀਆਂ ਨੀਤੀਆਂ ਕਾਰਨ ਭਾਰਤ ਦੇ ਸਿਰਫ 101 ਅਰਬਪਤੀਆਂ ਕੋਲ ਦੇਸ਼ ਦੀ ਕੁੱਲ ਪੂੰਜੀ ਦਾ 15 ਫੀਸਦੀ ਹਿੱਸਾ ਹੈ। ਇਹ ਗੱਲ ਔਕਸਫਾਮ ਇੰਡੀਆ ਦੀ ਰਿਪੋਰਟ 'ਚ ਆਖੀ ਗਈ ਹੈ। ਇਸ ਵਿਚ ਕਿਹਾ ਗਿਆ ਕਿ ਭਾਰਤ 'ਚ ਧਨੀ ਵਿਅਕਤੀਆਂ ਕੋਲ ਦੌਲਤ ਦਾ ਇਕ ਵੱਡਾ ਹਿੱਸਾ ਹੈ ਜੋ ਕਿ ਇਨ੍ਹਾਂ ਦੇ ਪੂਜੀਵਾਦੀਆਂ ਨਾਲ ਸਬੰਧਾਂ ਅਤੇ ਵਿਰਾਸਤੀ ਰੂਪ 'ਚ ਇਕੱਠਾ ਕੀਤਾ ਗਿਆ ਹੈ ਜਦ ਕਿ ਹੇਠਲੇ ਪੱਧਰ ਦੇ ਲੋਕ ਹੋਰ ਗਰੀਬ ਹੋ ਰਹੇ ਹਨ।

ਔਕਸਫਾਮ ਇੰਡੀਆ ਦੇ ਸੀ.ਈ.ਓ. ਨਿਸ਼ਾ ਅਗਰਵਾਲ ਨੇ ਕਿਹਾ ਕਿ ਇਹ ਆਰਥਿਕ ਅਸਮਾਨਤਾਵਾਂ 1991 'ਚ ਉਦਾਰੀਕਰਨ ਦੇ ਦੌਰਾਨ ਅਪਣਾਏ ਗਏ ਸੁਧਾਰਾਂ ਦੇ ਪੈਕੇਜ ਦਾ ਨਤੀਜਾ ਹਨ ਅਤੇ ਬਾਅਦ ਵਿਚ ਵੀ ਅਜਿਹੀਆਂ ਨੀਤੀਆਂ ਲਾਗੂ ਕੀਤੀਆਂ ਜਾਂਦੀਆਂ ਰਹੀਆਂ। ਰਿਪੋਰਟ ਦੇ ਤਾਜ਼ਾ ਸਰਵੇ ਅਨੁਸਾਰ ਕੁੱਲ ਪੂੰਜੀ ਦਾ 15 ਫੀਸਦੀ ਹਿੱਸਾ ਸਿਰਫ ਦੇਸ਼ ਦੇ 101 ਅਰਬਪਤੀਆਂ ਕੋਲ ਹੈ ਅਤੇ ਇਸ ਦਾ 10 ਫੀਸਦੀ ਵਾਧਾ ਪਿਛਲੇ 5 ਸਾਲਾਂ 'ਚ ਹੋਇਆ ਹੈ। 'ਭਾਰਤ ਵਿਚ ਆਰਥਿਕ ਅਸਮਾਨਤਾ ਰਿਪੋਰਟ-2018'



ਵਿਚ ਦੱਸਿਆ ਗਿਆ ਕਿ ਭਾਰਤ ਦੁਨੀਆਂ ਭਰ ਦੇ ਮੁੱਖ ਆਰਥਿਕ ਅਸਮਾਨਤਾ ਵਾਲੇ ਦੇਸ਼ਾਂ 'ਚ ਆਮਦਨ, ਖਪਤ, ਪੂੰਜੀ ਆਦਿ ਸਾਰੇ ਮਾਪਦੰਡਾਂ 'ਤੇ ਸ਼ੁਮਾਰ ਹੋ ਰਿਹਾ ਹੈ ਅਤੇ ਇਸ ਪਿੱਛੇ ਸਰਕਾਰਾਂ ਦੀਆਂ ਲਗਾਤਾਰ ਢਿੱਲ-ਮੱਠ ਵਾਲੀਆਂ ਨੀਤੀਆਂ ਜ਼ਿੰਮੇਵਾਰ ਹਨ।

# 'ਸਿਆਸੀ ਬਿਆਨਬਾਜ਼ੀ' ਉਤੇ ਘਿਰਿਆ ਜਨਰਲ ਰਾਵਤ

**ਨਵੀਂ ਦਿੱਲੀ:** ਥਲ ਸੈਨਾ ਮੁਖੀ ਜਨਰਲ ਬਿਪਿਨ ਰਾਵਤ ਦੀ 'ਸਿਆਸੀ ਬਿਆਨਬਾਜ਼ੀ' ਦੀ ਵੱਡੇ ਪੱਧਰ 'ਤੇ ਨੁਕਤਾਚੀਨੀ ਹੋ ਰਹੀ ਹੈ। ਆਲ ਇੰਡੀਆ ਯੂਨਾਈਟਿਡ ਡੈਮੋਕਰੈਟਿਕ ਫਰੰਟ ਦੇ ਪ੍ਰਧਾਨ ਬਦਰੂਦੀਨ ਅਜਮਲ ਨੇ ਕਿਹਾ ਕਿ ਉਨ੍ਹਾਂ ਦੀ ਜ਼ਿੰਮੇਵਾਰੀ ਹਥਿਆਰਬੰਦ ਸੈਨਾਵਾਂ ਦੀ ਅਗਵਾਈ ਕਰਨਾ ਹੈ, ਨਾ ਕਿ ਕਿਸੇ ਰਾਜਸੀ ਪਾਰਟੀ ਦੇ ਵਿਕਾਸ ਦੀ ਨਿਗਰਾਨੀ ਕਰਨਾ।

ਫਰੰਟ ਦੇ ਮੁਖੀ ਬਦਰੂਦੀਨ ਅਜਮਲ ਨੇ ਕਿਹਾ ਕਿ ਉਹ ਸੈਨਾ ਮੁਖੀ ਵੱਲੋਂ ਦਿੱਤੇ ਬਿਆਨ ਵਿਰੁੱਧ ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਕੇਂਦਰੀ ਗ੍ਰਹਿ ਮੰਤਰੀ ਨੂੰ ਮਿਲ ਕੇ ਸਪਸ਼ਟੀਕਰਨ ਲੈਣਗੇ। ਉਨ੍ਹਾਂ ਕਿਹਾ ਕਿ ਉਹ ਰਾਵਤ ਦੀ ਸੈਨਾ ਮੁਖੀ ਵਜੋਂ ਇੱਜ਼ਤ ਕਰਦੇ ਹਨ ਪਰ ਉਨ੍ਹਾਂ ਵੱਲੋਂ ਫਰੰਟ ਬਾਰੇ ਦਿੱਤਾ ਬਿਆਨ ਉਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਨਹੀਂ ਆਉਂਦਾ। ਦੱਸ ਦਈਏ ਕਿ ਗੁਹਾਟੀ ਵਿਚ ਇਕ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਜਨਰਲ ਰਾਵਤ ਨੇ ਚਿਤਾਵਨੀ ਦਿੱਤੀ ਕਿ ਬੰਗਲਾਦੇਸ਼ ਤੋਂ ਲੋਕਾਂ ਦੀ ਅਸਾਮ ਵਿਚ ਆਮਦ ਲਗਾਤਾਰ ਵਧ ਰਹੀ ਹੈ ਅਤੇ ਇਹ ਵਾਧਾ ਪਾਕਿਸਤਾਨ ਵੱਲੋਂ ਚੀਨ ਦੀ ਹਮਾਇਤ ਨਾਲ ਛੇੜੀ ਗਈ ਲੁਕਵੀਂ ਜੰਗ ਦਾ





ਹਿੱਸਾ ਹੈ। ਉਨ੍ਹਾਂ ਨੇ ਆਪਣੇ ਇਸ ਦਾਅਵੇ ਦੇ ਹੱਕ ਵਿਚ ਅਸਾਮ ਦੇ ਕਈ ਜ਼ਿਲ੍ਹਿਆਂ ਵਿਚ ਮੁਸਲਿਮ ਵਸੋਂ ਦੇ ਵਾਧੇ ਦਾ ਜ਼ਿਕਰ ਕੀਤਾ ਅਤੇ ਟਿੱਪਣੀ ਕੀਤੀ ਕਿ ਬਦਰੂਦੀਨ ਅਜਮਲ ਦੀ ਅਗਵਾਈ ਵਾਲੇ ਆਲ ਇੰਡੀਆ ਯੂਨਾਈਟਿਡ ਡੈਮੋਕਰੈਟਿਕ ਫਰੰਟ ਦਾ ਤੇਜ਼ੀ ਨਾਲ ਪਾਸਾਰ ਇਸ ਦਾ ਸਬੂਤ ਹੈ।

ਕਾਂਗਰਸ ਸਮੇਤ ਕਈ ਵਿਰੋਧੀ ਪਾਰਟੀਆਂ ਦਾ ਕਹਿਣਾ ਹੈ ਕਿ ਥਲ ਸੈਨਾ ਮੁਖੀ ਨੂੰ ਆਪਣਾ ਧਿਆਨ ਥਲ ਸੈਨਾ ਨਾਲ ਜੁੜੇ ਮਾਮਲਿਆਂ ਉਤੇ ਕੇਂਦ੍ਰਿਤ ਕਰਨਾ ਚਾਹੀਦਾ ਹੈ, ਭਾਰਤੀ ਜਨਤਾ ਪਾਰਟੀ ਵਾਲੀ ਭਾਸ਼ਾ ਨਹੀਂ ਬੋਲਣੀ ਚਾਹੀਦੀ। ਹਾਲਾਂਕਿ ਥਲ ਸੈਨਾ ਦੇ ਤਰਜਮਾਨ ਨੇ ਦਾਅਵਾ ਕੀਤਾ ਹੈ ਕਿ ਜਨਰਲ ਦਾ ਬਿਆਨ ਰਾਜਸੀ ਨਹੀਂ ਸਗੋਂ ਕੌਮੀ ਚਿੰਤਾਵਾਂ ਦੀ ਨਿਸ਼ਾਨਦੇਹੀ ਕਰਨ ਵਾਲਾ ਸੀ ਅਤੇ ਇਸ ਨੂੰ ਇਸੇ ਭਾਵਨਾ ਨਾਲ ਲਿਆ ਜਾਣਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਜਨਰਲ ਬਿਪਿਨ ਰਾਵਤ ਲਈ ਅਜਿਹੀ ਬਿਆਨਬਾਜ਼ੀ ਕੋਈ ਨਵੀਂ ਗੱਲ ਨਹੀਂ। ਉਨ੍ਹਾਂ ਦੇ ਪਾਕਿਸਤਾਨ ਵਿਰੋਧੀ ਬਿਆਨਾਂ ਨੇ ਦੋਵਾਂ ਗੁਆਂਢੀ ਦੇਸ਼ਾਂ ਵਿਚ ਕੜਵਾਹਟ ਵਧਾਉਣ 'ਚ ਚੋਖੀ ਭੂਮਿਕਾ ਨਿਭਾਈ ਹੈ। ਇਸੇ ਤਰ੍ਹਾਂ ਚੀਨ ਖਿਲਾਫ਼ ਉਨ੍ਹਾਂ ਦੀ ਬਿਆਨਬਾਜ਼ੀ ਵੀ ਸਫਾਰਤੀ ਅਧਿਕਾਰੀਆਂ ਲਈ ਸਿਰਦਰਦੀ ਪੈਦਾ ਕਰਦੀ ਆਈ ਹੈ। ਇਸ ਦੇ ਬਾਵਜੂਦ ਮੋਦੀ ਸਰਕਾਰ ਨੇ ਉਨ੍ਹਾਂ ਨੂੰ ਸੰਜਮ ਵਰਤਣ ਦੀ ਸਲਾਹ ਸਿੱਧੇ ਜਾਂ ਅਸਿੱਧੇ ਤੌਰ 'ਤੇ ਅਜੇ ਤੱਕ ਨਹੀਂ ਦਿੱਤੀ।

## ਭੀੜ ਨੇ ਬਲਾਤਕਾਰੀਆਂ ਨੂੰ ਕੁੱਟ ਕੁੱਟ ਮਾਰਿਆ

**ਈਟਾਨਗਰ:** ਭੀੜ ਵੱਲੋਂ ਬਲਾਤਕਾਰ ਅਤੇ ਹੱਤਿਆ ਦੇ ਦੋ ਮੁਲਜ਼ਮਾਂ ਨੂੰ ਥਾਣੇ ਵਿਚੋਂ ਕੱਢ ਕੇ ਕੁੱਟ ਕੁੱਟ ਦੇ ਮਾਰ ਦਿੱਤਾ ਗਿਆ। ਇਨ੍ਹਾਂ ਮੁਲਜ਼ਮਾਂ 'ਤੇ ਇਕ ਪੰਜ ਸਾਲਾ ਬੱਚੀ ਨਾਲ ਬਲਾਤਕਾਰ ਕਰ ਕੇ ਉਸ ਦੀ ਹੱਤਿਆ ਦਾ ਦੋਸ਼ ਸੀ। ਅਰੁਣਾਚਲ ਪ੍ਰਦੇਸ਼ ਦੀ ਲੋਹਿਤ ਜਿਲ੍ਹੇ ਦੀ ਪੁਲਿਸ ਨੇ ਦੱਸਿਆ ਕਿ ਲੋਹਿਤ ਜਿਲ੍ਹੇ ਦੇ ਇਕ ਕਸਬੇ ਵਿਚ ਭੀੜ ਨੇ ਬਲਾਤਕਾਰ ਅਤੇ ਹੱਤਿਆ ਦੇ ਮੁਲਜ਼ਮਾਂ ਨੂੰ ਥਾਣੇ ਵਿਚੋਂ ਬਾਹਰ ਕੱਢਿਆ ਅਤੇ ਸੜਕ ਉਤੇ ਉਨ੍ਹਾਂ ਦੀ ਇੰਨੀ ਕੁੱਟਮਾਰ ਕੀਤੀ ਕਿ ਇਨ੍ਹਾਂ ਦੀ ਮੌਤ ਹੋ ਗਈ।

ਭੀੜ ਨੇ ਅਸਮ ਦੇ ਰਹਿਣ ਵਾਲੇ ਦੋਵੇਂ ਮੁਲਜ਼ਮਾਂ ਸੰਜੈ ਸੋਬਰ ਅਤੇ ਜਗਦੀਸ਼ ਲੋਹਾਰ ਨੂੰ ਹਵਾਲਾਤ ਵਿਚੋਂ ਬਾਹਰ ਕੱਢਿਆ। ਮੁੱਖ ਮੰਤਰੀ ਪੇਮਾ ਖਾਂਡੂ ਨੇ ਇਸ ਘਟਨਾ ਦੀ ਪੁਲਿਸ ਅਤੇ ਮੈਜਿਸਟ੍ਰੇਟੀ ਜਾਂਚ ਦੇ ਆਦੇਸ਼ ਦਿੱਤੇ ਹਨ। ਬਾਰਾਂ ਫਰਵਰੀ ਤੋਂ ਲਾਪਤਾ ਬੱਚੀ ਦੀ ਲਾਸ਼ ਪਿੰਡ ਤੋਂ ਕੁਝ ਕਿੱਲੋਮੀਟਰ ਦੀ ਦੂਰੀ ਤੋਂ ਇਕ ਚਾਹ ਦੇ ਬਾਗ ਕੋਲ ਮਿਲਿਆ ਸੀ। ਪੁਲਿਸ ਦਾ ਦਾਅਵਾ ਹੈ ਕਿ ਦੋਵਾਂ ਮੁਲਜ਼ਮਾਂ ਨੇ ਆਪਣਾ ਗੁਨਾਹ ਕਬੂਲ ਲਿਆ ਸੀ।

# ਭਾਰਤ ਦੀ ਸਾਇੰਸ ਅਤੇ ਮੋਦੀ ਦੀ ਸਿਆਸਤ

ਸਾਡੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਉਨ੍ਹਾਂ ਦੇ ਭਗਤ ਸਿਆਸਤ ਦੇ ਖੇਤਰ ਵਿਚ ਜੋ ਮਰਜ਼ੀ ਕਰਨ, ਪਰ ਵਿਗਿਆਨ ਦੇ ਖੇਤਰ ਵਿਚ ਉਨ੍ਹਾਂ ਨੂੰ ਗੈਰ-ਵਿਗਿਆਨਕ ਦਾਅਵੇ ਨਹੀਂ ਕਰਨੇ ਚਾਹੀਦੇ। ਭਾਰਤ ਵਿਚ ਵਿਗਿਆਨਕ ਤੇ ਉਦਯੋਗਿਕ ਖੋਜ ਤੇ ਵਿਕਾਸ ਦਾ ਸਭ ਤੋਂ ਵੱਡਾ ਨੈਟਵਰਕ 'ਕੌਂਸਲ ਆਫ ਸਾਇੰਟਿਫਿਕ ਐਂਡ ਇੰਡਸਟਰੀਅਲ ਰਿਸਰਚ' (ਸੀ. ਐਸ. ਆਈ. ਆਰ.) ਹੈ। ਇਸ ਦੀ ਉਮਰ ਸੱਤ ਦਹਾਕੇ ਟੱਪ ਚੁਕੀ ਹੈ ਅਤੇ ਇਸ ਦੀਆਂ ਪ੍ਰਾਪਤੀਆਂ ਬਹੁਤ ਸ਼ਾਨਦਾਰ ਹਨ। ਉਦਾਰ ਸੋਚ ਵਾਲੇ ਸਿਆਸਤਦਾਨਾਂ ਅਤੇ ਵਿਗਿਆਨੀਆਂ ਨੇ ਇਸ ਨੂੰ ਮਿਹਨਤ ਤੇ ਸਿਦਕਦਿਲੀ ਨਾਲ ਖੜ੍ਹਾ ਕੀਤਾ ਹੈ। ਡਰ ਹੈ ਕਿ ਕਿਤੇ ਉਲਾਰ ਤੇ ਸੰਕੀਰਨ ਸੋਚ ਇਸ ਸੰਸਥਾ ਨੂੰ ਵੀ ਤਬਾਹ ਨਾ ਕਰ ਦੇਵੇ।

ਗੱਲ ਅਪਰੈਲ 1940 ਤੋਂ ਸ਼ੁਰੂ ਕਰਨੀ ਪਵੇਗੀ। ਉਦੋਂ 'ਬੋਰਡ ਆਫ ਸਾਇੰਟਿਫਿਕ ਐਂਡ ਇੰਡਸਟਰੀਅਲ ਰਿਸਰਚ' ਬਣਿਆ। ਪੰਜਾਬ ਦੇ ਨਗਰ ਭੇਰੇ ਦਾ ਪੁੱਤਰ ਡਾ. ਐਸ. ਐਸ. ਭਟਨਾਗਰ ਇਸ ਦਾ ਡਾਇਰੈਕਟਰ ਸੀ। ਡਾ. ਜਗਦੀਸ਼ ਚੰਦਰ

**ਕੁਲਦੀਪ ਸਿੰਘ ਧੀਰ**

ਬੋਸ, ਡਾ. ਮੇਘ ਨਾਥ ਸਾਹਾ, ਸਰ ਸਈਅਦ ਸੁਲਤਾਨ ਅਹਿਮਦ, ਡਾ. ਨਜ਼ੀਰ ਅਹਿਮਦ, ਐਚ. ਪੀ. ਮੋਦੀ, ਕਸਤੂਰ ਭਾਈ ਲਾਲ ਭਾਈ, ਲਾਲਾ ਸ੍ਰੀ ਰਾਮ, ਪੀ. ਐਫ. ਵਾਰੇਨ ਜਿਹੀਆਂ ਹਸਤੀਆਂ ਮੈਂਬਰ ਸਨ। ਸਰ ਏ. ਰਾਮਾਸਵਾਮੀ ਮੁਦਲੀਆਰ ਇਸ ਦੀ ਰੂਹੇ ਰਵਾਂ ਸੀ। ਉਸ ਨੇ ਬੋਰਡ ਬਣਾਉਣ ਸਮੇਂ ਸਲਾਹ ਦਿੱਤੀ ਕਿ ਇਸ ਨੂੰ ਸਰਕਾਰ ਘੱਟੋ-ਘੱਟ ਪੰਜ ਸਾਲ ਹਰ ਵਰ੍ਹੇ ਦਸ ਲੱਖ ਦੀ ਗਰਾਂਟ ਦੇਵੇ ਤੇ ਬੋਰਡ ਸਰਕਾਰ, ਉਦਯੋਗ ਤੇ ਹੋਰ ਸੰਸਥਾਵਾਂ ਦੇ ਵਿਗਿਆਨਕ ਮਸਲੇ ਸਮਝਣ ਤੇ ਹੱਲ ਕਰਨ ਦੇ ਉਪਰਾਲੇ ਕਰੇ। ਕੇਂਦਰ ਸਰਕਾਰ ਨੇ ਨਵੰਬਰ 1941 ਵਿਚ ਇਸ ਬਾਰੇ ਮਤਾ ਪ੍ਰਵਾਨ ਕਰ ਕੇ ਸੁਤੰਤਰ ਸੰਸਥਾ ਵਜੋਂ ਸਤੰਬਰ 1942 ਵਿਚ ਇਸ ਨੂੰ ਰਜਿਸਟਰ ਕਰਵਾ ਦਿੱਤਾ। ਡਾ. ਭਟਨਾਗਰ ਨੇ ਸੁਝਾਅ ਦਿੱਤਾ ਕਿ ਦੇਸ਼ ਦੀਆਂ ਲੋੜਾਂ ਦੇ ਮੱਦੇਨਜ਼ਰ 11 ਲੈਬਾਰਟਰੀਆਂ ਬਣਾਈਆਂ ਜਾਣ ਜੋ ਫਿਜ਼ਿਕਲ, ਕੈਮੀਕਲ, ਮੈਟਲਰਜੀਕਲ, ਗਲਾਸ, ਫਿਊਲ, ਡਰੱਗ, ਫੂਡ ਆਦਿ ਨਾਲ ਸਬੰਧਿਤ ਸਨ।

1947 ਵਿਚ ਦੇਸ਼ ਆਜ਼ਾਦ ਹੋਇਆ। ਬਦਲੇ ਹਾਲਾਤ ਵਿਚ ਸਭ ਕੁਝ ਠੱਪ ਹੋ ਚੁਕਾ ਸੀ। ਉਸ ਵੇਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਸੀ. ਐਸ. ਆਈ. ਆਰ. ਦਾ ਮਹੱਤਵ ਪਛਾਣਿਆ। ਇਸ ਦੀ ਗਵਰਨਿੰਗ ਬਾਡੀ ਮੁੜ ਕਾਇਮ ਕੀਤੀ। ਆਪ ਇਸ ਦੇ ਪ੍ਰੈਜ਼ੀਡੈਂਟ ਬਣ ਕੇ ਭਟਨਾਗਰ ਦੇ ਸੁਝਾਵਾਂ ਨੂੰ ਅਮਲੀ ਰੂਪ ਦੇਣ ਦੀ ਸ਼ੁਰੂਆਤ ਕੀਤੀ। ਪਹਿਲਾਂ ਪੰਜ, ਫਿਰ ਗਿਆਰਾਂ ਤੇ ਅੱਜ ਅਠੱਤੀ ਲੈਬਾਰਟਰੀਆਂ ਦਾ ਜਾਲ ਇਸ ਸੰਸਥਾ ਨੇ ਦੇਸ਼ ਵਿਚ ਵਿਛਾਇਆ ਹੋਇਆ ਹੈ। ਵਿਗਿਆਨ ਤੇ ਉਦਯੋਗ ਨਾਲ ਸਬੰਧਿਤ ਜੀਵਨ ਦੇ ਹਰ ਖੇਤਰ ਵਿਚ ਇਸ ਦੀਆਂ ਲੈਬਾਰਟਰੀਆਂ ਦਾ ਵੱਡਾ ਯੋਗਦਾਨ ਹੈ।

ਹਵਾਬਾਜ਼ੀ ਨਾਲ ਜੁੜੀ ਨੈਸ਼ਨਲ ਏਅਰੋਸਪੇਸ ਲੈਬਾਰਟਰੀ ਨੇ ਹਲਕਾ ਲੜਾਕੂ ਜਹਾਜ਼ ਤੇਜਸ ਬਣਾਉਣ ਵਿਚ ਮੁੱਖ ਭੂਮਿਕਾ ਨਿਭਾਈ ਹੈ। ਸਿਖਲਾਈ, ਖੇਡ ਅਤੇ ਸ਼ੌਕੀਆ ਕੰਮਾਂ ਵਾਸਤੇ ਇਸ ਨੇ ਦੋ ਸੀਟਾਂ ਵਾਲਾ ਜਹਾਜ਼ ਬਣਾਇਆ ਹੈ ਜੋ ਦਸ ਹਜ਼ਾਰ ਫੁੱਟ ਉਚਾ ਜਾ ਸਕਦਾ ਹੈ। ਚੌਦਾਂ ਸੀਟਾਂ ਤੇ ਦੋਹਰੇ ਇੰਜਣ ਵਾਲਾ ਸਾਰਸ ਵੀ ਇਸ ਨੇ ਵਿਕਸਿਤ ਕੀਤਾ ਹੈ। ਪਬਲਿਕ-ਪ੍ਰਾਈਵੇਟ ਸਹਿਯੋਗ ਪੱਖੋਂ ਇਸ ਨੇ ਮਹਿੰਦਰਾ ਏਅਰੋਸਪੇਸ ਨਾਲ ਰਲ ਕੇ 2011 ਵਿਚ 5 ਸੀਟਾਂ ਵਾਲਾ ਸੀ. ਐਨ. ਐਮ.-5 ਜਹਾਜ਼ ਵਿਕਸਿਤ ਕੀਤਾ। ਹਵਾਈ ਜਹਾਜ਼ਾਂ ਦੇ ਡਿਜ਼ਾਈਨ ਤੇ ਪਰਖ ਲਈ 1960 ਵਿਚ ਇਸ ਨੇ ਵਿੰਡ-ਟਨਲ ਬਣਾਈ। ਇਸ ਸਰਲ ਟਨਲ ਪਿਛੋਂ ਮਾਰਟ ਨਾਮ ਦੀ ਐਡਵਾਂਸਡ ਡਿਜ਼ਾਈਨ ਟਨਲ ਇਸ ਨੇ ਬਣਾਈ। ਭੈੜੇ ਹਾਲਾਤ ਵਿਚ ਵੀ ਹਵਾਈ ਪੱਟੀ ਉਤੋਂ ਉਡਾਣ ਭਰਨ ਅਤੇ ਉਤਰਨ ਲਈ ਸਾਰੇ ਦੇਸ਼ ਵਿਚ ਇਸ ਸਮੇਂ ਇਸੇ ਪ੍ਰਯੋਗਸ਼ਾਲਾ ਵਲੋਂ ਵਿਕਸਿਤ ਪ੍ਰਣਾਲੀ ਵਰਤੀ ਜਾ ਰਹੀ ਹੈ। ਚੰਦਰਯਾਨ, ਮੰਗਲ ਔਰਬਿਟਰ, ਜੀ. ਐਸ. ਐਲ. ਵੀ. ਦੇ ਅਕਾਊਸਟਿਕ ਟੈਸਟ ਵੀ ਇਸ ਪ੍ਰਯੋਗਸ਼ਾਲਾ ਨੇ ਕਰਵਾਏ ਹਨ। ਸੀ. ਐਸ. ਆਈ. ਆਰ. ਦਾ ਨੈਸ਼ਨਲ ਇੰਸਟੀਚਿਊਟ ਆਫ ਓਸ਼ਨੋਗ੍ਰਾਫੀ ਦੇਸ਼ ਦੇ ਆਸਪਾਸ ਦੇ ਸਾਗਰਾਂ ਦੀ ਚਾਰ ਤੋਂ ਛੇ ਕਿਲੋਮੀਟਰ ਡੂੰਘਾਈ ਵਿਚੋਂ ਨਿਕਲ, ਕੋਪਰ ਤੇ ਕੋਬਾਲਟ ਕੱਢ ਰਿਹਾ ਹੈ ਤੇ 15 ਲੱਖ ਵਰਗ ਕਿਲੋਮੀਟਰ ਸਮੁੰਦਰਾਂ ਨੂੰ ਫਰੋਲ ਰਿਹਾ ਹੈ। ਸਾਗਰਾਂ ਉਤੇ ਅੰਤਰ-ਅਨੁਸ਼ਾਸਨੀ ਖੋਜ ਲਈ ਇਸ ਇੰਸਟੀਚਿਊਟ ਨੇ ਸਿੰਧੂ ਸਾਧਨਾ ਨਾਂ ਦਾ ਸ਼ਿਪ ਡਿਜ਼ਾਈਨ ਕੀਤਾ ਹੈ।

ਸਾਡੇ ਸੈਂਟਰਲ ਗਲਾਸ ਐਂਡ ਸੈਰਾਮਿਕ ਰਿਸਰਚ ਇੰਸਟੀਚਿਊਟ ਨੇ ਰੇਡੀਏਸ਼ਨ ਸ਼ੀਲਡਿੰਗ ਵਾਸਤੇ ਵਿਸ਼ੇਸ਼ ਸ਼ੀਸ਼ੇ ਦੀਆਂ ਸਲੈਬਾਂ ਡਿਜ਼ਾਈਨ ਕੀਤੀਆਂ ਹਨ ਜੋ ਐਟਮੀ ਬਿਜਲੀ ਘਰਾਂ ਤੇ ਹੋਰ ਐਟਮੀ ਪ੍ਰਯੋਗਸ਼ਾਲਾਵਾਂ ਵਿਚ ਰੇਡੀਏਸ਼ਨ ਤੋਂ ਬਚਾਉਂਦੀਆਂ ਹਨ। ਟੰਗਸਟਨ ਸੁਰੱਖਿਆ ਦੇ ਖੇਤਰ ਵਿਚ ਬੜੀ ਮੁੱਲਵਾਨ ਧਾਤੂ ਹੈ। ਨੈਸ਼ਨਲ ਮੈਟਲਰਜੀਕਲ ਲੈਬ ਨੇ ਟੰਗਸਟਨ ਕਾਰਬਾਈਡ ਤੋਂ ਟੰਗਸਟਨ ਪ੍ਰਾਪਤ ਕਰਨ ਦਾ ਸਰਲ ਤੇ ਸਸਤਾ ਤਰੀਕਾ ਖੋਜਿਆ ਹੈ। ਨੈਸ਼ਨਲ ਇੰਸਟੀਚਿਊਟ ਫਾਰ ਇੰਟਰਡਸਿਪਲਿਨਰੀ ਸਾਇੰਸ ਐਂਡ ਟੈਕਨੋਲੋਜੀ ਨੇ ਹਲਕੇ ਟੈਂਕਾਂ ਵਾਸਤੇ ਹਲਕੇ ਪੁਰਜ਼ੇ ਬਣਾਉਣ ਲਈ ਵਿਸ਼ੇਸ਼ ਮੈਟੀਰੀਅਲ ਵਿਕਸਿਤ ਕੀਤਾ ਹੈ। ਰੱਖਿਆ ਦੇ ਖੇਤਰ ਵਿਚ ਡੀ. ਆਰ. ਡੀ. ਓ. ਅਤੇ ਪੁਲਾੜ ਖੇਤਰ ਵਿਚ ਇਸਰੋ ਵਾਸਤੇ ਵੀ ਇਸ ਇੰਸਟੀਚਿਊਟ ਨੇ ਸਮੇਂ-ਸਮੇਂ ਨਵੇਂ ਮੈਟੀਰੀਅਲ ਵਿਕਸਿਤ ਕਰ ਕੇ ਦਿੱਤੇ ਹਨ ਜਿਨ੍ਹਾਂ ਦੇ ਤਕਨੀਕੀ ਫਾਰਮੂਲੇ ਹੋਰ ਸੰਸਥਾਵਾਂ ਤੇ ਦੇਸ਼ਾਂ ਤੋਂ ਗੁਪਤ ਰੱਖੇ ਗਏ ਹਨ। ਸਾਡਾ ਰੇਡੀਏਸ਼ਨ ਸ਼ੀਲਡਿੰਗ ਗਲਾਸ ਦਾ ਫਾਰਮੂਲਾ ਵੀ ਹੋਰ ਕਿਸੇ ਦੇਸ਼ ਨੂੰ ਪਤਾ ਨਹੀਂ।

ਵੋਟਾਂ ਸਮੇਂ ਵੋਟਰ ਦੀ ਉਂਗਲੀ 'ਤੇ ਲਾਈ ਜਾਣ ਵਾਲੀ ਨਾ ਮਿਟਣ ਵਾਲੀ ਸਿਆਹੀ ਸਾਡੀ ਦਿੱਲੀ ਦੀ ਨੈਸ਼ਨਲ ਫਿਜ਼ੀਕਲ ਲੈਬ ਦੀ ਖੋਜ ਹੈ। ਹੁਣ ਇਸ ਦੀ ਤਕਨਾਲੋਜੀ ਅਸੀਂ ਨੇਪਾਲ, ਤੁਰਕੀ, ਦੱਖਣੀ ਅਫਰੀਕਾ, ਕੰਬੋਡੀਆ, ਨਾਈਜੀਰੀਆ ਆਦਿ ਦੇਸ਼ਾਂ ਨੂੰ ਦੱਸੀ ਹੈ। ਚੰਡੀਗੜ੍ਹ ਦੀ ਸੈਂਟਰਲ ਸਾਇੰਟਿਫਿਕ ਇਨਸਟਰੂਮੈਂਟਸ ਆਰਗੇਨਾਈਜ਼ੇਸ਼ਨ ਨੇ ਮੈਟਰੋ ਰੇਲਵੇ ਵਾਸਤੇ ਭੂਚਾਲ ਖਬਰਦਾਰ ਸਿਸਟਮ ਬਣਾਇਆ ਹੈ ਜੋ ਭੂਚਾਲ ਦੇ ਝਟਕੇ ਲੱਗਣ ਸਮੇਂ ਪ੍ਰਬੰਧਕਾਂ ਨੂੰ ਤੁਰੰਤ ਲੋੜੀਂਦੀ ਕਾਰਵਾਈ ਕਰਨ ਦੇ ਸਮਰੱਥ ਬਣਾਉਂਦਾ ਹੈ। ਇਹ ਦਿੱਲੀ ਮੈਟਰੋ ਨੈਟਵਰਕ ਦੇ ਪੰਜ ਕੇਂਦਰਾਂ ਉਤੇ ਲਾਇਆ ਗਿਆ ਹੈ। ਇਹ ਭੂਚਾਲ ਦੀ ਤਬਾਹੀ ਵੇਲੇ ਮੈਟਰੋ ਸਰਵਿਸ ਰੋਕਣ ਵਿਚ ਮਦਦ ਕਰ ਸਕਦਾ ਹੈ। ਨਿਸ਼ਾਨੇਬਾਜ਼ੀ ਵਿਚ ਨਿਸ਼ਾਨਚੀ ਦੀ ਸਿਖਲਾਈ ਲਈ ਧਵਨੀ ਨਾਂ ਦਾ ਡਿਟੈਕਸ਼ਨ ਐਂਡ ਹਿਟ ਵਿਯੂਅਲਾਈਜ਼ੇਸ਼ਨ ਪ੍ਰਬੰਧ ਸੀ. ਐਸ. ਆਈ. ਆਰ. ਨੇ ਬਣਾਇਆ ਹੈ। ਇਹ ਸੌਖਿਆ ਨਿਸ਼ਾਨੇਬਾਜ਼ਾਂ ਦੀ ਸਿਖਲਾਈ ਦੇ ਵੀ ਕੰਮ ਆਉਂਦਾ ਹੈ ਅਤੇ ਸੈਨਿਕਾਂ ਦੀ ਸਿਖਲਾਈ ਦੇ ਵੀ।

ਆਪਟੀਕਲ ਸ਼ੀਸ਼ਾ ਐਨਕਾਂ, ਲੈਂਜ਼ਾਂ, ਪ੍ਰਿਜ਼ਮਾਂ ਤੇ ਹੋਰ ਵਿਗਿਆਨਕ ਕੰਮਾਂ ਲਈ ਆਮ ਵਰਤੀ ਜਾਣ ਵਾਲੀ ਸ਼ੈਅ ਹੈ। ਇਹ ਮਹਿੰਗੇ ਭਾਅ ਵਿਦੇਸ਼ਾਂ ਤੋਂ ਮੰਗਵਾਉਣਾ ਪੈਂਦਾ ਸੀ। ਸਾਡੇ ਸੈਂਟਰਲ ਗਲਾਸ ਤੇ ਸੈਰਾਮਿਕ ਰਿਸਰਚ ਇੰਸਟੀਚਿਊਟ ਨੇ ਇਸ ਦੀ ਖੋਜ ਕਰ ਕੇ ਦੇਸ਼ ਵਿਚ 10 ਟਨ ਸਮਰੱਥਾ ਦਾ ਪਹਿਲਾ ਆਪਟੀਕਲ ਗਲਾਸ ਪਲਾਂਟ 1961 ਵਿਚ ਬਣਵਾ ਦਿੱਤਾ। ਇੰਜ ਹੀ ਅਸੀਂ ਕੰਪਿਊਟਰ ਵਾਸਤੇ 1980 ਤਕ ਵਿਦੇਸ਼ਾਂ ਉਤੇ ਖਾਸੇ ਨਿਰਭਰ ਸੀ। 1986 ਵਿਚ ਅਮਰੀਕਾ ਨੇ ਕਰੇਅ ਸੁਪਰ-ਕੰਪਿਊਟਰ ਭਾਰਤ ਨੂੰ ਦੇਣ ਤੋਂ ਨਾਂਹ ਕਰ ਦਿੱਤੀ। ਅਸੀਂ ਪਰਮ ਨਾਂ ਦਾ ਸੁਪਰ ਕੰਪਿਊਟਰ ਬਣਾ ਲਿਆ। ਗਲਾਸ ਤੇ ਸੈਰਾਮਿਕ ਇੰਸਟੀਚਿਊਟ ਨੇ ਵਪਾਰਕ ਪੱਧਰ ਉਤੇ ਕੰਮ ਆਉਣ ਵਾਲਾ ਐਰਬੀਅਮ ਡੋਪਡ ਫਾਈਬਰ ਐਂਪਲੀਫਾਇਰ ਬਣਾਇਆ ਹੈ। ਇਹ ਵੀ ਟੀ. ਵੀ. ਤੇ ਕੇਬਲ ਨੈਟਵਰਕ ਵਿਚ ਵਧੀਆ ਤਸਵੀਰ, ਆਵਾਜ਼ ਅਤੇ ਕੁਨੈਕਟੀਵਿਟੀ ਦਿੰਦਾ ਹੈ।



ਦਿੱਲੀ 'ਚ ਕੌਂਸਲ ਆਫ ਸਾਇੰਟਿਫਿਕ ਐਂਡ ਇੰਡਸਟਰੀਅਲ ਰਿਸਰਚ ਦਾ ਦਫਤਰ।

ਇਹ ਕੌਮੀ ਹੀ ਨਹੀਂ, ਸਗੋਂ ਕੌਮਾਂਤਰੀ ਮੰਡੀ ਤਕ ਵਿਕ ਰਿਹਾ ਹੈ। ਅਸੀਂ ਰੀਐਕਟੈਂਸ ਕਨਫੋਕਲ ਮਾਈਕ੍ਰੋਸਕੋਪ ਬਣਾ ਕੇ ਫੋਟਾਨਿਕ ਖੋਜ ਵਿਚ ਦੁਨੀਆਂ ਦੇ ਵਿਕਸਿਤ ਦੇਸ਼ਾਂ ਨਾਲ ਕਦਮ ਮਿਲਾ ਲਿਆ ਹੈ। ਫਿਊਜ਼ਨ ਰਿਐਕਟਰ ਵਿਚ ਵਰਤਣ ਯੋਗ ਭਾਰਤ ਦਾ ਪਹਿਲਾ ਗਾਈਰੋਟ੍ਰੋਨ ਸੀ. ਐਸ. ਆਈ. ਆਰ. ਦੀ ਇੱਕ ਹੋਰ ਪ੍ਰਾਪਤੀ ਹੈ।

ਆਬਾਦੀ ਕੰਟਰੋਲ ਕਰਨ ਲਈ 1980 ਤਕ ਵਰਤੀਆਂ ਜਾਂਦੀਆਂ ਗੋਲੀਆਂ ਦੇ ਬਹੁਤ ਨਾਂਹ-ਪੱਖੀ ਪ੍ਰਭਾਵ ਸਨ। ਸੈਂਟਰਲ ਡਰੱਗ ਰਿਸਰਚ ਇੰਟਸੀਚਿਊਟ ਨੇ ਹਫਤੇ ਵਿਚ ਇੱਕ ਦਿਨ ਖਾਧੀ ਜਾਣ ਵਾਲੀ ਗੋਲੀ ਬਣਾਈ ਜੋ ਅੱਜ ਸਹੇਲੀ ਦੇ ਬਰੈਂਡ ਨਾਲ ਖੂਬ ਵਿਕ ਰਹੀ ਹੈ। ਇੰਡੀਅਨ ਇੰਸਟੀਚਿਊਟ ਆਫ ਕੈਮੀਕਲ ਬਾਇਓਲੋਜੀ ਨੇ ਐਸਮਾਨ ਨਾਂ ਦੀ ਦਮੇ ਦੀ ਦਵਾਈ ਬਣਾਈ ਹੈ। ਡਰੱਗ ਇੰਸਟੀਚਿਊਟ ਨੇ 1995 ਵਿਚ ਮਲੇਰੀਏ ਦੀ ਇੱਕ ਨਵੀਂ ਦਵਾਈ ਆਰਟੀਥਰ ਬਣਾਈ। ਐਂਟੀ ਏਡਜ਼ ਦਵਾਈ (ਏ. ਜ਼ੈਡ. ਟੀ.) ਕਿਸੇ ਸਮੇਂ ਬਹੁਤ ਮਹਿੰਗੀ ਬਾਹਰੋਂ ਮੰਗਵਾਉਣੀ ਪੈਂਦੀ ਸੀ। ਇੱਕ ਵਿਅਕਤੀ ਲਈ ਸਾਲ ਭਰ ਦੀ ਦਵਾਈ ਦਸ ਹਜ਼ਾਰ ਡਾਲਰ ਦੀ ਸੀ। ਇੰਡੀਅਨ ਇੰਸਟੀਚਿਊਟ ਆਫ ਕੈਮੀਕਲ ਟੈਕਨੋਲੋਜੀ ਨੇ ਇਸ ਦਾ ਅਜਿਹਾ ਬਦਲ ਪੈਦਾ ਕੀਤਾ ਜੋ ਸਿਪਲਾ ਨੇ 350 ਡਾਲਰ 'ਤੇ ਵੇਚਿਆ। ਸ਼ੂਗਰ ਦੀਆਂ ਭਾਂਤ-ਭਾਂਤ ਦੀਆਂ ਮਹਿੰਗੀਆਂ ਤੇ ਨੁਕਸਾਨਦੇਹ ਦਵਾਈਆਂ ਦੀ ਮੰਡੀ 'ਚ ਸੀ. ਐਸ. ਆਈ. ਆਰ. ਨੇ ਬੀ. ਜੀ. ਆਰ.-34 ਦਿੱਤੀ, ਜੋ ਸਸਤੀ ਤੇ ਘੱਟ ਸਾਈਡ ਇਫੈਕਟ ਵਾਲੀ ਸੀ। ਹਾਰਟ ਅਟੈਕ ਸਮੇਂ ਕੰਮ ਆਉਣ ਵਾਲੀ ਸਟਰੈਪਟੋਕਾਈਨੇਜ਼ ਵੀ ਬਾਹਰੋਂ ਮੰਗਵਾਉਣੀ ਮਹਿੰਗੀ ਪੈਂਦੀ ਸੀ। ਸੀ. ਐਸ. ਆਈ. ਆਰ. ਦੀ ਮਦਦ ਨਾਲ ਕੈਡੀਲਾ ਵਾਲੇ ਇਸ ਨੂੰ ਦੇਸ਼ ਵਿਚ ਬਣਾ ਕੇ ਚਾਲੀ ਪ੍ਰਤੀਸ਼ਤ ਸਸਤੀ ਵੇਚਣ ਲੱਗੇ ਹਨ।

ਨੈਸ਼ਨਲ ਐਨਵਾਇਰਮੈਂਟ ਇੰਜੀਨੀਅਰਿੰਗ ਰਿਸਰਚ ਇੰਸਟੀਚਿਊਟ ਨੇ ਸਾਫ ਪਾਣੀ ਦੇਣ ਦੀਆਂ ਯੋਜਨਾਵਾਂ ਪੇਸ਼ ਕੀਤੀਆਂ ਹਨ। ਸੈਂਟਰਲ ਇਲੈਕਟ੍ਰੌਨਿਕਸ ਇੰਜੀਨੀਅਰਿੰਗ ਰਿਸਰਚ ਇੰਸਟੀਚਿਊਟ ਨੇ ਪੀਣ ਵਾਲੇ ਪਾਣੀ ਨੂੰ ਪਾਰੇ ਤੋਂ ਮੁਕਤ ਕਰਨ ਵਾਲੇ ਯੰਤਰ ਬਣਾਏ ਹਨ ਜੋ ਜੀਵਨ ਦੇ ਹੋਰ ਕਈ ਖੇਤਰਾਂ ਵਿਚ ਵਰਤੇ ਜਾ ਰਹੇ ਹਨ। ਕੌਂਸਲ ਨੇ ਪਾਣੀ ਫਿਲਟਰ ਕਰਨ ਦੇ ਕਈ ਪ੍ਰਕਾਰ ਦੇ ਪ੍ਰਬੰਧ ਵੱਖ ਵੱਖ ਹਾਲਾਤ ਨਾਲ ਨਿਬਝਣ ਵਾਸਤੇ ਬਣਾਏ ਹਨ। ਕਿਸੇ ਜ਼ਮਾਨੇ ਵਿਚ ਮਿੱਟੀ ਦੇ ਤੇਲ ਵਾਲਾ ਬੱਤੀਆਂ ਵਾਲਾ ਸਟੋਵ ਇਕੱਲੇ-ਦੁਕੱਲੇ ਬੰਦੇ ਦਾ ਇੱਕੋ-ਇੱਕ ਸਹਾਰਾ ਸੀ। ਧੂੰਆਂ ਤੇ ਜ਼ਿਆਦਾ ਤੇਲ ਦਾ ਖਰਚ ਇਸ ਦੇ ਦੋ ਵੱਡੇ ਨੁਕਸ ਕੌਂਸਲ ਵੱਲੋਂ ਪੇਸ਼ ਨੂਤਨ ਸਟੋਵ ਨੇ ਦੂਰ ਕੀਤੇ। ਊਰਜਾ ਸੰਕਟ ਦੇ ਹੱਲ ਲਈ ਕੌਂਸਲ ਨੇ ਸੋਲਰ ਪੈਨਲਾਂ ਦਾ ਸੋਲਰ ਰੁੱਖ ਬਣਾਇਆ ਹੈ ਜੋ ਸਿਰਫ ਚਾਰ ਵਰਗ ਫੁੱਟ ਥਾਂ ਘੇਰ ਕੇ ਪੰਜ ਕਿਲੋਵਾਟ ਆਵਰ ਊਰਜਾ ਪੈਦਾ ਕਰ ਸਕਦਾ ਹੈ। ਪੰਜ ਘਰ ਇਸ ਨਾਲ ਰੌਸ਼ਨ ਹੋ ਸਕਦੇ ਹਨ। ਛੋਟੇ-ਮੋਟੇ ਕੰਮਾਂ ਲਈ ਸੋਲਕਸ਼ਾ ਦਾ ਬਿਜਲਈ ਥਰੀ ਵ੍ਹੀਲਰ ਤੇ ਫੋਰ ਡੋਰ ਫੋਰ ਸੀਟਰ ਇਲੈਕਟ੍ਰਿਕ ਕਾਰ ਵੀ ਕੌਂਸਲ ਨੇ ਬਣਾਈ ਹੈ। ਇਹ ਦੋਵੇਂ ਮੰਡੀ ਦੇ ਇਸ ਯੁੱਗ ਵਿਚ ਆਪਣੀ ਬਹੁਤੀ ਥਾਂ ਕਿਉਂ ਨਹੀਂ ਬਣਾ ਸਕੀਆਂ- ਇਸ ਬਾਰੇ ਵਿਸ਼ਲੇਸ਼ਣ ਹੋ ਰਹੇ ਹਨ।

ਨਾਗਪੁਰ ਦੇ ਨੈਸ਼ਨਲ ਐਨਵਾਇਰਮੈਂਟਲ ਇੰਜੀਨੀਅਰਿੰਗ ਇੰਸਟੀਚਿਊਟ ਨੇ ਇਲੈਕਟ੍ਰੋਨਿਕ ਨੋਜ਼ ਬਣਾਇਆ ਹੈ ਜੋ ਉਦਯੋਗਿਕ ਖੇਤਰ ਵਿਚੋਂ ਨਿਕਲ ਰਹੇ ਨੁਕਸਾਨਦੇਹ ਵਾਸ਼ਪਾਂ ਨੂੰ ਝੱਟ ਫੜ ਲੈਂਦਾ ਹੈ। ਮਕੈਨੀਕਲ ਇੰਜੀਨੀਅਰਿੰਗ ਰਿਸਰਚ ਇੰਸਟੀਚਿਊਟ ਨੇ 1974 ਵਿਚ 20 ਹਾਰਸ ਪਾਵਰ ਦਾ ਸਵਰਾਜ ਟਰੈਕਟਰ ਡਿਜ਼ਾਈਨ ਕੀਤਾ। ਬਾਅਦ ਵਿਚ ਇਸ ਨੇ 60 ਹਾਰਸ ਪਾਵਰ ਦਾ ਸੋਨਾਲੀਕਾ ਟਰੈਕਟਰ ਡਿਜ਼ਾਈਨ ਕੀਤਾ। ਕ੍ਰਿਸ਼ੀ ਸ਼ਕਤੀ ਨਾਂ ਦਾ ਗਿਆਰਾਂ ਹਾਰਸ ਪਾਵਰ ਦਾ ਇੱਕ ਹੋਰ ਟਰੈਕਟਰ ਵੀ ਇਸ ਦੀ ਦੇਣ ਹੈ। ਕੌਂਸਲ ਨੇ ਕਾਂਗੜਾ ਤੇ ਹੋਰ ਪਹਾੜੀ ਖਿੱਤੇ ਵਿਚ ਚਾਹ ਦੀ ਕੁਆਲਿਟੀ ਤੇ ਉਪਜ ਸੁਧਾਰਨ ਵਿਚ ਮਦਦ ਕੀਤੀ ਹੈ। ਲਖਨਊ ਦੇ ਸੈਂਟਰਲ ਇੰਸਟੀਚਿਊਟ ਆਫ ਮੈਡੀਸਨਲ ਐਂਡ ਐਰੋਮੈਟਿਕ ਪਲਾਂਟਸ ਨੇ ਪੁਦੀਨੇ ਦੀ ਖੇਤੀ ਨੂੰ ਉਤਸ਼ਾਹਿਤ ਕਰ ਕੇ ਇਸ ਨੂੰ ਤੇਲ ਤੇ ਦਵਾਈਆਂ ਨਾਲ ਜੋੜਿਆ ਹੈ। ਬਾਂਸ ਦੇ ਪੌਦੇ ਨੂੰ ਆਪਣੀ ਕਿਸਮ ਤੇ ਨਸਲ ਅਨੁਸਾਰ, ਸੱਤ ਤੋਂ ਸੌ ਸਾਲ ਦੀ ਜ਼ਿੰਦਗੀ ਵਿਚ ਇੱਕੋ ਵਾਰ ਫੁੱਲ ਪੈਂਦੇ ਹਨ ਅਤੇ ਉਸ ਪਿਛੋਂ ਇਹ ਖਤਮ ਹੋ ਜਾਂਦਾ ਹੈ। ਕੌਂਸਲ ਦੇ ਵਿਗਿਆਨੀਆਂ ਨੇ ਟਿਸ਼ੂ ਕਲਚਰ ਟੈਕਨੋਲੋਜੀ ਨਾਲ ਇਹ ਕਾਰਜ ਕੁਝ ਹੀ ਹਫਤਿਆਂ ਵਿਚ ਕਰਨ ਦਾ ਕ੍ਰਿਸ਼ਮਾ ਕੀਤਾ।

ਸੈਂਟਰ ਫਾਰ ਸੈਲੂਲਰ ਐਂਡ ਮੌਲੀਕਿਊਲਰ ਬਾਇਓਲੋਜੀ ਨੇ ਡੀ. ਐਨ. ਏ. ਫਿੰਗਰ ਪ੍ਰਿੰਟਿੰਗ ਦੀ ਪਰਖ ਤੇ ਤਕਨੀਕ ਦਾ ਵਿਕਾਸ ਕੀਤਾ ਹੈ। ਕੌਂਸਲ ਦੇ ਮਾਹਿਰਾਂ ਨੇ ਲੋਪ ਹੋ ਰਹੀਆਂ ਜੀਵ ਨਸਲਾਂ ਨੂੰ ਸੰਭਾਲਣ ਦਾ ਕਾਰਜ ਕੀਤਾ ਹੈ। ਕਲੋਨਿੰਗ ਵਿਚ ਸਫਲਤਾ ਹਾਸਲ ਕੀਤੀ ਹੈ। ਇੰਸਟੀਚਿਊਟ ਆਫ ਜੀਨੋਮਿਕਸ ਐਂਡ ਇੰਟੈਗਰੇਟਿਵ ਬਾਇਓਲੋਜੀ ਨੇ ਇੱਕ ਭਾਰਤੀ ਬੰਦੇ ਦੇ ਪੂਰੇ ਜੀਨਾਂ ਦੀ ਸੀਕੁਐਂਸ ਪਛਾਣੀ ਹੈ। ਅਮਰੀਕਾ, ਚੀਨ, ਕੈਨੇਡਾ, ਇੰਗਲੈਂਡ ਤੇ ਕੋਰੀਆ ਪਿਛੋਂ ਭਾਰਤ ਹੀ ਅਜਿਹਾ ਦੇਸ਼ ਹੈ ਜਿਸ ਨੇ ਇਹ ਕ੍ਰਿਸ਼ਮਾ ਕੀਤਾ ਹੈ। ਕੌਂਸਲ ਦੇ ਵਿਗਿਆਨੀ ਬਿਮਾਰੀਆਂ ਤੇ ਜੀਨਾਂ ਦੇ ਸਬੰਧ ਨੂੰ ਖੋਜ ਕੇ ਉਨ੍ਹਾਂ ਦੇ ਇਲਾਜ ਬਾਰੇ ਯਤਨ ਕਰ ਰਹੇ ਹਨ।

ਸੈਂਟਰਲ ਫੂਡ ਟੈਕਨੋਲੋਜੀਕਲ ਰਿਸਰਚ ਇੰਸਟੀਚਿਊਟ ਮੱਝ ਦੇ ਦੁੱਧ ਤੋਂ ਬੇਬੀ ਮਿਲਕ ਬਣਾਉਣ ਵਿਚ ਕਾਮਯਾਬ ਹੋਇਆ ਹੈ। ਇਹ ਖੋਜ ਅੱਜ ਅਮੂਲ ਸਪਰੇਅ ਇਨਸਟੈਂਟ ਮਿਲਕ ਵਜੋਂ ਵਿਕ ਰਹੀ ਹੈ। ਡੋਸੇ, ਇਡਲੀ, ਵੜੇ ਅਤੇ ਭਾਂਤ-ਭਾਂਤ ਦੇ ਪਕਵਾਨਾਂ ਦੇ ਕੱਚੇ ਮਿਕਸ ਪਦਾਰਥ ਵੀ ਅੱਜ ਨੱਬੇ ਫੀਸਦੀ ਇਸੇ ਇੰਸਟੀਚਿਊਟ ਦੇ ਦਿੱਤੇ ਨੁਸਖਿਆਂ ਉਤੇ ਆਧਾਰਿਤ ਹਨ। ਇਹੀ ਨਹੀਂ, ਇਨ੍ਹਾਂ ਦੇ ਤਲਣ, ਬਣਾਉਣ, ਪਕਾਉਣ ਵਾਸਤੇ ਵਰਤੀ ਜਾਂਦੀ ਮਸ਼ੀਨਰੀ ਵੀ ਇਸੇ ਇੰਸਟੀਚਿਊਟ ਦੀ ਦੇਣ ਹੈ। ਕਈ ਮਸ਼ੀਨਾਂ ਪ੍ਰਤੀ ਘੰਟਾ ਚਾਰ ਸੌ ਡੋਸੇ ਜਾਂ ਛੇ ਸੌ ਇਡਲੀਆਂ ਤਕ ਬਣਾ ਰਹੀਆਂ ਹਨ। ਕੌਂਸਲ ਦੇ ਮਾਹਿਰਾਂ ਨੇ ਦੁੱਧ ਵਿਚ ਮਿਲਾਵਟ ਦੀ ਪਰਖ ਲਈ ਯੰਤਰ ਵੀ ਬਣਾਏ ਹਨ। ਬਨਾਉਟੀ ਸਾਫਟ ਡਰਿੰਕ ਦੀ ਥਾਂ ਭਾਂਤ ਭਾਂਤ ਦੇ ਫਰੂਟ ਜੂਸ ਪੈਕ ਕਰਨ ਅਤੇ ਉਨ੍ਹਾਂ ਵਿਚ ਗੈਸ ਰਲਾਉਣ ਦੇ ਕਾਰਜ ਵੀ ਕੌਂਸਲ ਨੇ ਕੀਤੇ ਹਨ।

ਖੋਜ ਪੱਖੋਂ ਸੀ. ਐਸ. ਆਈ. ਆਰ. ਹਰ ਸਾਲ ਤਕਰੀਬਨ 250 ਭਾਰਤੀ ਤੇ 300 ਵਿਦੇਸ਼ੀ ਪੇਟੈਂਟਾਂ ਲਈ ਅਰਜ਼ੀਆਂ ਦਿੰਦੀ ਹੈ। ਇਹ ਆਪਣੇ 13% ਪੇਟੈਂਟਾਂ ਨੂੰ ਵੇਚ ਕੇ ਲਾਇਸੈਂਸ ਦੇ ਦਿੰਦੀ ਹੈ। 1995 ਵਿਚ ਕੌਂਸਲ ਨੇ ਅਮਰੀਕਾ ਨੂੰ ਹਲਦੀ ਦੀ ਜ਼ਖਮਾਂ ਨੂੰ ਠੀਕ ਕਰਨ ਦੀ ਵਿਸ਼ੇਸ਼ਤਾ ਆਪਣੇ ਨਾਂ ਉਤੇ ਪੇਟੈਂਟ ਕਰਵਾਉਣ ਤੋਂ ਵੰਗਾਰਿਆ ਅਤੇ ਮੁਕੱਦਮਾ ਜਿੱਤ ਕੇ ਭਾਰਤ ਦੀ ਹਲਦੀ ਨੂੰ ਅਮਰੀਕੀ ਮੰਡੀ ਦੀ ਲੁੱਟ ਤੋਂ ਬਚਾਇਆ। ਉਸ ਪਿਛੋਂ ਇਸ ਨੇ ਭਾਰਤ ਦੀਆਂ ਦੇਸੀ ਦਵਾਈਆਂ, ਨੁਸਖਿਆਂ, ਜੜ੍ਹੀਆਂ-ਬੂਟੀਆਂ ਦੀ ਡਿਜੀਟਲ ਲਾਇਬ੍ਰੇਰੀ ਬਣਾਈ ਜਿਸ ਨਾਲ ਇਸ ਗਿਆਨ ਉਤੇ ਭਾਰਤੀ ਦਾਅਵੇਦਾਰੀ ਨੂੰ ਸੁਰੱਖਿਅਤ ਕੀਤਾ।

ਦੇਸ਼ ਦੇ ਵਿਗਿਆਨ, ਟੈਕਨੋਲੋਜੀ, ਸਮਾਜ, ਉਦਯੋਗ, ਕਿਸਾਨ, ਆਮ ਆਦਮੀ ਨੂੰ ਜਦੋਂ ਕਦੇ ਵੀ ਮੁਸ਼ਕਿਲ ਪੇਸ਼ ਆਈ ਹੈ, ਕੌਂਸਲ ਨੇ ਮਦਦ ਕੀਤੀ ਹੈ। ਕੁਝ ਮਿਸਾਲਾਂ ਵੇਖੋ: ਆਂਧਰਾ ਦੇ ਕਿਸਾਨ 1980-90 ਦੌਰਾਨ ਮੂੰਗਫਲੀ ਦੀ ਕਾਸ਼ਤ ਕਰ ਕੇ ਗੁਜ਼ਾਰਾ ਕਰਦੇ ਸਨ। ਤੇਲ ਦੀ ਮਾਰਕਿਟ ਖਰਾਬ ਹੋਈ ਤਾਂ ਕਿਸਾਨਾਂ ਨੂੰ ਲਾਗਤ ਮੁੱਲ ਮਿਲਣਾ ਵੀ ਔਖਾ ਹੋ ਗਿਆ। ਕੌਂਸਲ ਨੇ ਉਨ੍ਹਾਂ ਨੂੰ ਅਸ਼ਵਗੰਧਾ ਦੀ ਖੇਤੀ ਦੇ ਰਾਹ ਤੋਰਿਆ ਜਿਸ ਨਾਲ ਉਹ ਮੁੜ ਪੈਰਾਂ ਸਿਰ ਹੋ ਗਏ। ਕਿਸੇ ਸਮੇਂ ਕੋਲ੍ਹਾਪੁਰੀ ਚੱਪਲ ਦੀ ਬੜੀ ਧੁੰਮ ਸੀ। ਮੰਡੀ ਦੇ ਯੁੱਗ ਵਿਚ ਉਦਯੋਗ ਵਿਚ ਡਿਜ਼ਾਈਨ ਤੇ ਸਟੈਂਡਰਡਾਈਜ਼ੇਸ਼ਨ ਦੀ ਘਾਟ, ਚਮੜੇ ਦੀ ਕੁਆਲਿਟੀ, ਕਾਰੀਗਰਾਂ ਦੀ ਕੁਸ਼ਲਤਾ ਦੀ ਘਾਟ ਜਿਹੇ ਨੁਕਸ ਇਸ ਦੇ ਰਾਹ ਦਾ ਰੋੜਾ ਬਣ ਗਏ। ਕੌਂਸਲ ਦੇ ਲੈਦਰ ਰਿਸਰਚ ਇੰਸਟੀਚਿਊਟ ਨੇ ਇਹ ਸਾਰੇ ਦੋਸ਼ ਦੂਰ ਕਰ ਕੇ ਕੋਲ੍ਹਾਪੁਰੀ ਉਦਯੋਗ ਦੀ ਮੁੜ ਬੱਲੇ ਬੱਲੇ ਕਰਵਾ ਦਿੱਤੀ। ਕਾਂਗੜਾ ਦੇ ਚਾਹ ਉਦਯੋਗ ਦੀ ਸ਼ਾਨ ਵੀ ਕੌਂਸਲ ਨੇ ਹੀ ਬਹਾਲ ਕੀਤੀ। ਵਿਗਿਆਨ ਤੇ ਟੈਕਨੋਲੋਜੀ ਨੂੰ ਅਜਿਹੇ ਮਜ਼ਬੂਤ ਆਧਾਰਾਂ 'ਤੇ ਖੜ੍ਹਾ ਕਰਨ ਪਿਛੇ ਪੰਡਿਤ ਨਹਿਰੂ ਦੀ ਬੇਮਿਸਾਲ ਦੂਰ ਦ੍ਰਿਸ਼ਟੀ ਸੀ।

# ਰਾਜ ਸਭਾ ਚੋਣਾਂ: ਭਾਜਪਾ ਨੂੰ ਬਹੁਮੱਤ ਦੀਆਂ ਆਸਾਂ

**ਨਵੀਂ ਦਿੱਲੀ:** ਅਗਲੇ ਮਹੀਨੇ 16 ਸੂਬਿਆਂ ਦੀਆਂ 58 ਸੀਟਾਂ 'ਤੇ ਹੋਣ ਵਾਲੀਆਂ ਰਾਜ ਸਭਾ ਚੋਣਾਂ ਮਗਰੋਂ ਭਾਜਪਾ ਨੂੰ ਬਹੁਮੱਤ ਮਿਲਣ ਦੀ ਪੂਰੀ ਉਮੀਦ ਹੈ। ਚੋਣਾਂ ਤੋਂ ਬਾਅਦ ਹੁਕਮਰਾਨ ਐਨਡੀਏ ਦੀਆਂ ਸੀਟਾਂ ਦੀ ਗਿਣਤੀ ਵਧਣ ਦੀ ਪੂਰੀ ਸੰਭਾਵਨਾ ਹੈ। ਰਾਜ ਸਭਾ 'ਚ ਮੈਂਬਰਾਂ ਪੱਖੋਂ ਭਾਜਪਾ ਪਹਿਲਾਂ ਹੀ ਕਾਂਗਰਸ ਪਾਰਟੀ ਨਾਲੋਂ ਅੱਗੇ ਨਿਕਲ ਚੁੱਕੀ ਹੈ। ਉਪਰਲੇ ਸਦਨ 'ਚ ਭਾਜਪਾ ਦੇ 58 ਜਦਕਿ ਕਾਂਗਰਸ ਦੇ 54 ਮੈਂਬਰ ਹਨ ਅਤੇ ਦੋਵੇਂ ਪਾਰਟੀਆਂ ਵਿਚਾਲਾ ਫਰਕ ਹੁਣ ਹੋਰ ਵਧੇਗਾ।


ਭਾਰਤੀ ਜਨਤਾ ਪਾਰਟੀ ਨੂੰ ਉਤਰ ਪ੍ਰਦੇਸ਼ 'ਚ ਵੱਡਾ ਲਾਹਾ ਮਿਲੇਗਾ ਜਿਥੇ ਵਿਧਾਨ ਸਭਾ 'ਚ ਉਨ੍ਹਾਂ ਨੂੰ ਭਾਰੀ ਬਹੁਮਤ ਹਾਸਲ ਹੈ। ਉਥੋਂ ਦੀਆਂ 10 ਰਾਜ ਸਭਾ ਸੀਟਾਂ 'ਚੋਂ ਭਾਜਪਾ ਨੂੰ ਘੱਟੋ ਘੱਟ 8 ਮਿਲਣੀਆਂ ਤੈਅ ਹਨ। ਉਂਜ ਇਸ ਸਮੇਂ ਭਾਜਪਾ ਕੋਲ ਉਤਰ ਪ੍ਰਦੇਸ਼ 'ਚ ਇਕ ਹੀ ਰਾਜ ਸਭਾ ਸੀਟ ਹੈ। ਪਾਰਟੀ ਆਗੂਆਂ ਦਾ ਕਹਿਣਾ ਹੈ ਕਿ ਉਹ ਰਾਜਸਥਾਨ ਦੀਆਂ ਸਾਰੀਆਂ ਤਿੰਨ ਸੀਟਾਂ ਜਿੱਤੇਗੀ ਜਿਥੇ ਇਸ ਸਮੇਂ ਉਨ੍ਹਾਂ ਕੋਲ ਇਕ ਸੀਟ ਹੈ।

ਭਾਜਪਾ ਨੂੰ ਭਾਈਵਾਲ ਸ਼ਿਵ ਸੈਨਾ ਨਾਲ ਮਿਲ ਕੇ ਮਹਾਰਾਸ਼ਟਰ ਦੀਆਂ ਛੇ 'ਚੋਂ ਚਾਰ ਸੀਟਾਂ 'ਤੇ ਕਬਜ਼ਾ ਕਰਨ ਦੀ ਪੂਰੀ ਉਮੀਦ ਹੈ ਜਦਕਿ ਉਥੋਂ ਇਸ ਸਮੇਂ ਉਨ੍ਹਾਂ ਦੇ ਦੋ ਹੀ ਰਾਜ ਸਭਾ ਮੈਂਬਰ ਹਨ। ਉਧਰ ਬਿਹਾਰ ਅਤੇ ਗੁਜਰਾਤ 'ਚ ਐਨਡੀਏ ਨੂੰ ਹਲਕਾ ਝਟਕਾ ਲੱਗਣ ਵਾਲਾ ਹੈ। ਬਿਹਾਰ ਦੀਆਂ ਛੇ ਰਾਜ ਸਭਾ ਸੀਟਾਂ 'ਚੋਂ ਉਸ ਨੂੰ ਸਿਰਫ਼ ਤਿੰਨ ਸੀਟਾਂ 'ਤੇ ਜਿੱਤ ਮਿਲਣਾ ਯਕੀਨੀ ਹੈ ਜਦਕਿ ਗੁਜਰਾਤ 'ਚ ਚਾਰ ਸੀਟਾਂ 'ਚੋਂ ਉਹ ਦੋ ਤੋਂ ਵੱਧ ਸੀਟਾਂ ਨਹੀਂ ਜਿੱਤ ਸਕਣਗੇ। ਭਾਜਪਾ ਆਗੂਆਂ ਮੁਤਾਬਕ ਜੇਕਰ ਅੰਨਾ ਡੀਐਮਕੇ, ਟੀਆਰਐਸ, ਬੀਜੇਡੀ ਅਤੇ ਵਾਈਐਸਆਰ ਵਰਗੀਆਂ ਪਾਰਟੀਆਂ ਦੀਆਂ ਸੀਟਾਂ ਨੂੰ ਜੋੜ ਲਿਆ ਜਾਵੇ ਤਾਂ ਐਨਡੀਏ ਨੂੰ 245 ਮੈਂਬਰੀ ਸਦਨ 'ਚ ਬਹੁਮਤ ਮਿਲ ਜਾਵੇਗਾ। ਭਾਵੇਂ ਇਹ ਪਾਰਟੀਆਂ ਹਾਕਮ ਧਿਰ ਦਾ ਹਿੱਸਾ ਨਹੀਂ ਹਨ ਪਰ ਇਹ ਖੇਤਰੀ ਪਾਰਟੀਆਂ ਅਕਸਰ ਕਾਂਗਰਸ, ਟੀਐਮਸੀ, ਖੱਬੇ ਪੱਖੀਆਂ ਤੇ ਸਮਾਜਵਾਦੀ ਪਾਰਟੀ ਨਾਲ ਵਿਰੋਧੀ ਸੁਰਾਂ 'ਚ ਸ਼ਾਮਲ ਨਹੀਂ ਹੁੰਦੀਆਂ ਅਤੇ ਸਰਕਾਰ ਦੇ ਏਜੰਡੇ ਖਾਸ ਕਰਕੇ ਬਿੱਲਾਂ ਨੂੰ ਰੋਕਣ ਸਮੇਂ ਉਨ੍ਹਾਂ ਦਾ ਸਾਥ ਵੀ ਨਹੀਂ ਦਿੰਦੀਆਂ। ਭਾਜਪਾ ਨੇ ਰਾਜ ਸਭਾ ਚੋਣਾਂ ਲਈ ਅਜੇ ਉਮੀਦਵਾਰਾਂ ਬਾਰੇ ਭਾਵੇਂ ਫ਼ੈਸਲਾ ਲੈਣਾ ਹੈ ਪਰ ਸੂਤਰਾਂ ਮੁਤਾਬਕ ਪਾਰਟੀ ਦੇ ਕੁਝ ਕੌਮੀ ਅਹੁਦੇਦਾਰਾਂ ਨੂੰ ਪਹਿਲੀ ਵਾਰ ਸਦਨ 'ਚ ਦਾਖ਼ਲਾ ਮਿਲ ਸਕਦਾ ਹੈ। ਭਾਜਪਾ ਦੇ ਅੱਠ ਜਨਰਲ ਸਕੱਤਰਾਂ 'ਚੋਂ ਭੁਪੇਂਦਰ ਯਾਦਵ ਨੂੰ ਛੱਡ ਕੇ ਕੋਈ ਵੀ ਸੰਸਦ ਮੈਂਬਰ ਨਹੀਂ ਹੈ।

ਸੂਤਰਾਂ ਅਨੁਸਾਰ ਪਾਰਟੀ ਕੁਝ ਨਵੇਂ ਚਿਹਰਿਆਂ ਨੂੰ ਮੌਕਾ ਦੇ ਸਕਦੀ ਹੈ ਅਤੇ ਕੁਝ ਤਰਜਮਾਨਾਂ ਦਾ ਸੰਸਦ ਲਈ ਰਾਹ ਵੀ ਪੱਧਰਾ ਹੋ ਸਕਦਾ ਹੈ। ਜਨਰਲ ਸਕੱਤਰ ਅਨਿਲ ਜੈਨ, ਅਰੁਣ ਸਿੰਘ, ਕੈਲਾਸ਼ ਵਿਜੈਵਰਗੀਆ, ਪੀ ਮੁਰਲੀਧਰ ਰਾਓ ਅਤੇ ਰਾਮ ਮਾਧਵ ਰਾਜ ਸਭਾ ਸੀਟਾਂ ਦੇ ਮਜ਼ਬੂਤ ਦਾਅਵੇਦਾਰ ਮੰਨੇ ਜਾ ਰਹੇ ਹਨ। ਕੇਂਦਰੀ ਮੰਤਰੀਆਂ ਅਰੁਣ ਜੇਤਲੀ, ਪ੍ਰਕਾਸ਼ ਜਾਵਡੇਕਰ, ਰਵੀ ਸ਼ੰਕਰ ਪ੍ਰਸਾਦ, ਧਰਮੇਂਦਰ ਪ੍ਰਧਾਨ, ਜੇ ਪੀ ਨੱਡਾ, ਥਾਵਰ ਚੰਦ ਗਹਿਲੋਤ ਤੇ ਰਾਮਦਾਸ ਅਠਾਵਲੇ ਦੀ ਮਿਆਦ ਖ਼ਤਮ ਹੋ ਰਹੀ ਹੈ ਅਤੇ ਹਾਕਮ ਗਠਜੋੜ ਵੱਲੋਂ ਉਨ੍ਹਾਂ ਨੂੰ ਮੁੜ ਤੋਂ ਨਾਮਜ਼ਦ ਕਰਨ ਦੀ ਪੂਰੀ ਸੰਭਾਵਨਾ ਹੈ।

# 'ਇੱਕ ਦੇਸ਼, ਇੱਕ ਚੋਣ' ਦੀਆਂ ਗੋਂਦਾਂ ਦਾ ਚੁਸਤ ਨਾਅਰਾ

## ਸਿਆਸਤ ਦਾ ਪਿੜ



■ ਜਤਿੰਦਰ ਪਨੂੰ
ਫੋਨ: 91-98140-68455

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਸ ਵੇਲੇ ਖੁਸ਼ ਹੋਣਗੇ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੀ ਟੀਮ ਵੱਲ ਜੋ ਪੈਂਤੜਾ ਉਨ੍ਹਾਂ ਨੇ ਅਪਨਾਇਆ ਸੀ, ਉਸ ਵਿਚ ਆਖਰੀ ਪੜਾਅ ਉਤੇ ਗੱਲ ਉਹੋ ਹੋਈ ਹੈ, ਜਿਹੜੀ ਉਨ੍ਹਾਂ ਨੇ ਚਿਤਵੀ ਸੀ। ਇਸ ਵਿਚ ਉਨ੍ਹਾਂ ਲਈ ਸਭ ਤੋਂ ਵੱਧ ਮਦਦ ਕੈਨੇਡਾ ਦੇ ਉਨ੍ਹਾਂ ਲੋਕਾਂ ਨੇ ਕੀਤੀ, ਜਿਨ੍ਹਾਂ ਵਿਰੁਧ ਇਸ ਤਰ੍ਹਾਂ ਦਾ ਪੈਂਤੜਾ ਅਪਨਾਇਆ ਗਿਆ ਸੀ। ਉਹ ਲੋਕ ਕੈਨੇਡਾ ਦੇ ਪ੍ਰਧਾਨ ਮੰਤਰੀ ਨੂੰ ਆਪਣੀ ਸੋਚ ਲਈ ਵਰਤਣ ਦੇ ਚੱਕਰ ਵਿਚ ਹੱਦ ਤੋਂ ਅੱਗੇ ਨਿਕਲ ਗਏ ਤੇ ਫਿਰ ਇਹ ਹੀ ਮੂਰਖਤਾ ਉਨ੍ਹਾਂ ਦੀ ਅਤੇ ਉਨ੍ਹਾਂ ਦੇ ਪ੍ਰਧਾਨ ਮੰਤਰੀ ਦੀ ਪੁਜ਼ੀਸ਼ਨ ਖਰਾਬ ਕਰਨ ਦਾ ਕਾਰਨ ਬਣ ਗਈ। ਪ੍ਰਧਾਨ ਮੰਤਰੀ ਵਜੋਂ ਆਪਣੀ ਪਹਿਲੀ ਭਾਰਤ ਯਾਤਰਾ ਦੌਰਾਨ ਹੀ ਜਸਟਿਨ ਟਰੂਡੋ ਨੂੰ ਕਈ ਕਿਸਮ ਦੀਆਂ ਸਫਾਈਆਂ ਦੇਣੀਆਂ ਪੈ ਗਈਆਂ ਤਾਂ ਇਸ ਤੋਂ ਮੋਦੀ ਸਰਕਾਰ ਖੁਸ਼ ਹੈ, ਕੈਪਟਨ ਅਮਰਿੰਦਰ ਸਿੰਘ ਵੀ। ਗੱਲ ਸਿਰਫ ਏਨੀ ਨਹੀਂ, ਸਗੋਂ ਹੁਣ ਅਮਰਿੰਦਰ ਸਿੰਘ ਇਹ ਵੀ ਕਹਿ ਸਕਦੇ ਹਨ ਕਿ ਪਹਿਲ ਮੈਂ ਹੀ ਕੀਤੀ ਸੀ।

ਜਿਸ ਮਸਲੇ ਉਤੇ ਕੈਪਟਨ ਅਮਰਿੰਦਰ ਸਿੰਘ ਆਪਣੇ ਦੇਸ਼ ਦੀ ਸਰਕਾਰ ਤੋਂ ਸਿਹਰਾ ਲੈ ਸਕਦੇ ਹਨ ਕਿ ਪਹਿਲ ਮੈਂ ਕੀਤੀ ਸੀ, ਉਸ ਦੀ ਕਹਾਣੀ ਫਿਰ ਕਿਸੇ ਵੇਲੇ ਪਾਈ ਜਾਵੇਗੀ, ਇਸ ਵਕਤ ਸਾਡਾ ਧਿਆਨ ਇਹ ਸੋਚਣ ਉਤੇ ਹੈ ਕਿ ਉਨ੍ਹਾਂ ਨੂੰ ਵੋਟਾਂ ਪੰਜਾਬ ਦਾ ਮੁੱਖ ਮੰਤਰੀ ਬਣਨ ਲਈ ਮਿਲੀਆਂ ਸਨ, ਦੇਸ਼ ਦਾ ਵਿਦੇਸ਼ ਮੰਤਰੀ ਬਣਨ ਵਾਸਤੇ ਨਹੀਂ। ਜਿਨ੍ਹਾਂ ਲੋਕਾਂ ਨੇ ਉਨ੍ਹਾਂ ਨੂੰ ਵੋਟਾਂ ਪਾ ਕੇ ਗਿਆਰਾਂ ਮਹੀਨੇ ਪਹਿਲਾਂ ਪੰਜਾਬ ਦੀ ਵਾਗਡੋਰ ਸੌਂਪੀ ਸੀ, ਉਨ੍ਹਾਂ ਲਈ ਹੁਣ ਤੱਕ ਕਿੰਨਾ ਤੇ ਕਿੱਦਾਂ ਦਾ ਕੰਮ ਕੀਤਾ ਹੈ ਤੇ ਜੋ ਕੁਝ ਹੁਣ ਤੱਕ ਕੀਤਾ ਨਹੀਂ ਗਿਆ, ਉਹ ਕਦੋਂ ਕਰਨਾ ਹੈ? ਲੋਕ ਬਹੁਤੀ ਉਡੀਕ ਨਹੀਂ ਕਰਦੇ ਹੁੰਦੇ।

ਹਾਲਾਤ ਵੀ ਇਸ ਤਰ੍ਹਾਂ ਬਦਲ ਰਹੇ ਹਨ ਕਿ ਖੁਦ ਅਮਰਿੰਦਰ ਸਿੰਘ ਨੂੰ ਉਡੀਕਣ ਲਈ ਵਕਤ ਨਹੀਂ ਮਿਲ ਸਕਣਾ। ਉਨ੍ਹਾਂ ਨੂੰ ਇਹ ਚੇਤਾ ਕਰ ਲੈਣਾ ਚਾਹੀਦਾ ਹੈ ਕਿ ਜਦੋਂ ਪਿਛਲੀ ਵਾਰੀ ਉਹ ਪੰਜਾਬ ਦੇ ਮੁੱਖ ਮੰਤਰੀ ਬਣੇ ਸਨ ਤਾਂ ਅਗਲੇਰੇ ਸਾਲ ਲੋਕ ਸਭਾ ਦੀਆਂ ਚੋਣਾਂ ਆ ਗਈਆਂ ਸਨ ਤੇ ਪੰਜਾਬ ਦੀਆਂ ਤੇਰਾਂ ਸੀਟਾਂ ਵਿਚੋਂ ਕਾਂਗਰਸ ਪਾਰਟੀ ਨੂੰ ਸਿਰਫ ਦੋ ਮਿਲੀਆਂ ਸਨ, ਗਿਆਰਾਂ ਸੀਟਾਂ ਅਕਾਲੀ-ਭਾਜਪਾ ਗੱਠਜੋੜ ਜਿੱਤ ਗਿਆ ਸੀ। ਸਿਰਫ ਉਨ੍ਹਾਂ ਨਾਲ ਹੀ ਏਦਾਂ ਨਹੀਂ ਸੀ ਹੋਈ, ਉਨ੍ਹਾਂ ਤੋਂ ਪਹਿਲਾਂ ਜਦੋਂ ਅਕਾਲੀ-ਭਾਜਪਾ ਗੱਠਜੋੜ ਦੀ ਪਹਿਲੀ ਸਰਕਾਰ ਬਣੀ ਤਾਂ ਅਗਲੇ ਸਾਲ ਹੋਈਆਂ ਲੋਕ ਸਭਾ ਚੋਣਾਂ ਵਿਚ ਅਕਾਲੀ-ਭਾਜਪਾ ਗੱਠਜੋੜ ਬਾਰਾਂ ਸੀਟਾਂ ਲੈ ਗਿਆ ਤੇ ਤੇਰਵੀਂ ਜਲੰਧਰ ਵਾਲੀ ਸੀਟ ਜਨਤਾ ਦਲ ਵੱਲੋਂ ਇੰਦਰ ਕੁਮਾਰ ਗੁਜਰਾਲ ਹੁਰੀਂ ਅਕਾਲੀ-ਭਾਜਪਾ ਦੀ ਮਦਦ ਨਾਲ ਜਿੱਤ ਗਏ ਸਨ। ਜਦੋਂ ਉਸੇ ਬਾਦਲ ਸਰਕਾਰ ਦਾ ਦੂਸਰਾ ਸਾਲ ਲੰਘਿਆ ਤਾਂ ਕਾਰਗਿਲ ਦੀ ਜੰਗ ਦੇ ਹੁਲਾਰੇ ਨਾਲ ਕੇਂਦਰ ਵਿਚ ਭਾਜਪਾ ਦੀ ਅਗਵਾਈ ਵਿਚ ਸਰਕਾਰ ਬਣ ਗਈ ਸੀ, ਪੰਜਾਬ ਵਿਚ ਇਸ ਗੱਠਜੋੜ ਦੇ ਪੱਲੇ ਸਿਰਫ ਤਿੰਨ ਸੀਟਾਂ ਪਈਆਂ ਸਨ ਅਤੇ ਨੌਂ ਸੀਟਾਂ ਕਾਂਗਰਸ ਅਤੇ ਸੀ. ਪੀ. ਆਈ. ਦਾ ਗੱਠਜੋੜ ਲੈ ਗਿਆ ਸੀ। ਤੇਰ੍ਹਵੀਂ ਸੀਟ ਉਦੋਂ ਸੰਗਰੂਰ ਤੋਂ ਸਿਮਰਨਜੀਤ ਸਿੰਘ ਮਾਨ ਨੇ ਜਿੱਤ ਲਈ ਸੀ।



ਦਿੱਲੀ ਦੀ ਗੱਲ ਹੋਵੇ ਤਾਂ ਉਥੇ ਵੋਟਰ ਇਹ ਵੇਖਦੇ ਹਨ ਕਿ ਕੇਂਦਰ ਸਰਕਾਰ ਵਿਚ ਕੌਣ ਚਾਹੀਦਾ ਹੈ ਅਤੇ ਦਿੱਲੀ ਦੇ ਸ਼ਹਿਰ ਲਈ ਕਿਹੜਾ ਠੀਕ ਰਹੇਗਾ, ਪਰ ਪੰਜਾਬ ਵਿਚ ਚੋਣ ਲੋਕ ਸਭਾ ਦੀ ਹੋਵੇ ਜਾਂ ਵਿਧਾਨ ਸਭਾ ਦੀ, ਲੋਕ ਇਸ ਰਾਜ ਵਿਚ ਰਾਜ ਕਰਦੀ ਧਿਰ ਦਾ ਕੰਮ ਵੇਖ ਕੇ ਭੁਗਤਦੇ ਹਨ। ਇਹੋ ਕਾਰਨ ਹੈ ਕਿ ਉਦੋਂ ਬਾਦਲ ਸਰਕਾਰ ਦੇ ਦੋ ਸਾਲ ਬੀਤਣ ਪਿੱਛੋਂ ਦੇ ਚੋਣ ਨਤੀਜੇ ਨੂੰ ਤੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੇ ਦੋ ਸਾਲਾਂ ਪਿੱਛੋਂ ਦੇ ਚੋਣ ਨਤੀਜੇ ਨੂੰ ਕੇਂਦਰ ਨਾਲ ਜੋੜਨ ਦੀ ਥਾਂ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਦਾ ਲੋਕਾਂ ਵੱਲੋਂ ਹੁੰਗਾਰਾ ਜਾਂ ਵਿਰੋਧ ਮੰਨਿਆ ਗਿਆ ਸੀ। ਹੁਣ ਵੀ ਫਿਰ ਪੰਜਾਬ ਸਰਕਾਰ ਦਾ ਇੱਕ ਸਾਲ ਲੰਘਣ ਵਾਲਾ ਹੈ ਤੇ ਦੂਸਰਾ ਲੰਘਦੇ ਸਾਰ ਜਦੋਂ ਅਗਲੇ ਸਾਲ ਲੋਕ ਸਭਾ ਚੋਣ ਹੋਈ ਤਾਂ ਲੋਕ ਇਸ ਸਰਕਾਰ ਦੀ ਕਾਰਗੁਜ਼ਾਰੀ ਵੇਖ ਕੇ ਵੋਟਾਂ ਪਾਉਣਗੇ। ਮੁੱਖ ਮੰਤਰੀ ਅਮਰਿੰਦਰ ਸਿੰਘ ਦੀ ਟੀਮ ਨੂੰ ਇਸ ਗੱਲ ਦੀ ਕੋਈ ਚਿੰਤਾ ਹੀ ਨਹੀਂ ਜਾਪਦੀ। ਉਨ੍ਹਾਂ ਨੂੰ ਚਿੰਤਾ ਕਰਨੀ ਚਾਹੀਦੀ ਹੈ ਤੇ ਸਗੋਂ ਇਸ ਤੋਂ ਵੀ ਵੱਧ ਕਰਨੀ ਚਾਹੀਦੀ ਹੈ।

ਇਸ ਤੋਂ ਵੱਧ ਦਾ ਭਾਵ ਇਹ ਕਿ ਲੋਕ ਸਭਾ ਵਾਲੀ ਚੋਣ ਹੀ ਨਹੀਂ, ਅਗਲੇ ਸਾਲ ਪੰਜਾਬ ਵਿਧਾਨ ਸਭਾ ਦੀ ਚੋਣ ਦਾ ਸਬੱਬ ਵੀ ਬਣ ਸਕਦਾ ਹੈ। ਸਾਨੂੰ ਪਤਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਕੋਲ ਏਨੇ ਵਿਧਾਇਕ ਹਨ ਕਿ ਬਾਹਰੋਂ ਤਾਂ ਕੀ, ਪਾਰਟੀ ਵਿਚੋਂ ਵੀ ਢਾਹ ਲਾਈ ਜਾਣ ਲੱਗੀ ਤਾਂ ਬਹੁਤਾ ਖਤਰਾ ਨਹੀਂ ਹੋਣਾ, ਪਰ ਜਦੋਂ ਅਗਲੇ ਸਾਲ ਚੋਣਾਂ ਵਾਲੀ ਗੱਲ ਅਸੀਂ ਕਹਿ ਰਹੇ ਹਾਂ ਤਾਂ ਇਹ ਸਿਰਫ ਪੰਜਾਬ ਦੀਆਂ ਨਹੀਂ, ਸਾਰੇ ਦੇਸ਼ ਦੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਕਰਵਾਏ ਜਾਣ ਦੀ ਗੱਲ ਕਹਿਣੀ ਪੈ ਰਹੀ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਦਾ ਸਾਰਾ ਜ਼ੋਰ ਇਸ ਗੱਲ ਲਈ ਲੱਗਾ ਪਿਆ ਹੈ ਕਿ ਅਗਲੀ ਵਾਰੀ ਪਾਰਲੀਮੈਂਟ ਤੇ ਵਿਧਾਨ ਸਭਾ ਚੋਣਾਂ ਇਕੱਠੀਆਂ ਕਰਾਈਆਂ ਜਾਣ। ਉਹ 'ਇੱਕ ਦੇਸ਼, ਇੱਕ ਚੋਣ' ਦਾ ਬਹੁਤ ਚੁਸਤ ਨਾਅਰਾ ਉਭਾਰ ਰਹੇ ਹਨ। ਭਾਜਪਾ ਦੇ ਹਰਿਆਣਾ ਵਾਂਗ ਕਈ ਸਰਕਾਰਾਂ ਦੇ ਮੰਤਰੀ ਅਤੇ ਵਿਧਾਇਕ ਵੀ ਇਸ ਤੋਂ ਨਾਰਾਜ਼ ਹਨ, ਪਰ ਉਭਾਸਰ ਕੇ ਬੋਲਣ ਦੀ ਹਿੰਮਤ ਨਹੀਂ ਕਰਦੇ। ਹਾਲੇ ਗੁਜਰਾਤ ਦੀ ਮਸਾਂ ਜਿੱਤੀ ਗਈ ਚੋਣ ਨਾਲ ਬਣੀ ਸਰਕਾਰ ਦੀ ਇੱਕ ਤਿਮਾਹੀ ਨਹੀਂ ਹੋਈ ਅਤੇ ਉਸ ਦਾ ਫਸਤਾ ਵੀ ਭਾਜਪਾ ਦੀ 'ਇੱਕ ਦੇਸ਼, ਇੱਕ ਚੋਣ' ਮੁਹਿੰਮ ਨਾਲ ਵੱਢੇ ਜਾਣ ਵਾਲੀ ਹਾਲਤ ਬਣਨ ਲੱਗ ਪਈ ਹੈ। ਜਦੋਂ ਉਨ੍ਹਾਂ ਨੇ ਆਪਣੇ ਰਾਜਾਂ ਵਿਚ ਇਹ ਚੋਣਾਂ ਕਰਵਾ ਲੈਣੀਆਂ ਹਨ ਤਾਂ ਪੰਜਾਬ ਨੂੰ ਕਿਸੇ ਨੇ ਬਖਸ਼ ਨਹੀਂ ਦੇਣਾ।

ਕੈਪਟਨ ਅਮਰਿੰਦਰ ਸਿੰਘ ਨਾਲ ਉਨ੍ਹਾਂ ਦਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੀ ਕਹੀ ਜਾਂਦਾ ਹੈ ਕਿ ਪੰਜਾਬ ਦਾ ਚੌਥਾ ਬਜਟ ਘਾਟੇ ਦਾ ਨਹੀਂ, ਮੁਨਾਫੇ ਦਾ ਬਣਾ ਕੇ ਵਿਖਾ ਦਿਆਂਗੇ। ਉਹ ਸਮਝ ਨਹੀਂ ਰਹੇ ਕਿ ਚੌਥਾ ਸਾਲ ਹੋਣ ਤੱਕ ਉਨ੍ਹਾਂ ਦੀ ਸਰਕਾਰ ਦਾ ਚੌਥਾ ਕਰਨ ਦੀਆਂ ਗੋਂਦਾਂ ਜਦੋਂ ਦਿੱਲੀ ਵਿਚ ਗੁੰਦੀਆਂ ਜਾ ਰਹੀਆਂ ਹਨ ਤਾਂ ਉਨ੍ਹਾਂ ਨੂੰ ਲੰਮੀ ਵਾਟ ਵਾਲੇ ਘੋੜੇ ਵਾਂਗ ਨਹੀਂ, ਸੌ ਮੀਟਰ ਦੀ ਦੌੜ ਵਾਲੇ ਉਸਾਨ ਬੁਲੇਟ ਵਾਂਗ ਇੱਕਦਮ ਤੇਜ਼ੀ ਨਾਲ ਰਫਤਾਰ ਫੜ੍ਹਨ ਦੀ ਲੋੜ ਹੈ, ਜਿਸ ਬਾਰੇ ਉਹ ਸੋਚ ਵੀ ਨਹੀਂ ਰਹੇ।

ਇਸ ਵੇਲੇ ਅਸੀਂ ਇਸ ਸਰਕਾਰ ਅਤੇ ਇਸ ਦੇ ਮੁਖੀ ਵੱਲੋਂ ਚੋਣਾਂ ਵਿਚ ਪੇਸ਼ ਕੀਤੇ ਗਏ ਮੈਨੀਫੈਸਟੋ ਤੇ ਕੀਤੇ ਗਏ ਵਾਅਦਿਆਂ ਦੀ ਚਰਚਾ ਨਹੀਂ ਛੇੜਨੀ ਚਾਹੁੰਦੇ, ਜਿਨ੍ਹਾਂ ਦਾ ਹਾਲ ਮਸਾਂ ਗੋਹੜੇ ਵਿਚੋਂ ਪੂਣੀ ਚੁੱਕਣ ਤੱਕ ਸੀਮਤ ਹੈ। ਉਨ੍ਹਾਂ ਦੇ ਆਪਣੇ ਟੱਬਰ ਵਿਚ ਛਿੜਦੀ ਜਾਂਦੀ ਖਾਨਾਜੰਗੀ ਦੀਆਂ ਕਨਸੋਆਂ ਵੀ ਮਿਲ ਰਹੀਆਂ ਹਨ। ਵਜ਼ੀਰੀ ਦੀ ਝਾਕ ਵਾਲੇ ਸੱਜਣਾਂ ਨੇ ਜਦੋਂ ਇਹ ਵੇਖ ਲਿਆ ਕਿ ਇਨ੍ਹਾਂ ਤਿਲਾਂ ਵਿਚ ਤੇਲ ਨਹੀਂ ਜਾਪਦਾ ਤਾਂ ਉਹ ਗੁਰਦਾਸਪੁਰ ਦੇ ਡੇਰੇ ਵੱਲ ਤੁਰਨ ਲੱਗੇ ਸੁਣੇ ਜਾ ਰਹੇ ਹਨ। ਇਨ੍ਹਾਂ ਗੱਲਾਂ ਬਾਰੇ ਮੁੱਖ ਮੰਤਰੀ ਨੂੰ ਕੋਈ ਚਿੰਤਾ ਹੀ ਨਹੀਂ ਜਾਪਦੀ।

ਸਥਿਤੀ ਇਸ ਵਕਤ ਪੰਜਾਬ ਸਰਕਾਰ ਦੀ 'ਤਿਲ ਥੋੜਤੇ' ਵਾਲੀ ਜਾਪਦੀ ਹੈ, ਅੱਗੋਂ ਹਾਲਾਤ ਕਿਸੇ ਵੀ ਅਣਕਿਆਸੇ ਰੁਖ ਵੱਲ ਮੋੜਾ ਕੱਟ ਸਕਦੇ ਹਨ ਤੇ ਜਿਹੜੇ ਪਾਸੇ ਵੀ ਮੋੜਾ ਕੱਟਣਗੇ, ਓਧਰ ਦਾ ਪੈਂਡਾ ਪੰਜਾਬ ਦੀ ਮੌਜੂਦਾ ਸਰਕਾਰ ਤੇ ਇਸ ਦੇ ਮੁਖੀ ਲਈ ਸੁਖਾਵਾਂ ਹੋਣ ਦੀ ਬਹੁਤੀ ਆਸ ਹਾਲ ਦੀ ਘੜੀ ਨਹੀਂ ਜਾਪਦੀ। ਕਬੂਤਰ ਅੱਖਾਂ ਵੀ ਮੀਟ ਲਵੇ ਤਾਂ ਬਿੱਲੀ ਨੇ ਬਖਸ਼ ਨਹੀਂ ਦੇਣਾ। ਅਜਿਹੇ ਸੱਜਣਾਂ ਦੀ ਕਮੀ ਨਹੀਂ, ਜੋ ਆਖਦੇ ਹਨ ਕਿ ਨਰਿੰਦਰ ਮੋਦੀ ਏਡੀ ਛੇਤੀ ਇਹ ਫੈਸਲਾ ਅਮਲ ਵਿਚ ਲਾਗੂ ਕਰਨ ਵਾਲੀ ਸਥਿਤੀ ਵਿਚ ਨਹੀਂ, ਪਰ ਉਹ ਇਹ ਗੱਲ ਭੁੱਲ ਜਾਂਦੇ ਹਨ ਕਿ ਨਰਿੰਦਰ ਮੋਦੀ ਤਾਂ ਨਰਿੰਦਰ ਮੋਦੀ ਹੈ, ਇੱਕ ਵਾਰ ਫੈਸਲਾ ਕਰ ਲਵੇ ਤਾਂ ਇਸ ਨੂੰ ਪਾਸ ਕਰਵਾਉਣ ਲਈ ਮੁਲਾਇਮ ਸਿੰਘ ਅਤੇ ਸ਼ਰਦ ਪਵਾਰ ਵਰਗਿਆਂ ਨੂੰ ਵੀ ਵਰਤ ਕੇ ਦੇਸ਼ ਨੂੰ ਹਲੂਣਾ ਦੇ ਸਕਦਾ ਹੈ। ਭਾਜਪਾ ਦੀ ਮੋਹਰੀ ਟੀਮ ਗਿਣੇ ਜਾਂਦੇ ਦੋਵੇਂ ਬੰਦੇ, ਜੀ ਹਾਂ, ਸਿਰਫ ਦੋਵੇਂ ਬੰਦੇ ਹੀ ਟੀਮ ਹਨ, ਇਸ ਵੇਲੇ ਇੱਕ ਚੋਣ-ਜੂਆ ਖੇਡਣ ਦਾ ਮਨ ਬਣਾਈ ਬੈਠੇ ਜਾਪਦੇ ਹਨ। ਕੱਲ੍ਹ ਨੂੰ ਕੀ ਹੋਵੇਗਾ, ਇਹ ਕੋਈ ਨਹੀਂ ਕਹਿ ਸਕਦਾ!

# ਜਵਾਬ ਦੇਹੀ ਤੋਂ ਮੁਨਕਰ ਹੋਣਾ ਲੋਕਤੰਤਰ ਲਈ ਚਿੰਤਾ ਦਾ ਵਿਸ਼ਾ

ਬੇਸ਼ੱਕ ਅੱਜ ਸਾਡਾ ਦੇਸ਼ ਆਬਾਦੀ ਪੱਖੋਂ ਸੰਸਾਰ ਦੇ ਸਭ ਤੋਂ ਵੱਡੇ ਲੋਕਤੰਤਰੀ ਦੇਸ਼ ਦਾ ਮਾਣ ਪ੍ਰਾਪਤ ਕਰਦਾ ਹੈ। ਜਿੱਥੇ ਇਹ ਖੁਸ਼ੀ ਵਾਲੀ ਗੱਲ ਹੈ, ਉਥੇ ਹੀ ਸਾਨੂੰ ਇਹ ਕਹਿਣ 'ਚ ਵੀ ਸੰਕੋਚ ਨਹੀਂ ਕਿ ਪਿਛਲੇ ਕੁਝ ਸਮੇਂ ਤੋਂ ਬੇਕਾਬੂ ਹੋਏ ਫਿਰਕਾਪ੍ਰਸਤੀ ਦੇ ਜਨੂੰਨ ਨੇ ਜਿਸ ਪ੍ਰਕਾਰ ਕੌਮਾਂਤਰੀ ਪੱਧਰ 'ਤੇ ਸਾਡੇ ਮੁਲਕ ਦੀ ਸਾਖ ਨੂੰ ਖੋਰਾ ਲਾਇਆ ਹੈ ਅਤੇ ਪੂਰੀ ਦੁਨੀਆਂ 'ਚ ਅਸੀਂ ਦੇਸ਼ ਵਾਸੀ ਸ਼ਰਮਿੰਦਾ ਹੋਏ ਹਾਂ, ਉਸ ਦੀ ਨੇੜਲੇ ਇਤਿਹਾਸ ਵਿਚ ਮਿਸਾਲ ਨਹੀਂ ਮਿਲਦੀ।

ਜ਼ਿਕਰਯੋਗ ਹੈ ਕਿ ਲੋਕਤੰਤਰੀ ਪ੍ਰਣਾਲੀ ਦੀ ਇਹ ਇੱਕ ਖੂਬਸੂਰਤੀ ਹੀ ਕਹੀ ਜਾ ਸਕਦੀ ਹੈ ਕਿ ਅੰਤਿਮ ਰੂਪ ਵਿਚ ਸਰਕਾਰ ਲੋਕਾਂ ਪ੍ਰਤੀ ਜਵਾਬਦੇਹ ਹੁੰਦੀ ਹੈ, ਪਰ ਦੁਖਾਂਤ ਇਹ ਹੈ ਕਿ ਪਿਛਲੇ ਦਿਨੀਂ ਸੰਸਦ ਦੇ ਇਜਲਾਸਾਂ ਦੌਰਾਨ ਹਾਕਮ ਧਿਰ ਨੇ ਵਿਰੋਧੀ ਧਿਰ ਦੇ ਸਵਾਲਾਂ ਦੇ ਜਵਾਬ ਨਾ ਦੇ ਕੇ ਉਸ ਦੀ ਥਾਂ ਸਦਨ ਨੂੰ ਇਤਿਹਾਸਕ ਘਟਨਾਵਾਂ ਦਾ ਫਰਜ਼ੀ ਵਿਖਿਆਨ ਕਰਦਿਆਂ ਭੰਬਲਭੂਸੇ ਪਾਉਣ ਦੀ ਨਾਕਾਮ ਕੋਸ਼ਿਸ਼ ਕੀਤੀ। ਇਸ ਤੋਂ ਇਲਾਵਾ ਜਿਸ ਪ੍ਰਕਾਰ ਇੱਕ ਮਹਿਲਾ ਮੈਂਬਰ ਦੇ ਹਾਸੇ ਦਾ ਭਰੀ ਮਹਿਫਿਲ 'ਚ ਮਜ਼ਾਕ ਉਡਾਇਆ ਗਿਆ, ਉਸ ਦੀ ਕੋਈ ਵੀ ਸਭਿਅਕ ਸਮਾਜ ਇਜਾਜ਼ਤ ਨਹੀਂ ਦਿੰਦਾ। ਇਹ ਸਭ ਕਿਸੇ ਵਿਅਕਤੀ ਵਿਸ਼ੇਸ਼ ਦਾ ਮਜ਼ਾਕ ਨਹੀਂ ਸਗੋਂ ਸਮੁੱਚੀ ਜਮਹੂਰੀਅਤ ਦਾ ਮਜ਼ਾਕ ਹੈ।

ਅੱਬਾਸ ਧਾਲੀਵਾਲ, ਮਲੇਰਕੋਟਲਾ
ਫੋਨ: 91-98552-59650

ਉਕਤ ਘਟਨਾਵਾਂ 'ਤੇ ਜਿੱਥੇ ਸਿਆਸੀ ਮਾਹਰਾਂ ਨੇ ਚਿੰਤਾ ਪ੍ਰਗਟਾਈ ਹੈ, ਉਥੇ ਦੇਸ਼ ਦੀ ਜਨਤਾ ਨੂੰ ਵੀ ਡਾਢੇ ਦੁੱਖ ਅਤੇ ਭਾਰੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਹੈ। ਜਨਤਾ ਤਾਂ ਆਪਣੇ ਮੈਂਬਰਾਂ ਨੂੰ ਇਹ ਸੋਚ ਕੇ ਸੰਸਦ 'ਚ ਭੇਜਦੀ ਹੈ ਕਿ ਉਹ ਉਨ੍ਹਾਂ ਦੇ ਰੋਜ਼ਾਨਾ ਜੀਵਨ 'ਚ ਪੇਸ਼ ਆਉਂਦੀਆਂ ਸਮੱਸਿਆਵਾਂ ਨੂੰ ਸਦਨ ਵਿਚ ਉਠਾ ਕੇ ਉਨ੍ਹਾਂ ਦਾ ਸਰਕਾਰ ਪਾਸੋਂ ਕੋਈ ਹੱਲ ਕਰਵਾਉਣਗੇ ਪਰ ਜੇ ਉਨ੍ਹਾਂ ਦੇ ਚੁਣੇ ਮੈਂਬਰਾਂ ਦੁਆਰਾ ਜਾਂ ਵਿਰੋਧੀ ਧਿਰ ਰਾਹੀਂ ਉਠਾਏ ਸਵਾਲਾਂ ਦੇ ਜਵਾਬ ਦੇਣ ਦੀ ਥਾਂ ਹਕੂਮਤ ਦੀ ਪ੍ਰਤੀਨਿਧਤਾ ਕਰਨ ਵਾਲੇ ਸੰਸਦ ਨੂੰ ਭੰਬਲਭੂਸੇ ਵਿਚ ਪਾਉਣ ਜਾਂ ਗੁਮਰਾਹ ਕਰਨ ਦੀਆਂ ਕੋਝੀਆਂ ਤੇ ਹੋਛੀਆਂ ਹਰਕਤਾਂ 'ਤੇ ਉਤਰ ਆਉਣ ਤਾਂ ਲੋਕਤੰਤਰੀ ਪ੍ਰਣਾਲੀ ਨਾਲ ਕਿਸ ਹੱਦ ਤੱਕ ਖਿਲਵਾੜ ਹੋ ਸਕਦਾ ਹੈ, ਇਸ ਦਾ ਅੰਦਾਜ਼ਾ ਬਾਖੂਬੀ ਲਾਇਆ ਜਾ ਸਕਦਾ ਹੈ।

ਕਹਿਣ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਵਿਰੋਧੀ ਧਿਰ ਦੇ ਜਵਾਬ ਦੇਣ ਦੀ ਥਾਂ ਚੋਣ ਰੈਲੀਆਂ ਦੀ ਤਰਜ਼ 'ਤੇ ਸਿਰਫ ਤੇ ਸਿਰਫ ਦੂਸ਼ਣਬਾਜ਼ੀ ਕਰ ਕੇ ਇਕ ਵਾਰ ਫਿਰ ਤੋਂ ਆਪਣੇ ਡੰਗ ਟਪਾਊ ਰਵੱਈਏ ਅਤੇ ਖੋਖਲੀ ਜ਼ਹਾਨਤ ਦਾ ਮੁਜਾਹਰਾ ਕੀਤਾ ਗਿਆ, ਉਹ ਲੋਕਤੰਤਰੀ ਪ੍ਰਣਾਲੀ ਲਈ ਕੋਈ ਵਧੀਆ ਪਿਰਤ ਨਹੀਂ ਹੈ। ਸੰਸਦ 'ਚ ਵਾਪਰੀਆਂ ਉਕਤ ਘਟਨਾਵਾਂ ਨਾਲ ਜਿੱਥੇ ਲੋਕਤੰਤਰੀ ਪ੍ਰਣਾਲੀ ਵਿਚ ਲੋਕਾਂ ਪ੍ਰਤੀ ਜਵਾਬ ਦੇਹੀ ਦੇ ਮੁਢਲੇ ਅਧਿਕਾਰ ਦਾ ਹਨਨ ਹੋਇਆ ਹੈ, ਉਥੇ ਹੀ ਇਸਤਰੀ ਜਾਤੀ ਦਾ ਅਪਮਾਨ ਵੀ ਹੋਇਆ ਹੈ, ਜਿਸ ਦੇ ਚਲਦਿਆਂ ਪੂਰੀ ਦੁਨੀਆਂ 'ਚ ਦੇਸ਼ ਦੀ ਸਾਖ ਨੂੰ ਚੋਟ ਲੱਗੀ ਹੈ।

ਅੱਜ ਕਲ੍ਹ ਉਕਤ ਬੈਠਕਾਂ ਵਿਚ ਜੋ ਕੁਝ ਵੇਖਣ ਨੂੰ ਮਿਲ ਰਿਹਾ ਹੈ, ਜਿਸ ਤਰ੍ਹਾਂ ਅਦਨੇ ਤੋਂ ਅਦਨਾ ਅਤੇ ਆਹਲੇ ਤੋਂ ਆਹਲਾ ਰਹਿਨੁਮਾ ਅਸਭਿਅਕ ਤੇ ਬਾਜ਼ਾਰੂ ਕਿਸਮ ਦੀ ਭਾਸ਼ਾ ਦੀ ਵਰਤੋਂ ਕਰਦਾ ਹੈ, ਉਸ ਨੂੰ ਕਦੀ ਵੀ ਦਰੁਸਤ ਨਹੀਂ ਕਿਹਾ ਜਾ ਸਕਦਾ। ਸਾਡਾ ਭਾਵੇਂ ਕਿਸੇ ਨਾਲ ਕਿੰਨਾ ਹੀ ਵਿਰੋਧ ਕਿਉਂ ਨਾ ਹੋਵੇ, ਵਿਚਾਰਾਂ ਦਾ ਭਾਵੇਂ ਕਿੰਨਾ ਹੀ ਮਤਭੇਦ ਕਿਉਂ ਨਾ ਹੋਵੇ, ਪਰ ਕਿਸੇ ਦੀ ਆਲੋਚਨਾ ਕਰਦਿਆਂ ਸਾਡੇ ਅਲਫਾਜ਼ ਵਿਆਕਰਣ ਦੇ ਅਨੁਕੂਲ ਹੋਣੇ ਚਾਹੀਦੇ ਹਨ।

ਚਾਹੀਦਾ ਤਾਂ ਇਹ ਸੀ ਕਿ ਲੋਕਤੰਤਰ ਦੇ ਮੰਦਿਰ ਵਿਚ ਰੁਜ਼ਗਾਰ ਪ੍ਰਾਪਤੀ ਲਈ ਜੂਝ ਰਹੇ ਬੇਰੁਜ਼ਗਾਰ ਨੌਜਵਾਨਾਂ ਨੂੰ ਕਿਸੇ ਪਾਸੇ ਰੋਜ਼ਗਾਰ ਦੇਣ ਦੀ ਸਾਕਾਰਾਤਮਕ ਚਰਚਾ ਹੁੰਦੀ, ਕਿਸਾਨਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਕੋਈ ਹਕੀਕੀ ਉਪਰਾਲਾ ਹੁੰਦਾ ਜਾਂ ਮੁਲਕ ਨੂੰ ਦਰਪੇਸ਼ ਗੁਆਂਢੀ ਦੇਸ਼ਾਂ ਨਾਲ ਪੇਚੀਦਾ ਮਸਲਿਆਂ ਦੇ ਹੱਲ ਲਈ ਕੋਈ ਠੋਸ ਗੱਲ ਹੁੰਦੀ, ਜਾਂ ਦੇਸ਼ 'ਚ ਵੱਧ ਰਹੀਆਂ ਫਿਰਕਾਪ੍ਰਸਤੀ ਦੀਆਂ ਘਟਨਾਵਾਂ ਨੂੰ ਨੱਥ ਪਾਉਣ ਦੀਆਂ ਕਾਰਵਾਈਆਂ ਆਦਿ ਜਿਹੇ ਵਿਸ਼ਿਆਂ 'ਤੇ ਖੁੱਲ੍ਹੇ ਦਿਮਾਗ ਨਾਲ ਗੱਲ ਹੁੰਦੀ ਤਾਂ ਯਕੀਨਨ ਇਸ ਦੇ ਫਲਸਰੂਪ ਦੇਸ਼ ਅੰਦਰ ਅੱਜ ਇਨਕਲਾਬੀ ਤਬਦੀਲੀਆਂ ਵੇਖਣ ਨੂੰ ਮਿਲਦੀਆਂ। ਪਰ ਉਕਤ ਮੁੱਦਿਆਂ 'ਤੇ ਵਾਰਤਾਲਾਪ ਜਾਂ ਬਹਿਸ ਦਾ ਨਾ ਹੋਣਾ ਸਾਡੀ ਲੋਕਰਾਜੀ ਵਿਵਸਥਾ ਨੂੰ ਲਗਾਤਾਰ ਅਸਮਰਥ ਅਤੇ ਕਮਜ਼ੋਰ ਕਰਦਾ ਜਾਪਦਾ ਹੈ।

ਜੇ ਗੰਭੀਰਤਾ ਨਾਲ ਵਾਚੀਏ ਤਾਂ ਪਿਛਲੇ ਕੁਝ ਸਾਲਾਂ ਤੋਂ ਸੰਸਦ ਦੀਆਂ ਕਦਰਾਂ-ਕੀਮਤਾਂ, ਮਰਿਆਦਾਵਾਂ ਅਤੇ ਪਰੰਪਰਾਵਾਂ ਦੀਆਂ ਜਿਸ ਪ੍ਰਕਾਰ ਸ਼ੱਰੇਆਮ ਧੱਜੀਆਂ ਉਡ ਰਹੀਆਂ ਹਨ ਅਤੇ ਦੋਹਾਂ ਸਦਨਾਂ ਵਿਚ ਲੋਕ-ਹਿਤ ਮੁੱਦਿਆਂ 'ਤੇ ਸੁਚਾਰੂ ਬਹਿਸ ਦੀ ਥਾਂ ਆਲੋਚਨਾ-ਦਰ-ਆਲੋਚਨਾ ਦੀ ਨੀਤੀ ਉਤੇ ਲਗਾਤਾਰ ਅਮਲ ਹੋ ਰਿਹਾ ਹੈ, ਉਸ ਨਾਲ ਦੇਸ਼ ਦਾ ਭਾਰੀ ਨੁਕਸਾਨ ਤਾਂ ਹੋ ਹੀ ਰਿਹਾ ਹੈ, ਟੈਕਸਾਂ ਦੇ ਰੂਪ ਵਿਚ ਲੋਕਾਂ ਵਲੋਂ ਦਿੱਤੀ ਖੂਨ-ਪਸੀਨੇ ਦੀ ਕਮਾਈ ਵੀ ਅਜਾਈਂ ਜਾ ਰਹੀ ਹੈ।

ਕੁਝ ਸਾਲ ਪਹਿਲਾਂ ਜਿਨ੍ਹਾਂ ਢੇਰ ਚਾਅਵਾਂ ਅਤੇ ਉਮੀਦਾਂ ਨਾਲ ਲੋਕਾਂ ਨੇ ਨਵੇਂ ਹਾਕਮਾਂ ਦੇ ਹੱਥ 'ਚ ਦੇਸ਼ ਦੀ ਵਾਗਡੋਰ ਸੌਂਪੀ ਸੀ, ਅੱਜ ਉਹੀ ਲੋਕ ਆਪਣੇ ਆਪ ਨੂੰ ਠੱਗਿਆ-ਠੱਗਿਆ ਮਹਿਸੂਸ ਕਰ ਰਹੇ ਹਨ ਅਤੇ ਇਸ ਸਮੇਂ ਉਨ੍ਹਾਂ ਦੀਆਂ ਸਭ ਉਮੀਦਾਂ ਤੇ ਸੱਧਰਾਂ ਇੱਕ ਇੱਕ ਕਰਕੇ ਢਹਿ ਢੇਰੀ ਹੋ ਰਹੀਆਂ ਹਨ ਕਿਉਂਕਿ ਚੋਣ ਰੈਲੀਆਂ ਦੌਰਾਨ ਦੇਸ਼ ਦੇ ਆਵਾਮ ਨਾਲ ਜੋ ਵਾਅਦੇ ਕੀਤੇ ਗਏ ਸਨ, ਉਨ੍ਹਾਂ 'ਚੋਂ ਇਕ ਵੀ ਵਾਅਦਾ ਹਾਲੇ ਤੱਕ ਵਫਾ ਹੁੰਦਾ ਵਿਖਾਈ ਨਹੀਂ ਦੇ ਰਿਹਾ। ਸ਼ਾਇਰ ਰਮਜ਼ਾਨ ਸਈਦ ਨੇ ਕਿਆ ਖੂਬ ਕਿਹਾ ਹੈ:

ਉਸਕੇ ਵਾਅਦੇ ਲਾਲ ਕਿਲ੍ਹੇ ਕੀ ਦੀਵਾਰੋਂ ਸੇ ਊਂਚੇ ਥੇ,
ਅਬ ਪੂਛੋ ਤੋ ਆਂਏਂ, ਬਾਂਏਂ, ਸ਼ਾਂਏਂ ਕਰਨੇ ਲਗਤਾ ਹੈ।

ਇਹੋ ਕਹਾਂਗਾ ਕਿ ਸਾਨੂੰ ਕਿਸੇ ਵੀ ਭੁਲੇਖੇ ਤੇ ਘੁਮੰਡ ਵਿਚ ਨਹੀਂ ਰਹਿਣਾ ਚਾਹੀਦਾ। ਕੋਈ ਵੀ ਜਿੱਤ ਹਮੇਸ਼ਾ ਲਈ ਨਹੀਂ ਹੁੰਦੀ ਅਤੇ ਨਾ ਹੀ ਕੋਈ ਹਾਰ ਸਦੀਵੀ ਹੋਇਆ ਕਰਦੀ ਹੈ। ਸਾਨੂੰ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਲੋਕਤੰਤਰ ਵਿਚ ਅਸਲ ਤਾਕਤ ਲੋਕਾਂ ਪਾਸ ਹੁੰਦੀ ਹੈ, ਲੋਕ ਜਿਸ ਨੂੰ ਚਾਹੁਣ, ਰਾਜਾ ਬਣਾ ਦੇਣ ਅਤੇ ਜਿਸ ਨੂੰ ਚਾਹੁਣ ਅਰਸ਼ੋਂ ਲਾਹ ਕੇ ਫਰਸ਼ 'ਤੇ ਲੈ ਆਉਣ।

ਅੱਜ ਅਸੀਂ ਜੋ ਬੀਜ ਰਹੇ ਹਾਂ, ਸਾਨੂੰ ਉਹੋ ਕੱਲ ਨੂੰ ਵੱਢਣਾ ਪੈਣਾ ਹੈ। ਜੇ ਅਸੀਂ ਨਫਰਤ ਬੀਜ ਕੇ ਕੱਲ ਨੂੰ ਪਿਆਰ-ਮੁੱਹਬਤ ਦੀ ਫਸਲ ਵੱਢਣ ਦੀ ਇੱਛਾ ਰੱਖੀਏ ਤਾਂ ਇਹ ਸਾਡੀ ਮੂਰਖਤਾ ਹੀ ਸਮਝੀ ਜਾਵੇਗੀ। ਇਹ ਵੀ ਇੱਕ ਹਕੀਕਤ ਹੈ ਕਿ ਬਾਰੂਦ ਦਾ ਵਪਾਰ ਕਰਨ ਵਾਲੇ ਅਕਸਰ ਆਪਣਾ ਘਰ-ਬਾਰ ਤਾਂ ਜਲਾ ਹੀ ਬਹਿੰਦੇ ਹਨ, ਨਾਲ ਹੀ ਕਈ ਵਾਰ ਉਸ ਦੀ ਲਪੇਟ 'ਚ ਆ ਕੇ ਖੁਦ ਵੀ ਛਲਣੀ ਹੋ ਬਹਿੰਦੇ ਹਨ।

ਗੈਸ ਸਟੇਸ਼ਨ ਲਈ ਵਰਕਰਾਂ ਦੀ ਲੋੜ ਹੈ
ਕਲੀਵਲੈਂਡ, ਓਹਾਇਓ ਵਿਚ ਗੈਸ ਸਟੇਸ਼ਨ ਲਈ ਵਰਕਰਾਂ ਦੀ ਲੋੜ ਹੈ।
ਫਰੀ ਰਿਹਾਇਸ਼, ਚੰਗੀ ਤਨਖਾਹ
ਸੰਪਰਕ ਕਰੋ
ਫੋਨ: 440-650-6022
8-9

ਪੰਜਾਬ ਟਾਈਮਜ਼

*ਸਨਿਚਰਵਾਰ, 3 ਮਾਰਚ 2018*

# ਕੈਪਟਨ ਲਈ ਇਕ ਹੋਰ ਮੁਸੀਬਤ

**ਪੰਜਾਬ ਦੀ ਹੁਕਮਰਾਨ ਕਾਂਗਰਸ ਪਾਰਟੀ ਨੇ ਲੁਧਿਆਣਾ ਨਗਰ ਨਿਗਮ ਦੀਆਂ ਚੋਣਾਂ ਵਿਚ ਪੂਰੇ ਦਸ ਸਾਲ ਬਾਅਦ ਬਹੁਮਤ ਹਾਸਲ ਕਰ ਲਈ ਹੈ। ਉਂਜ, ਇਸ ਜਿੱਤ ਦੇ ਨਾਲ ਹੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਘੁਟਾਲੇ ਦਾ ਘੇਰਾ ਪੈ ਗਿਆ ਹੈ। ਸਿੰਭੌਲੀ ਸ਼ੂਗਰਜ਼ ਲਿਮਟਡ ਵਿਚ ਕਰੀਬ ਇਕ ਅਰਬ ਰੁਪਏ (97.85 ਕਰੋੜ ਰੁਪਏ) ਦੀ ਧੋਖਾਧੜੀ ਦਾ ਜਿਹੜਾ ਮਾਮਲਾ ਸਾਹਮਣੇ ਆਇਆ ਹੈ, ਉਸ ਵਿਚ ਕੈਪਟਨ ਅਮਰਿੰਦਰ ਸਿੰਘ ਦੇ ਜੁਆਈ ਗੁਰਪਾਲ ਸਿੰਘ ਦਾ ਨਾਂ ਬੋਲਿਆ ਹੈ। ਗੁਰਪਾਲ ਸਿੰਘ ਸਿੰਭੌਲੀ ਸੂਗਰਜ਼ ਲਿਮਟਡ ਦਾ ਡਿਪਟੀ ਮੈਨੇਜਿੰਗ ਡਾਇਰੈਕਟਰ ਹੈ ਅਤੇ ਕੇਂਦਰੀ ਜਾਂਚ ਬਿਊਰੋ (ਸੀ. ਬੀ. ਆਈ.) ਨੇ ਉਸ ਖਿਲਾਫ ਕੇਸ ਵੀ ਦਰਜ ਕਰ ਲਿਆ ਹੈ। ਕਾਂਗਰਸੀ ਆਗੂਆਂ ਨੇ ਭਾਵੇਂ ਇਹ ਕਹਿ ਕੇ ਪੱਲਾ ਝਾੜਨ ਦਾ ਯਤਨ ਕੀਤਾ ਹੈ ਕਿ ਭਾਰਤੀ ਜਨਤਾ ਪਾਰਟੀ ਕੇਂਦਰੀ ਜਾਂਚ ਏਜੰਸੀਆਂ ਰਾਹੀਂ ਵਿਰੋਧੀ ਪਾਰਟੀਆਂ ਨਾਲ ਜੁੜੇ ਆਗੂਆਂ ਨੂੰ ਜਾਣ-ਬੁੱਝ ਕੇ ਪ੍ਰੇਸ਼ਾਨ ਕਰ ਰਹੀ ਹੈ ਅਤੇ ਪੰਜਾਬ ਨੈਸ਼ਨਲ ਬੈਂਕ ਵਾਲੇ ਘੁਟਾਲੇ ਤੋਂ ਧਿਆਨ ਲਾਂਭੇ ਕਰਨ ਲਈ ਹੀ ਹੱਥ-ਪੈਰ ਮਾਰ ਰਹੀ ਹੈ। ਯਾਦ ਰਹੇ, ਦੇਸ਼ ਦੇ ਸਭ ਤੋਂ ਵੱਡੇ, ਪੰਜਾਬ ਨੈਸ਼ਨਲ ਬੈਂਕ ਘੁਟਾਲੇ ਵਿਚ 11400 ਕਰੋੜ ਰੁਪਏ ਦੀ ਹੇਰਾਫੇਰੀ ਸਾਹਮਣੇ ਆਈ ਸੀ ਅਤੇ ਇਸ ਘੁਟਾਲੇ ਕਾਰਨ ਨਰੇਂਦਰ ਮੋਦੀ ਸਰਕਾਰ ਬੁਰੀ ਤਰ੍ਹਾਂ ਘਿਰ ਗਈ ਸੀ। ਹੁਣ ਪਤਾ ਲੱਗਾ ਹੈ ਕਿ ਇਹ ਘੁਟਾਲਾ 11400 ਕਰੋੜ ਦਾ ਨਹੀਂ, ਬਲਕਿ 14700 ਕਰੋੜ ਰੁਪਏ ਦਾ ਹੈ। ਇਹ ਖੁਲਾਸਾ ਇਸ ਬੈਂਕ ਨੇ ਖੁਦ ਕੀਤਾ ਹੈ। ਇਸ ਮਾਮਲੇ ਵਿਚ ਸਭ ਤੋਂ ਅੱਲੋਕਾਰੀ ਗੱਲ ਇਹ ਵੀ ਹੈ ਕਿ ਗੁਰਪਾਲ ਸਿੰਘ ਵਾਲਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਕਿਸੇ ਵੀ ਆਗੂ ਨੇ ਅਜੇ ਤੱਕ ਇਸ ਬਾਰੇ ਮੂੰਹ ਨਹੀਂ ਖੋਲ੍ਹਿਆ ਹੈ। ਭਾਰਤੀ ਜਨਤਾ ਪਾਰਟੀ ਵੱਲੋਂ ਵੀ ਬਿਆਨ ਨਵੀਂ ਦਿੱਲੀ ਤੋਂ ਪਾਰਟੀ ਦੇ ਪ੍ਰਧਾਨ ਅਮਿਤ ਸ਼ਾਹ ਵੱਲੋਂ ਆਇਆ ਹੈ। ਇਸ ਮਾਮਲੇ ਬਾਰੇ ਕੈਪਟਨ ਅਮਰਿੰਦਰ ਸਿੰਘ ਦਾ ਇੰਨਾ ਕਹਿਣਾ ਹੀ ਕਾਫੀ ਨਹੀਂ ਹੈ ਕਿ ਉਨ੍ਹਾਂ ਦੇ ਜੁਆਈ ਨੂੰ ਸਿਆਸਤ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਸਬੰਧਤ ਕੰਪਨੀ ਵਿਚ ਗੁਰਪਾਲ ਸਿੰਘ ਦੇ ਸ਼ੇਅਰ ਸਿਰਫ 12.5 ਫੀਸਦ ਹੀ ਹਨ।**

**ਕੈਪਟਨ ਅਮਰਿੰਦਰ ਸਿੰਘ ਨੇ ਲੁਧਿਆਣੇ ਵਾਲੀ ਜਿੱਤ ਨੂੰ ਭਾਵੇਂ ਕਾਂਗਰਸ ਸਰਕਾਰ ਦੀਆਂ ਨੀਤੀਆਂ ਉਤੇ ਮੋਹਰ ਕਰਾਰ ਦਿੱਤਾ ਹੈ, ਪਰ ਹਕੀਕਤ ਇਹ ਹੈ ਕਿ ਪਿਛਲੇ ਇਕ ਸਾਲ ਤੋਂ ਕੈਪਟਨ ਆਪਣੀ ਸਰਕਾਰ ਦਾ ਮੂੰਹ-ਮੱਥਾ ਵੀ ਨਹੀਂ ਸੰਵਾਰ ਸਕੇ ਹਨ। ਉਨ੍ਹਾਂ ਮੁਤਾਬਕ ਖਜਾਨਾ ਖਾਲੀ ਹੈ; ਉਪਰੋਂ ਅਫਸਰਸ਼ਾਹੀ ਉਤੇ ਅਕਾਲੀਆਂ ਦਾ ਅਸਰ ਖਤਮ ਹੋਣ ਦਾ ਨਾਂ ਨਹੀਂ ਲੈ ਰਿਹਾ। ਮੁੱਖ ਮੰਤਰੀ ਦੇ ਆਪਣੇ ਦਰਬਾਰੀਆਂ ਵਿਚਕਾਰ ਇੰਨੀ ਖਿੱਚੋਤਾਣ ਹੈ ਕਿ ਸੂਬੇ ਦੇ ਮੁੱਖ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ ਨੂੰ ਅਦਾਲਤ ਰਾਹੀਂ ਇਕ ਵਾਰ ਤਾਂ ਪਾਸੇ ਹੀ ਕਰ ਦਿੱਤਾ ਗਿਆ ਸੀ। ਹੁਣ ਦੁਬਾਰਾ ਉਨ੍ਹਾਂ ਨੂੰ ਪ੍ਰਸ਼ਾਸਕ ਦੀ ਕਮਾਨ ਸੰਭਾਲੀ ਗਈ ਹੈ। ਦਰਅਸਲ, ਪਾਰਟੀ ਨੇ ਵਿਧਾਨ ਸਭਾ ਚੋਣਾਂ ਦੌਰਾਨ ਜਿੰਨੇ ਵੀ ਵਾਅਦੇ ਕੀਤੇ ਸਨ, ਉਸ ਵਿਚੋਂ ਕਿਸੇ ਨੂੰ ਅਜੇ ਤੱਕ ਇਹ ਸਰਕਾਰ ਪੂਰਾ ਨਹੀਂ ਕਰ ਸਕੀ ਹੈ। ਕਿਸਾਨਾਂ ਦੀ ਕਰਜ਼ਾ ਮੁਆਫੀ ਦਾ ਮਾਮਲਾ ਕਿਸੇ ਤਣ-ਪੱਤਣ ਨਹੀਂ ਲੱਗ ਰਿਹਾ। ਇਸ ਮਾਮਲੇ ਵਿਚ ਸਰਕਾਰ ਨੇ ਮਨਆਈਆਂ ਕੀਤੀਆਂ ਹਨ ਤੇ ਇਹ ਮਸਲਾ ਜਿਉਂ ਦਾ ਤਿਉਂ ਖੜ੍ਹਾ ਹੈ ਅਤੇ ਕਿਸਾਨ ਖੁਦਕੁਸ਼ੀਆਂ ਵਿਚ ਕੋਈ ਕਮੀ ਨਹੀਂ ਆਈ ਹੈ। ਹੁਣ ਤਾਂ ਇਹ ਮਾਮਲਾ ਆਰਥਕ ਤੋਂ ਸਮਾਜਕ ਹੋ ਚੱਲਿਆ ਹੈ, ਪਰ ਸਰਕਾਰ ਇਸ ਪਾਸੇ ਗੰਭੀਰਤਾ ਨਾਲ ਕੁਝ ਵੀ ਕਰਨ ਤੋਂ ਨਾਕਾਮ ਰਹੀ ਹੈ। ਲੁਧਿਆਣਾ ਚੋਣਾਂ ਦਾ ਸਿਰਫ ਇਕ ਹੀ ਹਾਸਲ ਗਿਣਿਆ ਜਾ ਸਕਦਾ ਹੈ ਅਤੇ ਉਹ ਵੀ ਬਹੁਤ ਛੋਟਾ ਹੈ। ਕਾਂਗਰਸ ਨੇ ਇਨ੍ਹਾਂ ਚੋਣਾਂ ਵਿਚ ਲੋਕ ਇਨਸਾਫ ਪਾਰਟੀ ਦੇ ਪੈਰ ਉਖਾੜ ਦਿੱਤੇ ਹਨ। ਵਿਧਾਇਕ ਬੈਂਸ ਭਰਾਵਾਂ ਦੀ ਇਸ ਪਾਰਟੀ ਦਾ ਲੁਧਿਆਣਾ ਦੇ ਕੁਝ ਹਿੱਸਿਆਂ ਵਿਚ ਵਾਹਵਾ ਪ੍ਰਭਾਵ ਹੈ, ਪਰ ਇਸ ਪਾਰਟੀ ਵੱਲੋਂ ਖੜ੍ਹਾਏ 59 ਉਮੀਦਵਾਰਾਂ ਵਿਚੋਂ ਸਿਰਫ 7 ਹੀ ਸਫਲ ਹੋ ਸਕੇ। ਬੈਂਸ ਭਰਾਵਾਂ ਦੀ ਜੋਟੀਦਾਰ ਆਮ ਆਦਮੀ ਪਾਰਟੀ ਨੂੰ ਇਕ ਸੀਟ 'ਤੇ ਹੀ ਜਿੱਤ ਮਿਲੀ।**

**ਇਹ ਠੀਕ ਹੈ ਕਿ ਸਥਾਨਕ ਸੰਸਥਾਵਾਂ ਦੀਆਂ ਚੋਣਾਂ ਵਿਚ ਸੱਤਾਧਾਰੀ ਧਿਰ ਦਾ ਹੱਥ ਉਪਰ ਹੀ ਹੁੰਦਾ ਹੈ, ਪਰ ਡਿਗਦੀ-ਢਹਿੰਦੀ ਚੱਲ ਰਹੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੂੰ ਫਿਲਹਾਲ ਠੁੰਮ੍ਹਣਾ ਮਿਲ ਗਿਆ ਹੈ। ਇਸ ਸਰਕਾਰ ਨੂੰ ਇਕ ਸਾਲ ਵੀ ਮੁਕੰਮਲ ਹੋਣ ਵਾਲਾ ਹੈ। ਇਸ ਲਿਹਾਜ਼ ਨਾਲ ਕੈਪਟਨ ਅਮਰਿੰਦਰ ਸਿੰਘ ਨੂੰ ਆਪਣੀ ਪੈਂਠ ਸਾਬਤ ਕਰਨ ਦਾ ਇਕ ਹੋਰ ਮੌਕਾ ਮਿਲ ਰਿਹਾ ਹੈ। ਉਨ੍ਹਾਂ ਕੋਲ ਸਰਕਾਰ ਚਲਾਉਣ ਲਈ ਅਜੇ ਚਾਰ ਸਾਲ ਪਏ ਹਨ। ਇਸ ਤੋਂ ਪਹਿਲਾਂ 10 ਸਾਲਾਂ ਦੌਰਾਨ ਅਕਾਲੀਆਂ ਦੇ ਰਾਜ ਬਾਰੇ ਹੁਣ ਤੱਕ ਇਹੀ ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਨੇ ਚੰਮ ਦੀਆਂ ਚਲਾਈਆਂ ਸਨ। ਆਮ ਲੋਕ ਅਤੇ ਸਿਆਸੀ ਆਗੂ ਨਵੇਂ ਮੁੱਖ ਮੰਤਰੀ ਤੋਂ ਇਹੀ ਆਸ ਲਗਾਈ ਬੈਠੇ ਹਨ ਕਿ ਉਹ ਅਕਾਲੀਆਂ ਵੱਲੋਂ ਲੀਹੋਂ ਲਾਹੇ ਸਮੁਚੇ ਪ੍ਰਸ਼ਾਸਨ ਨੂੰ ਲੀਹ ਉਤੇ ਲੈ ਆਉਣਗੇ। ਸੂਬੇ ਦੇ ਲੋਕ ਸਿਹਤ, ਸਿੱਖਿਆ ਵਰਗੀਆਂ ਬੁਨਿਆਦੀ ਸਹੂਲਤਾਂ ਅਤੇ ਬੇਰੁਜ਼ਗਾਰੀ ਤੇ ਨਸ਼ਿਆਂ ਵਰਗੀਆਂ ਅਲਾਮਤਾਂ ਨਾਲ ਬੁਰੀ ਤਰ੍ਹਾਂ ਪੱਛੇ ਪਏ ਹਨ। ਸਰਕਾਰ ਦੀ ਨਾ-ਅਹਿਲੀਅਤ ਕਾਰਨ ਹੁਣ ਲੋਕਾਂ ਅੰਦਰਲਾ ਰੋਹ ਅਤੇ ਰੋਸ ਵਧ ਰਿਹਾ ਹੈ। ਮੁੱਖ ਵਿਰੋਧੀ ਧਿਰ ਆਮ ਆਦਮੀ ਪਾਰਟੀ ਭਾਵੇਂ ਆਪਣੇ ਅੰਦਰੂਨੀ ਕਲੇਸ਼ਾਂ ਕਰ ਕੇ ਕੁਝ ਵੀ ਕਰਨ ਤੋਂ ਫਿਲਹਾਲ ਪਛੜ ਗਈ ਹੈ, ਪਰ ਸ਼੍ਰੋਮਣੀ ਅਕਾਲੀ ਦਲ ਨੇ ਪੋਲ ਖੋਲ੍ਹ ਰੈਲੀਆਂ ਰਾਹੀਆਂ ਸਰਕਾਰ ਨੂੰ ਜਿੱਚ ਕਰਨ ਦਾ ਯਤਨ ਕੀਤਾ ਹੈ। ਇਨ੍ਹਾਂ ਰੈਲੀਆਂ ਦਾ ਅਸਰ ਅਜੇ ਭਾਵੇਂ ਸੀਮਤ ਜਿਹਾ ਹੈ, ਕੱਲ੍ਹ ਨੂੰ ਅਜਿਹੀਆਂ ਸਿਆਸੀ ਸਰਗਰਮੀਆਂ ਕੈਪਟਨ ਸਰਕਾਰ ਲਈ ਸਿਰਦਰਦੀ ਬਣ ਸਕਦੀਆਂ ਹਨ। ਹੁਣ ਦੇਖਣਾ ਇਹ ਬਾਕੀ ਰਹਿ ਗਿਆ ਹੈ ਕਿ ਚੁਫੇਰਿਓਂ ਪਏ ਇਸ ਘੇਰੇ ਵਿਚੋਂ ਕੈਪਟਨ ਅਮਰਿੰਦਰ ਸਿੰਘ ਕਿਸ ਤਰ੍ਹਾਂ ਨਿਕਲਦੇ ਹਨ। ਇਕ ਗੱਲ ਪੱਕੀ ਹੈ ਕਿ ਬੁਰੇ ਹਾਲੀਂ ਲੰਘ ਰਹੇ ਲੋਕ ਬਹੁਤੀ ਲੰਮੀ ਉਡੀਕ ਸ਼ਾਇਦ ਕਰ ਨਹੀਂ ਸਕਣਗੇ।**

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕੈਨੇਡੀਅਨ ਪ੍ਰਾਹੁਣੇ*

ਕਦੇ ਭਰਿਆ ਜਹਾਜ ਸੀ ਮੋੜ ਦਿੱਤਾ, ਪੈਰ ਧਰਨ ਨਾ ਦਿੱਤਾ ਪਰਵਾਸੀਆਂ ਨੂੰ।
ਪੜ੍ਹ ਕੇ ਦੇਖ ਇਤਿਹਾਸ ਹੈਰਾਨ ਹੋਈਏ, ਹੋਈਆਂ ਬਦਲੀਆਂ ਦੇਖ ਕੇ ਖਾਸੀਆਂ ਨੂੰ।
ਸਿੱਖਾਂ ਆਣ ਕੈਨੇਡਾ 'ਚ ਵਾਸ ਕੀਤਾ, ਦਿਲ ਵਿਚ ਦਰਦ ਲੈ ਸਾਕੇ ਚੌਰਾਸੀਆਂ ਨੂੰ।
ਦੁਸ਼ਮਣ ਦੁਖੀ ਪੰਜਾਬ ਦੇ ਦੇਖ ਹੁੰਦੇ, ਆਈਆਂ ਸਿੱਖਾਂ ਦੇ ਬੁੱਲ੍ਹਾਂ 'ਤੇ ਹਾਸੀਆਂ ਨੂੰ।
ਅੰਮਾ ਜਾਇਆ ਈ ਹੁੰਦਾ ਹੈ ਘਰੇ ਆਇਆ, ਰੁਤਬਾ ਸਮਝੀਏ ਉਹਦਾ ਭਗਵਾਨ ਉਤੋਂ।
ਜਾਣ ਲਿਆ ਟਰੂਡੋ ਦੇ ਸਾਥੀਆਂ ਨੇ, ਜਾਈਏ ਸਦਕੜੇ ਅਸੀਂ ਮਹਿਮਾਨ ਉਤੋਂ!

# ਮਨੁੱਖੀ ਹੱਕ, ਕੈਨੇਡਾ ਤੇ ਭਾਰਤ

## ਪੈਦਾ ਹੋਏ ਟਕਰਾਅ ਦੇ ਕੀ ਹਨ ਕਾਰਨ?

***ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਭਾਰਤ ਦੌਰਾ ਕਈ ਕਾਰਨਾਂ ਕਰ ਕੇ ਬਹੁਤ ਚਰਚਿਤ ਰਿਹਾ ਹੈ। ਇਸ ਚਰਚਾ ਨਾਲ ਦੋਹਾਂ ਮੁਲਕਾਂ ਦੀ ਸਿਆਸਤ ਬਾਰੇ ਵੀ ਵਾਹਵਾ ਚਰਚਾ ਹੋਈ ਹੈ। ਆਕਸਫ਼ੋਰਡ ਬਰੁਕਸ ਯੂਨੀਵਰਸਿਟੀ, ਯੂ ਕੇ ਵਿਚ ਅਰਥ ਸ਼ਾਸਤਰ ਦੇ ਪ੍ਰੋਫੈਸਰ ਪ੍ਰੋ. ਪ੍ਰੀਤਮ ਸਿੰਘ ਨੇ ਇਸ ਲੇਖ ਵਿਚ ਕੈਨੇਡਾ ਅਤੇ ਭਾਰਤ ਦੇ ਸਿਆਸੀ-ਸਮਾਜਿਕ-ਸਭਿਆਚਾਰਕ ਧਰਾਤਲ ਦੀਆਂ ਸਾਂਝਾਂ ਅਤੇ ਮੱਤਭੇਦਾਂ ਦੀ ਗੱਲ ਕਰਦਿਆਂ ਕੁਝ ਅਹਿਮ ਨੁਕਤੇ ਸਾਂਝੇ ਕੀਤੇ ਹਨ ਜੋ ਅਸੀਂ ਆਪਣੇ ਪਾਠਕਾਂ ਲਈ ਛਾਪ ਰਹੇ ਹਾਂ। -ਸੰਪਾਦਕ***

ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਹਾਲੀਆ ਭਾਰਤ ਦੌਰੇ ਦੌਰਾਨ ਦੋਹਾਂ ਦੇਸ਼ਾਂ ਦਾ ਮੀਡੀਆ (ਖ਼ਾਸ ਕਰ ਕੇ ਭਾਰਤੀ ਮੀਡੀਆ) ਇਸ ਮਾਮਲੇ ਨੂੰ ਕੁਝ ਵਧੇਰੇ ਹੀ ਇਸ ਤਰ੍ਹਾਂ ਬਣਾ ਕੇ ਪੇਸ਼ ਕਰਨ ਦਾ ਯਤਨ ਕਰਦਾ ਰਿਹਾ, ਜਿਵੇਂ ਕੈਨੇਡਾ ਦੇ ਕੁਝ ਸਿੱਖ ਗਰੁੱਪਾਂ ਵੱਲੋਂ ਕੀਤੀ ਜਾ ਰਹੀ ਖ਼ਾਲਿਸਤਾਨ ਦੀ ਮੰਗ ਨੂੰ ਉਥੋਂ ਦੀ ਸਰਕਾਰ ਕਥਿਤ ਤੌਰ 'ਤੇ ਹਮਾਇਤ ਦੇ ਰਹੀ ਹੋਵੇ ਅਤੇ ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਦੇ ਸਬੰਧਾਂ ਵਿਚਾਲੇ ਤਣਾਅ ਦਾ ਇਹੋ ਮੁੱਖ ਕਾਰਨ ਹੋਵੇ। ਇਸ ਧਾਰਨਾ ਵਿਚ ਕੁਝ ਤਾਂ ਸੱਚਾਈ ਹੈ, ਪਰ ਇਸ ਮਾਮਲੇ ਨੂੰ ਬਹੁਤ ਸਿੱਧੜ ਢੰਗ ਨਾਲ ਸਾਹਮਣੇ ਲਿਆਂਦਾ ਗਿਆ ਹੈ, ਸਿੱਟੇ ਵਜੋਂ ਕੈਨੇਡਾ ਤੇ ਭਾਰਤ ਦੇ ਸਿਆਸੀ ਸਭਿਆਚਾਰ ਵਿਚਲੇ ਗੰਭੀਰ ਮਤਭੇਦਾਂ ਤੇ ਸਾਂਝਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ। ਮੁੱਖ ਸਿਆਸੀ-ਸਭਿਆਚਾਰਕ ਮਤਭੇਦ ਤਾਂ ਮਨੁੱਖੀ

ਪ੍ਰੋ. ਪ੍ਰੀਤਮ ਸਿੰਘ

ਹੱਕਾਂ ਬਾਰੇ ਵਿਚਾਰਾਂ ਨੂੰ ਲੈ ਕੇ ਹਨ। ਅਸਲ ਵਿਚ ਮਨੁੱਖੀ ਹੱਕਾਂ ਪ੍ਰਤੀ ਵੱਖ ਵੱਖ ਵਿਚਾਰਾਂ 'ਤੇ ਡੂੰਘੇ ਬੁਨਿਆਦੀ ਮਤਭੇਦ ਹੀ ਖ਼ਾਲਿਸਤਾਨ ਦੇ ਮੁੱਦੇ 'ਤੇ ਤਣਾਅ ਦਾ ਮੁੱਖ ਕਾਰਨ ਹਨ।

ਕੈਨੇਡਾ ਭਾਵੇਂ ਆਰਥਿਕ ਤੌਰ 'ਤੇ ਵਿਕਸਤ ਅਤੇ ਭਾਰਤ ਅਜੇ ਵੀ ਵਿਕਾਸਸ਼ੀਲ ਦੇਸ਼ ਹੀ ਹੈ, ਉਂਜ ਦੋਵੇਂ ਪੂੰਜੀਵਾਦੀ ਅਰਥ ਵਿਵਸਥਾ ਤਹਿਤ ਚੱਲਦੇ ਹਨ, ਤੇ ਦੋਹਾਂ ਨੂੰ ਇਸ ਵੇਲੇ ਪੂੰਜੀਵਾਦ ਦੇ ਮਾੜੇ ਪ੍ਰਭਾਵ ਝੱਲਣੇ ਪੈ ਰਹੇ ਹਨ। ਵੱਡੀ ਆਰਥਿਕ ਅਸਮਾਨਤਾ ਅਤੇ ਇਸ ਦੇ ਸਮਾਜਿਕ ਤੇ ਸਭਿਆਚਾਰਕ ਨਤੀਜੇ, ਦੋਹਾਂ ਦੇਸ਼ਾਂ ਦੇ ਸਾਂਝੇ ਊਣੇ ਸਿਆਸੀ-ਆਰਥਿਕ ਰਾਜ-ਪ੍ਰਬੰਧ ਵੱਲ ਸੰਕੇਤ ਕਰਦੇ ਹਨ। ਇਸ ਸਾਂਝ ਦੇ ਪ੍ਰਸੰਗ ਵਿਚ ਡੂੰਘੇ ਸਿਆਸੀ-ਸਭਿਆਚਾਰਕ ਫਰਕ ਹਨ। ਜੇ ਕੈਨੇਡਾ-ਭਾਰਤ ਸਬੰਧਾਂ ਨੂੰ ਡੂੰਘੀ ਤਰ੍ਹਾਂ ਸਮਝਣਾ ਹੈ, ਤਾਂ ਦੋਹਾਂ ਦੇਸ਼ਾਂ ਦੇ ਸਿਆਸੀ ਸਭਿਆਚਾਰ ਦੇ ਮੱਦੇਨਜ਼ਰ ਮਨੁੱਖੀ ਅਧਿਕਾਰਾਂ ਬਾਰੇ ਮੁੱਖ ਫਰਕ ਨੂੰ ਸਮਝਣਾ ਪਵੇਗਾ।

ਕੈਨੇਡਾ ਦਾ ਅਜਿਹਾ ਸ਼ਰਮਨਾਕ ਅਤੇ ਮੁਸੀਬਤਾਂ ਭਰਿਆ ਇਤਿਹਾਸ ਹੈ, ਜਿਸ ਵਿਚ ਉਥੋਂ ਦੇ ਮੂਲਵਾਸੀ ਭਾਈਚਾਰਿਆਂ ਦਾ ਮੁਕੰਮਲ ਖ਼ਾਤਮਾ ਕੀਤਾ ਗਿਆ ਤੇ ਗ਼ੈਰ-ਗੋਰੀਆਂ ਨਸਲੀ ਘੱਟ-ਗਿਣਤੀਆਂ ਨੂੰ ਦਬਾਇਆ ਗਿਆ, ਪਰ ਹੌਲੀ ਹੌਲੀ ਇਸ ਪੀੜ ਨੂੰ ਪਿਛਾਂਹ ਛੱਡਦਿਆਂ, ਇਸ ਨੇ ਆਪਣੀਆਂ ਇਹ ਇਤਿਹਾਸਕ ਬੇਇਨਸਾਫ਼ੀਆਂ ਮੰਨੀਆਂ ਤੇ ਇਸ ਸਬੰਧੀ ਖ਼ੁਦ ਨੂੰ ਸੁਧਾਰਿਆ। ਇਉਂ ਅੰਤਿਮ ਰੂਪ ਵਿਚ ਇਹ ਮੁਲਕ ਵਧੇਰੇ ਸਹਿਣਸ਼ੀਲ ਤੇ ਬਹੁ-ਸਭਿਆਚਾਰਕ ਸਮਾਜ ਦਾ ਰੂਪ ਅਖ਼ਤਿਆਰ ਕਰਦਾ ਗਿਆ।

ਮਨੁੱਖੀ ਅਧਿਕਾਰਾਂ ਤੇ ਸਮਾਨਤਾ ਲਈ ਕਈ ਪੀੜ੍ਹੀਆਂ ਤੋਂ ਕੰਮ ਕਰਨ ਵਾਲੇ ਕਾਰਕੁਨਾਂ ਨੇ ਕੈਨੇਡਾ ਦੇ ਸਿਆਸੀ ਸਭਿਆਚਾਰ ਲਈ ਅਣਥੱਕ ਸੰਘਰਸ਼ ਕੀਤੇ। ਕੈਨੇਡਾ ਦੇ ਮੌਜੂਦਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਪਿਤਾ ਪੀਅਰੀ ਟਰੂਡੋ ਨੇ ਦੇਸ਼ ਵਿਚ ਅਜਿਹੀ ਸਿਆਸੀ-ਸਭਿਆਚਾਰਕ ਆਮ ਸਹਿਮਤੀ ਕਾਇਮ ਕਰਨ ਵਿਚ ਮੁੱਖ ਭੂਮਿਕਾ ਨਿਭਾਈ ਸੀ ਕਿ ਵਧੀਆ ਸਮਾਜ ਉਹ ਹੁੰਦਾ ਹੈ, ਜੋ ਅੰਦਰੂਨੀ ਮਤਭੇਦਾਂ ਨੂੰ ਸਮਝਦਾ ਹੈ, ਵਿਭਿੰਨਤਾ ਜਾਂ ਵਖਰੇਵੇਂ ਜਾਂ ਮੱਤਭੇਦਾਂ ਦੀ ਕਦਰ ਪਾਉਂਦਾ ਹੈ। ਅਜਿਹੇ ਸਮਾਜ ਉਨ੍ਹਾਂ ਸੰਸਥਾਵਾਂ ਦਾ ਨਿਰਮਾਣ ਕਰਦੇ ਹਨ ਜੋ ਅੰਦਰੂਨੀ ਮਤਭੇਦਾਂ ਤੇ ਵਿਭਿੰਨਤਾਵਾਂ ਵਿਚਾਲੇ ਸੰਤੁਲਨ ਕਾਇਮ ਕਰਨ ਵਿਚ ਮੁੱਖ ਭੂਮਿਕਾ ਨਿਭਾਉਂਦੇ ਹਨ। ਬੇਸ਼ੱਕ, ਇਸ ਆਮ ਸਹਿਮਤੀ 'ਤੇ ਪੱਛਮੀ ਪੂੰਜੀਵਾਦੀ ਅਰਥ ਵਿਵਸਥਾਵਾਂ ਵਿਚ ਵੱਡੇ ਪੱਧਰ 'ਤੇ ਬਹਿਸ ਹੋਈ ਸੀ ਕਿ ਕਾਰਜਕੁਸ਼ਲ ਅਰਥ ਵਿਵਸਥਾ ਦੇ ਨਿਰਮਾਣ ਲਈ ਅਰਥ-ਵਿਵਸਥਾ ਨੂੰ ਚਲਾਉਣ ਵਿਚ ਸਹਾਇਕ ਹਰ ਤਰ੍ਹਾਂ ਦੀ ਕਿਰਤ ਦੀ ਸ਼ਮੂਲੀਅਤ ਬਹੁਤ ਜ਼ਰੂਰੀ ਹੈ। ਕੁਝ ਪੱਛਮੀ ਦੇਸ਼ਾਂ ਵਿਚ ਨਸਲੀ/ਅਰਧ-ਨਸਲੀ ਸਿਆਸੀ ਸਮੂਹਾਂ ਤੇ ਪਾਰਟੀਆਂ (ਅਮਰੀਕਾ ਵਿਚ ਟਰੰਪ ਦਾ ਰਾਸ਼ਟਰਪਤੀ ਬਣਨਾ ਉਘੜਵੀਂ ਮਿਸਾਲ ਹੈ) ਵਿਚ ਆਏ ਹਾਲੀਆ ਨਿਘਾਰ ਦੇ ਬਾਵਜੂਦ ਪੱਛਮੀ ਸੰਸਾਰ ਵਿਚ ਵੱਡੇ ਪੱਧਰ 'ਤੇ ਇਹੀ ਪ੍ਰਵਾਨਿਤ ਆਮ ਸਹਿਮਤੀ ਹੈ। ਕੈਨੇਡਾ ਨੇ ਇਹ ਆਮ ਸਹਿਮਤੀ ਕਾਇਮ ਕਰਨ ਵਿਚ ਨਾ ਸਿਰਫ਼ ਅਹਿਮ ਭੂਮਿਕਾ ਨਿਭਾਈ ਹੈ, ਸਗੋਂ ਇਸ ਪ੍ਰਤੀ ਪ੍ਰਤੀਬੱਧ ਰਹਿਣ ਦਾ ਦ੍ਰਿੜ੍ਹ ਇਰਾਦਾ ਵੀ ਪ੍ਰਗਟਾਇਆ ਹੈ। ਮਨੁੱਖੀ ਅਧਿਕਾਰਾਂ ਲਈ ਸਤਿਕਾਰ, ਵਿਭਿੰਨਤਾ ਅਤੇ ਬਹੁਲਵਾਦ ਕੈਨੇਡਾ ਦੇ ਪ੍ਰਵਾਨਿਤ ਮਾਹੌਲ ਵਿਚ ਨਿਹਿਤ ਹਨ।

ਕੈਨੇਡਾ ਵਿਚ ਬਹੁ-ਸਭਿਆਚਾਰ ਬਾਰੇ ਸਿਧਾਂਤਕ ਅਤੇ ਅਕਾਦਮਿਕ ਕੰਮ ਸਭ ਤੋਂ ਅਗਾਂਹਵਧੂ ਰਿਹਾ ਹੈ। ਇਹ ਕੰਮ ਬਹੁ-ਸਭਿਆਚਾਰਵਾਦ ਲਈ ਸਤਿਕਾਰ ਦੇ ਸਭਿਆਚਾਰ ਕਾਰਨ ਪ੍ਰਫੁਲਿਤ ਹੋ ਸਕਿਆ ਸੀ ਅਤੇ ਇਹ ਮੋੜਵੇਂ ਰੂਪ ਵਿਚ ਬਹੁ-ਸਭਿਆਚਾਰਵਾਦ ਦੇ ਹੱਕ ਵਿਚ ਵਿਚਾਰਾਂ, ਵਿਹਾਰਾਂ ਤੇ ਸੰਸਥਾਵਾਂ ਦਾ ਮਜ਼ਬੂਤ ਸਰੂਪ ਘੜਨ-ਸੰਵਾਰਨ ਲਈ ਰਾਹ ਮੋਕਲੇ ਕਰਦਾ ਹੈ। ਬਹੁ-ਸਭਿਆਚਾਰਵਾਦ ਦੇ ਰਾਹ 'ਤੇ ਤੁਰਨ ਦੇ ਕੈਨੇਡਾ ਨੂੰ ਕਈ ਲਾਭ ਹੋਏ ਹਨ। ਪਿਛਲੇ 20 ਵਰ੍ਹਿਆਂ ਦੌਰਾਨ, ਮਨੁੱਖੀ ਵਿਕਾਸ ਸੂਚਕ ਅੰਕ ਦੀਆਂ ਮੱਦਾਂ ਵਿਚ ਕੈਨੇਡਾ ਸੰਸਾਰ ਦਾ ਪਹਿਲਾ ਦੇਸ਼ ਬਣਿਆ ਰਿਹਾ ਹੈ, ਜਾਂ ਪਹਿਲੇ 10 ਦੇਸ਼ਾਂ ਵਿਚ ਉਸ ਦਾ ਸ਼ੁਮਾਰ ਹੁੰਦਾ ਰਿਹਾ ਹੈ। ਕੈਨੇਡਾ ਇਸ ਤੱਥ 'ਤੇ ਮਾਣ ਕਰ ਸਕਦਾ ਹੈ ਕਿ ਉਹ ਪੱਛਮੀ ਸੰਸਾਰ ਦਾ ਇਕਲੌਤਾ ਅਜਿਹਾ ਦੇਸ਼ ਹੈ, ਜਿਥੇ ਕੋਈ ਗ਼ੈਰ-ਗੋਰਾ ਵਿਅਕਤੀ (ਜਗਮੀਤ ਸਿੰਘ) ਦੇਸ਼ ਦੀ ਅਹਿਮ ਕੌਮੀ ਪਾਰਟੀ ਦਾ ਮੁਖੀ ਬਣਿਆ ਹੈ।

ਬਹੁਲਵਾਦ, ਵਿਭਿੰਨਤਾ ਤੇ ਮਨੁੱਖੀ ਅਧਿਕਾਰਾਂ ਦੇ ਦ੍ਰਿਸ਼ਟੀਕੋਣ ਤੋਂ ਭਾਰਤ, ਕੈਨੇਡਾ ਦੇ ਮੁਕਾਬਲੇ ਉਲਟੇ ਰਾਹ 'ਤੇ ਹੀ ਚੱਲਿਆ ਹੈ। ਵੀਹਵੀਂ ਸਦੀ ਦੇ ਪਹਿਲੇ ਅੱਧ ਦੌਰਾਨ, ਭਾਰਤ ਵਿਚ ਮਨੁੱਖੀ ਅਧਿਕਾਰਾਂ ਦੇ ਪਾਸਾਰ ਤੇ ਆਜ਼ਾਦੀਆਂ ਲਈ ਬਸਤੀਵਾਦ-ਵਿਰੋਧੀ ਬਹੁਤ ਸ਼ਾਨਦਾਰ ਸੰਘਰਸ਼ ਚੱਲੇ। 1947 ਵਿਚ ਬਸਤੀਵਾਦ-ਵਿਰੋਧੀ ਸੰਘਰਸ਼ਾਂ ਦੀ ਸਫ਼ਲਤਾ ਦੀ ਖ਼ੁਸ਼ੀ ਭਾਵੇਂ ਨਸਲੀ ਹਿੰਸਾ ਤੇ ਕਤਲੇਆਮ ਕਾਰਨ ਖ਼ਤਮ ਹੋ ਗਈ ਸੀ, ਪਰ ਇਸ ਦੇ ਬਾਵਜੂਦ 'ਏਕਤਾ ਤੇ ਵਿਭਿੰਨਤਾ' ਦੇ ਸਿਧਾਂਤ ਦੇ ਆਧਾਰ 'ਤੇ ਸਮਾਜ ਦੇ ਨਿਰਮਾਣ ਦੀਆਂ ਆਸਾਂ ਕਾਇਮ ਹੋਈਆਂ। ਭਾਰਤ ਵਿਚ ਬਸਤੀਵਾਦ ਤੋਂ ਬਾਅਦ ਸਰਕਾਰ ਕਾਇਮ ਹੋਣ ਦੇ ਛੇਤੀ ਬਾਅਦ ਵਿਭਿੰਨਤਾ ਨਾਲੋਂ ਏਕਤਾ ਉਤੇ ਵਧੇਰੇ ਜ਼ੋਰ ਦਿੱਤਾ ਗਿਆ। ਹਿੰਦੂ ਬਹੁ-ਗਿਣਤੀ ਜੋ ਪਹਿਲਾਂ ਚੁੱਪ ਅਤੇ ਲੁਕੀ-ਛਿਪੀ ਹੀ ਰਹੀ, ਉਸ ਨੇ ਪਿਛਲੇ 30 ਵਰ੍ਹਿਆਂ ਦੌਰਾਨ ਕਈ ਤਰ੍ਹਾਂ ਨਾਲ ਆਪਣਾ ਰੂਪ ਵਿਖਾਉਣਾ ਸ਼ੁਰੂ ਕੀਤਾ ਤੇ ਹੁਣ (ਇਸ ਦਾ ਹਿੰਸਕ ਰੂਪ) ਤੇਜ਼ੀ ਨਾਲ ਵਧ ਰਿਹਾ ਹੈ। ਬਹੁ-ਗਿਣਤੀ ਨੇ ਆਪਣਾ ਸਿਆਸੀ ਰਾਹ ਵਿਭਿੰਨਤਾ ਤੋਂ ਲਾਂਭੇ ਕਰ ਕੇ 'ਏਕਤਾ ਤੇ ਅਖੰਡਤਾ' ਉਤੇ ਕੇਂਦ੍ਰਿਤ ਕਰ ਲਿਆ ਹੈ ਤੇ ਖੇਤਰੀ ਅਖੰਡਤਾ ਉਤੇ ਵਧੇਰੇ ਜ਼ੋਰ ਦਿੱਤਾ ਜਾਣ ਲੱਗਾ। ਇਸ ਏਕਤਾਵਾਦੀ ਤੇ ਕੇਂਦਰਵਾਦੀ ਰਾਹ ਵਿਚ ਮਨੁੱਖੀ ਹੱਕ ਸ਼ੱਕ ਵਾਲਾ ਮਸਲਾ ਹੋ ਗਏ। ਮਨੁੱਖੀ ਹੱਕਾਂ ਦੇ ਕਾਰਕੁਨਾਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦਿਆਂ ਦੇਸ਼ ਦੇ ਗ਼ੱਦਾਰਾਂ ਅਤੇ ਰਾਸ਼ਟਰ ਵਿਰੋਧੀਆਂ ਵਜੋਂ ਪੇਸ਼ ਕੀਤਾ ਜਾ ਰਿਹਾ ਹੈ।

ਜੇ ਕੈਨੇਡਾ ਵਿਚ, ਅਪਮਾਨਿਤ ਇਤਿਹਾਸ ਤੋਂ ਮਨੁੱਖ ਹਿਤੈਸ਼ੀ ਮੁਲਕ ਬਣਨ ਤੱਕ ਇਤਿਹਾਸਕ ਤਬਦੀਲੀ ਹੋਈ ਹੈ ਤਾਂ ਭਾਰਤ ਵਿਚ ਮਨੁੱਖੀ ਆਜ਼ਾਦੀ ਲਈ ਬਸਤੀਵਾਦ ਵਿਰੋਧੀ ਸੰਘਰਸ਼ਾਂ ਦੇ ਇਤਿਹਾਸਕ ਰਿਕਾਰਡ ਤੋਂ ਮੌਜੂਦਾ ਸੱਤਾਵਾਦ ਤੱਕ ਦਾ ਤਬਾਦਲਾ ਹੋਇਆ ਹੈ। ਕੈਨੇਡਾ ਵਿਚ ਜੇ ਕਿਤੇ ਮਤਭੇਦ ਹੁੰਦੇ ਹਨ ਤਾਂ ਵੀ ਉਨ੍ਹਾਂ ਨੂੰ ਅਹਿਮੀਅਤ ਦਿੱਤੀ ਜਾਂਦੀ ਹੈ, ਤਾਂ ਜੋ ਸਭਿਆਚਾਰਕ ਤੌਰ 'ਤੇ ਨਰੋਏ ਸਮਾਜ ਦਾ ਨਿਰਮਾਣ ਹੋ ਸਕੇ। ਇਸੇ ਲਈ ਦੇਸ਼ ਦੇ ਫ਼ਰੈਂਚ ਭਾਸ਼ੀ ਸੂਬੇ ਕਿਊਬੇਕ ਨੂੰ ਇਸ



ਬੁਨਿਆਦੀ ਸੁਆਲ 'ਤੇ ਰਾਇਸ਼ੁਮਾਰੀ ਕਰਵਾਉਣ ਦੀ ਪ੍ਰਵਾਨਗੀ ਦਿੱਤੀ ਗਈ ਕਿ ਇਹ ਸੂਬਾ ਦੇਸ਼ ਤੋਂ ਵੱਖ ਹੋਣਾ ਚਾਹੁੰਦਾ ਹੈ।

ਭਾਰਤ ਵਿਚ ਵੱਖ ਹੋਣ ਦੀ ਗੱਲ ਤਾਂ ਛੱਡ ਹੀ ਦੇਵੋ, ਜੇ ਕਿਤੇ ਕੋਈ ਸੀਮਤ ਖੇਤਰੀ ਖ਼ੁਦਮੁਖ਼ਤਾਰੀ ਦੀ ਗੱਲ ਵੀ ਕਰੇ ਤਾਂ ਉਸ ਨੂੰ ਵਿਸ਼ਵਾਸਘਾਤ ਮੰਨਿਆ ਜਾਂਦਾ ਹੈ। ਜੇ ਕੈਨੇਡਾ ਆਪਣੇ ਸੂਬਿਆਂ ਨੂੰ ਵੱਖ ਹੋਣ ਦੇ ਅਧਿਕਾਰ 'ਤੇ ਖੁੱਲ੍ਹੀ ਬਹਿਸ ਕਰਵਾਉਣ ਦੀ ਇਜਾਜ਼ਤ ਦਿੰਦਾ ਹੈ, ਤਾਂ ਉਸ ਤੋਂ ਇਹ ਆਸ ਰੱਖਣੀ ਤਰਕ-ਵਿਹੂਣੀ ਹੋਵੇਗੀ ਕਿ ਉਹ ਉਨ੍ਹਾਂ ਸਿੱਖਾਂ, ਕੁਰਦਾਂ, ਚੇਚਨਾਂ, ਬਲੋਚਾਂ ਜਾਂ ਤਾਮਿਲਾਂ ਨੂੰ ਦਬਾਉਣ ਲਈ ਸਰਕਾਰੀ ਤਾਕਤ ਦੀ ਵਰਤੋਂ ਕਰੇ, ਜੋ ਆਪਣੇ ਮੂਲ ਦੇਸ਼ਾਂ ਵਿਚੋਂ ਵੱਖ ਹੋਣ ਦੀ ਵਕਾਲਤ ਕਰ ਰਹੇ ਹਨ। ਕੈਨੇਡਾ ਦੀਆਂ ਇਨ੍ਹਾਂ ਘੱਟ-ਗਿਣਤੀਆਂ ਦੇ ਬਹੁਤੇ ਮੈਂਬਰ ਵੱਖਵਾਦ ਦੀ ਕੋਈ ਹਮਾਇਤ ਨਹੀਂ ਕਰਦੇ, ਉਹ ਸਿਰਫ਼ ਮੁਤਬਾਦਲ ਸਿਆਸੀ ਰਾਹਾਂ 'ਤੇ ਬਹਿਸ ਅਤੇ ਮਨੁੱਖੀ ਹੱਕਾਂ ਦੀ ਰਾਖੀ ਕਰਨੀ ਚਾਹੁੰਦੇ ਹਨ। ਕੈਨੇਡੀਅਨ ਕਾਨੂੰਨ ਤੇ ਸਿਆਸੀ ਸਭਿਆਚਾਰ ਸ਼ਾਂਤੀਪੂਰਨ ਢੰਗ-ਤਰੀਕਿਆਂ ਨਾਲ ਉਠਾਏ ਜਾ ਰਹੇ ਮਤਭੇਦਾਂ ਨੂੰ ਦਬਾਉਣ ਦੀ ਇਜਾਜ਼ਤ ਨਹੀਂ ਦਿੰਦਾ।

ਭਾਰਤੀ ਸਿਆਸੀ ਸਭਿਆਚਾਰ ਵਿਚ ਮਨੁੱਖੀ ਹੱਕਾਂ ਦੀ ਇਮਾਨਦਾਰਾਨਾ, ਸਹੀ ਤੇ ਸੱਚੀ ਸਮਝ ਨਦਾਰਦ ਹੈ। ਭਾਰਤ ਵਿਚ ਮਨੁੱਖੀ ਹੱਕਾਂ 'ਤੇ ਆਧਾਰਤ ਨਰੋਆ ਸਿਆਸੀ ਸਭਿਆਚਾਰ ਵਿਕਸਤ ਕਰਨ ਲਈ ਕੈਨੇਡਾ ਤੋਂ ਬਹੁਤ ਕੁਝ ਸਿੱਖਿਆ ਜਾ ਸਕਦਾ ਹੈ। ਇਤਿਹਾਸਕ ਤੌਰ 'ਤੇ ਦੇਖਿਆਂ, ਟਰੂਡੋ ਦੇ ਇਸ ਬਹੁ-ਚਰਚਿਤ ਭਾਰਤ ਦੌਰੇ ਦਾ ਵੱਡਾ ਹਾਸਲ ਇਹੀ ਹੋਵੇਗਾ।

# ਜਸਟਿਨ ਟਰੂਡੋ ਦੀ ਭਾਰਤ ਫੇਰੀ ਉਤੇ ਇਕ ਨਜ਼ਰ

**ਬੂਟਾ ਸਿੰਘ**
ਫੋਨ: 91-94634-74342

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਆਪਣੇ ਪਰਿਵਾਰ ਸਮੇਤ ਭਾਰਤ ਦਾ ਦੌਰਾ ਕਰ ਕੇ ਗਏ ਹਨ। ਆਮ ਤੌਰ 'ਤੇ ਇਕ ਮੁਲਕ ਦੇ ਮੁਖੀ ਵਲੋਂ ਦੂਜੇ ਮੁਲਕ ਦੇ ਦੌਰੇ ਨੂੰ ਬਹੁਤ ਮਹੱਤਵਪੂਰਨ ਸਮਝਿਆ ਜਾਂਦਾ ਹੈ। ਇਸ ਨਾਲ ਜਿਥੇ ਇਹ ਪਤਾ ਲੱਗਦਾ ਹੈ ਕਿ ਸਬੰਧਤ ਮੁਲਕਾਂ ਦੇ ਦੁਵੱਲੇ ਸਬੰਧ ਕਿਹੋ ਜਹੇ ਹਨ, ਉਥੇ ਇਸ ਨੂੰ ਦੋਨਾਂ ਮੁਲਕਾਂ ਦੇ ਕੂਟਨੀਤਕ ਰਿਸ਼ਤੇ ਸੁਧਾਰਨ ਦੇ ਨਜ਼ਰੀਏ ਨਾਲ ਅਤੇ ਵਪਾਰਕ ਹਿਤਾਂ ਲਈ ਵੀ ਫ਼ਾਇਦੇਮੰਦ ਮੰਨਿਆ ਜਾਂਦਾ ਹੈ; ਲੇਕਿਨ ਜਸਟਿਨ ਟਰੂਡੋ ਦੇ ਦੌਰੇ ਨੂੰ ਭਾਰਤ ਦੇ ਹੁਕਮਰਾਨਾਂ ਨੇ ਗਿਣਨਯੋਗ ਤਵੱਜੋ ਨਹੀਂ ਦਿੱਤੀ। ਟਰੂਡੋ ਅਤੇ ਹੋਰ ਮੁਲਕਾਂ ਦੇ ਹਮਰੁਤਬਾ ਆਗੂਆਂ ਦੀਆਂ ਫੇਰੀਆਂ ਪ੍ਰਤੀ ਮੋਦੀ ਸਰਕਾਰ ਦੇ ਵਤੀਰੇ ਦਾ ਫ਼ਰਕ ਜ਼ਾਹਿਰਾ ਤੌਰ 'ਤੇ ਨਜ਼ਰ ਆ ਰਿਹਾ ਸੀ। ਟਰੂਡੋ ਦੀ ਫੇਰੀ ਦੇ ਨਤੀਜੇ ਵਜੋਂ ਕੋਈ ਖ਼ਾਸ ਵਪਾਰਕ ਹਾਸਲ ਵੀ ਨਜ਼ਰ ਨਹੀਂ ਆਇਆ। ਕੀ ਇਹ ਮਹਿਜ਼ ਨਿੱਜੀ ਪਰਿਵਾਰਕ ਫੇਰੀ ਜਾਂ ਤੀਰਥ ਯਾਤਰਾ ਸੀ? ਜਾਂ ਐਸੀ ਬਣ ਕੇ ਰਹਿ ਗਈ?

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਮੁਲਕ ਦੇ ਮਸਲਿਆਂ ਨੂੰ ਮੁਖ਼ਾਤਬ ਹੋਣ ਦੀ ਬਜਾਏ ਅਕਸਰ ਹੀ ਵਿਦੇਸ਼ ਦੌਰਿਆਂ ਅਤੇ ਹੋਰ ਮੁਲਕਾਂ ਦੇ ਰਾਜ ਮੁਖੀਆਂ ਨਾਲ ਮਿਲਣੀਆਂ ਵਿਚ ਹੀ ਮਸਰੂਫ਼ ਰਹਿੰਦੇ ਹਨ। ਅਜੇ ਮਹੀਨਾ ਕੁ ਪਹਿਲਾਂ ਹੀ ਉਹ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦਾ ਸਵਾਗਤ ਕਰਨ ਲਈ ਹਵਾਈ ਅੱਡੇ ਉਪਰ ਖ਼ੁਦ ਹਾਜ਼ਰ ਸਨ। ਨੇਤਨਯਾਹੂ ਨੂੰ ਗੁਜਰਾਤ ਦੀ ਯਾਤਰਾ ਕਰਵਾਉਣ ਲਈ ਵੀ ਉਚੇਚਾ ਵਕਤ ਦਿੱਤਾ ਗਿਆ। ਇਸੇ ਤਰ੍ਹਾਂ ਪਿਛੇ ਜਿਹੇ ਜਦੋਂ ਜਪਾਨ ਦੇ ਪ੍ਰਧਾਨ ਮੰਤਰੀ ਸ਼ਿੰਜ਼ੋ ਐਬੇ ਅਤੇ ਚੀਨ ਦੇ ਰਾਸ਼ਟਰਪਤੀ ਸ਼ੀ ਚਿੰਨਫਿੰਗ ਭਾਰਤ ਦੌਰੇ ਦੌਰਾਨ ਗੁਜਰਾਤ ਗਏ ਤਾਂ ਉਥੇ ਵੀ ਮੋਦੀ ਉਚੇਚੇ ਤੌਰ 'ਤੇ ਉਨ੍ਹਾਂ ਦੀ ਪ੍ਰਾਹੁਣਾਚਾਰੀ ਲਈ ਹਾਜ਼ਰ ਸਨ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਧੀ ਇਵਾਂਕਾ ਤਾਂ ਰਾਜਸੀ ਨੁਮਾਇੰਦਾ ਵੀ ਨਹੀਂ ਸੀ, ਬਲਕਿ ਵਪਾਰਕ ਵਫ਼ਦ ਲੈ ਕੇ ਆਈ ਸੀ। ਪ੍ਰਧਾਨ ਮੰਤਰੀ ਮੋਦੀ ਤਮਾਮ ਰਾਜਕੀ ਪ੍ਰੋਟੋਕੋਲ ਨੂੰ ਮਜ਼ਾਕ ਬਣਾ ਕੇ ਉਸ ਦੀ ਪ੍ਰਾਹੁਣਾਚਾਰੀ ਲਈ ਪੱਬਾਂ ਭਾਰ ਹੋ ਕੇ ਖ਼ਾਸ ਦਿਲਚਸਪੀ ਲੈ ਰਹੇ ਸਨ। ਲੇਕਿਨ ਟਰੂਡੋ ਦੀ ਉਸ ਪਾਏ ਦੀ ਕੂਟਨੀਤਕ ਆਓ ਭਗਤ ਕਰਨੀ ਮੋਦੀ ਅਤੇ ਉਸ ਦੀ ਵਜ਼ਾਰਤ ਵਲੋਂ ਜੇ ਜ਼ਰੂਰੀ ਨਹੀਂ ਸਮਝੀ ਗਈ ਤਾਂ ਇਸ ਦੀ ਖ਼ਾਸ ਵਜ੍ਹਾ ਹੈ। ਹਾਲਾਂਕਿ ਇਜ਼ਰਾਈਲੀ ਦਹਿਸ਼ਤਗਰਦ ਰਾਜ ਜਿਥੇ ਅਮਰੀਕਨ ਸਾਮਰਾਜਵਾਦ ਦਾ ਯੁੱਧਨੀਤਕ ਜੋਟੀਦਾਰ ਹੋਣ ਕਰ ਕੇ ਕੌਮਾਂਤਰੀ ਬੁਰਾਈ ਦੇ ਧੁਰੇ ਦਾ ਮੁੱਖ ਸਰਗਨਾ ਹੈ, ਉਥੇ ਉਹ ਫ਼ਲਸਤੀਨੀ ਕੌਮ ਦੇ ਖੇਤਰ ਨੂੰ ਫ਼ੌਜੀ ਤਾਕਤ ਨਾਲ ਖੋਹ ਕੇ ਉਥੇ ਨਜਾਇਜ਼ ਤੌਰ 'ਤੇ ਕਾਬਜ਼ ਹੋਣ ਵਾਲੇ ਧਾੜਵੀ ਰਾਜ ਵਜੋਂ ਵੀ ਬੇਥਾਹ ਬਦਨਾਮ ਹੈ। ਚੀਨ ਨਾਲ ਭਾਰਤ ਦੇ ਦੁਵੱਲੇ ਵਪਾਰਕ ਹਿਤ ਚਾਹੇ ਕਾਫ਼ੀ ਡੂੰਘੇ ਹਨ, ਪਰ ਸਰਹੱਦੀ ਟਕਰਾਵਾਂ ਦੇ ਨਾਲ ਨਾਲ ਪਾਕਿਸਤਾਨ ਨਾਲ ਚੀਨ ਦੀ ਨੇੜਤਾ ਕਾਰਨ ਭਾਰਤ ਅਤੇ ਚੀਨ ਦੇ ਦੁਵੱਲੇ ਰਿਸ਼ਤੇ ਮੁਕਾਬਲਤਨ ਕਸ਼ੀਦਗੀ ਵਾਲੇ ਹਨ। ਇਸ ਦੇ ਮੁਕਾਬਲੇ ਕੈਨੇਡਾ ਉਦਾਰਵਾਦੀ ਰਾਜ ਹੈ ਜਿਥੇ ਨਸਲੀ-ਸਭਿਆਚਾਰਕ ਵੰਨ-ਸੁਵੰਨਤਾ ਦਾ ਸਤਿਕਾਰ ਕਰਨ ਦੀ ਪਰੰਪਰਾ ਹੈ। ਕੈਨੇਡਾ ਨਾਲ ਭਾਰਤ ਦਾ ਉਸ ਤਰ੍ਹਾਂ ਦਾ ਕੋਈ ਝਗੜਾ ਵੀ ਨਹੀਂ ਜਿਸ ਤਰ੍ਹਾਂ ਦਾ ਚੀਨ ਨਾਲ ਹੈ।

ਕੈਨੇਡਾ ਨਾਲ ਦੁਵੱਲੇ ਰਿਸ਼ਤੇ ਨੂੰ ਗੂੜ੍ਹਾ ਬਣਾਉਣਾ ਭਾਰਤ ਲਈ ਇਸ ਕਰ ਕੇ ਵੀ ਵਧੇਰੇ ਮਹੱਤਵਪੂਰਨ ਹੈ ਕਿ ਪੌਣੇ ਚੌਦਾਂ ਲੱਖ ਦੇ ਕਰੀਬ ਇੰਡੋ-ਕੈਨੇਡੀਅਨ ਉਸ ਮੁਲਕ ਦੇ ਪੱਕੇ ਨਾਗਰਿਕ ਹਨ ਜੋ ਉਥੋਂ ਦੀ ਆਬਾਦੀ ਦਾ 3.99% ਬਣਦੇ ਹਨ। ਭਾਰਤੀਆਂ ਦੇ ਇਸ ਪਰਵਾਸ ਦੀ ਪੈੜ ਕੈਨੇਡਾ ਦੇ ਇਤਿਹਾਸ ਵਿਚ ਇਕ ਸਦੀ ਪਿੱਛੇ ਤਕ 20ਵੀਂ ਸਦੀ ਦੇ ਮੁੱਢਲੇ ਸਾਲਾਂ ਨਾਲ ਜਾ ਜੁੜਦੀ ਹੈ। ਪਰਵਾਸੀਆਂ ਨੇ ਜਾਨ ਹੂਲਵੇਂ ਸੰਘਰਸ਼ ਲੜਦਿਆਂ ਉਥੋਂ ਦੇ ਨਾਗਰਿਕ ਹੱਕ ਹਾਸਲ ਕੀਤੇ ਅਤੇ ਪੈਰ ਪੈਰ 'ਤੇ ਨਸਲੀ ਅਪਮਾਨ ਨੂੰ ਹਰਾ ਕੇ ਉਹ ਸਨਮਾਨਜਨਕ ਜ਼ਿੰਦਗੀ ਦੇ ਮੁਰਾਤਬੇ 'ਤੇ ਪਹੁੰਚੇ।

ਜੇ ਮੋਦੀ ਸਰਕਾਰ ਕੈਨੇਡਾ ਨਾਲੋਂ ਇਜ਼ਰਾਈਲ ਨੂੰ ਵਧੇਰੇ ਮਹੱਤਵ ਦੇ ਰਹੀ ਹੈ ਤਾਂ ਇਸ ਦੀ ਮੂਲ ਵਜ੍ਹਾ ਸੰਘ ਬ੍ਰਿਗੇਡ ਦਾ ਨਸਲੀ-ਸਭਿਆਚਾਰਕ ਵੰਨ-ਸੁਵੰਨਤਾ ਵਿਰੋਧੀ ਨਫ਼ਰਤ ਵਾਲਾ ਨਜ਼ਰੀਆ ਹੈ। ਬਹੁਤ ਸਾਰੇ ਸਵਾਲਾਂ ਬਾਰੇ ਹਮਖ਼ਿਆਲ ਇਜ਼ਰਾਈਲੀ ਹਾਕਮ ਜਮਾਤ ਅਤੇ ਸੰਘ ਬ੍ਰਿਗੇਡ ਦੀ ਸਾਂਝ ਇਤਫ਼ਾਕੀਆ ਨਹੀਂ। ਮੋਦੀ ਵਲੋਂ ਆਪਣੇ ਕੈਨੇਡੀਅਨ ਹਮਰੁਤਬਾ ਨਾਲ ਕੀਤੀ ਮੁਲਾਕਾਤ ਸਪਸ਼ਟ ਪ੍ਰਭਾਵ ਦੇ ਰਹੀ ਸੀ ਕਿ ਉਨ੍ਹਾਂ ਦੀ ਮਿਲਣੀ ਮਹਿਜ਼ ਰਸਮੀ ਸੀ, ਇਸ ਵਿਚ ਦੁਵੱਲੇ ਰਿਸ਼ਤੇ ਨੂੰ ਮਜ਼ਬੂਤ ਬਣਾਉਣ ਨੂੰ ਤਰਜੀਹ ਦੇਣ ਦੀ ਸਿਆਸੀ ਇੱਛਾਸ਼ਕਤੀ ਨਾਲੋਂ ਉਸ ਨੂੰ ਚਲਾਕੀ ਨਾਲ ਨਜ਼ਰਅੰਦਾਜ਼ ਕਰ ਕੇ ਉਸ ਦੀ ਅਤੇ ਉਸ ਦੇ ਨਾਲ ਆਏ ਮੰਤਰੀਆਂ ਦੀ ਹੇਠੀ ਕਰਨ ਵਤੀਰਾ ਅਤੇ ਆਪਣੇ ਜੁਰਮਾਂ ਦੀ ਕਿਸੇ ਤਰ੍ਹਾਂ ਦੀ ਜਵਾਬਦੇਹੀ ਤੋਂ ਬਚਣ ਦੀ ਚਾਣਕਿਆ ਨੀਤੀ ਭਾਰੂ ਸੀ।

ਇਸ ਫੇਰੀ ਦੇ ਪ੍ਰਸੰਗ ਵਿਚ ਸਿੱਖ ਮੁੱਦਿਆਂ ਪ੍ਰਤੀ ਟਰੂਡੋ ਸਰਕਾਰ ਦੀ ਪਹੁੰਚ ਨੂੰ ਲੈ ਕੇ ਭਾਰਤ ਦਾ ਮਾਹੌਲ ਅਗਾਊਂ ਹੀ ਖ਼ਾਸ ਤੌਰ 'ਤੇ ਉਤੇਜਤ ਕੀਤਾ ਗਿਆ ਸੀ। ਭਾਰਤੀ ਹਾਕਮ ਜਮਾਤ ਨੂੰ ਟਰੂਡੋ ਸਰਕਾਰ ਨਾਲ ਇਸ ਕਾਰਨ ਵੀ ਔਖ ਹੈ ਕਿ ਉਸ ਦੀ ਸਰਕਾਰ ਦੌਰਾਨ ਓਂਟਾਰੀਓ ਦੀ ਵਿਧਾਨਸਭਾ ਵਿਚ 1984 ਦੇ ਕਤਲੇਆਮ ਨੂੰ ਸਿੱਖ ਨਸਲਕੁਸ਼ੀ ਕਰਾਰ ਦੇ ਕੇ ਸਿੱਖ ਭਾਈਚਾਰੇ ਨਾਲ ਅਨਿਆਂ ਦੇ ਮੁੱਦਿਆਂ ਨੂੰ ਵਾਜਬੀਅਤ ਮੁਹੱਈਆ ਕੀਤੀ ਗਈ ਜੋ ਗਰਮਖ਼ਿਆਲ ਸਿੱਖ ਧੜਿਆਂ ਵਲੋਂ ਅਤੇ ਹੋਰ ਬਹੁਤ ਸਾਰੇ ਇਨਸਾਫ਼ਪਸੰਦ ਹਿੱਸਿਆਂ ਵਲੋਂ ਲਗਾਤਾਰ ਉਠਾਏ ਜਾ ਰਹੇ ਹਨ; ਹਾਲਾਂਕਿ ਇਹ ਬੁਨਿਆਦੀ ਤੌਰ 'ਤੇ ਗਰਮਖ਼ਿਆਲ ਸਿੱਖਾਂ ਦਾ ਮਾਮਲਾ ਨਹੀਂ, ਸਗੋਂ ਇਕ ਭਾਈਚਾਰੇ ਨਾਲ ਇਤਿਹਾਸ ਵਿਚ ਹੋਏ ਅਨਿਆਂ ਉਪਰ ਸਟੈਂਡ ਲੈਣ ਦਾ ਸਵਾਲ ਸੀ ਜਿਸ ਉਪਰ ਵਿਧਾਨ ਸਭਾ ਨੇ ਮਤਾ ਪਾਸ ਕੀਤਾ। ਇਸ ਨੂੰ ਲੈ ਕੇ ਕੈਪਟਨ ਸਮੇਤ ਕਾਂਗਰਸੀ ਲਾਣੇ ਦੀ ਔਖ ਸਮਝਣੀ ਮੁਸ਼ਕਿਲ

> ***ਭਾਰਤੀਆਂ ਦੇ ਪਰਵਾਸ ਦੀ ਪੈੜ ਕੈਨੇਡਾ ਦੇ ਇਤਿਹਾਸ ਵਿਚ ਇਕ ਸਦੀ ਪਿੱਛੇ ਤਕ 20ਵੀਂ ਸਦੀ ਦੇ ਮੁੱਢਲੇ ਸਾਲਾਂ ਨਾਲ ਜਾ ਜੁੜਦੀ ਹੈ। ਪਰਵਾਸੀਆਂ ਨੇ ਜਾਨ ਹੂਲਵੇਂ ਸੰਘਰਸ਼ ਲੜਦਿਆਂ ਉਥੋਂ ਦੇ ਨਾਗਰਿਕ ਹੱਕ ਹਾਸਲ ਕੀਤੇ ਅਤੇ ਪੈਰ ਪੈਰ 'ਤੇ ਨਸਲੀ ਅਪਮਾਨ ਨੂੰ ਹਰਾ ਕੇ ਉਹ ਸਨਮਾਨਜਨਕ ਜ਼ਿੰਦਗੀ ਦੇ ਮੁਰਾਤਬੇ ਉਪਰ ਪਹੁੰਚੇ।***

ਨਹੀਂ, ਉਹ ਆਪਣੇ ਘਿਨਾਉਣੇ ਜੁਰਮਾਂ ਦੀ ਜਵਾਬਦੇਹੀ ਨੂੰ ਲੈ ਕੇ ਪ੍ਰੇਸ਼ਾਨ ਹਨ। ਕਾਂਗਰਸ ਦੀ ਲੀਡਰਸ਼ਿਪ ਉਸ ਨਸਲਕੁਸ਼ੀ ਦੀ ਮੁੱਖ ਮੁਜਰਿਮ ਹੋਣ ਕਾਰਨ ਉਨ੍ਹਾਂ ਨੂੰ ਉਸ ਦਾ ਸਿਆਸੀ ਮੁੱਲ ਵਾਰ ਵਾਰ ਚੁਕਾਉਣਾ ਪੈਂਦਾ ਹੈ; ਲੇਕਿਨ ਇਹ ਵੀ ਸਮਝਣਾ ਜ਼ਰੂਰੀ ਹੈ ਕਿ ਪਾਰਲੀਮੈਂਟ ਵਿਚ ਮਨਮੋਹਨ-ਸੋਨੀਆ ਸਰਕਾਰ ਨੂੰ ਸਿਆਸੀ ਤੌਰ 'ਤੇ ਘੇਰਨ ਲਈ 1984 ਨੂੰ ਨਸਲਕੁਸ਼ੀ ਦੱਸਣ ਵਾਲਾ ਸੰਘ ਬ੍ਰਿਗੇਡ ਸਿੱਖ ਨਸਲਕੁਸ਼ੀ ਦਾ ਕਿਸੇ ਵੀ ਤਰ੍ਹਾਂ ਵਿਰੋਧੀ ਨਹੀਂ। ਇਹ ਘੱਟਗਿਣਤੀਆਂ ਦਾ ਖ਼ੈਰਖਵਾਹ ਨਹੀਂ, ਸਗੋਂ ਕਾਂਗਰਸ ਨਾਲੋਂ ਵੀ ਜ਼ਿਆਦਾ ਯੋਜਨਾਬੱਧ ਤਰੀਕੇ ਨਾਲ ਘੱਟਗਿਣਤੀਆਂ ਨੂੰ ਮਸਲ ਦੇਣ ਵਿਚ ਅੰਨ੍ਹਾ ਯਕੀਨ ਰੱਖਦਾ ਹੈ। ਮੂਲ ਰੂਪ ਵਿਚ ਇਹ ਸੋਚ ਭਾਰਤ ਦੀ ਸਮੁੱਚੀ 'ਮੁੱਖਧਾਰਾ' ਦੀ ਹੈ ਜਿਸ ਨੂੰ ਕੇਂਦਰੀ ਨੌਕਰਸ਼ਾਹੀ ਤੋਂ ਲੈ ਕੇ ਮੀਡੀਆ ਹਾਊਸਾਂ ਤਕ ਦੇ ਵਤੀਰੇ ਵਿਚ ਦੇਖਿਆ ਅਤੇ ਮਹਿਸੂਸ ਕੀਤਾ ਜਾ ਸਕਦਾ ਹੈ। ਭਾਰਤ ਦੇ ਮੀਡੀਆ ਦੇ ਜ਼ਿਆਦਾਤਰ ਹਿੱਸੇ ਵਿਚ ਟਰੂਡੋ ਦੀ ਹਾਲੀਆ ਫੇਰੀ ਬਾਰੇ ਇਸ ਤਰ੍ਹਾਂ ਦਾ ਪ੍ਰਭਾਵ ਬਣਾਇਆ ਗਿਆ, ਜਿਵੇਂ ਉਸ ਦੀ ਅਤੇ ਉਸ ਦੇ ਪੰਜਾਬੀ ਮੰਤਰੀਆਂ ਦੀ ਫੇਰੀ ਖ਼ਾਲਸਤਾਨ ਦੇ ਏਜੰਡੇ ਦਾ ਪ੍ਰਚਾਰ ਕਰਨ ਲਈ ਹੋਵੇ। ਇਸ ਪਿੱਛੇ ਭਾਰਤੀ ਸਥਾਪਤੀ ਦੀਆਂ ਤਾਕਤਾਂ ਦੀ ਡੂੰਘੀ ਗਿਣਤੀ-ਮਿਣਤੀ ਕੰਮ ਕਰਦੀ ਸੀ। ਉਹ ਇਹ ਸੀ ਕਿ ਖ਼ਾਲਿਸਤਾਨ ਦਾ ਮੁੱਦਾ ਉਛਾਲ ਕੇ ਇਸ ਤਰ੍ਹਾਂ ਦਾ ਬਚਾਓਵਾਦੀ ਮਾਹੌਲ ਬਣਾ ਦਿੱਤਾ ਜਾਵੇ ਤਾਂ ਜੋ ਅਗਰ ਪ੍ਰਧਾਨ ਮੰਤਰੀ ਟਰੂਡੋ ਆਪਣੇ ਮੰਤਰੀਆਂ ਦੇ ਪ੍ਰਭਾਵ ਹੇਠ ਜਾਂ ਕੈਨੇਡਾ ਵਿਚਲੀ ਸਿੱਖ ਵੋਟਰਾਂ ਬਾਰੇ ਆਪਣੀ ਕਿਸੇ ਸਿਆਸੀ ਗਿਣਤੀ-ਮਿਣਤੀ ਤਹਿਤ ਐਸਾ ਕੋਈ ਸਵਾਲ ਉਠਾਉਣ ਦੀ ਸੋਚ ਰੱਖਦਾ ਹੋਵੇ ਜੋ ਕੇਂਦਰ ਵਿਚ ਮੋਦੀ ਸਰਕਾਰ ਤੇ ਪੰਜਾਬ ਵਿਚ ਕੈਪਟਨ ਸਰਕਾਰ ਦੀਆਂ ਮਨਮਾਨੀਆਂ ਤੇ ਧੱਕੇਸ਼ਾਹੀਆਂ ਨੂੰ ਉਠਾਉਂਦੀ ਹੋਵੇ, ਉਹ ਐਸਾ ਕਰਨ ਤੋਂ ਗੁਰੇਜ਼ ਕਰੇ।

ਇਹ ਮਾਹੌਲ ਬਣਾਉਣ ਵਿਚ ਕੈਪਟਨ ਸਰਕਾਰ ਦੀ ਖ਼ਾਸ ਭੂਮਿਕਾ ਸੀ ਜਿਸ ਦਾ ਸਬੰਧ ਕੈਪਟਨ ਦੀ ਨਿੱਜੀ ਖ਼ੁੰਦਕ ਨਾਲ ਵੀ ਸੀ। ਪੰਜਾਬ ਅਤੇ ਕੈਨੇਡਾ ਵਿਚਲੇ ਪੰਜਾਬੀ ਭਾਈਚਾਰੇ ਦੀਆਂ ਸਿਆਸੀ ਸਰਗਰਮੀਆਂ ਬਾਰੇ ਜਾਣਕਾਰੀ ਰੱਖਣ ਵਾਲੇ ਇਸ ਬਾਰੇ ਭਲੀਭਾਂਤ ਜਾਣਦੇ ਹਨ। ਪਹਿਲਾਂ ਤਾਂ ਮੁੱਖ ਮੰਤਰੀ ਨੇ ਟਰੂਡੋ ਦੇ ਅੰਮ੍ਰਿਤਸਰ ਆਉਣ 'ਤੇ ਉਸ ਨੂੰ ਨਾ ਮਿਲਣ ਦਾ ਬਿਆਨ ਵੀ ਦੇ ਦਿੱਤਾ, ਲੇਕਿਨ ਜਦੋਂ ਕੈਪਟਨ ਨੂੰ ਇਹ ਮਹਿਸੂਸ ਹੋ ਗਿਆ ਜਾਂ ਉਸ ਨੂੰ ਮਹਿਸੂਸ ਕਰਵਾਇਆ ਗਿਆ ਕਿ ਇਹ ਪੁੱਠਾ ਸਟੈਂਡ ਉਸ ਦੇ ਹੀ ਖ਼ਿਲਾਫ਼ ਜਾਵੇਗਾ, ਬਾਅਦ ਵਿਚ ਉਸ ਨੇ ਆਪਣੀ ਹੈਂਕੜਬਾਜ਼ ਸੁਰ ਬਦਲ ਲਈ ਅਤੇ ਟਰੂਡੋ ਨਾਲ ਮੁਲਾਕਾਤ ਵੀ ਕੀਤੀ। ਮੀਟਿੰਗ ਤੋਂ ਬਾਅਦ ਉਸ ਨੇ ਜੇਤੂ ਅੰਦਾਜ਼ ਵਿਚ ਦਾਅਵਾ ਕੀਤਾ ਕਿ ਉਹ ਟਰੂਡੋ ਨਾਲ ਖ਼ਾਲਿਸਤਾਨੀ ਕੱਟੜਵਾਦ ਦਾ ਮੁੱਦਾ ਉਠਾਉਣ ਵਿਚ ਸਫ਼ਲ ਰਿਹਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਵਿਚ ਕੈਪਟਨ ਵਜ਼ਾਰਤ ਟਰੂਡੋ ਦੀ ਫੇਰੀ ਦੌਰਾਨ ਕਾਂਗਰਸ ਦੇ ਰਾਜ ਵਿਚ ਸਿੱਖ ਭਾਈਚਾਰੇ ਉਪਰ ਹੋਏ ਜ਼ੁਲਮਾਂ ਅਤੇ ਸੂਬੇ ਦੀ ਮੌਜੂਦਾ ਦਰਦਨਾਕ ਹਾਲਤ ਬਾਰੇ ਕਿਸੇ ਚਰਚਾ ਦੀ ਸੰਭਾਵਨਾ ਨੂੰ ਦਬਾਉਣ ਵਿਚ ਸਫ਼ਲ ਰਹੀ ਹੈ। ਮੋਦੀ ਵਜ਼ਾਰਤ ਦੇ ਭਗਵੇਂ ਰਾਜ ਹੇਠ ਪਹਿਲਾਂ ਗੁਜਰਾਤ ਅਤੇ ਹੁਣ ਪੂਰੇ ਮੁਲਕ ਵਿਚ ਦਨਦਨਾ ਰਹੀ ਹਿੰਦੂਤਵ ਦਹਿਸ਼ਤਗਰਦੀ ਬਾਰੇ ਸਵਾਲਾਂ ਨੂੰ ਦਬਾਉਣ ਵਿਚ ਸੰਘੀ ਵੀ ਪੂਰੀ ਤਰ੍ਹਾਂ ਕਾਮਯਾਬ ਹੋਏ ਹਨ। ਇਹ ਜਾਇਜ਼ ਸਵਾਲ ਲਾਜ਼ਮੀ ਤੌਰ 'ਤੇ ਉਠਾਏ ਜਾਣੇ ਚਾਹੀਦੇ ਸਨ, ਇਹ ਵੱਖਰੀ ਗੱਲ ਹੈ ਕਿ ਟਰੂਡੋ ਵਰਗੇ ਸਿਆਸਤਦਾਨ ਇਨ੍ਹਾਂ ਨੂੰ ਉਠਾਉਣ ਦੀ ਕਿੰਨੀ ਕੁ ਸੱਚੀ ਸਿਆਸੀ ਇੱਛਾ ਸ਼ਕਤੀ ਰੱਖਦੇ ਹਨ ਅਤੇ ਕਿੰਨਾ ਆਪਣੀ ਸਿਆਸੀ ਸ਼ਰੀਕ ਐਨ.ਡੀ.ਪੀ. ਦੇ ਪੰਜਾਬੀ ਭਾਈਚਾਰੇ ਵਿਚਲੇ ਸਿਆਸੀ ਪ੍ਰਭਾਵ ਨੂੰ ਰੋਕਣ ਦੀ ਸਿਆਸੀ ਗਿਣਤੀ-ਮਿਣਤੀ ਵਿਚੋਂ ਕਰਦੇ ਹਨ।

ਕੈਪਟਨ ਸਰਕਾਰ ਵਲੋਂ ਕੈਨੇਡਾ ਵਿਚ ਖ਼ਾਲਸਤਾਨੀ ਸਰਗਰਮੀਆਂ ਨੂੰ ਬਹੁਤ ਵੱਡਾ ਖ਼ਤਰਾ ਬਣਾ ਕੇ ਪੇਸ਼ ਕਰਨਾ ਉਨ੍ਹਾਂ ਦੀ ਸਿਆਸੀ ਜ਼ਰੂਰਤ ਹੈ, ਇਹ ਆਪਣੀ ਰਾਜਕੀ ਕਾਰਗੁਜ਼ਾਰੀ ਦੀ ਜਵਾਬਦੇਹੀ ਨੂੰ ਟਾਲਣ ਅਤੇ ਅਸਲ ਮੁੱਦਿਆਂ ਤੋਂ ਧਿਆਨ ਭਟਕਾਉਣ ਦਾ ਭਾਰਤੀ ਹਾਕਮ ਜਮਾਤ, ਖ਼ਾਸ ਕਰ ਕੇ ਕਾਂਗਰਸ ਦਾ ਆਜ਼ਮਾਇਆ ਹੋਇਆ ਹਥਿਆਰ ਹੈ। ਇਸ ਦਾ ਲਾਹਾ ਲੈਣ ਵਿਚ ਮੋਦੀ ਸਰਕਾਰ ਵੀ ਕਿਉਂ ਪਿੱਛੇ ਰਹਿਣਾ ਚਾਹੇਗੀ ਜੋ ਕੈਪਟਨ ਅਤੇ ਉਸ ਦੀ ਸਿਆਸੀ ਪਾਰਟੀ ਕਾਂਗਰਸ ਨਾਲੋਂ ਵੀ ਜ਼ਿਆਦਾ ਇੰਤਹਾਪਸੰਦ ਰਾਸ਼ਟਰਵਾਦੀ ਹੈ। ਖ਼ਾਲਿਸਤਾਨ ਪੱਖੀ ਗਰੁੱਪ ਇਕੱਲੇ ਕੈਨੇਡਾ ਵਿਚ ਹੀ ਨਹੀਂ, ਅਮਰੀਕਾ, ਇੰਗਲੈਂਡ ਅਤੇ ਹੋਰ ਯੂਰਪੀ ਮੁਲਕਾਂ ਵਿਚ ਵੀ ਕੰਮ ਕਰ ਰਹੇ ਹਨ। ਭਗਵੇਂ ਰਾਸ਼ਟਰਵਾਦੀਆਂ ਸਮੇਤ ਹੋਰ ਸਿਆਸੀ ਏਜੰਡਿਆਂ ਵਾਲੇ ਲੋਕ ਵੀ ਉਥੇ ਕੰਮ ਕਰ ਰਹੇ ਹਨ, ਲੇਕਿਨ ਉਨ੍ਹਾਂ ਦੀ ਗੱਲ ਕੋਈ ਨਹੀਂ ਕਰੇਗਾ। ਚਾਹੇ ਪਹਿਲੀ ਬਾਦਲ ਸਰਕਾਰ ਸੀ, ਜਾਂ ਹੁਣ ਕੈਪਟਨ ਦੀ ਸਰਕਾਰ ਹੈ, ਵੱਖ ਵੱਖ ਸਮੇਂ ਉਸ ਖ਼ਾਸ ਮੁਲਕ ਵਿਚਲੀਆਂ ਐਸੀਆਂ ਸਰਗਰਮੀਆਂ ਹੀ ਉਛਾਲੀਆਂ ਜਾਂਦੀਆਂ ਹਨ ਜੋ ਸੱਤਾਧਾਰੀ ਧਿਰ ਦੇ ਸੌੜੇ ਸਿਆਸੀ ਮੁਫ਼ਾਦ ਪੂਰੇ ਕਰਨ ਵਿਚ ਵਧੇਰੇ ਸਹਾਈ ਹੁੰਦੀਆਂ ਹੋਣ। ਟਰੂਡੋ ਦੇ ਪੰਜਾਬੀ ਮੰਤਰੀਆਂ ਜਾਂ ਉਸ ਦੇ ਵਫ਼ਦ ਵਿਚ ਆਏ ਕਿਸੇ 'ਕਾਲੀ ਸੂਚੀ' ਵਾਲੇ ਦੇ ਕਥਿਤ ਖ਼ਾਲਸਤਾਨੀ ਪਿਛੋਕੜ ਨੂੰ ਉਛਾਲ ਕੇ ਖੇਡੀ ਜਾ ਰਹੀ ਘਿਨਾਉਣੀ ਸਿਆਸਤ ਨੂੰ ਇਸ ਨਜ਼ਰੀਏ ਤੋਂ ਦੇਖਣਾ-ਪਰਖਣਾ ਅਤੇ ਸਮਝਣਾ ਜ਼ਰੂਰੀ ਹੈ। ਇਸ ਕੰਮ ਵਿਚ ਭਾਰਤੀ ਸੂਹੀਆ ਤੰਤਰ, ਖ਼ਾਸ ਕਰ ਕੇ ਕੇਂਦਰੀ ਏਜੰਸੀਆਂ ਦੀ ਬੇਮਿਸਾਲ ਮੁਹਾਰਤ ਹੈ। ਇਨ੍ਹਾਂ ਵਲੋਂ ਕੈਨੇਡਾ ਵਿਚ 1980ਵਿਆਂ ਦੇ ਦੌਰ ਵਿਚ ਖੇਡੀ ਗਈ ਖ਼ਤਰਨਾਕ ਖੇਡ ਇਤਿਹਾਸ ਦੇ ਪੰਨਿਆਂ ਉਪਰ ਮੌਜੂਦ ਹੈ, ਇਤਿਹਾਸ ਦੇ ਉਸ ਕਾਂਡ ਨੂੰ ਗ਼ੌਰ ਨਾਲ ਦੁਬਾਰਾ ਪੜ੍ਹਿਆ ਜਾਣਾ ਚਾਹੀਦਾ ਹੈ।

ਕਿਸੇ ਨੂੰ ਵੀ ਇਹ ਭਰਮ ਨਹੀਂ ਪਾਲਣਾ ਚਾਹੀਦਾ ਕਿ ਪ੍ਰਧਾਨ ਮੰਤਰੀ ਟਰੂਡੋ ਜਾਂ ਉਸ ਦੇ ਕਿਸੇ ਮੰਤਰੀ ਵਲੋਂ ਜਾਂ ਕੌਮਾਂਤਰੀ ਮੰਚਾਂ 'ਤੇ ਪੰਜਾਬ ਜਾਂ ਭਾਰਤ ਦੇ ਮੁੱਦਿਆਂ 'ਤੇ ਕੋਈ ਚਰਚਾ ਕੀਤੇ ਜਾਣ ਨਾਲ ਇਹ ਹੱਲ ਹੋ ਜਾਣਗੇ। ਇਸ ਤਰ੍ਹਾਂ ਦੀ ਚਰਚਾ ਜਾਂ ਕਿਸੇ ਰਾਜ ਦਾ ਕੂਟਨੀਤਕ ਦਾਅਪੇਚ ਇਕ ਹੱਦ ਤਕ ਵਕਤੀ ਦਬਾਓ ਦਾ ਕੰਮ ਤਾਂ ਕਰ ਸਕਦੇ ਹਨ, ਜਦਕਿ ਭਾਰਤ ਜਿਹੇ ਮੁਲਕਾਂ 'ਚ ਘੱਟਗਿਣਤੀ ਭਾਈਚਾਰਿਆਂ ਅਤੇ ਦੱਬੇਕੁਚਲੇ ਲੋਕਾਂ ਵਿਰੁਧ ਜੋ ਅਨਿਆਂ, ਜ਼ੁਲਮ ਤੇ ਧੱਕੇ ਇਤਿਹਾਸ ਵਿਚ ਹੋਏ ਹਨ ਅਤੇ ਜੋ ਵਰਤਾਰਾ ਅੱਜ ਸਗੋਂ ਹੋਰ ਵੀ ਖਤਰਨਾਕ ਤੇ ਘਿਨਾਉਣੀਆਂ ਸ਼ਕਲਾਂ ਅਖਤਿਆਰ ਕਰਦਾ ਜਾ ਰਿਹਾ ਹੈ, ਉਸ ਖਿਲਾਫ ਅਸਲ ਲੜਾਈ ਮਜ਼ਲੂਮ ਆਵਾਮ ਨੂੰ ਆਪਣੇ ਹੀ ਸੰਘਰਸ਼ਾਂ ਅਤੇ ਤਹਿਰੀਕਾਂ ਰਾਹੀਂ ਮਨੁੱਖਤਾਵਾਦੀ ਤੇ ਜਮਹੂਰੀ ਭਵਿਖਨਕਸ਼ੇ ਨਾਲ ਖ਼ੁਦ ਲੜਨੀ ਪਵੇਗੀ।

# ਟਰੂਡੋ ਦੀ ਅੰਮ੍ਰਿਤਸਰ ਫੇਰੀ ਦਾ ਬਿਰਤਾਂਤ

**ਬੀਰ ਦਵਿੰਦਰ ਸਿੰਘ**
ਫੋਨ: 91-98140-33362

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅੰਮ੍ਰਿਤਸਰ ਫੇਰੀ ਜਿਥੇ ਸਿੱਖਾਂ ਅਤੇ ਪ੍ਰਧਾਨ ਮੰਤਰੀ ਟਰੂਡੋ ਲਈ ਬੇਹਦ ਭਾਵਪੂਰਤ ਮੰਨੀ ਜਾ ਰਹੀ ਹੈ, ਉਥੇ ਇਹ ਕਈ ਸਵਾਲ ਵੀ ਛੱਡ ਗਈ ਹੈ ਜਿਨ੍ਹਾਂ ਦਾ ਸਮੁੱਚਤਾ ਵਿਚ ਵਿਸ਼ਲੇਸ਼ਣ ਜ਼ਰੂਰੀ ਹੈ। ਨਰੇਂਦਰ ਮੋਦੀ ਦੀ ਭਾਜਪਾ ਸਰਕਾਰ ਦਾ ਮੁਸਲਮਾਨਾਂ ਪ੍ਰਤੀ ਰਵੱਈਆ ਤਾਂ ਸਰਕਾਰ ਦੀਆਂ ਚਾਰ ਸਾਲ ਦੀਆਂ ਨੀਤੀਆਂ ਤੋਂ ਸਾਫ਼ ਹੋ ਹੀ ਚੁੱਕਾ ਹੈ, ਪਰ ਕੈਨੇਡਾ ਦੇ ਪ੍ਰਧਾਨ ਮੰਤਰੀ ਦੀ ਭਾਰਤ ਫੇਰੀ ਪ੍ਰਤੀ ਕੇਂਦਰ ਸਰਕਾਰ ਵੱਲੋਂ ਅਪਣਾਏ ਗਏ ਰਵੱਈਏ ਨੇ ਭਾਰਤ ਵਿਚ ਸਿੱਖਾਂ ਵਰਗੀ ਮਹੱਤਵਪੂਰਨ ਘੱਟਗਿਣਤੀ ਲਈ ਵੀ ਨਵੇਂ ਸੰਕੇਤ ਛੱਡੇ ਹਨ। ਪਹਿਲਾ ਸੰਕੇਤ ਇਹ ਹੈ ਕਿ ਸਿੱਖ ਭਾਈਚਾਰਾ ਭਾਵੇਂ ਟਰੂਡੋ ਦੀ ਦਰਬਾਰ ਸਾਹਿਬ ਯਾਤਰਾ ਨੂੰ ਲੈ ਕੇ ਬਾਗੋਬਾਗ ਹੈ, ਪਰ ਭਾਰਤ ਸਰਕਾਰ ਇਸ ਵਿਸ਼ੇਸ਼ ਮਹਿਮਾਨ ਦੀ ਭਾਰਤ ਯਾਤਰਾ ਨੂੰ ਮਹੱਤਵਹੀਣ ਸਮਝਦੀ ਹੈ। ਸ਼ਾਇਦ ਇਸੇ ਕਾਰਨ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਸਥਾਪਿਤ ਸ਼ਿਸਟਾਚਾਰ ਤੋਂ ਹਟ ਕੇ ਸਰਕਾਰ ਦੀ ਬੇਰੁਖ਼ੀ ਦਾ ਜ਼ਾਹਰਾ ਪ੍ਰਭਾਵ ਦੇਣ ਵਿਚ ਕੋਈ ਕਸਰ ਨਹੀਂ ਛੱਡੀ।

ਮਹਿਸੂਸ ਹੁੰਦਾ ਹੈ ਕਿ ਟਰੂਡੋ ਦੀ ਭਾਰਤ ਫੇਰੀ ਦੀ ਵਿਉਂਤਬੰਦੀ ਤੇ ਸਮਾਂ-ਸਾਰਨੀ ਤੈਅ ਕਰਨ ਵੇਲੇ ਸਫ਼ਾਰਤੀ ਮਸ਼ਕਾਂ ਵਿਚ ਵੱਡੀਆਂ ਊਣਤਾਈਆਂ ਰਹਿ ਗਈਆਂ ਸਨ ਜਿਸ ਲਈ ਕਿਸੇ ਹੱਦ ਤੱਕ ਕੈਨੇਡਾ ਦੇ ਹਾਈ ਕਮਿਸ਼ਨ ਅਤੇ ਕੈਨੇਡਾ ਦੇ ਵਿਦੇਸ਼ ਮੰਤਰਾਲੇ ਦੇ ਅਨਿਸ਼ਚਿਤ ਵਿਹਾਰ ਨੂੰ ਜ਼ਿੰਮੇਵਾਰ ਮੰਨਿਆ ਜਾ ਸਕਦਾ ਹੈ। ਭਾਰਤ ਸਰਕਾਰ ਦੀ ਮਨਸ਼ਾ ਤਾਂ ਆਪਣੇ ਮਹਿਮਾਨ (ਟਰੂਡੋ) ਨੂੰ ਜਾਣਬੁਝ ਕੇ ਜਿੱਚ ਕਰਨ ਦੀ ਪਹਿਲਾਂ ਤੋਂ ਹੀ ਬਣੀ ਹੋਈ ਸੀ, ਪਰ ਇਸ ਤੁਰਸ਼ ਰਵੱਈਏ ਤੋਂ ਕੈਨੇਡਾ ਸਰਕਾਰ ਤੇ ਕੈਨੇਡੀਅਨ ਹਾਈ ਕਮਿਸ਼ਨ ਦੇ ਉਚ ਅਧਿਕਾਰੀਆਂ ਨੂੰ ਸੁਚੇਤ ਰਹਿਣਾ ਚਾਹੀਦਾ ਸੀ। ਉਨ੍ਹਾਂ ਨੂੰ ਇਸ ਗੱਲ ਲਈ ਜ਼ੋਰ ਦੇਣਾ ਚਾਹੀਦਾ ਸੀ ਕਿ ਕੌਮਾਂਤਰੀ ਮਰਿਆਦਾ ਅਨੁਸਾਰ ਸਭ ਤੋਂ ਪਹਿਲਾਂ ਸ਼ਿਸਟਾਚਾਰੀ ਮਿਲਣੀ ਅਤੇ ਰਾਸ਼ਟਰਪਤੀ ਭਵਨ ਵਿਚ ਪ੍ਰਵੇਸ਼ ਸਮਾਰੋਹ ਦਾ ਪ੍ਰਬੰਧ ਹੋਣਾ ਚਾਹੀਦਾ ਹੈ, ਪਰ ਇਹ ਸਭ ਕੁਝ ਮਹਿਮਾਨ ਦੀ ਵਾਪਸੀ ਸਮੇਂ ਹੋਇਆ ਹੈ।

ਭਾਰਤੀ ਵਿਦੇਸ਼ ਮੰਤਰਾਲੇ ਨੇ ਤਾਂ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਦੀ ਯਾਤਰਾ ਨੂੰ ਲੈ ਕੇ ਵੀ ਅੜਿੱਕੇ ਡਾਹੁਣ ਵਿਚ ਕੋਈ ਕਸਰ ਨਹੀਂ ਛੱਡੀ, ਪਰ ਭਾਰਤ ਸਰਕਾਰ ਦੀ ਕੂਟਨੀਤਕ ਪੈਂਤੜੇਬਾਜ਼ੀ ਇਸ ਫੇਰੀ ਨੂੰ ਬੇਨੂਰ ਕਰਨ ਵਿਚ ਸਫ਼ਲ ਨਹੀਂ ਹੋ ਸਕੀ। ਦਰਬਾਰ ਸਾਹਿਬ ਦੇ ਅੰਦਰ ਅਤੇ ਬਾਹਰ ਸਿਰਜੀ ਪ੍ਰਬੰਧ ਵਿਵਸਥਾ ਵਿਚ ਜਸਟਿਨ ਟਰੂਡੋ ਤੇ ਪਰਿਵਾਰ ਪ੍ਰਤੀ ਸਨੇਹ, ਸ਼ਰਧਾ ਅਤੇ ਸਨਮਾਨ ਝਲਕ ਰਿਹਾ ਸੀ।

ਇਸ ਵਿਚ ਕੋਈ ਸੰਦੇਹ ਨਹੀਂ ਕਿ ਭਾਰਤ ਸਰਕਾਰ ਵੱਲੋਂ ਦਿਖਾਏ ਰਵੱਈਏ ਦੇ ਬਾਵਜੂਦ ਸਿੱਖ ਸੰਗਤਾਂ ਵੱਲੋਂ ਦਿਖਾਏ ਪਿਆਰ ਤੇ ਉਤਸ਼ਾਹ ਵਿਚ ਕੋਈ ਕਮੀ ਨਹੀਂ ਸੀ। ਅਸਲ ਵਿਚ ਸਮੁੱਚੀ ਸਿੱਖ ਕੌਮ ਹੀ ਭਾਵਨਾਤਮਕ ਤੌਰ 'ਤੇ ਟਰੂਡੋ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਸਤਿਕਾਰਤ ਅਤਿਥੀ ਸਮਝਦੀ ਸੀ। ਅਜਿਹੇ ਜਜ਼ਬਾਤੀ ਅਹਿਸਾਸ ਦਾ ਇਕ ਕਾਰਨ ਇਹ ਵੀ ਸੀ ਕਿ ਜਿਸ ਤਰ੍ਹਾਂ ਦੀ ਇਕਜੁਟਤਾ ਅਤੇ ਵਿਸ਼ਵਾਸ ਜਸਟਿਨ ਟਰੂਡੋ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਬਣਨ ਉਪਰੰਤ, ਕੈਨੇਡਾ ਵਿਚ ਵਸਦੇ ਪੰਜਾਬੀ ਅਤੇ ਸਿੱਖ ਭਾਈਚਾਰੇ ਪ੍ਰਤੀ ਦਿਖਾਇਆ ਹੈ, ਉਹ ਆਪਣੀ ਮਿਸਾਲ ਆਪ ਹੈ।

ਭਾਰਤੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਉਨ੍ਹਾਂ ਦੇ ਇਰਦ-ਗਿਰਦ ਦੀਆਂ ਤਾਕਤਾਂ ਨੂੰ ਤਾਂ ਇਹ ਤਕਲੀਫ਼ ਸੀ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਕੈਨੇਡਾ ਵਿਚ ਵੱਸਦੇ ਸਿੱਖ ਭਾਈਚਾਰੇ ਦੇ ਵੱਡੇ ਹਮਦਰਦ ਤੇ ਹਮਾਇਤੀ ਵਜੋਂ ਵਿਚਰ ਰਿਹਾ ਹੈ। ਉਤਰੀ ਅਮਰੀਕਾ ਮਹਾਂਦੀਪ ਦੇ ਮਹੱਤਵਪੂਰਨ ਭੂਗੋਲਿਕ ਖ਼ਿੱਤੇ ਵਿਚ ਸਿੱਖ ਭਾਈਚਾਰੇ ਦੀ ਕਾਫ਼ੀ ਚੜ੍ਹਤ ਹੈ। ਕੈਨੇਡਾ ਦੇ ਰਾਜਨੀਤਕ ਨਕਸ਼ੇ 'ਤੇ ਇਸ ਦਾ ਬਝਵਾਂ ਪ੍ਰਭਾਵ, ਭਾਰਤੀ ਜਨਤਾ ਪਾਰਟੀ ਦੀ ਬਹੁਮਤਵਾਦੀ ਰਾਜਨੀਤੀ ਨੂੰ ਹਜ਼ਮ ਨਹੀਂ ਹੋ ਰਿਹਾ। ਟਰੂਡੋ ਦੀ ਭਾਰਤ ਫੇਰੀ ਪ੍ਰਤੀ ਕੇਂਦਰ ਸਰਕਾਰ ਵੱਲੋਂ ਅਪਣਾਇਆ ਗਿਆ ਨਾਮੁਨਾਸਿਬ ਰਵੱਈਆ ਉਸ ਧਾਰਨਾ ਦਾ ਹੀ ਲਖਾਇਕ ਸੀ। ਭਾਰਤ ਸਰਕਾਰ ਵੱਲੋਂ ਇਹ ਪ੍ਰਭਾਵ ਦਿੱਤਾ ਗਿਆ ਹੈ ਕਿ ਕੈਨੇਡਾ ਖਾਲਿਸਤਾਨ ਪੱਖੀ ਸਿੱਖ ਸੰਗਠਨਾਂ ਦੀ ਪਨਾਹਗਾਹ ਬਣਿਆ ਹੋਇਆ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਇਸ ਭਰਮ ਨੂੰ ਹਵਾ ਦੇਣ ਵਿਚ ਕੋਈ ਕਸਰ ਨਹੀਂ ਛੱਡੀ।

ਜਸਟਿਨ ਟਰੂਡੋ ਦੀ ਭਾਰਤ ਫੇਰੀ ਸਮੇਂ ਭਾਰਤੀ ਖੁਫ਼ੀਆ ਤੰਤਰ ਦੀ ਯੋਜਨਾ ਦੇ ਤਹਿਤ ਫਲਸਰੂਪ ਇਸ ਗੱਲ ਨੂੰ ਯਕੀਨੀ ਬਣਾਇਆ ਗਿਆ ਹੈ ਕਿ ਟਰੂਡੋ ਦੀ ਸਮੁੱਚੀ ਭਾਰਤ ਫੇਰੀ 'ਤੇ ਖਾਲਿਸਤਾਨੀ ਬੱਦਲ ਉਨ੍ਹਾਂ ਦੇ ਸਿਰ 'ਤੇ ਮੰਡਲਾਉਂਦੇ ਰਹਿਣ ਅਤੇ ਉਨ੍ਹਾਂ ਨੂੰ ਪ੍ਰੇਸ਼ਾਨ ਕਰੀ ਰੱਖਣ। ਕੈਪਟਨ ਅਮਰਿੰਦਰ ਸਿੰਘ ਨੇ ਵੀ ਭਾਰਤੀ ਵਿਦੇਸ਼ ਮੰਤਰਾਲੇ, ਖਾਸ ਕਰ ਕੇ ਰੱਖਿਆ ਸਲਾਹਕਾਰ ਅਜੀਤ ਡੋਵਾਲ ਦੇ ਕਹਿਣ 'ਤੇ ਜਸਟਿਨ ਟਰੂਡੋ ਨਾਲ ਆਪਣੀ ਸੰਖੇਪ ਜਿਹੀ ਰਸਮੀ ਮਿਲਣੀ ਦੌਰਾਨ ਕੇਵਲ ਖਾਲਿਸਤਾਨ ਜਾਂ ਸਿੱਖ ਅਤਿਵਾਦੀਆਂ ਦਾ ਮੁੱਦਾ ਹੀ ਉਠਾਇਆ। ਪੰਜਾਬ ਅਤੇ ਪੰਜਾਬ ਦੇ ਕੈਨੇਡਾ ਵਰਗੇ ਮਿੱਤਰ ਦੇਸ਼ ਦੇ ਦੁਵੱਲੇ ਸਬੰਧਾਂ ਤੇ ਆਰ ਪਾਰ ਦੇ ਰਿਸ਼ਤਿਆਂ ਬਾਰੇ ਕੁਝ ਵੀ ਜ਼ਿਕਰਯੋਗ ਨਹੀਂ ਸਮਝਿਆ ਗਿਆ।

ਇਸ ਸਮੁੱਚੇ ਪ੍ਰਸੰਗ ਵਿਚ ਟਰੂਡੋ ਦੀ ਫੇਰੀ ਦੇ ਸਮੁੱਚੇ ਬਿਰਤਾਂਤ ਵਿਚ ਕੁਝ ਨਿਰਵਿਵਾਦਤ ਤੇ ਕੁਝ ਵਿਵਾਦਤ ਲੁਕੇ ਹੋਏ ਸੰਕੇਤ ਵੀ ਹਨ ਜੋ ਸਿੱਖ ਕੌਮ ਦੇ ਦਰਦ ਅਤੇ ਅਦ੍ਰਿਸ਼ਟ ਮਾਨਸਿਕ ਪੀੜਾ ਦੇ ਤਰਕਾਂ ਨੂੰ ਸਮਝਣ ਵਲ ਇਸ਼ਾਰਾ ਕਰਦੇ ਹਨ। ਭਾਰਤ ਦੀ ਆਜ਼ਾਦੀ ਅਤੇ ਦੇਸ਼ ਦੀ ਵੰਡ ਦਾ ਇਤਿਹਾਸ ਬਹੁਤਾ ਪੁਰਾਣਾ ਨਹੀਂ। ਆਜ਼ਾਦੀ ਸੰਗਰਾਮ ਵਿਚ ਪੰਜਾਬ ਅਤੇ ਸਿੱਖਾਂ ਦੀ ਮੋਹਰੀ ਭੂਮਿਕਾ ਤੇ ਬੇਮਿਸਾਲ ਕੁਰਬਾਨੀਆਂ, ਇਤਿਹਾਸ ਦੇ ਪੰਨਿਆਂ ਵਿਚ, ਦਸਤਾਵੇਜ਼ੀ ਪ੍ਰਮਾਣਾਂ ਦੇ ਰੂਪ ਵਿਚ ਮੌਜੂਦ ਹਨ। ਅਜਿਹੇ ਜਗਦੇ ਤੇ ਮਘਦੇ ਸੱਚ, ਅਜੋਕੇ ਸਮਿਆਂ ਦੀ ਕਿਸੇ ਵੀ ਪੁਨਰ ਸਮੀਖਿਆ ਦੇ ਮੁਥਾਜ ਨਹੀਂ ਹਨ। ਇਹ ਸਾਡੇ ਭਾਈਚਾਰੇ ਦੀ ਬਦਕਿਸਮਤੀ ਹੈ ਕਿ ਦੇਸ਼ ਦੀ ਵੰਡ ਦੇ ਫ਼ੈਸਲਾਕੁਨ ਮੋੜ ਸਮੇਂ, ਸਿੱਖ ਆਪਣਾ ਕੌਮੀ ਅਸਤਿਤਵ ਤੈਅ ਕਰਨ ਦੀ ਤਰਕੀਬ ਵਿਚ ਖੁੰਝ ਗਏ ਤੇ ਦੇਸ਼ ਦੇ ਬਦਲੇ ਹਾਲਾਤ ਵਿਚ ਵੱਡੇ ਰਾਜਨੀਤਕ ਵਿਸਾਹਘਾਤ ਦਾ ਸ਼ਿਕਾਰ ਹੋ ਗਏ।

ਹਰ ਕੌਮ ਨੂੰ ਹੱਕ ਹੈ ਕਿ ਉਹ ਆਪਣੇ ਬੀਤ ਚੁੱਕੇ ਆਪੇ ਦਾ, ਇਤਿਹਾਸ ਤੇ ਇਨਸਾਫ਼ ਦੀ ਡਗਰ 'ਤੇ ਖੜ੍ਹੇ ਹੋ ਕੇ ਪੁਨਰ ਨਿਰੀਖਣ ਕਰੇ। ਜੇ ਉਸ ਨੂੰ ਆਧੁਨਿਕ ਭਾਰਤ ਦੇ ਇਤਿਹਾਸ ਦੀ ਵਿਰਾਸਤ ਵਿਚ ਵਿਸਾਹਘਾਤਾਂ ਦੀ ਲੰਮੀ ਫਹਿਰਿਸਤ ਤੋਂ ਬਿਨਾਂ ਹੋਰ ਕੁਝ ਲੱਭਦਾ ਹੀ ਨਹੀਂ, ਤਾਂ ਫਿਰ ਉਸ ਦੀ ਸੋਚ ਨੂੰ ਕੋਈ ਨਵੀਂ ਅੰਗੜਾਈ ਲੈਣ ਤੇ ਕੁਝ ਨਿਵੇਕਲੀ ਸਿਰਜਣਾ ਦੇ ਅਹਿਸਾਸ ਤੋਂ ਵਾਂਝਿਆ ਨਹੀਂ ਰੱਖਿਆ ਜਾ ਸਕਦਾ।

# ਬੰਬੇਲੀ ਵਾਲਾ ਹਰਜੀਤ ਸਿੰਘ ਸੱਜਣ ਕੈਨੇਡੀਅਨ

**ਨਜ਼ਰੀਆ**

ਪੰਤਾਲੀ ਸਾਲਾ ਹਰਜੀਤ ਸਿੰਘ ਸੱਜਣ ਕੈਨੇਡਾ ਦੇ 42ਵੇਂ ਰੱਖਿਆ ਮੰਤਰੀ ਹਨ। ਇਸ ਅਹੁਦੇ ਤੱਕ ਉਨ੍ਹਾਂ ਦਾ ਸਫਰ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਬੰਬੇਲੀ ਦੀ ਕਿਸਾਨੀ ਤੋਂ ਵੈਨਕੂਵਰ ਦੀ ਖੇਤ ਮਜ਼ਦੂਰੀ ਰਾਹੀਂ ਪੁਲਿਸ ਦੀ ਨੌਕਰੀ ਅਤੇ ਨਾਟੋ ਫੌਜਾਂ ਦੀਆਂ ਫੌਜੀ ਮੁਹਿੰਮਾਂ ਦੇ ਤਜਰਬੇ ਵਿਚੋਂ ਨਿਕਲ ਕੇ ਮੁਕੰਮਲ ਹੋਇਆ ਹੈ। ਲਿਬਰਲ ਪਾਰਟੀ ਦੀ ਟਿਕਟ ਉਤੇ ਦੱਖਣੀ ਵੈਨਕੂਵਰ ਤੋਂ ਜਿੱਤ ਕੇ ਉਹ ਜਸਟਿਨ ਟਰੂਡੋ ਦੀ ਸਰਕਾਰ ਵਿਚ ਰੱਖਿਆ ਮੰਤਰੀ ਬਣੇ ਹਨ। ਬੰਬੇਲੀ ਵਿਚ ਨੰਗੇ ਪੈਰਾਂ ਵਾਲੇ ਬਚਪਨ ਦੀਆਂ ਯਾਦਾਂ ਸੰਭਾਲਣ ਵਾਲੇ ਹਰਜੀਤ ਸੱਜਣ ਨੂੰ ਸਿਰ ਉਤੇ ਪੱਠਿਆਂ ਦੀ ਪੰਡ ਚੁੱਕੀ ਜਾਂਦੀ ਆਪਣੀ ਦਾਦੀ ਦਾ ਅਕਸ ਅਭੁੱਲ ਜਾਪਦਾ ਹੈ। ਵੈਨਕੂਵਰ ਵਿਚ ਹਰਜੀਤ ਸੱਜਣ ਦੇ ਮਾਪਿਆਂ ਨੇ ਖੇਤਾਂ ਵਿਚ ਚੁਗਾਵਿਆਂ ਵਜੋਂ ਕੰਮ ਕਰ ਕੇ ਆਪਣੇ ਬੱਚਿਆਂ ਨੂੰ ਪਾਲਿਆ ਅਤੇ

**ਦਲਜੀਤ ਅਮੀ**

ਪੜ੍ਹਾਇਆ। ਉਨ੍ਹਾਂ ਮੰਤਰੀ ਬਣਨ ਤੋਂ ਬਾਅਦ ਮੈਕਲੀਅਨ ਨਾਮ ਦੀ ਵੈਬਸਾਈਟ ਨੂੰ ਦੱਸਿਆ ਸੀ, "ਅਸੀਂ ਖੇਤੀ ਵਾਲਾ ਪਰਿਵਾਰ ਸਾਂ ਅਤੇ ਮੇਰੀ ਬੇਬੇ ਪੱਠਿਆਂ ਦੀ ਭਰੀ ਸਿਰ ਉਤੇ ਚੁੱਕ ਕੇ ਲਿਆਉਂਦੀ ਸੀ। ਸਾਡੇ ਤਿੰਨ ਢੱਗੇ ਸਨ ਅਤੇ ਇਕ ਸੁਸਤ ਜਿਹਾ ਢੱਗਾ ਮੇਰੇ ਪਿੱਛੇ ਪਿੱਛੇ ਫਿਰਦਾ ਰਹਿੰਦਾ ਸੀ।"

ਪੰਜ ਸਾਲਾਂ ਦੀ ਉਮਰ ਵਿਚ ਹਰਜੀਤ ਸਿੰਘ ਸੱਜਣ ਆਪਣੀ ਮਾਂ ਅਤੇ ਭੈਣਾਂ ਸਮੇਤ ਪਿਓ ਕੋਲ ਵੈਨਕੂਵਰ ਪੁੱਜ ਗਿਆ। ਖੁੱਲ੍ਹੇ ਖੇਤਾਂ ਵਿਚ ਘੁੰਮਣ ਵਾਲੇ ਹਰਜੀਤ ਨੂੰ ਜ਼ਿਆਦਾਤਰ ਘਰ ਅੰਦਰ ਰਹਿਣਾ ਪੈਂਦਾ ਸੀ, ਪਰ ਉਹ ਨਵੇਂ ਮੁਲਕ ਦੇ ਮਾਹੌਲ ਵਿਚ ਜਲਦੀ ਹੀ ਰਚ-ਮਿਚ ਗਿਆ। ਉਸ ਦੌਰ ਵਿਚ ਤੀਜੀ ਦੁਨੀਆਂ ਦੇ ਕੈਨੇਡਾ ਆਏ ਨੌਜਵਾਨਾਂ ਦੀ ਖਿੱਚ ਦਾ ਸਬੱਬ ਗੁੰਡਾ-ਢਾਣੀਆਂ (ਗੈਂਗਜ਼) ਬਣੀਆਂ ਹੋਈਆਂ ਸਨ, ਪਰ ਹਰਜੀਤ ਆਪਣੇ ਰਾਹ ਬਾਬਤ ਦੱਸਦਾ ਹੈ, "ਨਸਲੀ ਵਿਤਕਰਾ ਹੁੰਦਾ ਸੀ, ਪਰ ਸਾਡੀ ਜੋਟੀ ਨੂੰ ਗੁੰਡਾਗਰਦੀ ਨਾਪਸੰਦ ਸੀ।" ਇਸੇ ਦੌਰਾਨ ਉਸ ਦੀ ਬਿਰਤੀ ਧਾਰਮਿਕ ਹੋ ਗਈ, "ਮੈਨੂੰ ਸ਼ਰਾਬ ਅਤੇ ਮਾੜੀਆਂ ਬਿਰਤੀਆਂ ਤੋਂ ਬਚਣ ਲਈ ਆਸਰਾ ਦਰਕਾਰ ਸੀ।"

ਹਰਜੀਤ ਨੇ ਜਦੋਂ ਵਾਲ ਰੱਖਣ ਅਤੇ ਪੱਗ ਬੰਨ੍ਹਣ ਦਾ ਫੈਸਲਾ ਕੀਤਾ ਤਾਂ ਉਸ ਨੂੰ ਸਲਾਹ ਦਿੱਤੀ ਗਈ ਕਿ ਇਸ ਤਰ੍ਹਾਂ ਉਹ ਜ਼ਿਆਦਾ ਨਜ਼ਰਾਂ ਵਿਚ ਰਹੇਗਾ ਅਤੇ ਇਸ਼ਕਮਿਜ਼ਾਜੀ ਮੁਸ਼ਕਿਲ ਹੋਵੇਗੀ, ਪਰ ਹੁਣ ਉਹ ਯਾਦ ਕਰਦੇ ਹਨ, "ਇਸ ਮਾਮਲੇ ਵਿਚ ਕੋਈ ਮੁਸ਼ਕਿਲ ਪੇਸ਼ ਨਹੀਂ ਆਈ। ਮੈਨੂੰ ਭਰੋਸਾ ਸੀ ਕਿ ਲੋਕ ਸਵੈ-ਭਰੋਸੇ ਦੇ ਕਾਇਲ ਹੁੰਦੇ ਹਨ।"

ਇਸ ਤੋਂ ਬਾਅਦ ਹਰਜੀਤ ਸਿੰਘ ਸੱਜਣ ਫੌਜੀ ਪਾਇਲਟ ਬਣਨ ਦੇ ਇਰਾਦੇ ਨਾਲ ਰਿਜ਼ਰਵ ਫੌਜ ਵਿਚ ਭਰਤੀ ਹੋ ਗਏ। ਸਿਖਲਾਈ ਦੌਰਾਨ ਉਸ ਨੇ ਬਾਕੀਆਂ ਤੋਂ ਵੱਧ ਰਗੜਾ ਬਰਦਾਸ਼ਤ ਕੀਤਾ, "ਉਸ ਵੇਲੇ ਕੈਨੇਡੀਅਨ ਫੌਜ ਵਿਚ ਨਸਲੀ ਵਿਤਕਰਾ ਹੁੰਦਾ ਸੀ। ਉਹ ਨਸਲੀ ਵੰਨ-ਸੁਵੰਨਤਾ ਦੇ ਪ੍ਰਵਾਨ ਹੋਣ ਤੋਂ ਪਹਿਲਾਂ ਤਬਦੀਲੀ ਦਾ ਦੌਰ ਸੀ।" ਇਸ ਰਗੜੇ ਦੇ ਸਤਾਏ ਹਰਜੀਤ ਨੇ ਫੌਜ ਛੱਡਣ ਦਾ ਫੈਸਲਾ ਕੀਤਾ ਅਤੇ ਆਪਣੇ ਬਾਪੂ ਨਾਲ ਗੱਲ ਤੋਰੀ। ਉਸ ਨੂੰ ਬਾਪੂ ਦੀ ਸਲਾਹ ਹੁਣ ਵੀ



*ਬੋਸਨੀਆ ਵਿਚ ਤਾਇਨਾਤ ਹਰਜੀਤ ਸਿੰਘ ਸੱਜਣ*

ਯਾਦ ਹੈ, "ਆ ਜਾਹ ਘਰ, ਪਰ ਯਾਦ ਰੱਖੀਂ ਕਿ ਪੱਗ ਬੰਨ੍ਹਣ ਵਾਲਾ ਹਰ ਜਣਾ ਜਾਂ ਹਰ ਦੂਜਾ ਜੀਅ ਘੱਟ-ਗਿਣਤੀਆਂ ਵਿਚ ਸ਼ੁਮਾਰ ਹੈ। ਤੇਰੇ ਮੁੜ ਆਉਣ ਨਾਲ ਸਾਰਿਆਂ ਉਤੇ ਨਾਕਾਮਯਾਬੀ ਦਾ ਦਾਗ ਲੱਗ ਜਾਣੈ।"

ਪੁਲਿਸ ਵਿਚ ਹਰਜੀਤ ਨੂੰ ਦੱਖਣੀ-ਵੈਨਕੂਵਰ ਦੀਆਂ ਗੁੰਡਾ-ਢਾਣੀਆਂ ਉਤੇ ਜਾਸੂਸੀ ਲਈ ਤਾਇਨਾਤ ਕੀਤਾ ਗਿਆ। ਜੂਨੀਅਰ ਕੈਪਟਨ ਵਜੋਂ ਨਾਟੋ ਫੌਜਾਂ ਦੀ ਬੋਸਨੀਆ ਮੁਹਿੰਮ ਵਿਚ ਸ਼ਾਮਿਲ ਹੋਣਾ ਉਸ ਲਈ ਵੱਡਾ ਮੌਕਾ ਸੀ। ਇਸ ਮੁਹਿੰਮ ਦੌਰਾਨ ਉਸ ਦੀ ਜ਼ਿੰਦਗੀ ਦਾ ਤਜਰਬਾ ਕਸਬੀ ਹੁਨਰ ਬਣ ਗਿਆ। ਉਹ ਦੱਸਦੇ ਹਨ, "ਮੈਂ ਸਰਬ ਬਰਾਦਰੀ ਨਾਲ ਸਾਂਝ ਬਣਾਈ। ਸਰਬਾਂ ਦੀਆਂ ਕਰਤੂਤਾਂ ਕਾਰਨ ਉਹ ਸਭ ਦੀਆਂ ਨਜ਼ਰਾਂ ਵਿਚ ਸ਼ੈਤਾਨ ਸਨ। ਪਿੰਡਾਂ ਵਿਚ ਲੋਕਾਂ ਨਾਲ ਗੱਲਾਂ ਕਰ ਕੇ ਲੱਗਦਾ ਸੀ ਕਿ ਉਨ੍ਹਾਂ ਦੀਆਂ ਵੀ ਬਾਕੀਆਂ ਵਰਗੀਆਂ ਪਰਿਵਾਰਕ ਜ਼ਿੰਦਗੀਆਂ ਸਨ।" ਇਸ ਮੁਹਿੰਮ ਤੋਂ ਬਾਅਦ ਹਰਜੀਤ ਕੁਲ-ਵਕਤੀ ਫੌਜੀ ਨੌਕਰੀ ਦੀ ਥਾਂ ਪੁਲਿਸ ਮਹਿਕਮੇ ਵਿਚ ਭਰਤੀ ਹੋਇਆ। ਨਸ਼ਿਆਂ ਦੇ ਵਪਾਰ ਨਾਲ ਜੁੜੀਆਂ ਢਾਣੀਆਂ ਬਾਬਤ ਮੁਹਾਰਤ ਵਾਲਾ ਜਾਸੂਸ ਬਣਿਆ। ਉਸ ਦੇ ਕਈ ਜਾਣੂ ਅਤੇ ਜਮਾਤੀ ਦੂਜੀ ਧਿਰ ਵਿਚ ਸਨ। ਇਨ੍ਹਾਂ ਢਾਣੀਆਂ ਦੀ ਘੇਰਾਬੰਦੀ ਲਈ ਉਸ ਨੇ ਕਿਰਾਏ ਉਤੇ ਮਕਾਨ ਦੇਣ ਵਾਲੇ ਮਾਲਕਾਂ, ਮਾਪਿਆਂ ਅਤੇ ਪਾਂਡੀਆਂ ਦੁਆਲੇ ਆਪਣਾ ਮੁਖਬਰ ਘੇਰਾ ਬਣਾਇਆ। ਇਹ ਤਜਰਬਾ ਉਸ ਨੇ ਨਾਟੋ ਦੀਆਂ ਅਗਲੀਆਂ ਮੁਹਿੰਮਾਂ ਵਿਚ ਅਫਗਾਨਿਸਤਾਨ ਵਿਚ ਲਾਗੂ ਕੀਤਾ।


ਹਰਜੀਤ ਨੂੰ ਕੰਧਾਰ ਸੂਬੇ ਵਿਚ ਮੁਕਾਮੀ ਸਮਾਜ ਅੰਦਰ ਮੁਖਬਰ ਢਾਂਚਾ ਉਸਾਰਨ ਵਿਚ ਕਾਮਯਾਬੀ ਮਿਲੀ, ਕਿਉਂਕਿ ਉਹ ਮੁਕਾਮੀ ਬੋਲੀ ਦੇ ਪੰਜਾਬੀ ਨਾਲ ਮਿਲਦੀ-ਜੁਲਦੀ ਹੋਣ ਕਾਰਨ ਲੋਕਾਂ ਨਾਲ ਸਿੱਧੀ ਗੱਲਬਾਤ ਕਰ ਸਕਦੇ ਸਨ। ਉਨ੍ਹਾਂ ਨੂੰ ਬ੍ਰਿਗੇਡੀਅਰ ਜਨਰਲ ਡੇਵਿਡ ਫਰੇਜਰ ਨੇ 'ਸਮੁੱਚੇ ਜੰਗੀ ਮੁਹਾਜ ਉਤੇ ਕੈਨੇਡੀਅਨ ਖੁਫੀਆ ਤੰਤਰ ਦਾ ਬਿਹਤਰੀਨ ਸਰੋਤ' ਕਰਾਰ ਦਿੱਤਾ। ਦੋ ਮੁਹਿੰਮਾਂ ਤੋਂ ਬਾਅਦ ਉਸ ਨੇ ਪੁਲਿਸ ਵਿਚੋਂ ਅਸਤੀਫਾ ਦੇ ਦਿੱਤਾ ਅਤੇ ਅਮਰੀਕੀ ਮੇਜਰ ਜਰਨਲ ਜੇਮਸ ਟੈਰੀ ਦੇ ਵਿਸ਼ੇਸ਼ ਸਹਾਇਕ ਵਜੋਂ ਅਫਗਾਨਿਸਤਾਨ ਗਿਆ।

ਜਦੋਂ ਜਸਟਿਨ ਟਰੂਡੋ ਦੀ ਹਮਾਇਤ ਨਾਲ ਹਰਜੀਤ ਦੱਖਣੀ ਵੈਨਕੂਵਰ ਤੋਂ ਲਿਬਰਲ ਪਾਰਟੀ ਦੇ ਉਮੀਦਵਾਰ ਦੀ ਦੌੜ ਵਿਚ ਸ਼ਾਮਿਲ ਹੋਇਆ ਤਾਂ ਨਵੀਂ ਬਹਿਸ ਸ਼ੁਰੂ ਹੋ ਗਈ। ਦਿੱਖ ਕਾਰਨ ਉਨ੍ਹਾਂ ਨੂੰ ਸਿੱਖ ਕੱਟੜਪੰਥੀਆਂ ਦੀ ਹਮਾਇਤ ਹਾਸਿਲ ਹੋਈ ਅਤੇ ਇਸ ਸਿਆਸਤ ਨਾਲ ਜੁੜੇ ਸੁਆਲ ਉਨ੍ਹਾਂ ਨੂੰ ਕੀਤੇ ਗਏ। ਉਨ੍ਹਾਂ ਦੇ ਮੁਕਾਬਲੇ ਸਾਬਕਾ ਮੈਂਬਰ ਪਾਰਲੀਮੈਂਟ ਬਰਜ ਢਾਹਾਂ ਸਨ ਜਿਨ੍ਹਾਂ ਨੇ ਆਪਣੀ ਉਮੀਦਵਾਰੀ ਵਾਪਸ ਲੈ ਲਈ। ਹਰਜੀਤ ਸੱਜਣ ਦੇ ਹਵਾਲੇ ਨਾਲ ਸਿੱਖ ਬਰਾਦਰੀ ਦੀ ਧੜੇਬੰਦੀ ਸਾਹਮਣੇ ਆਈ, ਪਰ ਉਨ੍ਹਾਂ ਦਾ ਦਾਅਵਾ ਹੈ, "ਮੈਂ ਆਪਣੀ ਬਰਾਦਰੀ ਨੂੰ ਜਾਣਦਾ ਸਾਂ ਅਤੇ ਇਸੇ ਕਾਰਨ ਵੱਖ ਵੱਖ ਧੜਿਆਂ ਵਿਚ ਮੇਰੇ ਨਾਮ ਉਤੇ ਏਕਾ ਹੋਇਆ।"

ਹਰਜੀਤ ਨੇ ਆਪਣੇ ਜਾਸੂਸੀ ਜੀਵਨ ਦੌਰਾਨ ਇਕ ਪਾਸੇ ਮੁਕਾਮੀ ਸਭਿਆਚਾਰ ਅਤੇ ਰੀਤ-ਰਿਵਾਜ ਨੂੰ ਇਸਤੇਮਾਲ ਕੀਤਾ ਅਤੇ ਦੂਜੇ ਪਾਸੇ ਖੋਜਾਰਥੀਆਂ ਨਾਲ ਵੀ ਰਾਬਤਾ ਕਾਇਮ ਰੱਖਿਆ। ਕਈ ਕਿਤਾਬਾਂ ਲਿਖਣ ਵਾਲੇ ਅਮਰੀਕੀ ਮਾਹਿਰ ਬਰਨਟ ਰੂਬਿਨ ਨਾਲ ਹਰਜੀਤ ਸੱਜਣ ਦਾ ਪੁਰਾਣਾ ਰਾਬਤਾ ਹੈ। ਰੂਬਿਨ ਨੇ ਇਕ ਇੰਟਰਵਿਊ ਵਿਚ ਦੱਸਿਆ, "ਹਰਜੀਤ ਨੇ ਗੁੰਡਾ-ਢਾਣੀਆਂ ਨਾਲ ਮੁਕਾਬਲਾ ਕਰਦਿਆਂ ਵੈਨਕੂਵਰ ਦੀਆਂ ਗਲੀਆਂ ਵਿਚ ਹਾਸਿਲ ਕੀਤਾ ਹੁਨਰ ਤਾਲਿਬਾਨ ਖਿਲਾਫ ਲਾਗੂ ਕੀਤਾ।"

ਜਦੋਂ ਹਰਜੀਤ ਸੱਜਣ ਚੋਣ ਜਿੱਤ ਗਏ ਤਾਂ ਓਟਾਵਾ ਹਲਕੇ ਤੋਂ ਜਿੱਤੇ ਸਾਬਕਾ ਜਨਰਲ ਐਂਡਰਿਓ ਲੈਸਲੇ ਰੱਖਿਆ ਮੰਤਰੀ ਦੇ ਅਹੁਦੇ ਲਈ ਸਭ ਤੋਂ ਵੱਡੇ ਦਾਅਵੇਦਾਰ ਸਨ। ਹਰਜੀਤ ਸੱਜਣ ਨੇ ਬਰਨਟ ਰੂਬਿਨ ਤੋਂ ਆਪਣਾ ਅਕਸ ਉਘਾੜਨ ਲਈ ਮਦਦ ਮੰਗੀ। ਬਰਨਟ ਰੂਬਿਨ ਨੇ ਇਕ ਇੰਟਰਵਿਊ ਵਿਚ ਕਿਹਾ ਹੈ, "ਮੈਂ ਜਾਣਦਾ ਹਾਂ ਕਿ ਹਰਜੀਤ ਬਹੁਤ ਖਵਾਇਸ਼ਮੰਦ ਹੈ, ਪਰ ਮੈਨੂੰ ਇਹ ਨਹੀਂ ਸੁਝਿਆ ਕਿ ਉਹ ਰੱਖਿਆ ਮੰਤਰੀ ਬਣ ਜਾਵੇਗਾ।"

ਰੱਖਿਆ ਮੰਤਰੀ ਬਣਨ ਤੋਂ ਬਾਅਦ ਹਰਜੀਤ ਸੱਜਣ ਨੇ ਸੀਰੀਆ ਦੇ ਪਨਾਹਗੀਰਾਂ ਬਾਬਤ ਲਗਾਤਾਰ ਬਿਆਨ ਦਿੱਤੇ। ਉਹ ਪੁਰਾਣੀ ਸਰਕਾਰ ਦੀਆਂ ਨੀਤੀਆਂ ਨੂੰ ਲਾਗੂ ਕਰਦਾ ਰਿਹਾ ਹੈ ਅਤੇ ਮੌਜੂਦਾ ਸਰਕਾਰ ਵਿਚ ਮੰਤਰੀ ਉਨ੍ਹਾਂ ਪ੍ਰਾਪਤੀਆਂ ਸਦਕਾ ਹੀ ਬਣਿਆ ਹੈ। ਨਵੀਂ ਸਰਕਾਰ ਦੀ ਸਮਝ ਪੁਰਾਣੀ ਸਰਕਾਰ ਤੋਂ ਵੱਖਰੀ ਹੈ, ਪਰ ਹਰਜੀਤ ਸੱਜਣ ਨੇ ਅਹਿਮ ਅਹੁਦਿਆਂ ਉਤੇ ਆਪਣੀ ਨਿਰੰਤਰਤਾ ਕਾਇਮ ਰੱਖੀ ਹੈ। ਇਸੇ ਦੌਰ ਵਿਚ ਕੈਨੇਡਾ ਨੇ ਕਾਮਾਗਾਟਾ ਮਾਰੂ ਕਾਂਡ ਦੀ ਵਧੀਕੀ ਦੀ ਜ਼ਿੰਮੇਵਾਰੀ ਕਬੂਲਦਿਆਂ ਮੁਆਫੀ ਮੰਗੀ ਹੈ। ਹਰਜੀਤ ਸੱਜਣ ਕਾਮਾਗਾਟਾ ਮਾਰੂ ਕਾਂਡ ਲਈ



*ਹਰਜੀਤ ਸਿੰਘ ਸੱਜਣ ਅਫਗਾਨਿਸਤਾਨ ਵਿਚ ਅਫਗਾਨ ਬੱਚਿਆਂ ਨਾਲ*

ਕਸੂਰਵਾਰ ਬ੍ਰਿਟਿਸ਼ ਕੋਲੰਬੀਆ ਰੈਜਮੈਂਟ ਦਾ ਕਮਾਂਡਿੰਗ ਅਫਸਰ ਰਿਹਾ ਹੈ। ਹਰਜੀਤ ਨੇ ਗਲੋਬ ਐਂਡ ਮੇਲ ਦੇ ਪੱਤਰਕਾਰ ਨਾਲ ਗੱਲ ਕਰਦਿਆਂ ਕਿਹਾ ਸੀ, "ਸਾਡੀ ਰੈਜਮੈਂਟ ਉਸ ਦਿਨ ਨੂੰ ਕਾਲੇ ਦਿਵਸ ਵਜੋਂ ਯਾਦ ਕਰਦੀ ਹੈ।"

ਜਦੋਂ ਓਂਟਾਰੀਓ ਸੂਬੇ ਵਿਚ 1984 ਦੇ ਸਿੱਖ ਕਤਲੇਆਮ ਨੂੰ ਨਸਲਕੁਸ਼ੀ ਕਰਾਰ ਦਿੱਤਾ ਗਿਆ ਤਾਂ ਹਰਜੀਤ ਸੱਜਣ ਦੇ ਭਾਰਤੀ ਦੌਰੇ ਦੌਰਾਨ ਬਹਿਸ ਮਘ ਗਈ। ਉਨ੍ਹਾਂ ਦਾ ਬਿਆਨ ਸੀ. ਬੀ. ਐਸ. ਨਿਊਜ਼ ਵਿਚ ਦਰਜ ਹੈ, "ਮੈਂ ਆਪਣੀ ਹਮਰੁਤਬਾ ਨੂੰ ਦੱਸਿਆ ਹੈ ਕਿ ਓਂਟਾਰੀਓ ਜਮਹੂਰੀ ਢੰਗ ਨਾਲ ਚੁਣੀ ਹੋਈ ਸੂਬਾ ਸਰਕਾਰ ਹੈ। ਓਂਟਾਰੀਓ ਦੀ ਸੂਬਾ ਲਿਬਰਲ ਪਾਰਟੀ ਹੀ ਫੈਡਰਲ ਲਿਬਰਲ ਪਾਰਟੀ ਨਹੀਂ ਹੈ।" ਇਸੇ ਤਰ੍ਹਾਂ ਜਦੋਂ ਉਨ੍ਹਾਂ ਨੂੰ ਖਾਲਿਸਤਾਨੀ ਕਰਾਰ ਦਿੱਤਾ ਜਾਂਦਾ ਹੈ ਤਾਂ ਐਸ. ਬੀ. ਐਸ. ਵਿਚ ਉਨ੍ਹਾਂ ਦਾ ਬਿਆਨ ਛਪਦਾ ਹੈ, "ਮੈਂ ਪੁਲਿਸ ਅਫਸਰ ਰਿਹਾ ਹਾਂ ਅਤੇ ਆਪਣੇ ਮੁਲਕ ਦੀ ਸੇਵਾ ਕੀਤੀ ਹੈ। ਮੇਰੇ ਖਿਲਾਫ ਅਜਿਹਾ ਇਲਜ਼ਾਮ ਬੇਹੂਦਗੀ ਤੋਂ ਘੱਟ ਨਹੀਂ ਹੈ ਅਤੇ ਮੈਂ ਇਸ ਨੂੰ ਹਮਲਾਵਰ ਮੰਨਦਾ ਹਾਂ।"

ਇਸ ਮੋੜ ਉਤੇ ਹਰਜੀਤ ਸੱਜਣ ਨੂੰ ਸਮਝਣ ਵਿਚ ਬਰਨਟ ਰੂਬਿਨ ਤੋਂ ਮਦਦ ਮਿਲ ਸਕਦੀ ਹੈ ਜੋ ਮਾਹਿਰ ਵਜੋਂ ਉਨ੍ਹਾਂ ਦੇ ਹੁਨਰ ਅਤੇ ਖਵਾਇਸ਼ਮੰਦੀ ਦੀ ਗਵਾਹੀ ਭਰਦਾ ਹੈ। ਨੌਮ ਚੌਮਸਕੀ ਅਤੇ ਮਾਈਕਲ ਐਲਬਰਟ ਦੇ ਬੋਸਨੀਆ ਬਾਬਤ ਲੇਖ (ਨਾਟੋ, ਮੀਡੀਆ ਅਤੇ ਝੂਠ) ਅਤੇ ਅਫਗਾਨਿਸਤਾਨ ਵਿਚ ਨਾਟੋ ਦੀਆਂ ਮੁਹਿੰਮਾਂ ਬਾਬਤ ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ ਦੀਆਂ ਰਿਪੋਰਟਾਂ ਵੀ ਨਾਟੋ ਫੌਜਾਂ ਦੀਆਂ ਪ੍ਰਾਪਤੀਆਂ ਦੀ ਤਸਦੀਕ ਕਰਦੀਆਂ ਹਨ, ਪਰ ਮਾਅਨੇ ਪਲਟ ਦਿੰਦੀਆਂ ਹਨ। ਹਰਜੀਤ ਸੱਜਣ ਦਾ ਹਾਊਸ ਆਫ ਕਾਮਨਜ਼ ਵਿਚ ਦਿੱਤਾ ਬਿਆਨ ਸਰਕਾਰੀ ਵੈਬਸਾਈਟ ਉਤੇ ਦਰਜ ਹੈ, "ਅਸੀਂ ਇਹ ਯਕੀਨੀ ਬਣਾਉਣਾ ਹੈ ਕਿ ਜਦੋਂ ਕੈਨੇਡਾ ਦੇ ਮੁੰਡੇ-ਕੁੜੀਆਂ ਫੌਜੀ ਮੁਹਿੰਮਾਂ 'ਤੇ ਜਾਣ ਤਾਂ ਉਨ੍ਹਾਂ ਕੋਲ ਕਾਮਯਾਬੀ ਲਈ ਲੋੜੀਂਦੀ ਸਮਰੱਥਾ ਹੋਵੇ।" ਇਸ ਬਿਆਨ ਵਿਚ ਹੁਨਰ ਦੀ ਦਾਅਵੇਦਾਰੀ ਹੈ ਅਤੇ ਖਵਾਇਸ਼ਮੰਦੀ ਦਾ ਇਜ਼ਹਾਰ ਹੈ ਜੋ ਕੈਨੇਡਾ ਅਤੇ ਹਰਜੀਤ ਸੱਜਣ ਨੂੰ ਇਕ-ਮਿਕ ਕਰਦਾ ਜਾਪਦਾ ਹੈ। ਸ਼ਾਇਦ ਇਸੇ ਲਈ ਉਹ ਕੈਨੇਡਾ ਦੇ ਰੱਖਿਆ ਮੰਤਰੀ ਹਨ।

***(ਬੀ. ਬੀ. ਸੀ. ਪੰਜਾਬੀ ਤੋਂ ਧੰਨਵਾਦ ਸਹਿਤ)***

# ਪੰਜਾਬੀ ਬਚਾਉ

ਹਰ ਪਾਸੇ ਪੰਜਾਬੀ ਬਚਾਉ ਦੀ ਦੁਹਾਈ ਦਿੱਤੀ ਜਾ ਰਹੀ ਹੈ। ਇਸ ਵਿਚ ਕੁਝ ਬੁਰਾ ਵੀ ਨਹੀਂ; ਪੰਜਾਬੀ ਬਚਣੀ ਜਾਂ ਬਚਾਉਣੀ ਜਰੂਰੀ ਹੈ। ਪੰਜਾਬੀ ਬਚਾਉ ਤਰਲਿਆਂ ਦਾ ਮਤਲਬ ਜਾਣਨ ਤੋਂ ਪਹਿਲਾਂ, ਇਹ ਗੱਲ ਸੋਚਣੀ ਬਣਦੀ ਹੈ ਕਿ ਅਸੀਂ ਪੰਜਾਬੀ ਬਚਾਉਣੀ ਕਿਸ ਕੋਲੋਂ ਹੈ? ਸੰਨ 1984 ਵਿਚ



**ਅਵਤਾਰ ਸਿੰਘ (ਪ੍ਰੋ.)**
**ਫੋਨ: 91-94175-18384**

ਪੰਜਾਬ ਯੂਨੀਵਰਸਿਟੀ ਵਿਚ ਐਮ. ਏ. ਕਰਦਿਆਂ ਹਾਸ ਵਿਅੰਗ ਲੇਖਕ ਗੁਰਨਾਮ ਸਿੰਘ ਤੀਰ ਦੀ ਅਜੀਬ ਜਿਹੇ ਸਿਰਲੇਖ ਵਾਲੀ ਕਿਤਾਬ ਪੜ੍ਹੀ ਸੀ: ਮੈਨੂੰ ਮੈਥੋਂ ਬਚਾਉ। ਮੈਨੂੰ ਲੱਗਦਾ ਹੈ ਕਿ ਪੰਜਾਬੀ ਨੂੰ ਵੀ ਪੰਜਾਬੀਆਂ ਤੋਂ ਹੀ ਬਚਾਉਣ ਦੀ ਲੋੜ ਹੈ।

ਕਹਿੰਦੇ ਨੇ, ਕਿਤੇ ਕੋਈ ਲੜਾਈ 'ਚ ਮਾਰਿਆ ਗਿਆ; ਦੇਹ ਘਰੇ ਆਈ ਤਾਂ ਅਫਸੋਸ ਕਰਨ ਆਇਆ ਕੋਈ ਬੂਝੜ, ਮ੍ਰਿਤਕ ਦੀ ਅੱਖ ਹੇਠ ਗੋਲੀ ਲੱਗੀ ਦੇਖ ਕੇ ਬੋਲਿਆ, "ਚਲੋ ਸ਼ੁਕਰ ਹੈ, ਅੱਖ ਬਚ ਗਈ।"

ਪੰਜਾਬੀ ਜ਼ੁਬਾਨ ਪੰਜਾਬ ਦੀ ਅੱਖ ਹੈ। ਜੇ ਪੰਜਾਬ ਮਰ ਗਿਆ ਤਾਂ ਅੱਖ ਬਚਾ ਕੇ ਅਸੀਂ ਕੀ ਕਰਾਂਗੇ! ਪੰਜਾਬ ਦਾ ਅਰਥ ਹੈ, ਇੱਥੋਂ ਦਾ ਪੌਣ-ਪਾਣੀ, ਜਿਸ ਨੂੰ ਜਲ-ਵਾਯੂ ਜਾਂ ਆਬੋ-ਹਵਾ ਵੀ ਕਹਿ ਲੈਂਦੇ ਹਾਂ। ਪੰਜਾਬ ਦਾ ਪਾਣੀ ਅਸੀਂ ਬਚਾ ਨਹੀਂ ਸਕੇ; ਨਾ ਉਤਲਾ, ਨਾ ਹੇਠਲਾ। ਪਉਣ ਅਸੀਂ ਖਤਰੇ ਦੀ ਹੱਦ ਤੋਂ ਕਿਤੇ ਵੱਧ ਦੂਸ਼ਿਤ ਕਰ ਲਈ ਹੈ।

ਸੱਭਿਆਚਾਰਕ ਗੀਤ-ਸੰਗੀਤ ਨੂੰ ਅਸੀਂ ਜਾਤੀਵਾਦੀ ਹੈਂਕੜ ਦੀ ਪੁੱਠ ਚਾੜ੍ਹ ਚਾੜ੍ਹ ਕੇ ਦੁਸ਼ਟਤਾ ਦੀ ਹੱਦ ਪਾਰ ਕਰਵਾ ਦਿੱਤੀ ਹੈ। ਸਾਡੀ ਗੀਤਕਾਰੀ ਦੇ ਲੇਖਕ ਵੀ ਪੰਜਾਬੀ ਹਨ, ਗਵੱਈਏ ਵੀ ਪੰਜਾਬੀ ਤੇ ਸਰੋਤੇ ਵੀ ਪੰਜਾਬੀ ਹਨ। ਕੰਪਨੀਆਂ ਨੇ ਸਿਰਫ ਤਵੇ ਬਣਾਉਣੇ ਹਨ। ਜੋ ਅਸੀਂ ਲਿਖਾਂਗੇ ਤੇ ਗਾਵਾਂਗੇ, ਉਸੇ ਦੇ ਉਨ੍ਹਾਂ ਤਵੇ, ਕੈਸਿਟਾਂ, ਸੀਡੀਆਂ ਜਾਂ ਟ੍ਰੈਕ ਬਣਾਉਣੇ ਹਨ।

ਪੰਜਾਬ ਦੀ ਮਿੱਟੀ ਨੂੰ ਕੈਂਸਰ ਹੋ ਗਿਆ ਹੈ। ਬੜਵੇ ਬਘੌਰਾਂ ਦੇ ਲੋਕ ਆਪਣੀ ਫਸਲ ਆਪ ਨਹੀਂ ਖਾਂਦੇ; ਆਪਣੀ ਵੇਚ ਦਿੰਦੇ ਹਨ ਤੇ ਆਪਣੇ ਲਈ ਦੂਰ ਦੁਰਾਡਿਉਂ ਖਰੀਦ ਲਿਆਉਂਦੇ ਹਨ। ਪਸ਼ੂਆਂ ਦਾ ਕੀ ਕਰਨ! ਉਹ ਕਿਹੜਾ ਇਨਸਾਨ ਹਨ! ਉਸ ਇਲਾਕੇ ਦੇ ਪਸ਼ੂਆਂ ਦੇ ਮੂੰਹ ਖੁਰ ਗਲ ਰਹੇ ਹਨ, ਜਿਨ੍ਹਾਂ ਦਾ ਰੋਗੀ ਦੁੱਧ ਉਹ ਆਪ ਵੀ ਪੀ ਰਹੇ ਹਨ ਤੇ ਦੂਸਰਿਆਂ ਨੂੰ ਵੀ ਪਿਆ ਰਹੇ ਹਨ। ਇਸ ਤਰ੍ਹਾਂ ਦੇ ਹਾਲਾਤ ਬਾਕੀ ਇਲਾਕਿਆਂ 'ਚ ਵੀ ਬਣ ਰਹੇ ਹਨ।

ਪੰਜਾਬ ਦੇ ਪਿੰਡ, ਕਸਬੇ, ਸ਼ਹਿਰ, ਪਰਿਵਾਰ, ਰਿਸ਼ਤੇ-ਨਾਤੇ, ਖਾਣ-ਪੀਣ, ਪਹਿਰਾਵੇ, ਬੋਲ-ਚਾਲ, ਲੈਣ-ਦੇਣ, ਵਰਤੋਂ-ਵਿਹਾਰ, ਆਉਣ-ਜਾਣ, ਬਹਿਣ-ਖਲੋਣ, ਮੇਲ-ਮਿਲਾਪ, ਝਗੜੇ, ਗੱਲਾਂ ਬਾਤਾਂ, ਖੇਲਾਂ, ਛੇੜਾਂ, ਝੇੜਾਂ-ਸਭ ਕੁਝ ਪੱਛਮ ਦੀ ਕੋਝੀ ਤੇ ਕਰੂਪ ਨਕਲ ਬਣ ਗਿਆ ਹੈ।

ਬਾਹਰ ਜਾਣ ਖਾਤਰ ਸਾਡੇ ਪੰਜਾਬੀ ਅਸਲੀ ਪਤਨੀ ਨੂੰ ਜਾਅਲੀ ਤਲਾਕ ਦੇ ਕੇ ਕਿਸੇ ਗੋਰੀ ਕੁਨਸਲ ਨਾਲ ਨਕਲੀ ਵਿਆਹ ਕਰਵਾ ਲੈਂਦੇ ਹਨ। ਹੁਣ ਪੰਜਾਬੀ ਜਹਾਜੇ ਚੜ੍ਹਨ ਜਾਂ ਵੜਨ ਲਈ, ਆਪਣੀ ਮਾਸੀ, ਭੂਆ ਆਦਿ ਜਿਹੇ ਨਜ਼ਦੀਕੀ ਰਿਸ਼ਤਿਆਂ 'ਚੋਂ ਲੱਗਦੀਆਂ ਭੈਣਾਂ ਨਾਲ ਸ਼ਾਦੀ ਦਾ ਡਰਾਮਾ ਰਚਾ ਲੈਂਦੇ ਹਨ; ਦੱਸਣ ਵਾਲੇ ਦੱਸਦੇ ਹਨ ਕਿ ਹੁਣ ਪੰਜਾਬੀ ਆਪਣੀ ਅਣਖ, ਆਬਰੂ ਜਾਂ ਜ਼ਮੀਰ 'ਤੇ ਭੋਰਾ ਵੀ ਬੋਝ ਪਾਏ ਬਿਨਾ, ਜਾਅਲੀ ਪਤਨੀ ਨੂੰ ਅਸਲੀ ਸਾਬਤ ਕਰਨ ਲਈ ਅੰਬੈਸੀ ਦਾ 'ਬੰਦ ਕਮਰਾ ਟੈਸਟ' ਵੀ ਬੜੇ ਅਰਾਮ ਨਾਲ 'ਪਾਸ' ਕਰ ਲੈਂਦੇ ਹਨ।

ਪੰਜਾਬੀਅਤ ਦਾ ਹੁਣ ਹਰ ਪੱਖੋਂ ਵਿਗੜੀਕਰਣ, ਭ੍ਰਸ਼ਟੀਕਰਣ, ਬਦਚਲਨੀਕਰਣ ਅਤੇ ਹਰਾਮੀਕਰਣ ਹੋ ਗਿਆ ਹੈ, ਜਿਸ ਨੂੰ ਅਸੀਂ ਮੁਗਾਲਤੇ ਵੱਸ ਨਵੀਨੀਕਰਣ ਜਾਂ ਆਧੁਨਿਕੀਕਰਣ ਸਮਝ ਰਹੇ ਹਾਂ। ਜਦ ਪੰਜਾਬ ਦੇ ਲੋਕ ਹੀ ਪੰਜਾਬੀ ਨਹੀਂ ਰਹੇ ਤਾਂ ਪੰਜਾਬੀ ਜ਼ੁਬਾਨ ਕਿਵੇਂ ਬਚ ਸਕਦੀ ਹੈ! ਸਾਡੇ ਤਾਂ ਸੁਪਨੇ ਵੀ ਪੰਜਾਬੀ ਨਹੀਂ ਰਹੇ। ਏਅਰਪੋਰਟ 'ਤੇ ਸੈਲਫੀ ਖਿੱਚ ਕੇ ਫੇਸਬੁੱਕ 'ਤੇ ਪਾਉਣਾ ਸਾਡਾ ਸਭ ਤੋਂ ਪਿਆਰਾ ਸ਼ੌਕ ਹੈ। ਨਵੀਂ ਪੀੜ੍ਹੀ ਵਲੈਤੀ ਸੁਪਨੇ ਦੇਖਦੀ ਹੈ। ਸਾਡਾ 'ਅਸਲੀ' ਮੁੱਖ ਮੰਤਰੀ ਪੰਜਾਬ ਨੂੰ ਕੈਲੀਫੋਰਨੀਆ ਬਣਾਉਣ ਦੇ ਸੁਪਨੇ ਦਿਖਾਉਂਦਾ ਸੀ।

ਕੈਨੇਡਾ ਦਾ ਪ੍ਰਧਾਨ ਮੰਤਰੀ ਪੰਜਾਬ 'ਚ ਆਵੇ ਤਾਂ ਅਸੀਂ ਅੱਡੀਆਂ ਚੁੱਕ ਚੁੱਕ ਦੇਖਦੇ ਹਾਂ, ਜਿਵੇਂ ਪੰਜਾਬ ਦਾ ਜੁਆਈ ਭਾਈ ਆਇਆ ਹੋਵੇ। ਇੱਥੋਂ ਤੱਕ ਕਿ ਦਰਬਾਰ ਸਾਹਿਬ ਦੇ ਲੰਗਰ ਦੀ ਮਰਿਆਦਾ ਵੀ ਸਾਨੂੰ ਭੁੱਲ ਜਾਂਦੀ ਹੈ।

ਆਮ ਹਾਲਤਾਂ ਵਿਚ ਕਿਸੇ ਮੋਨੇ ਬੰਦੇ ਨੂੰ ਦਰਬਾਰ ਸਾਹਿਬ ਦੇ ਲੰਗਰ 'ਚ ਫੁਲਕੇ ਬਣਾਉਣ ਦੀ ਇਜਾਜ਼ਤ ਨਹੀਂ ਹੈ। ਪੰਜਾਬ ਦੇ ਕਿਸੇ ਡੇਰੇ 'ਚ ਲੰਗਰ ਛਕਣ ਲਈ 'ਜਿਮੀਂਦਾਰਾਂ ਦੇ ਭਾਂਡੇ' ਅਲੱਗ ਹਨ; ਕਿਤੇ ਗੁਰਦੁਆਰੇ 'ਚ ਦਲਿਤ ਦੀ ਲੜਕੀ ਦੀਆਂ ਲਾਵਾਂ ਨਹੀਂ ਪੜ੍ਹੀਆਂ ਜਾ ਸਕਦੀਆਂ; ਕਿਤੇ ਦਲਿਤ ਦੀ ਮ੍ਰਿਤਕ ਮਾਂ ਦਾ ਭੋਗ ਨਹੀਂ ਪਾਇਆ ਜਾ ਸਕਦਾ। ਕਿਹੜੀ ਮਰਿਆਦਾ ਸੀ, ਜੋ ਅਸੀਂ ਟਰੂਡੋ ਲਈ ਤੋੜਨ ਨੂੰ ਤਿਆਰ ਨਹੀਂ ਸੀ।

ਪੰਜਾਬੀ ਬਚੇਗੀ ਜੇ ਪੰਜਾਬ ਬਚੇਗਾ। ਪੰਜਾਬ ਬਚੇਗਾ ਜੇ ਅਸੀਂ ਇਸ ਨੂੰ ਜੀਣ ਦੇਵਾਂਗੇ। ਪੰਜਾਬੀ ਬਚਾਉਣ ਲਈ ਪੰਜਾਬ ਨੂੰ ਜਾਤੀ ਹੈਂਕੜ, ਅਵੈੜ ਅਤੇ ਫੂੜ੍ਹ ਮਾਨਸਿਕਤਾ ਤੋਂ ਆਜ਼ਾਦ ਕਰਨ ਦੀ ਲੋੜ ਹੈ।

***###***

# ਕਿਊਬੈਕ ਅਸੈਂਬਲੀ ਵਿਚ ਕਿਰਪਾਨ ਲਿਜਾਣ ਉਤੇ ਪਾਬੰਦੀ ਰਹੇਗੀ ਜਾਰੀ

**ਟੋਰਾਂਟੋ:** ਕੈਨੇਡਾ ਦੀ ਅਦਾਲਤ ਨੇ ਕਿਊਬੈਕ ਅਸੈਂਬਲੀ 'ਚ ਸਿੱਖਾਂ ਦੇ ਕਿਰਪਾਨ ਧਾਰਨ ਕਰ ਕੇ ਆਉਣ ਉਤੇ ਲੱਗੀ ਪਾਬੰਦੀ ਨੂੰ ਬਹਾਲ ਰੱਖਿਆ ਹੈ। ਅਦਾਲਤ ਦਾ ਇਹ ਫੈਸਲਾ ਉਸ ਸਮੇਂ ਆਇਆ ਹੈ ਜਦੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਭਾਰਤ ਦੇ ਦੌਰੇ ਉਤੇ ਸਨ ਜਿਥੇ ਉਹ ਘੱਟ ਗਿਣਤੀਆਂ ਨਾਲ ਆਪਣੇ ਗਿਲੇ-ਸ਼ਿਕਵੇ ਦੂਰ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਸਨ। ਕੈਨੇਡਾ ਦੀ ਵਿਸ਼ਵ ਸਿੱਖ ਜਥੇਬੰਦੀ (ਡਬਲਿਊ.ਐਸ.ਓ.) ਦੇ ਦੋ ਮੈਂਬਰਾਂ ਬਲਪ੍ਰੀਤ ਸਿੰਘ ਅਤੇ ਹਰਮਿੰਦਰ ਕੌਰ ਨੇ ਕਿਊਬੈਕ ਅਸੈਂਬਲੀ ਵੱਲੋਂ ਫਰਵਰੀ 2011 'ਚ ਸਰਬਸੰਮਤੀ ਨਾਲ ਪਾਸ ਕੀਤੇ ਮਤੇ ਨੂੰ ਚੁਣੌਤੀ ਦਿੱਤੀ ਸੀ। ਦੋਵਾਂ ਨੂੰ ਜਨਵਰੀ 2011 ਵਿਚ ਅਸੈਂਬਲੀ ਅੰਦਰ ਦਾਖਲ ਹੋਣ ਤੋਂ ਰੋਕ ਦਿੱਤਾ ਗਿਆ ਸੀ ਕਿਉਂਕਿ ਉਨ੍ਹਾਂ ਆਪਣੀਆਂ ਕਿਰਪਾਨਾਂ ਉਤਾਰਨ ਤੋਂ ਇਨਕਾਰ ਕਰ ਦਿੱਤਾ ਸੀ। ਮਤੇ 'ਚ ਕਿਹਾ ਗਿਆ ਸੀ ਕਿ ਸੁਰੱਖਿਆ ਕਰਮੀਆਂ ਨੂੰ ਕਿਸੇ ਨੂੰ ਵੀ ਅਸੈਂਬਲੀ ਅੰਦਰ ਆਉਣ ਤੋਂ ਰੋਕਣ ਦਾ ਅਧਿਕਾਰ ਹੈ, ਜੋ ਆਪਣੇ ਧਾਰਮਿਕ ਚਿੰਨ੍ਹ ਉਤਾਰਨ ਤੋਂ ਇਨਕਾਰ ਕਰਦਾ ਹੈ। ਦੋਹਾਂ ਨੇ ਅਦਾਲਤ 'ਚ ਬਹਿਸ ਦੌਰਾਨ ਮਤੇ ਨੂੰ ਗੈਰ ਸੰਵਿਧਾਨਕ ਕਰਾਰ ਦਿੱਤਾ ਸੀ ਪਰ ਬਾਅਦ 'ਚ ਕਿਹਾ ਸੀ ਕਿ ਇਹ ਕਾਨੂੰਨੀ ਹੈ ਪਰ ਕਿਸੇ ਉਤੇ ਲਾਗੂ ਨਹੀਂ ਹੁੰਦਾ। ਕਿਊਬੈਕ ਕੋਰਟ ਆਫ ਅਪੀਲ ਦੇ ਜਸਟਿਸ ਪੈਟਰਿਕ ਹੀਲੀ ਨੇ ਸੁਪਰੀਮ ਕੋਰਟ ਦੇ ਫੈਸਲੇ ਦਾ ਹਵਾਲਾ ਦਿੰਦਿਆਂ ਉਨ੍ਹਾਂ ਦੀਆਂ ਦਲੀਲਾਂ ਨੂੰ ਖਾਰਜ ਕਰਦਿਆਂ ਹੇਠਲੀ ਅਦਾਲਤ ਦੇ ਫੈਸਲੇ ਨੂੰ ਬਹਾਲ ਰੱਖਿਆ।

**ਸੁਪਰੀਮ ਕੋਰਟ 'ਚ ਅਪੀਲ ਦੀ ਤਿਆਰੀ:** ਬਲਪ੍ਰੀਤ ਸਿੰਘ ਅਤੇ ਹਰਮਿੰਦਰ ਕੌਰ ਨੇ ਕਿਹਾ ਕਿ ਉਹ ਫੈਸਲੇ ਦੀ ਨਜ਼ਰਸਾਨੀ ਕਰ ਰਹੇ ਹਨ ਅਤੇ ਸੁਪਰੀਮ ਕੋਰਟ 'ਚ ਅਪੀਲ ਪਾਉਣਗੇ। ਸਾਲ 2011 'ਚ ਕਿਊਬੈਕ ਅਸੈਂਬਲੀ ਵਿਚ ਬਹੁਸਭਿਆਚਾਰਵਾਦ ਉਤੇ ਗਰਮਾ-ਗਰਮ ਬਹਿਸ ਦੌਰਾਨ ਕਈ ਸਿੱਖਾਂ ਨੂੰ ਅੰਦਰ ਜਾਣ ਤੋਂ ਰੋਕ ਦਿੱਤਾ ਗਿਆ ਸੀ। 'ਦਿ ਟੋਰਾਂਟੋ ਸਟਾਰ' ਮੁਤਾਬਕ ਅਸੈਂਬਲੀ ਨੂੰ ਸਦਨ ਦੀ ਮਰਿਆਦਾ ਅਨੁਸਾਰ ਆਪਣੇ ਨਿਯਮ ਬਣਾਉਣ ਦਾ ਪੂਰਾ ਹੱਕ ਹੈ।

# ਬਰਤਾਨਵੀ ਸੰਸਦ ਦੇ ਬਾਹਰ ਸਿੱਖ ਉਤੇ ਨਸਲੀ ਹਮਲਾ

**ਲੰਡਨ:** ਬਰਤਾਨਵੀ ਸੰਸਦ ਦੇ ਬਾਹਰ ਇਕ ਸਿੱਖ ਉਤੇ ਨਸਲੀ ਹਮਲਾ ਕੀਤਾ ਗਿਆ। ਮੀਡੀਆ ਰਿਪੋਰਟਾਂ ਮੁਤਾਬਕ ਗੋਰੇ ਹਮਲਾਵਰ ਨੇ 'ਮੁਸਲਮਾਨ ਵਾਪਸ ਜਾਓ' ਆਖਦਿਆਂ ਸਿੱਖ ਦੀ ਪੱਗ ਨੂੰ ਹੱਥ ਪਾ ਲਿਆ ਤੇ ਪੱਗ ਲਹਿਣ ਤੋਂ ਮਸਾਂ ਬਚੀ। ਰਵਨੀਤ ਸਿੰਘ ਘਟਨਾ ਵਾਪਰਨ ਸਮੇਂ ਉਹ ਲੇਬਰ ਪਾਰਟੀ ਨਾਲ ਸਬੰਧਤ ਸਿੱਖ ਐਮ.ਪੀ. ਤਨਮਨਜੀਤ ਸਿੰਘ ਢੇਸੀ ਨੂੰ ਮਿਲਣ ਲਈ ਪੋਰਟਕੁਲਿਸ ਹਾਊਸ ਦੇ ਬਾਹਰ ਕਤਾਰ ਵਿਚ ਖੜੋਤਾ ਸੀ। ਇਹ ਹਾਊਸ ਬਰਤਾਨਵੀ ਸੰਸਦੀ ਅਸਟੇਟ ਦਾ ਹਿੱਸਾ ਹੈ।



ਰੋਜ਼ਨਾਮਾ 'ਦਿ ਇੰਡੀਪੈਂਡੈਂਟ' ਨੂੰ ਘਟਨਾ ਦੀ ਜਾਣਕਾਰੀ ਦਿੰਦਿਆਂ ਰਵਨੀਤ ਸਿੰਘ ਨੇ ਕਿਹਾ, "ਮੈਂ ਪੋਰਟਕੁਲਿਸ ਹਾਊਸ ਦੇ ਬਾਹਰ ਕਤਾਰ ਵਿਚ ਖੜ੍ਹਾ ਸੀ ਕਿ ਇਕ ਬੰਦਾ ਭੱਜਾ ਆਇਆ। ਉਸ ਨੇ ਅਚਾਨਕ ਮੇਰੇ 'ਤੇ ਹਮਲਾ ਕਰ ਦਿੱਤਾ ਤੇ ਮੇਰੀ ਪੱਗ ਲਾਹੁਣ ਦੀ ਕੋਸ਼ਿਸ਼ ਕੀਤੀ। ਇਹ ਢਹਿ ਹੀ ਚੱਲੀ ਸੀ ਕਿ ਮੈਂ ਫੜ ਲਈ। ਜਦੋਂ ਮੈਂ ਰੌਲਾ ਪਾਇਆ ਤਾਂ ਉਹ ਦੌੜ ਗਿਆ।"

ਉਸ ਨੇ ਕਿਹਾ ਕਿ ਹਮਲਾਵਰ ਨੇ ਅਜਿਹੀ ਭਾਸ਼ਾ ਵਿਚ ਨਸਲੀ ਟਿੱਪਣੀਆਂ ਕੀਤੀਆਂ, ਜਿਸ ਨੂੰ ਉਹ ਨਹੀਂ ਸਮਝਦਾ। ਹਮਲਾਵਰ ਗੋਰਾ ਸੀ, ਪਰ ਉਹ ਸ਼ਾਇਦ ਅੰਗਰੇਜ਼ੀ ਨਹੀਂ ਸੀ ਬੋਲ ਰਿਹਾ। ਉਸ ਨੇ ਸ਼ਾਇਦ 'ਮੁਸਲਮਾਨ ਵਾਪਸ ਜਾਓ' ਆਖਿਆ।'

# ਗੋਰੇ ਮਾਡਲ ਨੂੰ ਪੱਗ ਬੰਨ੍ਹਣ ਦਾ ਮਾਮਲਾ ਭਖਿਆ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜੀ.ਯੂ.ਸੀ.ਸੀ.ਆਈ. ਬਰੈਂਡ ਕੰਪਨੀ ਵੱਲੋਂ ਇਕ ਫੈਸ਼ਨ ਸ਼ੋਅ ਵਿਚ ਮਾਡਲਾਂ ਦੇ ਸਿਰ 'ਤੇ ਦਸਤਾਰ ਬੰਨ੍ਹਣ ਦਾ ਗੰਭੀਰ ਨੋਟਿਸ ਲਿਆ ਹੈ ਤੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਕੰਪਨੀ ਨੂੰ ਤੁਰਤ ਮੁਆਫੀ ਮੰਗਣ ਨੂੰ ਕਿਹਾ ਹੈ।



ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਹੈਰਾਨੀ ਵਾਲੀ ਗੱਲ ਹੈ ਕਿ ਕੰਪਨੀ ਦੇ ਮੈਨੇਜਰਾਂ ਨੇ ਆਪਣੇ ਬਰਾਂਡ ਦੀ ਪ੍ਰੋਮੋਸ਼ਨ ਲਈ ਜਿਵੇਂ ਦਿਲ ਕੀਤਾ, ਉਵੇਂ ਦਸਤਾਰ ਬੰਨ੍ਹਣ ਦੀ ਚੋਣ ਕੀਤੀ। ਉਨ੍ਹਾਂ ਬੰਦਿਆਂ ਦੇ ਸਿਰਾਂ 'ਤੇ ਦਸਤਾਰ ਬੰਨ੍ਹੀ ਗਈ ਜਿਨ੍ਹਾਂ ਦਾ ਸਿੱਖੀ ਨਾਲ ਕੋਈ ਵਾਹ ਵਾਸਤਾ ਨਹੀਂ ਹੈ। ਦਸਤਾਰ ਕੋਈ ਆਮ ਸਾਧਾਰਨ ਕਪੜੇ ਦਾ ਟੁਕੜਾ ਨਹੀਂ, ਬਲਕਿ ਗੁਰੂ ਸਾਹਿਬਾਨ ਵੱਲੋਂ ਦੱਸੇ ਸਿੱਖ ਜੀਵਨ ਦਾ ਅਹਿਮ ਤੇ ਅਨਿੱਖੜਵਾਂ ਅੰਗ ਹੈ।

ਉਨ੍ਹਾਂ ਕਿਹਾ ਕਿ ਕੰਪਨੀ ਨੇ ਅਜਿਹਾ ਸ਼ੋਅ ਕਰਵਾਉਣ ਤੋਂ ਪਹਿਲਾਂ ਸਿੱਖ ਆਗੂਆਂ ਨਾਲ ਸਲਾਹ ਕਰਨ ਦੀ ਵੀ ਪਰਵਾਹ ਨਹੀਂ ਕੀਤੀ। ਸਿਰਫ ਮਸ਼ਹੂਰੀ ਲਈ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਈ। ਸਿਰਸਾ ਨੇ ਕਿਹਾ ਕਿ ਦਸਤਾਰ ਫੈਸ਼ਨ ਅਸੈਸਰੀ ਦਾ ਹਿੱਸਾ ਨਹੀਂ ਹੈ ਜਿਸ ਦੀ ਵਰਤੋਂ ਕੰਪਨੀ ਨੇ ਆਪਣੀ ਮਰਜ਼ੀ ਮੁਤਾਬਕ ਕੀਤੀ ਹੈ। ਚੰਗਾ ਹੁੰਦਾ ਜੇ ਕੰਪਨੀ ਦਸਤਾਰ ਨੂੰ ਪ੍ਰੋਮੋਟ ਕਰਨ ਵਾਸਤੇ ਸਿੱਖਾਂ ਨੂੰ ਆਪਣੇ ਨਾਲ ਲੈਂਦੀ ਪਰ ਇਸ ਨੇ ਉਨ੍ਹਾਂ ਦੇ ਸਿਰਾਂ 'ਤੇ ਦਸਤਾਰ ਬੰਨ੍ਹਣ ਦਾ ਫੈਸਲਾ ਕੀਤਾ ਜਿਨ੍ਹਾਂ ਨੂੰ ਸਿੱਖ ਭਾਈਚਾਰੇ ਲਈ ਇਸ ਦੀ ਮਹੱਤਤਾ ਦੀ ਜਾਣਕਾਰੀ ਵੀ ਨਹੀਂ ਹੈ। ਕੰਪਨੀ ਦਾ ਇਹ ਕਦਮ ਵਿਵਾਦ ਵਾਲਾ ਹੈ ਤੇ ਉਨ੍ਹਾਂ ਨੇ ਦੁਨੀਆਂ ਭਰ ਵਿਚ ਰਹਿੰਦੇ ਸਿੱਖ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਮੀਡੀਆ ਰਾਹੀਂ, ਕਾਨੂੰਨੀ ਨੋਟਿਸ ਭੇਜ ਕੇ ਤੇ ਆਪਣੇ ਚੁਣੇ ਹੋਏ ਸਦਨਾਂ ਵਿਚ ਇਸ ਖਿਲਾਫ ਆਵਾਜ਼ ਬੁਲੰਦ ਕਰਨ।


Michigan Truck Driving School
6405 Middlebelt Road, Romulus, MI 48174
ਸਭ ਸਹੂਲਤਾਂ ਨਾਲ ਲੈਸ ਨਵਾਂ ਟਰੱਕ ਡਰਾਈਵਿੰਗ ਸਕੂਲ


*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
Raj Jamarai Cell:734-644-1010 Office:734-747-4298



Friends Of Punjab Foundation


ਤੁਹਾਡੇ ਬਚਪਨ ਦੀਆਂ ਯਾਦਾਂ ਸਾਂਭੀ ਬੈਠੇ ਪਿੰਡ ਦੇ ਗਰੀਬ ਲੋਕ ਮਦਦ ਲਈ ਤੁਹਾਡੇ ਵੱਲ ਝਾਕ ਰਹੇ ਹਨ
ਮੇਰਾ ਪਿੰਡ
ਸਾਡੇ ਪਿੰਡਾਂ (ਮੇਰਾ ਪਿੰਡ) ਦੇ ਜ਼ਿੰਦਗੀ ਨਾਲ ਜੂਝ ਰਹੇ ਗਰੀਬ ਪਰਿਵਾਰਾਂ ਲਈ ਤੁਹਾਡੀ ਮਦਦ ਕੀ ਕਰ ਸਕਦੀ ਹੈ?
*ਹੁਸ਼ਿਆਰ ਬੱਚਿਆਂ ਲਈ ਉਚੇਰੀ ਸਿੱਖਿਆ
*ਵਿਧਵਾ ਔਰਤਾਂ, ਜਿਨ੍ਹਾਂ ਨੂੰ ਦਿਹਾੜੀ ਕਰਨ ਅਤੇ ਛੋਟੇ ਛੋਟੇ ਬਾਲਾਂ ਦੀ ਸੰਭਾਲ ਵਿਚੋਂ ਇਕ ਨੂੰ ਚੁਣਨਾ ਪੈਂਦਾ ਹੈ, ਲਈ ਮਾਲੀ ਮਦਦ
*ਤਰਸ ਦਾ ਪਾਤਰ ਬਣੇ ਸਰੀਰਕ ਅਤੇ ਮਾਨਸਿਕ ਤੌਰ 'ਤੇ ਨਕਾਰਾ ਲੋਕਾਂ ਲਈ ਮਦਦ
*ਮਾੜੀ ਸਿਹਤ ਤੇ ਪੈਸੇ ਦੀ ਤੰਗੀ ਨਾਲ ਜੂਝ ਰਹੇ ਸੰਤਾਨਹੀਣ ਬਜ਼ੁਰਗਾਂ ਲਈ ਆਸਰਾ
*ਉਨ੍ਹਾਂ ਛੋਟੇ ਕਿਸਾਨਾਂ ਲਈ ਮਦਦ, ਜੋ ਆਪਣੀਆਂ ਰੋਜ਼ ਦੀਆਂ ਲੋੜਾਂ ਪੂਰੀਆਂ ਕਰਨ ਅਤੇ ਜ਼ਿੰਦਗੀ ਨੂੰ ਅੱਗੇ ਤੋਰਨ ਦੇ ਅਸਮਰਥ ਹਨ।
ਕੁਝ ਪਿੰਡਾਂ ਦੇ ਕਈ ਅਜਿਹੇ ਪਰਿਵਾਰ ਖੁਸ਼ਕਿਸਮਤ ਹਨ ਕਿ ਉਨ੍ਹਾਂ ਨੂੰ ਆਪਣੇ ਪਿੰਡ ਦੇ ਪਰਵਾਸੀਆਂ ਤੋਂ ਮਦਦ ਮਿਲ ਰਹੀ ਹੈ। ਹੋਰ ਕਈਆਂ ਨੂੰ ਜਲਦ ਹੀ 'ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ' ਵਲੋਂ ਮਦਦ ਮਿਲਣ ਲੱਗੇਗੀ।
ਆਪਣਾ ਪਿੰਡ ਅਪਨਾਓ, ਅਸੀਸਾਂ ਪਾਓ।
ਫਾਊਂਡੇਸ਼ਨ ਆਪ ਪੈਸੇ ਨਹੀਂ ਉਗਰਾਹੁੰਦੀ, ਸਿਰਫ ਸਹੀ ਤਰੀਕੇ ਨਾਲ ਮਦਦ ਪਹੁੰਚਾਉਣ ਵਿਚ ਸਹਾਈ ਹੁੰਦੀ ਹੈ।
ਜ਼ਿੰਦਗੀ ਨਾਲ ਜੂਝ ਰਹੇ ਪਰਿਵਾਰਾਂ ਲਈ ਤੁਹਾਡੀ ਮਦਦ ਛੋਟੀ ਹੋਵੇ ਜਾਂ ਵੱਡੀ, ਸਭ ਤੋਂ ਕਾਰਗਰ ਤਰੀਕੇ ਨਾਲ ਅਜਿਹਾ ਕਰਨਾ ਹੇਠ ਦਿੱਤੇ ਫੋਨ ਨੰਬਰ ਰਾਹੀਂ ਸੰਪਰਕ ਕਰੋ
ਭੁਪਿੰਦਰ ਸਿੰਘ ਹੁੰਦਲ, ਫੋਨ: 630-802-2179
www.friendsofpunjabfoundation.org



TRUCK STOP 40
SAYRE, OK 73662
ਰੋਟੀ ਬਣਾਉਣ ਵਾਲੇ ਅਤੇ ਗੈਸ ਸਟੇਸ਼ਨ ਲਈ ਕੈਸ਼ੀਅਰ ਦੀ ਲੋੜ ਹੈ

ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ
ਸੰਪਰਕ ਕਰੋ:
ਫੋਨ: 832-512-7172
580-447-9366

# ਪੰਜਾਬੀ ਗਾਇਕੀ ਦੀ ਅਮਰ ਜੋੜੀ-ਚਮਕੀਲਾ ਤੇ ਅਮਰਜੋਤ

**ਬਰਸੀ 'ਤੇ ਵਿਸ਼ੇਸ਼**

ਅਮਰ ਸਿੰਘ ਚਮਕੀਲਾ ਤੇ ਅਮਰਜੋਤ ਦੀ ਗਾਇਕ ਜੋੜੀ ਤੀਹ ਸਾਲ ਪਹਿਲਾਂ ਦੁਨੀਆਂ ਛੱਡਣ ਪਿਛੋਂ ਵੀ ਆਪਣੇ ਗੀਤਾਂ ਸਦਕਾ ਸਰੋਤਿਆਂ ਦੇ ਦਿਲਾਂ 'ਚ ਅੱਜ ਵੀ ਵਸੀ ਹੋਈ ਹੈ।

ਕਣਕ-ਵੰਨਾ ਰੰਗ, ਗੁੰਦਵਾਂ ਭਰਵਾਂ ਸਰੀਰ, ਸਾਦਾ ਪਹਿਰਾਵਾ ਹੱਸਮੁਖ ਸੁਭਾਅ ਦੀ ਮਾਲਕ ਅਮਰਜੋਤ ਪੰਜਾਬੀ ਗਾਇਕੀ ਵਿਚ ਲੰਮਾ ਸਮਾਂ ਸੁਣੀ ਜਾਣ ਵਾਲੀ ਇੱਕ ਅਮਰ ਗਾਇਕਾ ਹੈ। ਭਾਵੇਂ ਅਮਰਜੋਤ ਦੀ ਪਛਾਣ ਅਮਰ ਸਿੰਘ ਚਮਕੀਲਾ ਨਾਲ ਜੁੜੀ ਹੋਈ ਹੈ ਪਰ ਚਮਕੀਲੇ ਨਾਲ ਜੋੜੀ ਬਣਨ ਤੋਂ ਪਹਿਲਾਂ ਉਸ ਨੇ ਕੁਝ ਸਮਾਂ ਪਿਆਰਾ ਸਿੰਘ ਪੰਛੀ, ਕਰਨੈਲ ਗਿੱਲ, ਧੰਨਾ ਸਿੰਘ ਰੰਗੀਲਾ ਅਤੇ ਕੁਲਦੀਪ ਮਾਣਕ ਨਾਲ ਵੀ ਸਟੇਜਾਂ ਕੀਤੀਆਂ। ਜਦ



**ਸੁਰਜੀਤ ਜੱਸਲ**
ਫੋਨ: 91-981460-7737

ਅਮਰਜੋਤ ਕੌਰ ਨੇ ਪੰਜਾਬੀ ਗਾਇਕੀ ਦੇ ਵਿਹੜੇ ਪੈਰ ਧਰਿਆ, ਉਦੋਂ ਵਿਆਹ ਸਾਹਿਆਂ ਮੌਕੇ ਗਾਇਕਾਂ ਦੇ ਅਖਾੜਿਆਂ ਦਾ ਬਹੁਤ ਰਿਵਾਜ ਸੀ। ਮੁਹੰਮਦ ਸਦੀਕ-ਰਣਜੀਤ ਕੌਰ, ਕਰਤਾਰ ਰਮਲਾ-ਸੁੱਖੀ, ਸੁਰਿੰਦਰ ਛਿੰਦਾ-ਗੁਲਸ਼ਨ ਕੋਮਲ, ਦੀਦਾਰ ਸੰਧੂ-ਸਨੇਹ ਲਤਾ ਆਦਿ ਗਾਇਕ ਜੋੜੀਆਂ ਵਿਸ਼ੇਸ਼ ਪਛਾਣ ਰੱਖਦੀਆਂ ਸਨ। ਬਹੁਤ ਸਾਰੀਆਂ ਅਜਿਹੀਆਂ ਗਾਇਕਾਵਾਂ ਵੀ ਸਨ ਜੋ ਵੱਖ ਵੱਖ ਗਾਇਕਾਂ ਨਾਲ ਅਖਾੜੇ ਲਾਉਣ ਜਾਂਦੀਆਂ। ਇਨ੍ਹਾਂ ਦਾ ਕਿਸੇ ਨਾਲ ਪੱਕਾ ਸੈਟ ਨਹੀਂ ਸੀ। ਅਮਰਜੋਤ ਵੀ ਵੱਖ ਵੱਖ ਗਾਇਕਾਂ ਨਾਲ ਟੁੱਟਵੇਂ ਪ੍ਰੋਗਰਾਮਾਂ 'ਤੇ ਜਾਂਦੀ। ਫਿਰ ਅਮਰਜੋਤ ਦਾ ਕੁਲਦੀਪ ਮਾਣਕ ਨਾਲ ਸੈਟ ਬਣ ਗਿਆ। ਉਦੋਂ ਅਮਰਜੋਤ ਅੱਲ੍ਹੜ ਮੁਟਿਆਰ ਸੀ।

ਗਾਇਕ ਬਣਨ ਤੋਂ ਪਹਿਲਾਂ ਅਮਰਜੋਤ ਅਥਲੈਟਿਕਸ ਦੀ ਖਿਡਾਰਨ ਸੀ ਜਿਸ ਕਰਕੇ ਉਸ ਦਾ ਫੁਰਤੀਲਾ ਤੇ ਗਠਿਆ ਸਰੀਰ, ਗੋਲਮੋਲ ਚਿਹਰਾ ਹੋਰ ਗਾਇਕਾਵਾਂ ਦੇ ਮੁਕਾਬਲੇ ਸਟੇਜਾਂ 'ਤੇ ਸਰੋਤਿਆਂ ਨੂੰ ਵਧੇਰੇ ਆਕਰਸ਼ਤ ਕਰਦਾ। ਲੋਕ ਮਾਣਕ ਦੇ ਅਖਾੜਿਆਂ ਵਿਚ ਅਮਰਜੋਤ ਨੂੰ ਵੇਖਣ ਲਈ ਦੂਰੋਂ ਦੂਰੋਂ ਚੱਲ ਕੇ ਆਉਂਦੇ। ਮਾਣਕ ਨਾਲ ਅਮਰਜੋਤ ਨੇ ਲਗਭਗ ਚਾਰ ਸਾਲ ਪ੍ਰੋਗਰਾਮ ਕੀਤੇ। ਇਸ ਦੌਰਾਨ ਮਾਣਕ ਨਾਲ ਦੋਗਾਣਿਆਂ ਦਾ ਇੱਕ ਐਲ. ਪੀ. ਰਿਕਾਰਡ ਵੀ ਆਇਆ ਜਿਸ ਵਿਚ ਮਾਣਕ ਤੇ ਅਮਰਜੋਤ ਦੇ ਗਾਏ ਚਾਰ ਦੋਗਾਣੇ 'ਜਾਗੋ ਛੜਿਓ ਵਿਆਹ ਕਰਵਾ ਲਓ ਵੇਚ ਕੇ ਮੱਝੀਆਂ ਗਾਈਆਂ', 'ਇੱਕ ਤੂੰ ਹੋਵੇਂ ਇੱਕ ਮੈਂ ਹੋਵਾਂ', 'ਲੈ ਗਿਆ ਮੇਰੀ ਜਿੰਦ ਕੱਢ ਕੇ', 'ਸਿਖਰ ਦੁਪਹਿਰੇ ਡੰਗ ਦਿੱਤਾ ਗੱਭਰੂ ਨੀਂ ਪਾ ਕੇ ਸੁਰਮਾ ਅੱਖਾਂ ਦੇ ਵਿਚ ਕਾਲਾ' ਬੇਹੱਦ ਮਕਬੂਲ ਹੋਏ। ਇਸ ਤੋਂ ਪਹਿਲਾਂ ਅਮਰਜੋਤ ਦੇ ਪਿਆਰਾ ਸਿੰਘ ਪੰਛੀ ਨਾਲ ਵੀ ਦੋ ਗੀਤ-'ਅੱਜ ਪਰਚਾ ਸਾਇੰਸ ਦਾ' ਅਤੇ 'ਕੱਚੀ ਨੀਂਦ ਨਾ ਜਗਾਈਏ ਮੁਕਲਾਵੇ ਆਈ ਨੂੰ' ਵੀ ਰਿਕਾਰਡ ਹੋ ਚੁਕੇ ਸਨ।

ਲੁਧਿਆਣਾ ਗਾਇਕ ਮੰਡੀ ਦਾ ਰਿਵਾਜ ਸੀ ਕਿ ਇੱਥੇ ਕਿਸੇ ਜੋੜੀ ਦਾ ਸੈਟ ਬਹੁਤੀ ਦੇਰ ਟਿਕਦਾ ਨਹੀਂ ਸੀ। ਅਮਰਜੋਤ ਤੋਂ ਪਹਿਲਾਂ ਮਾਣਕ ਨਾਲ ਸਤਿੰਦਰ ਬੀਬਾ, ਪ੍ਰਕਾਸ਼ ਕੌਰ ਸੋਢੀ, ਗੁਲਸ਼ਨ ਕੋਮਲ, ਕੁਲਦੀਪ ਕੌਰ, ਪਰਮਿੰਦਰ ਕੌਰ ਆਦਿ ਗਾ ਚੁਕੀਆਂ ਸਨ। ਚਾਰ ਸਾਲ ਇਕੱਠੇ ਗਾ ਕੇ ਆਖਿਰ ਕਿਸੇ ਕਾਰਨ ਅਮਰਜੋਤ ਨੇ ਵੀ ਮਾਣਕ ਤੋਂ ਪਾਸਾ ਵੱਟ ਲਿਆ।

ਮਾਣਕ ਨਾਲੋਂ ਵੱਖ ਹੋਈ ਅਮਰਜੋਤ ਨੂੰ ਪਾਉਣ ਲਈ ਕਈ ਗਾਇਕਾਂ ਵਿਚ ਦੌੜ ਲੱਗੀ ਪਰ ਬਾਜ਼ੀ ਅਮਰ ਸਿੰਘ ਚਮਕੀਲਾ ਮਾਰ ਗਿਆ। ਅਮਰਜੋਤ ਪਹਿਲਾਂ ਚਮਕੀਲੇ ਨੂੰ ਗਾਇਕੀ ਖੇਤਰ ਵਿਚ ਨਵਾਂ ਸਮਝਣ ਕਰਕੇ ਸਹਿਮਤ ਨਹੀਂ ਸੀ ਪਰ ਜਦ ਉਸ ਨੂੰ ਪਤਾ ਲੱਗਾ ਕਿ ਸੁਰਿੰਦਰ ਸੋਨੀਆ ਨਾਲ ਇਸ ਦੇ ਕਈ ਗੀਤ ਆ ਚੁਕੇ ਹਨ ਤਾਂ ਉਹ ਸਹਿਮਤ ਹੋ ਗਈ। ਅਮਰਜੋਤ ਦੇ ਪਰਿਵਾਰਕ ਮੈਂਬਰਾਂ ਦੀ ਇਹ ਸ਼ਰਤ ਸੀ ਕਿ ਜਿਸ ਨਾਲ ਵੀ ਅਮਰਜੋਤ ਗਾਵੇਗੀ, ਉਸ ਨਾਲ ਪੱਕਾ ਸੈਟ ਬਣਾ ਕੇ ਹੀ ਗਾਵੇਗੀ ਤੇ ਉਸੇ ਨਾਲ ਹੀ ਰਿਕਾਰਡਿੰਗ ਕਰਵਾਏਗੀ। ਚਮਕੀਲਾ ਵੀ ਇਹੋ ਚਾਹੁੰਦਾ ਸੀ।

ਡੋਗਰ ਬਸਤੀ, ਫਰੀਦਕੋਟ ਦੀ ਵਸਨੀਕ ਅਮਰਜੋਤ ਹੁਰੀਂ ਤਿੰਨ ਭੈਣਾਂ ਸਨ, ਤਿੰਨਾਂ ਨੂੰ ਹੀ ਗਾਇਕੀ ਨਾਲ ਮੋਹ ਸੀ। ਇਨ੍ਹਾਂ ਦੇ ਮਾਤਾ ਰਾਜਬੰਸ ਕੌਰ ਇੱਕ ਘਰੇਲੂ ਔਰਤ ਸੀ ਜਦਕਿ ਪਿਤਾ ਸ. ਗੁਰਚਰਨ ਸਿੰਘ ਲੋਕ ਸੰਪਰਕ ਵਿਭਾਗ ਵਿਚ ਡਰਾਮਾ ਇੰਸਪੈਕਟਰ ਸਨ। ਗਾਇਕ-ਕਲਾਕਾਰਾਂ ਦਾ ਘਰ ਆਉਣ-ਜਾਣ ਸੀ ਤੇ ਉਨ੍ਹਾਂ ਤੋਂ ਪ੍ਰਭਾਵਤ ਹੋ ਕੇ ਹੀ ਉਸ ਨੇ ਗਾਉਣ ਦਾ ਸ਼ੌਕ ਪਾਲਿਆ।

ਅਮਰਜੋਤ ਤੇ ਚਮਕੀਲਾ ਲੁਧਿਆਣੇ ਹੀ ਕਿਰਾਏ 'ਤੇ ਕਮਰਾ ਲੈ ਕੇ ਰਿਹਰਸਲਾਂ ਕਰਨ ਲੱਗੇ। ਬਹੁਤ ਜਲਦ ਅਮਰਜੋਤ ਨੂੰ ਮਹਿਸੂਸ ਹੋ ਗਿਆ ਕਿ ਚਮਕੀਲੇ ਨਾਲ ਉਸ ਦੀ ਗਾਇਕੀ ਇੱਕ ਵੱਖਰਾ ਮੁਕਾਮ ਸਿਰਜੇਗੀ। ਜਿੱਥੇ ਚਮਕੀਲਾ ਕਲਮ, ਆਵਾਜ਼ ਅਤੇ ਸਾਜ਼ਾਂ ਦਾ ਧਨੀ ਸੀ, ਉਥੇ ਅਮਰਜੋਤ ਵਧੀਆ ਆਵਾਜ਼ ਤੇ ਸਟੇਜੀ ਅੰਦਾਜ਼ ਵਾਲੀ ਕਲਾਕਾਰਾ ਸੀ। ਦੋਹਾਂ ਦੇ ਸੁਰਤਾਲ ਦਾ ਇੰਨਾ ਸਫਲ ਮੇਲ ਹੋਇਆ ਕਿ ਉਹ ਇੱਕ ਦੂਜੇ ਦੇ ਪੂਰਕ ਹੋ ਨਿਬੜੇ। ਅਮਰ ਸਿੰਘ ਚਮਕੀਲੇ ਦੇ ਅਸੂਲ, ਸੁਭਾਅ, ਸਟੇਜ ਪੇਸ਼ਕਾਰੀ ਦਾ ਅੰਦਾਜ਼ ਬਹੁਤ ਵੱਖਰਾ ਸੀ। ਉਹ ਪ੍ਰੋਗਰਾਮ ਦੌਰਾਨ ਸਭ ਨੂੰ ਸਤਿਕਾਰ ਦਿੰਦਾ। ਸਰੋਤਿਆਂ ਦੀਆਂ ਭਾਵਨਾਵਾਂ ਦੀ ਉਹ ਦਿਲੋਂ ਕਦਰ ਕਰਦਾ। ਅਮਰਜੋਤ ਤੇ ਚਮਕੀਲੇ ਦੀ ਜੋੜੀ ਦੀ ਚਰਚਾ ਪਿੰਡ ਪਿੰਡ ਹੋਣ ਲੱਗੀ ਤੇ ਚਮਕੀਲੇ ਦੇ ਅਖਾੜਿਆਂ ਦੀ ਗਿਣਤੀ ਵਧਣ ਲੱਗੀ।

ਚਮਕੀਲਾ ਗਰੀਬ ਪਰਿਵਾਰ 'ਚੋਂ ਉਠਿਆ ਲੁਧਿਆਣੇ ਦੀਆਂ ਮਿੱਲਾਂ ਵਿਚ ਦਿਨ ਰਾਤ ਪਸੀਨਾ ਵਹਾਉਣ ਵਾਲਾ ਇੱਕ ਕਾਮਾ ਸੀ। ਪੰਜ-ਸੱਤ ਜਮਾਤਾਂ ਪੜ੍ਹੇ ਇਸ ਅਲੂਏਂ ਜਿਹੇ ਮੁੰਡੇ ਨੂੰ ਪਹਿਲਾਂ ਗੀਤ ਲਿਖਣ ਦਾ ਸ਼ੌਕ ਸੀ ਜੋ ਗਾਇਕ ਸੁਰਿੰਦਰ ਛਿੰਦੇ ਕੋਲ ਲੈ ਆਇਆ, ਜਿੱਥੇ ਉਸ ਦੀ ਕਿਸਮਤ ਨੇ ਰੰਗ ਵਿਖਾਇਆ ਤੇ ਉਹ ਧਨੀ ਰਾਮ ਤੋਂ ਅਮਰ ਸਿੰਘ ਚਮਕੀਲਾ ਬਣ ਗਿਆ। ਛਿੰਦੇ ਦੇ ਚਰਨੀਂ ਲੱਗ ਉਹ ਗੀਤ ਲੇਖਣੀ, ਹਾਰਮੋਨੀਅਮ ਵਜਾਉਣ ਅਤੇ ਗੀਤਾਂ ਦੀਆਂ ਤਰਜਾਂ ਬਣਾਉਣ ਵਿਚ ਮੁਹਾਰਤ ਖੱਟ ਗਿਆ। ਉਹ ਛਿੰਦੇ ਦੀਆਂ ਸਟੇਜਾਂ 'ਤੇ ਹੀ




ਇੱਕ ਦੋ ਗੀਤ ਵੀ ਗਾ ਲੈਂਦਾ। ਜਦ ਉਸ ਨੇ ਪਰਪੱਕ ਹੋ ਕੇ ਉਸਤਾਦ ਤੋਂ ਆਸ਼ੀਰਵਾਦ ਲੈ ਕੇ ਗਾਇਕੀ ਦੇ ਅੰਬਰਾਂ 'ਤੇ ਪਰਵਾਜ਼ ਭਰੀ ਤਾਂ ਹਰ ਪਾਸੇ ਚਮਕੀਲਾ-ਚਮਕੀਲਾ ਹੋਣ ਲੱਗੀ।

ਅਮਰਜੋਤ ਨਾਲ ਸੈਟ ਬਣਨ ਤੋਂ ਪਹਿਲਾਂ ਉਹ ਸੁਰਿੰਦਰ ਸੋਨੀਆ ਨਾਲ ਗਾਉਂਦਾ ਸੀ। ਸੋਨੀਆ ਨਾਲ ਹੀ ਚਮਕੀਲੇ ਦੇ ਚਾਰ ਗੀਤਾਂ ਦੇ ਦੋ ਈ. ਪੀ. ਰਿਕਾਰਡ 'ਟਕੂਏ 'ਤੇ ਟਕੂਆ ਖੜਕੇ' ਅਤੇ 'ਬਾਪੂ ਸਾਡਾ ਗੁੰਮ ਹੋ ਗਿਆ' ਆਏ, ਜਿਸ ਨਾਲ ਚਮਕੀਲੇ ਦੀ ਗਾਇਕੀ ਸਰੋਤਿਆਂ 'ਚ ਪ੍ਰਵਾਨ ਚੜ੍ਹੀ। ਅਮਰਜੋਤ ਨਾਲ ਮੇਲ ਹੋਣ ਮਗਰੋਂ ਦੋਹਾਂ ਦਾ 'ਸਿਤਾਰਾ' ਹੋਰ ਚਮਕ ਪਿਆ ਤੇ ਇਹ ਜੋੜੀ ਰਾਤੋ-ਰਾਤ ਸ਼ੁਹਰਤ ਦੀਆਂ ਸਿਖਰਾਂ ਨੂੰ ਛੋਹਣ ਲੱਗੀ। ਚਮਕੀਲੇ ਦੀ ਗਾਇਕੀ ਆਮ ਗਾਇਕਾਂ ਤੋਂ ਹਟ ਕੇ ਨਵੇਂ ਖੂਨ ਦੇ ਸੋਚ ਦੀ ਸੀ।

ਅਮਰਜੋਤ ਦੀ ਇੱਕ ਸਿਫਤ ਸੀ ਕਿ ਸਟੇਜ 'ਤੇ ਗਾਉਂਦਿਆਂ ਉਸ ਦਾ ਪਹਿਰਾਵਾ ਬਿਲਕੁਲ ਸਾਦਾ ਤੇ ਆਮ ਔਰਤਾਂ ਵਰਗਾ ਹੀ ਹੁੰਦਾ ਸੀ। ਸਿੱਧੇ ਵਾਲ ਵਾਹ ਕੇ ਗਿੱਚੀ ਤੋਂ ਉਚਾ ਜੂੜਾ ਕਰਨਾ, ਉਸ ਨੂੰ ਚੰਗਾ ਲੱਗਦਾ ਸੀ। ਚੁੰਨੀ ਦੀ ਮਰਿਆਦਾ ਸਮਝਣ ਵਾਲੀ ਅਮਰਜੋਤ ਜ਼ਿਆਦਾਤਰ ਸਿਰ ਤੇ ਹਿੱਕ ਨੂੰ ਢੱਕ ਕੇ ਰੱਖਦੀ। ਪ੍ਰੋਗਰਾਮਾਂ ਦੌਰਾਨ ਹੱਸਦੇ-ਖੇਡਦੇ ਰਹਿਣਾ ਉਸ ਦਾ ਸੁਭਾਅ ਸੀ। ਸਟੇਜ 'ਤੇ ਹਰ ਛੋਟੇ-ਵੱਡੇ ਕਲਾਕਾਰ ਨਾਲ ਉਸ ਦਾ ਇੱਕੋ ਵਰਤਾਓ ਹੁੰਦਾ। ਗਾਇਕੀ ਉਸ ਦਾ ਪੇਸ਼ਾ ਸੀ ਪਰ ਸਮਾਜਕ ਦਾਇਰੇ ਵਿਚ ਵਿਚਰਨਾ ਉਸ ਨੂੰ ਦਿਲੀ ਸਕੂਨ ਦਿੰਦਾ। ਜਿੱਥੇ ਪ੍ਰੋਗਰਾਮ ਕਰਨ ਜਾਣਾ ਹੁੰਦਾ, ਉਸ ਵਿਆਹ ਵਾਲੇ ਘਰ ਦੀਆਂ ਔਰਤਾਂ 'ਚ ਬਹਿ ਕੇ ਗੱਲਾਂ ਬਾਤਾਂ ਕਰਨਾ ਉਸ ਨੂੰ ਚੰਗਾ ਲੱਗਦਾ। ਉਸ ਦਾ ਸੁਭਾਅ ਵੇਖ ਪਿੰਡ ਦੀਆਂ ਔਰਤਾਂ ਵੀ ਉਸ ਨੂੰ ਪਿਆਰ ਕਰਦੀਆਂ। ਇਨ੍ਹਾਂ ਦੇ ਅਖਾੜਿਆਂ ਵਿਚ ਸਟੇਜ ਅੱਗੇ ਮਰਦ ਸਰੋਤੇ ਗਾਇਕੀ ਦਾ ਅਨੰਦ ਮਾਣਦੇ ਜਦਕਿ ਔਰਤਾਂ ਨੇੜੇ ਦੇ ਘਰਾਂ ਦੇ ਕੋਠਿਆਂ 'ਤੇ ਚੜ੍ਹ ਕੇ ਗੀਤ ਸੁਣਦੀਆਂ। ਅਮਰਜੋਤ ਗੀਤ ਦੇ ਵਿਸ਼ੇ ਮੁਤਾਬਕ ਵਧੀਆ ਪੇਸ਼ਕਾਰੀ ਲਈ ਲੋੜੀਂਦੀ ਅਦਾਕਾਰੀ ਅਤੇ ਚੋਹਲ-ਮੋਹਲ ਵੀ ਕਰ ਲੈਂਦੀ ਸੀ। ਗੀਤ ਨੂੰ ਵੇਖਣਯੋਗ ਬਣਾਉਣ ਦੀ ਅਮਰਜੋਤ ਕੋਲ ਇੱਕ ਖਾਸ ਕਲਾ ਸੀ। ਅਮਰਜੋਤ-ਚਮਕੀਲਾ ਦੇ ਕਈ ਗੀਤ ਇਸ ਪੱਖੋਂ ਬੜੇ ਯਾਦਗਰੀ ਬਣੇ ਹਨ। ਕੁਝ ਗੀਤ (ਤਲਵਾਰ ਮੈਂ ਕਲਗੀਧਰ ਦੀ ਹਾਂ, ਕੀ ਜ਼ੋਰ ਗਰੀਬਾਂ ਦਾ ਮਾਰੀ ਝਿੜਕ ਸੋਹਣਿਆ ਮੁੜ ਗਏ, ਕੁੜੀਓ ਰਾਹ ਛੱਡ ਦਿਓ ਮੇਰੇ ਯਾਰ ਨੇ ਗਲੀ ਦੇ ਵਿਚੋਂ ਲੰਘਣਾ ਆਦਿ) ਅਮਰਜੋਤ ਦੇ ਦਿਲ ਦੇ ਬਹੁਤ ਕਰੀਬ ਸਨ ਜਿਨ੍ਹਾਂ ਨੂੰ ਗਾਉਂਦਿਆਂ ਉਸ ਨੂੰ ਇੱਕ ਵੱਖਰਾ ਸਰੂਰ ਚੜ੍ਹ ਜਾਂਦਾ ਸੀ।

ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ ਸੀ ਕਿ ਚਰਚਿਤ ਗਾਇਕ ਜੋੜੀਆਂ ਦੇ ਸੈਟ ਟੁੱਟਣਾ ਆਮ ਗੱਲ ਹੁੰਦੀ ਸੀ, ਇਸ ਲਈ ਅਮਰ ਸਿੰਘ ਚਮਕੀਲਾ ਤੇ ਅਮਰਜੋਤ ਨੇ ਵਿਆਹ ਕਰਵਾਉਣ ਦਾ ਫੈਸਲਾ ਕੀਤਾ। ਅਮਰਜੋਤ ਤੇ ਚਮਕੀਲੇ ਨੂੰ ਮਿਲਾਉਣ ਵਾਲਾ ਇੱਕ ਢੋਲਕ ਮਾਸਟਰ ਕੇਸਰ ਸਿੰਘ ਟਿੱਕੀ ਸੀ ਜਿਸ ਨਾਲ ਚਮਕੀਲੇ ਦੀ ਗੂੜ੍ਹੀ ਯਾਰੀ ਸੀ। ਇਹ ਬੰਦਾ ਚਮਕੀਲੇ ਨਾਲ ਜ਼ਿੰਦਗੀ ਦੇ ਹਰ ਮੋੜ 'ਤੇ ਖੜ੍ਹਿਆ। ਚਮਕੀਲੇ ਤੇ ਅਮਰਜੋਤ ਦਾ ਵਿਆਹ ਵੀ ਇਸੇ ਮਿੱਤਰ ਦੇ ਘਰ ਫਗਵਾੜੇ ਹੋਇਆ। ਜਿੱਥੇ ਅਮਰਜੋਤ, ਚਮਕੀਲਾ ਤੇ ਕੇਸਰ ਟਿੱਕੀ ਦੇ ਪਰਿਵਾਰਕ ਮੈਂਬਰ ਹੀ ਮੌਜੂਦ ਸਨ।

ਇਹ ਚਮਕੀਲੇ ਦਾ ਦੂਜਾ ਵਿਆਹ ਸੀ ਜਦਕਿ ਪਹਿਲੇ ਵਿਆਹ ਦੀ ਪਤਨੀ ਗੁਰਮੇਲ ਕੌਰ ਪਿੰਡ ਦੁਗਰੀ ਰਹਿੰਦੀ ਸੀ, ਜਿਸ ਦੀਆਂ ਦੋ ਬੇਟੀਆਂ ਵੀ ਸਨ। ਇਸ ਬਾਰੇ ਅਮਰਜੋਤ ਨੂੰ ਨਹੀਂ ਸੀ ਪਤਾ।

ਉਂਜ ਇਹ ਵੀ ਜ਼ਿਕਰਯੋਗ ਸੀ ਕਿ ਚਮਕੀਲਾ ਤੇ ਅਮਰਜੋਤ ਦੇ ਇਕੱਠਿਆਂ ਗਾਉਣ ਕਰਕੇ ਉਨ੍ਹਾਂ ਵਿਚਾਲੇ ਆਪਸੀ ਮੋਹ ਦੀਆਂ ਤੰਦਾਂ ਵੀ ਸੰਘਣੀਆਂ ਹੋਣ ਲੱਗੀਆਂ ਸਨ। ਚਮਕੀਲਾ ਅਮਰਜੋਤ ਨੂੰ ਪਿਆਰ ਨਾਲ 'ਬੱਬੀ' ਕਹਿ ਕੇ ਬੁਲਾਉਂਦਾ।

ਸਮਾਜਕ ਵਿਸ਼ਿਆਂ ਨੂੰ ਪਾਰਦਰਸ਼ੀ ਕਰਨ ਦੀ ਆੜ ਵਿਚ ਚਮਕੀਲੇ ਦੀ ਗਾਇਕੀ ਨੂੰ ਲੱਚਰਤਾ ਦਾ ਜਾਮਾ ਪਹਿਨਾਇਆ ਜਾਣ ਲੱਗਾ। ਇਸ ਬਾਰੇ ਨਿੱਤ ਦਿਨ ਮਿਲਦੀਆਂ ਜਾਨੋਂ ਮਾਰਨ ਦੀਆਂ ਧਮਕੀਆਂ ਵੇਖ ਕੇ ਵੀ ਅਮਰਜੋਤ ਨਹੀਂ ਘਬਰਾਈ ਤੇ ਨਾ ਹੀ ਉਸ ਦਾ ਸਾਥ ਛੱਡ ਕੇ ਭੱਜੀ। ਮਰਨ ਵੇਲੇ ਚਮਕੀਲੇ ਤੋਂ ਪਹਿਲਾਂ ਮੌਤ ਨੂੰ ਅਮਰਜੋਤ ਨੇ ਹੀ ਗਲ ਲਾਇਆ। ਜਦ ਅਮਰਜੋਤ ਦੇ ਗੋਲੀ ਲੱਗੀ ਤਾਂ ਚਮਕੀਲਾ ਭੱਜ ਕੇ ਤੜਫਦੀ ਅਮਰਜੋਤ ਕੋਲ ਆ ਕੇ ਚਿਲਾਇਆ, "ਬੱਬੀ! ਬੱਬੀ! ਕੀ ਹੋ ਗਿਆ ਤੈਨੂੰ...!" ਅਗਲੇ ਹੀ ਪਲ ਤਾੜ ਤਾੜ ਕਰਦੀਆਂ ਗੋਲੀਆਂ ਦੀ ਬੁਛਾੜ ਨੇ ਚਮਕੀਲੇ ਨੂੰ ਵੀ ਥਾਂਏਂ ਢੇਰ ਕਰ ਦਿੱਤਾ।

ਚਮਕੀਲਾ-ਅਮਰਜੋਤ ਦੀ ਮੌਤ ਤੋਂ ਬਾਅਦ ਅਨੇਕਾਂ ਨਵੇਂ ਗਾਇਕਾਂ ਨੇ ਪ੍ਰਸਿੱਧੀ ਪਾਉਣ ਲਈ ਆਪਣੇ ਆਪ ਨੂੰ ਚਮਕੀਲੇ ਦੇ ਚੇਲੇ ਅਖਵਾਉਣ ਲਈ ਉਸ ਦੇ ਨਾਂ ਨਾਲ ਮਿਲਦੇ-ਜੁਲਦੇ ਨਾਂ ਰੱਖ ਕੇ ਆਪਣਾ ਤੋਰੀ ਫੁਲਕਾ ਚਲਾਉਣ ਦਾ ਢਕਵੰਜ ਰਚਿਆ, ਪਰ ਕੋਈ ਵੀ ਚਮਕੀਲਾ-ਅਮਰਜੋਤ ਦੇ ਮਾਰਗ ਦਾ ਪਾਂਧੀ ਨਾ ਬਣ ਸਕਿਆ। ਅੱਜ ਦੇ ਕਈ ਗਾਇਕਾਂ ਨੇ ਚਮਕੀਲੇ ਦੇ ਗੀਤਾਂ ਅਤੇ ਤਰਜਾਂ ਨੂੰ ਤੋੜ ਮਰੋੜ ਕੇ ਜਰੂਰ ਗਾਇਆ ਹੈ।

ਅਮਰਜੋਤ ਨੇ ਦੋ ਲੜਕਿਆਂ ਨੂੰ ਜਨਮ ਦਿੱਤਾ। ਛੋਟਾ ਬੇਟਾ ਉਸ ਦੀ ਮੌਤ ਵੇਲੇ ਸਿਰਫ ਤਿੰਨ ਕੁ ਮਹੀਨਿਆਂ ਦਾ ਹੀ ਸੀ ਜੋ ਬਾਅਦ ਵਿਚ ਚੱਲ ਵਸਿਆ। ਵੱਡਾ ਬੇਟਾ ਜੈਮਨ ਗਾਇਕੀ ਦਾ ਸ਼ੌਕੀਨ ਹੈ। ਚਮਕੀਲੇ ਦੇ ਪਹਿਲੇ ਵਿਆਹ ਦੀਆਂ ਬੇਟੀਆਂ ਵੀ ਗਾਇਕੀ ਨਾਲ ਜੁੜੀਆਂ ਹੋਈਆਂ ਹਨ, ਜਿਨ੍ਹਾਂ ਦਾ ਗਾਇਕੀ 'ਚ ਸੰਘਰਸ਼ ਜਾਰੀ ਹੈ।

ਤੀਹ ਸਾਲ ਹੋ ਗਏ ਇਸ ਗਾਇਕ ਜੋੜੀ ਨੂੰ ਜਹਾਨੋਂ ਗਿਆ ਪਰ ਅੱਜ ਵੀ ਇਨ੍ਹਾਂ ਦੇ ਗਾਏ ਗੀਤ ਪਹਿਲਾਂ ਨਾਲੋਂ ਵੱਧ ਗਿਣਤੀ ਵਿਚ ਸੁਣੇ ਜਾਂਦੇ ਹਨ। ਪੰਜਾਬ ਦੀ ਕੋਇਲ ਸੁਰਿੰਦਰ ਕੌਰ, ਧਾਰਮਕ ਗਾਇਕੀ ਲਈ ਨਰਿੰਦਰ ਬੀਬਾ, ਮਰਦ ਅੰਦਾਜ਼ ਦੀ ਬੁਲੰਦ ਗਾਇਕਾ ਵਜੋਂ ਜਗਮੋਹਨ ਕੌਰ ਵਾਂਗ ਅਮਰ ਗੀਤਾਂ ਦੀ ਇਸ ਜੋੜੀ ਅਮਰ ਸਿੰਘ ਚਮਕੀਲਾ ਤੇ ਅਮਰਜੋਤ ਦੀਆਂ ਆਵਾਜ਼ਾਂ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ।

# ਚੁਲਬੁਲੀ ਅਦਾਕਾਰਾ ਸੀ ਸ੍ਰੀਦੇਵੀ

ਮੌਤ ਇੱਕ ਅਟਲ ਸੱਚਾਈ ਹੈ ਜਿਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਜੀਵਨ ਕਿਸੇ ਡਰਾਮੇ ਜਾਂ ਕਿਸੇ ਫਿਲਮ ਦੀ ਨਿਆਈਂ ਹੈ, ਜਿਸ ਦੀ ਜੇ ਸ਼ੁਰੂਆਤ ਹੈ ਤਾਂ ਅੰਤ ਵੀ ਯਕੀਨੀ ਹੈ। ਜੇ ਫਿਲਮੀ ਜਗਤ ਦੀ ਗੱਲ ਕਰੀਏ ਤਾਂ ਕੁਝ ਨਾਮੀ ਹਸਤੀਆਂ ਆਪਣੇ ਕਿਰਦਾਰ ਦੀ ਜੋ ਅਮਿੱਟ ਯਾਦ ਸਾਡੇ ਦਿਲਾਂ 'ਚ ਛੱਡ ਗਏ ਹਨ, ਉਸ ਨੂੰ ਅਸੀਂ ਭੁੱਲਣਾ ਵੀ ਚਾਹੀਏ ਤਾਂ ਭੁਲਾ ਨਹੀਂ ਸਕਦੇ। ਜਿਨ੍ਹਾਂ ਨੇ ਫਿਲਮੀ ਕਿਰਦਾਰ ਨੂੰ ਲੀਡਿੰਗ ਅੰਦਾਜ਼ 'ਚ

**ਪਰਸ਼ੋਤਮ ਲਾਲ ਸਰੋਏ**
ਫੋਨ: 91-92175-44348

ਨਿਭਾਉਣ ਦੇ ਨਾਲ ਨਾਲ ਅਸਲ ਜੀਵਨ 'ਚ ਵੀ ਅਗਵਾਈ ਵਾਲਾ ਕਿਰਦਾਰ ਨਿਭਾਇਆ ਹੈ, ਉਨ੍ਹਾਂ ਦੀ ਯਾਦ ਹਮੇਸ਼ਾ ਸਾਡੇ ਜੀਵਨ 'ਚ ਵਸ ਗਈ।

ਹੁਣੇ ਹੁਣੇ ਇੱਕ ਹੋਰ ਫਿਲਮੀ ਸਿਤਾਰਾ ਸ੍ਰੀਦੇਵੀ ਆਪਣੇ ਜੀਵਨ ਦੀ 54 ਸਾਲ ਦੀ ਜੀਵਨ ਯਾਤਰਾ ਪੂਰੀ ਕਰ ਕੇ ਅਸਮਾਨੀ ਸਿਤਾਰਿਆਂ ਦੀ ਥਾਲੀ 'ਚ ਜਾ ਬਿਰਾਜਮਾਨ ਹੋਈ ਹੈ। ਮੌਤ ਦੀ ਖਬਰ ਸੁਣਦੇ ਸਾਰ ਹੀ ਸਾਰੇ ਫਿਲਮ ਜਗਤ 'ਚ ਸ਼ੋਕ ਦੀ ਲਹਿਰ ਦੌੜ ਗਈ।

ਸ੍ਰੀਦੇਵੀ ਦਾ ਜਨਮ 13 ਅਗਸਤ 1963 ਨੂੰ ਤਮਿਲ ਪਿਤਾ ਸ੍ਰੀ ਅਯਅੱਪਨ ਅਤੇ ਤੈਲਗੂ ਮਾਤਾ ਸ੍ਰੀਮਤੀ ਰਾਜੇਸ਼ਵਰੀ ਦੇ ਘਰ ਹੋਇਆ। ਸ੍ਰੀਦੇਵੀ ਦੇ ਪਿਤਾ ਪੇਸ਼ੇ ਵਜੋਂ ਵਕੀਲ ਸਨ। 1996 ਵਿਚ ਸ੍ਰੀਦੇਵੀ ਦਾ ਵਿਆਹ ਪ੍ਰਸਿੱਧ ਅਦਾਕਾਰ ਅਨਿਲ ਕਪੂਰ ਤੇ ਸੰਜੇ ਕਪੂਰ ਦੇ ਵੱਡੇ ਭਰਾ ਫਿਲਮ ਨਿਰਮਾਤਾ ਬੌਨੀ ਕਪੂਰ ਨਾਲ ਹੋਇਆ। ਬੌਨੀ ਕਪੂਰ ਨਾਲ ਵਿਆਹ ਤੋਂ ਉਸ ਦੇ ਦੋ ਧੀਆਂ ਹਨ-ਜਾਨਵੀ ਤੇ ਖੁਸ਼ੀ।

ਸ੍ਰੀਦੇਵੀ ਕੇਵਲ ਅਦਾਕਾਰਾ ਹੀ ਨਹੀਂ ਸੀ ਬਲਕਿ ਇੱਕ ਵਧੀਆ ਪ੍ਰੋਡਿਊਸਰ ਵੀ ਸੀ। ਉਸ ਨੇ ਤਮਿਲ, ਤੈਲਗੂ, ਹਿੰਦੀ ਤੇ ਕੰਨੜ ਭਾਸ਼ਾਵਾਂ ਵਿਚ ਆਪਣੇ ਅਭਿਨੈ ਦਾ ਲੋਹਾ ਮੰਨਵਾਇਆ। ਭਾਰਤੀ ਸਿਨੇਮਾ ਦੀ ਮਹਿਲਾ ਸੁਪਰ ਸਟਾਰ ਹੋਣ ਕਰਕੇ ਹੀ ਉਸ ਨੂੰ ਪੰਜ ਫਿਲਮ ਫੇਅਰ ਐਵਾਰਡ ਵੀ ਪ੍ਰਾਪਤ ਹੋਏ। 1980 ਤੋਂ 1990 ਦੌਰਾਨ ਉਹ ਇੱਕ ਮੰਨੀ-ਪ੍ਰਮੰਨੀ ਤੇ ਸਭ ਤੋਂ ਵੱਧ ਪੈਸਾ ਲੈਣ ਵਾਲੇ ਅਦਾਕਾਰਾਂ ਦੀ ਸੂਚੀ ਵਿਚ ਸ਼ਾਮਿਲ ਸੀ। ਉਹ 1967 ਤੋਂ 1997 ਤੱਕ ਅਤੇ ਫਿਰ ਪਿਛਲੇ 5-6 ਸਾਲਾਂ ਤੋਂ ਫਿਲਮੀ ਖੇਤਰ ਵਿਚ ਐਕਟਿਵ ਰਹੀ।

ਸ੍ਰੀਦੇਵੀ ਨੇ ਆਪਣੇ ਬਚਪਨ (4 ਸਾਲ) ਦੀ ਉਮਰ ਯਾਨਿ 1967 ਵਿਚ ਥਿਰੂਮੁਗਾਮ ਦੇ ਨਿਰਦੇਸ਼ਨ ਹੇਠ ਬਣੀ ਭਗਤੀ ਫਿਲਮ



'ਥੂਨੀਆਵੈਨ' ਰਾਹੀਂ ਆਪਣੇ ਫਿਲਮੀ ਕੈਰੀਅਰ ਦੀ ਸ਼ੁਰੂਆਤ ਕੀਤੀ ਅਤੇ ਲਗਾਤਾਰ ਤੈਲਗੂ, ਤਮਿਲ, ਮਲਿਆਲਮ ਤੇ ਕੰਨੜ ਫਿਲਮਾਂ 'ਚ ਬਾਲ ਕਿਰਦਾਰ ਨਿਭਾਇਆ। ਉਸ ਨੇ ਤਮਿਲ ਫਿਲਮਾਂ 'ਜੂਲੀ' (1975) ਅਤੇ 'ਮੰਡਰੂ-ਮੰਡੀਚੂ' (1976) ਵਿਚ ਆਪਣੀ ਵਧੀਆ ਅਦਾਕਾਰੀ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ। ਇਸ ਸਮੇਂ ਦੌਰਾਨ ਸ੍ਰੀਦੇਵੀ ਨੇ ਆਪਣੇ ਅਭਿਨੈ ਨਾਲ ਆਪਣੇ ਆਪ ਨੂੰ ਇੱਕ ਮੋਹਰੀ ਅਭਿਨੇਤਰੀਆਂ ਦੀ ਲਿਸਟ ਵਿਚ ਖੜ੍ਹਾ ਕਰ ਲਿਆ ਸੀ। ਉਸ ਨੇ ਲਗਾਤਾਰ 1978, 1981, 1982, 1990, 1992 'ਚ ਬਣੀਆਂ ਤਮਿਲ ਤੇ ਤੈਲਗੂ ਫਿਲਮਾਂ 'ਚ ਕਿਰਦਾਰ ਨਿਭਾਇਆ।

ਸ੍ਰੀਦੇਵੀ ਦਾ ਹਿੰਦੀ ਫਿਲਮ ਜਗਤ ਵਿਚ ਪ੍ਰਵੇਸ਼ 1979 ਵਿਚ ਬਣੀ ਡਰਾਮਾ ਫਿਲਮ 'ਸੋਲਵਾਂ ਸਾਵਨ' ਨਾਲ ਹੋਇਆ। ਫਿਰ 1983 ਵਿਚ ਜਤਿੰਦਰ ਨਾਲ ਫਿਲਮ 'ਹਿੰਮਤਵਾਲਾ' ਤੇ 'ਮਵਾਲੀ' ਵਿਚ ਵੀ ਆਪਣੀ ਅਦਾਕਾਰੀ ਦਾ ਲੋਹਾ ਮੰਨਵਾਇਆ। 1984 ਵਿਚ 'ਤੋਹਫਾ', 1985 'ਚ 'ਨਯਾ ਕਦਮ' ਤੇ 'ਮਕਸਦ', 1985 'ਚ 'ਮਾਸਟਰ ਜੀ', 1987 'ਚ 'ਨਜ਼ਰਾਨਾ' ਤੇ 'ਮਿਸਟਰ ਇੰਡੀਆ', 1988 'ਚ 'ਵਕਤ ਕੀ ਆਵਾਜ਼', 1989 'ਚ ਫਿਲਮ 'ਸਦਮਾ' ਅਤੇ 'ਚਾਲਬਾਜ਼' ਵਿਚ ਆਪਣੀ ਅਦਾਕਾਰੀ ਦਿਖਾਈ। ਇਸ ਤੋਂ ਇਲਾਵਾ ਹੋਰ ਕਈ ਫਿਲਮਾਂ ਜਿਵੇਂ 'ਨਗੀਨਾ', 'ਲਮਹੇ', 'ਖੁਦਾ ਗਵਾਹ', 'ਗੁਮਰਾਹ', 'ਲਾਡਲਾ' ਤੇ 'ਜੁਦਾਈ' ਆਦਿ ਫਿਲਮਾਂ ਕੀਤੀਆਂ, ਜੋ ਸੁਪਰ ਹਿੱਟ ਰਹੀਆਂ।

2013 'ਚ ਭਾਰਤ ਸਰਕਾਰ ਨੇ ਉਸ ਨੂੰ ਮਨੋਰੰਜਨ ਉਦਯੋਗ ਦੇ ਖੇਤਰ ਵਿਚ ਚੰਗੇ ਯੋਗਦਾਨ/ਵਧੀਆ ਰੋਲ ਅਦਾ ਕਰਨ ਕਰਕੇ ਪਦਮਸ੍ਰੀ ਐਵਾਰਡ ਨਾਲ ਸਨਮਾਨਿਤ ਕੀਤਾ। ਤਾਮਿਲਨਾਡੂ, ਆਂਧਰਾ ਪ੍ਰਦੇਸ਼ ਤੇ ਕੇਰਲ ਆਦਿ ਦੀਆਂ ਰਾਜ ਸਰਕਾਰਾਂ ਨੇ ਵੀ ਉਸ ਨੂੰ ਪੁਰਸਕਾਰ ਦੇ ਕੇ ਨਿਵਾਜਿਆ। ਸੀ. ਐਨ. ਐਨ- ਆਈ. ਬੀ. ਐਨ. ਵਲੋਂ ਕਰਵਾਏ ਗਏ ਨੈਸ਼ਨਲ ਸਰਵੇਖਣ ਵਿਚ ਸ੍ਰੀਦੇਵੀ ਨੂੰ 100 ਸਾਲ ਵਿਚ ਸਭ ਤੋਂ ਮਹਾਨ ਐਕਟਰੈਸ ਦੇ ਤੌਰ 'ਤੇ ਵੋਟਾਂ ਮਿਲੀਆਂ।

ਸ੍ਰੀਦੇਵੀ ਆਪਣੇ ਪਤੀ ਬੌਨੀ ਕਪੂਰ ਨਾਲ ਡੁਬਈ ਵਿਖੇ ਇਕ ਵਿਆਹ ਸਮਾਗਮ ਵਿਚ ਸ਼ਾਮਲ ਹੋਣ ਗਈ ਸੀ ਕਿ ਦਿਲ ਦਾ ਦੌਰਾ ਪੈਣ ਨਾਲ 24 ਫਰਵਰੀ 2018 ਨੂੰ ਉਸ ਦੀ ਅਚਾਨਕ ਮੌਤ ਹੋ ਗਈ। ਜਿਸ ਸਮੇਂ ਉਸ ਦੀ ਮੌਤ ਹੋਈ ਉਸ ਸਮੇਂ ਬੌਨੀ ਕਪੂਰ ਅਤੇ ਉਸ ਦੀ ਬੇਟੀ ਖੁਸ਼ੀ ਵੀ ਉਸ ਦੇ ਨਾਲ ਹੀ ਸਨ।

# ਫੁੱਟਬਾਲ ਦੇ ਫੀਫਾ ਵਿਸ਼ਵ ਕੱਪ ਦੀਆਂ ਬਾਤਾਂ

## ਖੇਡ ਜਗਤ


*ਇੰਟਰਨੈਸ਼ਨਲ ਫੈਡਰੇਸ਼ਨ ਆਫ ਐਸੋਸੀਏਸ਼ਨ ਫੁੱਟਬਾਲ (ਫੀਫਾ) ਸਿਰਮੌਰ ਖੇਡ ਸੰਸਥਾ ਹੈ ਅਤੇ ਇਸ ਵਲੋਂ ਫੁੱਟਬਾਲ ਟੂਰਨਾਮੈਂਟ 1930 ਵਿਚ ਅਰੰਭਿਆ ਗਿਆ ਸੀ। ਹਰ ਚਾਰ ਸਾਲ ਬਾਅਦ ਹੋਣ ਵਾਲਾ ਫੀਫਾ ਫੁੱਟਬਾਲ ਟੂਰਨਾਮੈਂਟ ਅੱਜ ਇਕ ਵੱਕਾਰੀ ਖੇਡ ਮੇਲਾ ਹੈ। 21ਵਾਂ ਫੀਫਾ ਟੂਰਨਾਮੈਂਟ ਇਸ ਸਾਲ ਰੂਸ ਵਿਚ ਹੋਵੇਗਾ। ਇਸ ਲੇਖ ਲੜੀ ਵਿਚ ਸੈਨ ਹੋਜੇ (ਕੈਲੀਫੋਰਨੀਆ) ਵਸਦੇ ਲੇਖਕ ਪਰਦੀਪ ਨੇ ਫੀਫਾ ਮੁਕਾਬਲਿਆਂ ਦਾ ਇਤਿਹਾਸ ਫਰੋਲਿਆ ਹੈ। -ਸੰਪਾਦਕ*

**1958 ਸਵੀਡਨ:** ਇਹ ਟੂਰਨਾਮੈਂਟ 8 ਜੂਨ ਤੋਂ ਲੈ ਕੇ 29 ਜੂਨ ਤਕ ਹੋਇਆ। ਬ੍ਰਾਜ਼ੀਲ ਨੇ ਮੇਜ਼ਬਾਨ ਸਵੀਡਨ ਨੂੰ 5-2 ਨਾਲ ਹਰਾ ਕੇ ਇਹ ਕੱਪ ਜਿਤਿਆ। 17 ਸਾਲ ਦਾ ਪੇਲੇ ਇਸ ਵਿਸ਼ਵ ਕੱਪ ਦਾ ਨਾਇਕ ਬਣਿਆ। ਪਸੀਨੇ ਨਾਲ ਭਿਜੇ ਪੇਲੇ ਨੂੰ ਗੋਰੀਆਂ ਉਂਗਲੀ ਲਾ ਲਾ ਕੇ ਵੇਖਦੀਆਂ ਕਿ ਇਸ ਦਾ ਰੰਗ ਪੱਕਾ ਹੈ ਜਾਂ ਕੱਚਾ? ਫਰਾਂਸ ਦੇ ਜਸਟ ਫੌਨਟੀਨ ਨੇ ਇਸ ਵਿਸ਼ਵ ਕੱਪ

**ਪਰਦੀਪ, ਸੈਨ ਹੋਜੇ**
**ਫੋਨ: 408-540-4547**


ਵਿਚ 13 ਗੋਲ ਕਰਕੇ ਨਵਾਂ ਰਿਕਾਰਡ ਬਣਾਇਆ, ਜੋ ਅੱਜ ਵੀ ਬਰਕਰਾਰ ਹੈ। ਉਸ ਨੇ ਜੋ ਬੂਟ ਪਾਏ ਸਨ, ਉਹ ਕਿਸੇ ਸਾਥੀ ਖਿਡਾਰੀ ਤੋਂ ਮੰਗਵੇ ਲੈ ਕੇ ਪਾਏ ਸਨ। ਰੂਸ ਦਾ ਵਿਸ਼ਵ ਕੱਪ ਵਿਚ ਪਹਿਲਾ ਦਾਖਲਾ ਵੀ ਇਸੇ ਵਾਰ ਹੋਇਆ ਸੀ। ਯੂ. ਕੇ. ਦੀਆਂ ਚਾਰ ਟੀਮਾਂ-ਇੰਗਲੈਂਡ, ਸਕਾਟਲੈਂਡ, ਨਾਰਥ ਆਇਰਲੈਂਡ ਅਤੇ ਵੇਲਜ਼ ਨੇ ਅਲੱਗ-ਅਲੱਗ ਹਿੱਸਾ ਲਿਆ। ਬ੍ਰਾਜ਼ੀਲ ਦੀ ਇਹ ਪਹਿਲੀ ਟਰਾਫੀ ਸੀ।

**1962:** ਚਿੱਲੀ ਵਿਚ ਇਹ ਕੱਪ 30 ਮਈ ਤੋਂ 17 ਜੂਨ ਤਕ ਹੋਇਆ। ਇਸ ਦੇ ਫਾਈਨਲ ਵਿਚ ਬ੍ਰਾਜ਼ੀਲ ਨੇ ਚੈਕੋਸਲੋਵਾਕੀਆ ਨੂੰ 3-1 ਨਾਲ ਹਰਾ ਕੇ ਵਿਸ਼ਵ ਕੱਪ ਦੂਜੀ ਵਾਰ ਜਿੱਤਿਆ। ਟੂਰਨਾਮੈਂਟ ਤੋਂ ਪਹਿਲਾਂ ਚਿੱਲੀ ਭੁਚਾਲ ਦੀ ਮਾਰ ਹੇਠ ਆ ਗਿਆ ਸੀ, ਕਈ ਤਿਆਰੀਆਂ ਨਵੇਂ ਸਿਰੇ ਤੋਂ ਕਰਨੀਆਂ ਪਈਆਂ। ਇੱਕ ਮੈਚ ਚਿੱਲੀ ਅਤੇ ਇਟਲੀ ਵਿਚਾਲੇ ਹੋਇਆ ਜਿਸ ਨੂੰ 'ਬੈਟਲ ਆਫ ਸੈਂਟੀਆਗੋ' ਦੇ ਨਾਂ ਨਾਲ ਚੇਤੇ ਕੀਤਾ ਜਾਂਦਾ ਹੈ। ਇੰਗਲੈਂਡ ਦਾ ਕੈਨ ਆਸਟਨ ਕਦੇ ਭਾਰਤ ਵਿਚ ਫੌਜੀ ਅਫਸਰ ਹੋਇਆ ਕਰਦਾ ਸੀ, ਉਹ ਇਸ ਮੈਚ ਦਾ ਰੈਫਰੀ ਸੀ। ਇਟਲੀ ਦੇ ਖਿਡਾਰੀ ਜੌਰਜੀਓ ਫਰੀਨੀ ਨੂੰ ਉਸ ਦੀ ਗੰਦੀ ਖੇਡ ਕਰਕੇ ਮੈਚ 'ਚੋਂ ਬਾਹਰ ਕੱਢ ਦਿੱਤਾ ਗਿਆ। ਪਰ ਜੌਰਜੀਓ ਨੇ ਬਾਹਰ ਜਾਣ ਤੋਂ ਇਨਕਾਰ ਕਰ ਦਿੱਤਾ ਤਾਂ ਉਸ ਨੂੰ ਪੁਲਿਸ ਦੀ ਮਦਦ ਨਾਲ ਧੱਕੇ ਮਾਰ ਕੇ ਬਾਹਰ ਕੱਢਿਆ ਗਿਆ।




*ਮਹਾਨ ਫੁੱਟਬਾਲ ਖਿਡਾਰੀ ਪੇਲੇ*

**1966:** ਫੁਟਬਾਲ ਦੀ ਖੇਡ ਨੂੰ ਜਨਮ ਦੇਣ ਵਾਲੇ ਇੰਗਲੈਂਡ ਵਿਚ ਇਹ ਵਿਸ਼ਵ ਕੱਪ 11 ਤੋਂ 30 ਜੁਲਾਈ ਤਕ ਹੋਇਆ। ਇਸ ਦੇ ਫਾਈਨਲ ਵਿਚ ਇੰਗਲੈਂਡ ਨੇ ਆਪਣੇ ਕੱਟੜ ਵਿਰੋਧੀ ਜਰਮਨੀ ਨੂੰ 4-2 ਨਾਲ ਹਰਾ ਕੇ ਪਹਿਲੀ ਵਾਰ ਕੱਪ ਆਪਣੇ ਨਾਂ ਕੀਤਾ ਪਰ ਮੁੜ ਉਹ ਚੈਂਪੀਅਨ ਨਾ ਬਣ ਸਕਿਆ। ਇਸ ਟੂਰਨਾਮੈਂਟ ਵਿਚ ਨਾਰਥ ਕੋਰੀਆ ਪਹਿਲੀ ਵਾਰ ਸ਼ਾਮਲ ਹੋਇਆ, ਪਰ ਇੰਗਲੈਂਡ ਇਸ ਗੱਲੋਂ ਖੁਸ਼ ਨਹੀਂ ਸੀ। ਅਫਰੀਕਾ ਦੇ 31 ਦੇਸ਼ ਫੀਫਾ ਦੀਆਂ ਨੀਤੀਆਂ ਕਰਕੇ ਖੁਸ਼ ਨਹੀਂ ਸਨ, ਉਨ੍ਹਾਂ ਇਸ ਵਿਚ ਹਿੱਸਾ ਨਾ ਲਿਆ। ਇਸ ਕੱਪ ਤੋਂ ਪਹਿਲਾਂ ਟਰਾਫੀ ਗੁੰਮ ਹੋ ਗਈ ਸੀ,



*ਮਾਰੀਓ ਜ਼ਗੈਲੋ*

ਜਿਸ ਨੂੰ ਐਨ ਮੌਕੇ 'ਤੇ ਪਿਕਲਸ ਨਾਂ ਦੇ ਕੁੱਤੇ ਨੇ ਅਖਬਾਰ 'ਚ ਲਪੇਟੀ ਨੂੰ ਲੱਭਿਆ ਸੀ। ਇਹ ਕੁੱਤਾ ਇਸ ਵਿਸ਼ਵ ਕੱਪ ਦਾ ਹੀਰੋ ਬਣ ਗਿਆ ਸੀ।

**1970:** ਨਾਰਥ ਅਮਰੀਕਾ ਵਿਚ ਪਹਿਲੀ ਵਾਰ ਹੋਇਆ ਇਹ ਵਿਸ਼ਵ ਕੱਪ ਮੈਕਸੀਕੋ ਦੇ ਹਿੱਸੇ ਆਇਆ, ਜੋ 31 ਮਈ ਤੋਂ 21 ਜੂਨ ਤਕ ਚੱਲਿਆ। ਇਹ ਕੱਪ ਬ੍ਰਾਜ਼ੀਲ ਨੇ ਇਟਲੀ ਨੂੰ 4-1 ਨਾਲ ਹਰਾ ਕੇ ਤੀਜੀ ਵਾਰ ਜਿਤਿਆ। ਇਹ ਜੂਲਜ਼ ਰਿਮਟ ਟਰਾਫੀ ਤਿੰਨ ਵਾਰ ਜਿੱਤਣ ਕਰਕੇ ਪੱਕੀ ਹੀ ਬ੍ਰਾਜ਼ੀਲ ਨੂੰ ਦੇ ਦਿੱਤੀ ਗਈ। ਇਸ ਟੂਰਨਾਮੈਂਟ ਵਿਚ ਪਹਿਲੀ ਵਾਰ ਜ਼ਖਮੀ ਖਿਡਾਰੀ ਨੂੰ ਬਦਲਣ ਦੀ ਨੀਤੀ ਲਾਗੂ ਕੀਤੀ ਗਈ। ਪਹਿਲੀ ਵਾਰ ਹੀ ਯੈਲੋ ਅਤੇ ਰੈਡ ਕਾਰਡ ਦਾ ਇਸਤੇਮਾਲ ਕੀਤਾ ਗਿਆ। ਬ੍ਰਾਜ਼ੀਲ ਦਾ ਕੋਚ ਮਾਰੀਓ ਜ਼ਗੈਲੋ ਖਿਡਾਰੀ ਅਤੇ ਕੋਚ ਦੇ ਤੌਰ 'ਤੇ ਵਿਸ਼ਵ ਕੱਪ ਜਿੱਤਣ ਵਾਲਾ ਪਹਿਲਾ ਖਿਡਾਰੀ ਬਣਿਆ।

**1974:** ਦਸਵਾਂ ਵਿਸ਼ਵ ਕੱਪ 13 ਜੂਨ ਤੋਂ 7 ਜੁਲਾਈ ਤਕ ਜਰਮਨੀ ਵਿਚ ਹੋਇਆ। ਇਹ ਕੱਪ ਜਰਮਨੀ ਨੇ ਨੀਦਰਲੈਂਡ ਨੂੰ 2-1 ਦੇ ਫਰਕ ਨਾਲ ਹਰਾ ਕੇ ਆਪਣੇ ਨਾਂ ਕੀਤਾ। ਅਫਰੀਕਾ ਦੇ ਦੇਸ਼ ਯਹਾਰੇ ਨੇ ਪਹਿਲੀ ਵਾਰ ਕਾਲੀ ਨਸਲ ਦੇ ਲੋਕਾਂ ਦੇ ਤੌਰ 'ਤੇ ਹਿੱਸਾ ਲਿਆ। ਇਸ ਵਾਰ ਨਵੀਂ ਟਰਾਫੀ ਬਣਾ ਕੇ ਜਰਮਨੀ ਨੂੰ ਦਿੱਤੀ ਗਈ। ਰੂਸ ਨੇ ਚਿੱਲੀ ਨਾਲ ਕੁਆਲੀਫਾਈ ਮੈਚ ਇਸ ਕਰਕੇ ਖੇਡਣ ਤੋਂ ਇਨਕਾਰ ਕਰ ਦਿੱਤਾ ਕਿ ਉਥੋਂ ਦਾ ਤਾਨਾਸ਼ਾਹ ਜਨਰਲ ਪਿਨੋਚੈਟ ਅਮਰੀਕਾ ਦੀ ਸ਼ਹਿ 'ਤੇ ਕਮਿਊਨਿਸਟਾਂ 'ਤੇ ਅੱਤਿਆਚਾਰ ਕਰਦਾ ਹੈ। ਸੈਂਟੀਆਗੋ ਦੇ ਸਟੇਡੀਅਮ ਵਿਚ 40,000 ਲੋਕਾਂ ਦੇ ਸਾਹਮਣੇ ਖਾਲੀ ਗੋਲਾਂ ਵਿਚ ਚਿੱਲੀ ਦੇ ਖਿਡਾਰੀ ਨੇ ਗੋਲ ਕਰਕੇ ਇਹ ਮੈਚ ਜਿੱਤਿਆ।

*(ਚਲਦਾ)*

## ਸ਼੍ਰੋਮਣੀ ਕਮੇਟੀ ਅਤੇ ਅਮਰੀਕੀ ਸਿੱਖ ਕਰਾਉਣਗੇ ਕੌਮਾਂਤਰੀ ਸੈਮੀਨਾਰ

**ਸ੍ਰੀ ਅਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਤ ਆਰੰਭੀ ਧਰਮ ਪ੍ਰਚਾਰ ਲਹਿਰ ਤਹਿਤ ਛੇਤੀ ਹੀ ਅਮਰੀਕਾ ਦੇ ਸਿੱਖਾਂ ਦੇ ਸਹਿਯੋਗ ਨਾਲ ਉਥੇ ਇਕ ਕੌਮਾਂਤਰੀ ਸੈਮੀਨਾਰ ਕਰਵਾਇਆ ਜਾਵੇਗਾ। ਇਸ ਦੌਰਾਨ ਗੁਰੂ ਨਾਨਕ ਦੇਵ ਜੀ ਦੇ ਸਰਬ ਸਾਂਝੀਵਾਲਤਾ ਦੇ ਮਹਾਨ ਫਲਸਫੇ ਨੂੰ ਦੁਨੀਆਂ ਦੇ ਕੋਨੇ-ਕੋਨੇ ਤੱਕ ਪਹੁੰਚਾਉਣ ਸਬੰਧੀ ਵਿਚਾਰ-ਚਰਚਾ ਹੋਵੇਗੀ। ਇਸ ਤੋਂ ਇਲਾਵਾ ਵਿਦੇਸ਼ਾਂ ਵਿਚ ਵਸਦੇ ਸਿੱਖਾਂ ਦੀਆਂ ਸਮੱਸਿਆਵਾਂ ਅਤੇ ਸਿੱਖ ਧਰਮ ਦੀ ਵੱਖਰੀ ਹੋਂਦ ਨੂੰ ਦੁਨੀਆਂ ਸਾਹਮਣੇ ਪੇਸ਼ ਕਰਨ ਸਬੰਧੀ ਵੀ ਵਿਦਵਾਨਾਂ ਵੱਲੋਂ ਆਪਣੇ ਵਿਚਾਰ ਪੇਸ਼ ਕੀਤੇ ਜਾਣਗੇ।


# Noblesville Trucks and Trailers Repair Shop

**15203 Stony Creek Way, Noblesville, IN 46060**

**ਇਥੇ ਹਰ ਤਰ੍ਹਾਂ ਦੇ ਟਰੱਕਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ**

**ਵਧੀਆ ਤੇ ਭਰੋਸੇਯੋਗ ਸਰਵਿਸ**



*Clutch transmition differential drive line ਦੀ ਰਿਪੇਅਰ ਵੀ ਕਰਦੇ ਹਾਂ।
*ਟਰੱਕ ਅਤੇ ਰੀਫਲ ਆਇਲ ਚੇਂਜ
*ਟਰੱਕਾਂ ਅਤੇ ਟਰੇਲਰਾਂ ਦੀ ਸਸਪੈਂਸ਼ਨ ਬੁਸ਼ਿੰਗ
*ਏਅਰ ਡਰਾਇਰ, ਰੇਡੀਏਟਰ, ਕੰਪਰੈਸ਼ਰ ਅਤੇ ਕਿੰਗ ਪਿੰਨਜ਼ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ

**24 ਘੰਟੇ ਰੋਡ ਸਰਵਿਸ**
*(150 ਮੀਲ ਦੇ ਏਰੀਏ ਵਿਚ)*
**ਡਰਾਈਵਰਾਂ ਦੇ ਰੋਟੀ-ਪਾਣੀ ਅਤੇ ਸ਼ਾਵਰ ਦਾ ਇੰਤਜ਼ਾਮ**




**ਹੋਰ ਜਾਣਕਾਰੀ ਲਈ ਸੰਪਰਕ ਕਰੋ, ਗੁਰਬਖਸ਼ ਸਿੰਘ, ਫੋਨ: 317-800-2976**

**ਫੈਕਸ: 317-774-9665**

# ਲੋਕ ਗੀਤਾਂ ਦਾ ਸੱਚ

*ਲੋਕ ਗੀਤ ਦਿਲ ਵਿਚੋਂ ਉਠੀ ਕੋਈ ਹੂਕ ਹੁੰਦੇ ਹਨ ਅਤੇ ਇਹ ਮੋੜਵੇਂ ਰੂਪ ਵਿਚ ਫਿਰ ਦਿਲਾਂ ਨੂੰ ਹੀ ਹਾਕਾਂ ਮਾਰਦੇ ਹਨ। ਇਨ੍ਹਾਂ ਦੀ ਅਮੀਰੀ, ਇਨ੍ਹਾਂ ਦੀ ਭਾਸ਼ਾ ਅਤੇ ਇਨ੍ਹਾਂ ਅੰਦਰ ਲੁਕੀਆਂ ਪਈਆਂ ਗੁੱਝੀਆਂ ਰਮਜ਼ਾਂ ਨਾਲ ਇਕਮਿਕ ਹੋਈ ਹੁੰਦੀ ਹੈ। ਧਿਆਨ ਸਿੰਘ ਸ਼ਾਹ ਸਿਕੰਦਰ ਨੇ ਆਪਣੇ ਇਸ ਲੇਖ ਵਿਚ ਕੁਝ ਲੋਕ ਗੀਤਾਂ ਦੇ ਪਿਛੋਕੜ ਦੀਆਂ ਪਰਤਾਂ ਫਰੋਲਣ ਦਾ ਯਤਨ ਕੀਤਾ ਹੈ। -ਸੰਪਾਦਕ*

**ਕਲਾ ਪਰਿਕਰਮਾ**

**ਧਿਆਨ ਸਿੰਘ ਸ਼ਾਹ ਸਿਕੰਦਰ**

ਲੋਕ ਗੀਤ ਦਿਲਾਂ ਦੀ ਧੜਕਣ ਹੁੰਦੇ ਹਨ। ਲੋਕ ਗੀਤ ਮਨਾਂ ਦਾ ਉਦਗਾਰ ਹੁੰਦੇ ਹਨ। ਲੋਕ ਗੀਤ ਢਿੱਡਾਂ ਵਿਚਲਾ ਸੱਚ ਹੁੰਦੇ ਹਨ। ਲੋਕ ਗੀਤ ਸਮਿਆਂ ਦਾ ਦਰਪਣ ਹੁੰਦੇ ਹਨ। ਲੋਕ ਗੀਤ ਸਾਂਝੀ ਲੋਕ-ਪੀੜਾ ਹੁੰਦੇ ਹਨ। ਲੋਕ ਗੀਤ ਸੱਚ ਤੇ ਸੁੱਚਾ ਇਤਿਹਾਸ ਹੁੰਦੇ ਹਨ। ਲੋਕ ਗੀਤ ਜੀਵੇ ਗਏ ਜੀਵਨ ਦਾ ਅਸਲ ਹੁੰਦੇ ਹਨ। ਲੋਕ ਗੀਤ ਪਰਤ-ਦਰ-ਪਰਤ ਡੂੰਘੀਆਂ ਤਹਿਆਂ ਸਮੋਈ ਬੈਠੇ ਹੁੰਦੇ ਹਨ।

ਲੋਕ ਗੀਤਾਂ ਨੂੰ ਅਸੀਂ ਗਾਉਂਦੇ ਹਾਂ, ਸੁਣਦੇ ਹਾਂ, ਸੁਣ ਕੇ ਝੂਮਦੇ ਹਾਂ, ਨੱਚਦੇ ਹਾਂ, ਗੁਣਗੁਣਾਉਂਦੇ ਹਾਂ, ਪਰ ਉਨ੍ਹਾਂ ਦੇ ਧੁਰ ਅੰਦਰ ਛੁਪੀ ਵੇਦਨਾ ਸੰਵੇਦਨਾ ਤਕ ਘੱਟ ਵੱਧ ਹੀ ਪੁੱਜਦੇ ਹਾਂ। ਲੋਕ ਗੀਤਾਂ ਨੂੰ ਅਸੀਂ ਪਿਆਰਦੇ ਹਾਂ, ਪਰ ਉਨ੍ਹਾਂ ਹੇਠ ਛੁਪੇ ਸਮਿਆਂ ਦੇ ਸੱਚ ਨੂੰ ਕਦੇ ਵੀ ਨਹੀਂ ਵਿਚਾਰਦੇ। ਜੇ ਅਸੀਂ ਲੋਕ ਗੀਤਾਂ ਦੀ ਗਹਿਰਾਈ ਤਕ ਪਹੁੰਚ ਸਕੀਏ ਤਾਂ ਉਹ ਸਾਡੇ ਲਈ ਅਨੂਠਾ ਆਨੰਦੀ ਹੁਲਾਰਾ ਬਣ ਜਾਂਦੇ ਹਨ। ਕੁਝ ਉਦਾਹਰਣਾਂ ਹਾਜ਼ਰ ਹਨ:

ਜੱਟੀ ਹੱਟ 'ਤੇ ਸ਼ਰਾਬਣ ਹੋਈ,
ਸੱਪ-ਰੰਗੀ ਛੀਂਟ ਵੇਖ ਕੇ।

ਇਹ ਲੋਕ ਬੋਲੀ ਆਪਣੇ ਆਪ ਵਿਚ ਇਕ ਸੰਸਾਰ ਸਮੋਈ ਬੈਠੀ ਹੈ। ਜੱਟੀ ਜੋ ਸਾਰਾ ਵਰ੍ਹਾ ਕਰੜੀ ਘਾਲਣਾ ਕਰਦੀ ਹੈ, ਨਰਮਾ-ਕਪਾਹ ਚੁਗਦੀ, ਤੁੰਬਦੀ, ਛੰਡਦੀ, ਵੇਲਦੀ, ਕੱਤਦੀ, ਅਟੇਰਦੀ ਰਹੀ, ਉਹਦਾ ਪਹਿਨਣ ਪਚਰਨ ਦਾ ਸ਼ੌਕ ਫਿਰ ਵੀ ਪੂਰਾ ਨਹੀਂ ਹੁੰਦਾ। ਸਾਡੀ ਅਰਥ ਵਿਵਸਥਾ ਹੀ ਕੁਝ ਅਜਿਹੀ ਹੈ। ਇਹ ਸਾਡੀ ਅਰਥ ਵਿਵਸਥਾ 'ਤੇ ਬੜਾ ਵੱਡਾ ਵਿਅੰਗ ਹੈ। ਕੱਪੜੇ ਦੀ ਹੱਟੀ 'ਤੇ ਸੋਹਣੀ ਛੀਂਟ ਤੇ ਉਹ ਵੀ ਸੱਪ-ਰੰਗੀ! ਡੰਗ ਜਾਂਦੀ ਹੈ ਉਹਦੇ ਹਿਰਦੇ ਨੂੰ, ਉਹਦੀ ਪਹਿਨਣ ਰੀਝ ਨੂੰ ਅਤੇ ਉਹ ਮਦਮਸਤ ਹੋ ਜਾਂਦੀ ਹੈ ਛੀਂਟ ਦੇ ਰੰਗਾਂ 'ਤੇ ਹੀ।

ਖਚਰਾ ਹਟਵਾਣੀਆਂ ਜੱਟੀ ਦੀ ਇਸ ਕਮਜ਼ੋਰੀ ਨੂੰ ਭਲੀਭਾਂਤ ਜਾਣਦਾ ਹੈ। ਉਹ ਉਹਦੀ ਇਸ ਕਮਜ਼ੋਰੀ ਦਾ ਸੋਸ਼ਣ ਕਰਨਾ ਵੀ ਜਾਣਦਾ ਹੈ। ਉਹਦਾ ਇਹ ਵਪਾਰ ਹੈ। ਉਹਦੀ ਕਮਾਈ ਦਾ ਇਹ ਹੁਨਰ ਹੈ। ਹੁਨਰ ਕਮਾਲ ਦਾ ਹੈ। ਕਿਵੇਂ ਉਹਨੇ ਫਟਾਕਾ ਮਾਰ ਕੇ ਥਾਨ ਖਿਲਾਰਿਆ ਹੋਵੇਗਾ, ਭਖ ਭਖ ਪੈਂਦੀ ਜਵਾਨੀ ਸਾਹਮਣੇ। ਆਤਮ-ਵਿਸ਼ਵਾਸ ਦੀ ਭਰੀ, ਗਰਬ ਦੀ ਭਰੀ, ਜਜ਼ਬੇ ਦੀ ਭਰੀ ਜੱਟੀ ਕਿਵੇਂ ਹਾਰ ਗਈ ਹੋਵੇਗੀ ਆਪਣੇ ਸ਼ੌਕ ਸਾਹਵੇਂ। ਮਨਮੋਹਕ ਰੰਗਾਂ ਦੀ ਛੀਂਟ ਸਾਹਵੇਂ। ਪਲੋ ਪਲੀ ਖ਼ਰੀਦਦਾਰ ਬਣ ਗਈ ਹੋਵੇਗੀ, ਭਾਵੇਂ ਕਰਜ਼ਾਈ ਹੋ ਕੇ ਹੀ ਸਹੀ।

ਕਿੱਡਾ ਵੱਡਾ ਮਨੋਵਿਗਿਆਨਕ ਪਹਿਲੂ ਛੋਹ ਗਈ ਹੈ ਇਹ ਇਕ ਸਤਰ ਹੀ! ਜੱਟੀ ਦਾ ਮਨੋਵਿਗਿਆਨ, ਹਟਵਾਣੀਏ ਦਾ ਮਨੋਵਿਗਿਆਨ, ਸਾਰੀ ਸਮਾਜਿਕ ਵਿਵਸਥਾ ਦਾ ਮਨੋਵਿਗਿਆਨ। ਤੇ ਫਿਰ ਸਮਿਆਂ ਦਾ ਸੱਚ- ਇਕ ਸੱਚਾ ਇਤਿਹਾਸ- ਘਰਾਂ, ਸਮਾਜਾਂ, ਰਾਜਾਂ, ਆਰਥਿਕ ਸਥਿਤੀਆਂ, ਕੱਪੜੇ ਦੀ ਕਿੱਲਤ ਦੇ ਵਕਤਾਂ ਦਾ; ਤੇ ਬੜਾ ਹੀ ਕੁਝ ਹੋਰ। ਜਿੰਨਾ ਵਿਚਾਰੋ, ਓਨਾ ਹੀ ਹੋਰ ਡੂੰਘੇਰਾ, ਓਨਾ ਹੀ ਹੋਰ ਮਿੱਠਾ, ਓਨਾ ਹੀ ਹੋਰ ਵਧੇਰੇ ਮਾਨਣਯੋਗ।

ਮਿੱਟੀ ਦਾ ਬਾਵਾ ਬਣਾਉਨੀ ਆਂ,
ਝੱਗਾ ਪਾਉਂਨੀ ਆਂ,
ਉਤੇ ਦੇਨੀ ਆਂ ਖੇਸੀ
ਨਾ ਰੋ ਮਿੱਟੀ ਦਿਆ ਬਾਵਿਆ,
ਵੇ ਤੇਰਾ ਪਿਓ ਪਰਦੇਸੀ...

ਇਥੇ ਵੀ ਗੱਲ ਧੁਰ ਕਲੇਜੇ ਵੱਜਦੀ ਹੈ। ਦਰਦ ਨਵਵਿਆਹੀ ਮੁਟਿਆਰ ਦਾ ਜਿਹਦਾ ਗੱਭਰੂ (ਪਤੀ) ਲਾਮ 'ਤੇ ਚਲਾ ਗਿਆ ਜਾਂ ਪਰਦੇਸੀਂ ਚਲਾ ਗਿਆ ਕਮਾਈ ਕਰਨ। ਚਲਾ ਗਿਆ ਇਕੱਲੀ ਨੂੰ ਛੱਡ ਕੇ। ਉਹਦੀਆਂ ਰੀਝਾਂ, ਮੁਹੱਬਤਾਂ ਸਭ ਅਧਵਾਟੇ ਰਹਿ ਗਈਆਂ, ਅਧੂਰੀਆਂ। ਔਰਤ ਜਾਤ ਮਮਤਾ ਦੀ ਮੂਰਤ ਹੁੰਦੀ ਹੈ। ਕਿਸੇ ਨਿੱਕੀ ਜਿਹੀ ਬੱਚੀ ਦੇ ਹਿਰਦੇ ਵਿਚ ਵੀ ਮਾਂ ਬੈਠੀ ਹੁੰਦੀ ਹੈ। ਹਰ ਮੁਟਿਆਰ ਮਾਂ ਬਣਨਾ ਲੋਚਦੀ ਹੈ। ਇਸ ਲੋਚਾ, ਇਸ ਮਾਂਪੁਣੇ ਦੀ ਮੂਲ ਪ੍ਰਵਿਰਤੀ ਕਾਰਨ ਹੀ ਇਸ਼ਕ ਮੁਹੱਬਤ ਜਾਗਦੀ



ਹੈ, ਕਾਮ ਇੱਛਾ ਜਾਗਦੀ ਹੈ, ਮਮਤਾ ਜਾਗਦੀ ਹੈ। ਤੇ ਫਿਰ ਹਰ ਵਿਆਹੀ ਵਰ੍ਹੀ ਮੁਟਿਆਰ ਲਈ ਇਹ ਸਾਰੀਆਂ ਭਾਵਨਾਵਾਂ ਹੱਕ-ਬਜਾਨਬ ਹਨ।

ਇਨ੍ਹਾਂ ਸਤਰਾਂ ਵਿਚ ਨਵਵਿਆਹੀ ਮੁਟਿਆਰ ਦੇ ਬਿਰਹੇ ਦੀ ਡੂੰਘੀ ਚੀਸ ਹੈ, ਮਿਲਾਪ ਦੀ ਤਾਂਘ ਲਈ ਅੰਬਰ ਚੀਰਵੀਂ ਹੂਕ ਹੈ; ਪਰ ਓਧਰ ਪਰਿਵਾਰਕ ਮਜਬੂਰੀ ਹੈ, ਅਰਥ ਵਿਵਸਥਾ ਦੀ ਤਸਵੀਰ ਹੈ, ਸਮਿਆਂ ਦਾ ਇਤਿਹਾਸ ਹੈ। ਗੀਤ ਦੀ ਅਦਾਇਗੀ ਵਿਚ ਅਭਿਨੈ ਹੈ, ਕਾਵਿਕ ਨਾਟਕੀਅਤਾ ਤੇ ਮਨ ਦੀ ਤਸੱਲੀ ਵੀ ਹੈ।

ਪਰ 'ਮਿੱਟੀ ਦਾ ਬਾਵਾ' ਤਾਂ ਨਾ ਬੋਲਦਾ, ਨਾ ਚਾਲਦਾ, ਨਾ ਹੁੰਗਾਰਾ ਹੀ ਦਿੰਦਾ ਹੈ, ਪਰ ਰੋਂਦਾ ਜ਼ਰੂਰ ਹੈ। ਕਿੰਨਾ ਗਹਿਰਾ ਰੁਦਨ ਹੈ। ਕਿੰਨੀ ਡੂੰਘੀ ਪੀੜ ਹੈ, ਕਲੇਜਾ ਚੀਰਵੀਂ ਪੀੜ। ਹਿਰਦੇ ਵਿਚ ਬੈਠੀ ਮਮਤਾ ਨੂੰ ਤਾਂ ਜਿਊਂਦਾ ਜਾਗਦਾ ਬਾਵਾ ਲੋੜੀਂਦਾ ਹੈ, ਜੋ ਬੋਲਦਾ ਚਾਲਦਾ, ਬੁੱਲ੍ਹੀਆਂ ਟੇਰਦਾ, ਲੱਤਾਂ-ਬਾਹਾਂ ਮਾਰਦਾ, ਹੁੰਗਾਰੇ ਭਰਦਾ, ਉਛਲ-ਉਛਲ ਪੈਂਦਾ, ਗਲ ਨੂੰ ਚੰਬੜਦਾ, ਸੌ-ਸੌ ਖੇਖਣ ਕਰਦਾ, ਸੀਨੇ ਠੰਢ ਪਾਉਂਦਾ, ਮਾਂ ਦੀ ਮਮਤਾ ਨੂੰ ਤ੍ਰਿਪਤ ਕਰਦਾ ਹੋਵੇ।

ਮਿੱਟੀ ਦਾ ਬਾਵਾ ਤਾਂ ਬੱਸ ਝੂਠਾ ਜਿਹਾ ਮਨ ਦਾ ਠੁੰਮਣਾ ਹੀ ਬਣ ਕੇ ਰਹਿ ਜਾਂਦਾ ਹੈ, ਅਸਲ ਦੀ ਨਕਲ। ਤੇ ਗੀਤ ਇਕ ਵਿਛੋੜੇ ਦਾ ਦਰਦ, ਬਿਰਹੇ ਦੀ ਚੀਸ, ਦੱਬਿਆ ਘੁੱਟਿਆ ਰੁਦਨ ਤੇ ਇਕ ਸੁੱਚੀ ਚਾਹਤ ਦੇ ਜਾਂਦਾ ਹੈ।

ਖੂਹੇ 'ਤੇ ਪਾਣੀ ਭਰੇਂਦੀਏ ਮੁਟਿਆਰੇ ਨੀ।
ਘੁੱਟ ਕੁ ਪਾਣੀ ਪਿਲਾ ਬਾਂਕੀਏ ਨਾਰੇ ਨੀ।
ਘੁੱਟ ਕੁ ਪਾਣੀ ਨੂੰ ਤਰਸਦੀ, ਲਾਮ ਤੋਂ ਮੁੜੇ,

ਥੱਕੇ ਟੁੱਟੇ ਫ਼ੌਜੀ ਦੀ ਰੂਹ- ਲੰਮੇ ਵਿਯੋਗ ਪਿੱਛੋਂ ਮਿਲਣ-ਸਿੱਕ ਦਾ ਤਰਲਾ, ਆਪਣਿਆਂ ਨੂੰ ਗਲੇ ਮਿਲਣ ਦੀ ਚਾਹਤ; ਪਰ ਮੁਟਿਆਰ, ਬਾਂਕੀ ਨਾਰ ਦਾ ਸਦਾਚਾਰ ਕਿਸੇ ਓਪਰੇ ਮਰਦ ਸਿਰ ਅਹਿਸਾਨ ਕਰ ਕੇ ਕੋਈ ਨਵਾਂ ਪੁਆੜਾ ਨਹੀਂ ਸਹੇੜਨਾ ਚਾਹੁੰਦਾ। ਸਮਾਜਿਕ ਬੰਦਸ਼ਾਂ, ਰਹੁ-ਰੀਤਾਂ ਦੀ ਪਵਿਤਰ ਦੀਵਾਰ ਬੜੀ ਉਚੀ ਹੈ।

ਆਪਣਾ ਭਰਿਆ ਨਾ ਦਿਆਂ
ਸਿਪਾਹੀਆ ਵੇ!
ਲੱਜ ਪਈ ਭਰ ਪੀ ਕਿ
ਮੈਂ ਤੇਰੀ ਮਹਿਰਮਾ ਨਾ ਆਂ।

ਝੇੜੇ ਝਗੜਦਿਆਂ, ਰੇੜਕੇ ਰਿੜਕਦਿਆਂ ਆਖ਼ਿਰਕਾਰ ਪਛਾਣ ਹੋ ਹੀ ਜਾਂਦੀ ਹੈ। ਵੇਦਨਾ ਕਿੰਨੀ ਗਹਿਰੀ ਹੈ:

ਨਿੱਕੀ ਹੁੰਦੀ ਨੂੰ ਛੱਡ ਗਇਓਂ
ਸਿਪਾਹੀਆ ਵੇ!
ਹੁਣ ਹੋਈ ਮੁਟਿਆਰ ਤੇ
ਮੈਂ ਤੇਰੀ ਮਹਿਰਮ ਹੋਈ।

ਪੁਰਾਣੇ ਵੇਲਿਆਂ ਦੀ ਬਾਤ ਹੈ, ਪੁਰਾਣਾ ਇਤਿਹਾਸ ਹੈ, ਪੁਰਾਣੇ ਸਮਾਜਿਕ ਰਿਵਾਜ, ਨਿੱਕੀਆਂ ਨਿੱਕੀਆਂ ਮਾਸੂਮ ਬਾਲੜੀਆਂ ਦੇ ਵਿਆਹ, ਸਹੁਰੇ ਘਰ ਦਾ ਗੋਲਪੁਣਾ ਕਰਦੀ ਬਾਲ-ਵਧੂ ਦਾ ਸੰਤਾਪ, ਪਤੀ ਦੀ ਲਾਮ 'ਤੇ ਚਲੇ ਜਾਣ ਦੀ ਮਜਬੂਰੀ, ਵਹੁਟੀ ਨੂੰ ਆਪਣੇ ਲਾੜੇ ਦੀ ਪਛਾਣ ਤਕ ਨਾ ਰਹਿਣੀ; ਤੇ ਫਿਰ ਭਰ ਜਵਾਨ ਮੁਟਿਆਰ ਦਾ ਆਪਣੇ ਪਤੀ ਨਾਲ ਅਚਨਚੇਤੀ ਮਿਲਾਪ। ਉਹ ਵੀ ਖੂਹ 'ਤੇ, ਇਕ ਮੌਕਾ ਮੇਲ। ਭਰ ਜਵਾਨ ਮੁਟਿਆਰ ਦਾ ਸਹਿਕਦਾ ਸਬਰ ਸੰਤੋਖ ਤੇ ਸਬਰ ਸੰਤੋਖ ਦੀ ਤਹਿ 'ਤੇ ਵਿਛੋੜੇ ਦਾ ਹੇਰਵਾ। ਮਹਿਰਮਾ ਨਾ ਹੋਣ ਤੋਂ ਮਹਿਰਮ ਹੋਣ ਦਾ ਸਫ਼ਰ- ਕਿੰਨਾ ਹੀ ਕੁਝ ਸਾਂਭੀ ਬੈਠਾ ਹੈ ਇਹ ਗੀਤ। ਉਹ ਇਤਿਹਾਸ ਜੋ ਇਤਿਹਾਸਕਾਰਾਂ ਨੇ ਨਾ ਕਦੇ ਲਿਖਿਆ ਹੈ, ਨਾ ਕਦੇ ਲਿਖ ਸਕਣਾ ਹੈ। ਇਤਿਹਾਸ ਤਾਂ ਰਾਜਿਆਂ ਰਜਵਾੜਿਆਂ ਦਾ ਲਿਖਿਆ ਜਾਂਦਾ ਹੈ- ਜੰਗਾਂ ਯੁੱਧਾਂ ਦਾ, ਜਿੱਤਾਂ ਹਾਰਾਂ ਦਾ। ਇਤਿਹਾਸ ਤਾਂ ਵੱਡੇ ਲੋਕਾਂ ਦਾ ਲਿਖਿਆ ਜਾਂਦਾ ਹੈ- ਨਿਮਾਣੀਆਂ ਰੂਹਾਂ ਵਿਚ ਕਲਵਲ ਹੁੰਦੇ ਜਜ਼ਬਿਆਂ ਦਾ ਇਤਿਹਾਸ ਕਿਹੜਾ ਇਤਿਹਾਸਕਾਰ ਲਿਖੇਗਾ?

ਫੁਲੜੀਏ ਧਰੇਕੇ, ਇਕ ਫੁੱਲ ਮੈਨੂੰ ਦੇ!
ਮੈਂ ਵੀ ਜਾਣਾ ਪੇਕੇ, ਇਕ ਫੁੱਲ ਮੈਨੂੰ ਦੇ।

ਰੱਬ, ਗੁਰ ਪੀਰ, ਦੇਵੀ ਦੇਵਤਿਆਂ ਤੋਂ ਤਾਂ ਸਭ ਲੋਕ ਮੰਗਾਂ ਮੰਗਦੇ ਤੇ ਮੰਨਤਾਂ ਮੰਨਦੇ ਹਨ; ਪਰ ਰੁੱਖਾਂ ਬੂਟਿਆਂ, ਕਾਵਾਂ-ਕਬੂਤਰਾਂ, ਚਿੜੀਆਂ ਤੇ ਘੁੱਗੀਆਂ ਤੋਂ ਲੋਕ ਗੀਤ ਹੀ ਮੰਨਤਾਂ ਮੰਗਦੇ ਹਨ। ਇਥੇ ਫੁੱਲਾਂ ਲੱਦੀ ਧਰੇਕ ਅੱਗੇ ਅਰਜੋਈ ਹੈ। ਖਿੜੀ ਪੁੜੀ ਧਰੇਕ ਵੀ ਪੇਕੇ ਪੁੱਜੀ ਵਿਆਹੁਤਾ ਦਾ ਚਿੰਨ੍ਹ ਬਣ ਜਾਂਦੀ ਹੈ। ਫੁੱਲਾਂ ਨਾਲ ਲੱਦੀ ਧਰੇਕ ਪ੍ਰਸੰਨਤਾ ਦੀ ਸਿਖਰ ਹੈ; ਪ੍ਰਾਪਤੀ ਦਾ ਰੂਪ ਹੈ। ਸਹੁਰੇ ਵੱਸਦੀ ਮੁਟਿਆਰ ਨੇ ਪੇਕੇ ਘਰ ਜਾਣਾ ਹੈ। ਗੋਦ ਵਿਚ ਖਿੜ ਖਿੜ ਕਰਦਾ ਫੁੱਲ ਹੋਵੇ, ਪੇਕੇ ਘਰ- ਘਰਦਿਆਂ, ਸਖੀਆਂ ਸਹੇਲੀਆਂ ਨੂੰ ਆਪਣੀ ਪ੍ਰਾਪਤੀ ਦੀ ਖ਼ੁਸ਼ੀ ਵਿਚ ਭਾਈਵਾਲ ਬਣਾਉਣ ਲਈ, ਆਪਣੇ ਮੁਕੰਮਲ ਹੋ ਜਾਣ ਦੇ ਸਬੂਤ ਲਈ। ਔਰਤ ਜਾਨ 'ਤੇ ਖੇਡ ਕੇ ਮਾਂ ਬਣਦੀ ਹੈ; ਪਰ ਉਹ ਮਾਂ ਬਣ ਕੇ ਮੁਕੰਮਲ ਹੋਈ ਅਨੁਭਵ ਕਰਦੀ ਹੈ। 'ਫੁੱਲੜੀ' ਮੁਕੰਮਲ ਹੋਣ ਦੀ ਲੋੜ, ਮਮਤਾ ਦੀ ਤ੍ਰਿਪਤੀ ਦੀ ਇੱਛਾ, ਧਰੇਕ ਵਾਂਗ ਹੀ ਸੁਗੰਧੀਆਂ ਤੇ ਖੇੜਿਆਂ ਭਰਿਆ ਆਪਾ ਲੈ ਕੇ ਪੇਕੇ ਘਰ ਪਰਤਣਾ, ਰੱਬ ਬਣ ਜਾਣ ਵਰਗਾ ਕਰਤਾਰੀ ਸਵੈਮਾਣ! ਨਿੱਕੇ ਜਿਹੇ ਗੀਤ ਵਿਚ ਕਿੱਡੀ ਵੱਡੀ ਗੱਲ ਹੈ।

ਇਨ੍ਹਾਂ ਗੱਲਾਂ ਦਾ ਕੋਈ ਅੰਤ ਨਹੀਂ। ਖ਼ਜ਼ਾਨਾ ਹਨ ਸਾਡੇ ਲੋਕ ਗੀਤ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 11 ਮਾਰਚ 2018 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-315



ਤਸਵੀਰ: ਜਗਮੀਤ ਸਿੰਘ ਪੰਧੇਰ, ਕਲਾਹੜ (ਲੁਧਿਆਣਾ)

*ਮਾਂ-ਪੁੱਤ ਦੋਵੇਂ ਖੁਸ਼ੀ 'ਚ ਖੀਵੇ, ਤਪਦਾ ਦੇਸੀ ਚੁੱਲ੍ਹਾ।
ਤਬਦੀਲੀ ਨੇ ਪੈਰ ਪਸਾਰੇ, ਇਹ ਵਿਰਸਾ ਹੁਣ ਭੁੱਲਾ।*

### ਕੈਪਸ਼ਨ ਮੁਕਾਬਲਾ-313



ਧਿਆਨ ਲੋਕਾਂ ਦਾ ਖਿੱਚਣ ਖਾਤਰ
ਸਭ ਲਿੱਪਾ ਪੋਚੀ ਕਰਦੇ ਨੇ।
ਅਸਾਂ ਵੀ ਆਪਣੇ ਮਨ ਦੀ ਕੀਤੀ
ਦੇਖ-ਦੇਖ ਸਭ ਡਰਦੇ ਨੇ।
**-ਜਗਮੀਤ ਸਿੰਘ ਪੰਧੇਰ**

---

ਹੋਲੀ ਦਾ ਤਿਉਹਾਰ ਹੈ ਨੇੜੇ
ਧੀ ਰਾਣੀ ਨੇ ਲਾ ਲਿਆ ਦਾਅ।
ਮੂੰਹ, ਬਾਹਾਂ ਸਭ ਲਾਲ-ਕਾਲਾ ਕਰ
ਪੂਰਾ ਕਰ ਲਿਆ ਆਪਣਾ ਚਾਅ।
ਮੱਲ ਮਾਰ ਕੇ ਜੋਕਰ ਬਣ ਗਈ
ਹੱਸਦੀ ਨੇ ਫੋਟੋ ਲਈ ਖਿਚਵਾ।
**-ਦਵਿੰਦਰ ਕੌਰ**

---

ਸ਼ਕਲ ਕਿਸੇ ਦੀ ਵੇਖ ਕੇ ਭੈੜੀ
ਹਾਸਾ ਸਭ ਨੂੰ ਆਉਂਦਾ।
ਲੋਕ ਜਿਸ ਨੂੰ ਨਜਰਵੱਟੂ ਸਮਝਦੇ
ਉਹ ਯੂਸ਼ਫ ਦਾ ਭਾਈ ਕਹਾਉਂਦਾ।
ਹਾਸੇ ਦਾ ਨਾ ਪਾਤਰ ਬਣ'ਜਾਂ
ਇਸ ਗੱਲੋਂ ਬੰਦਾ ਰਹਿੰਦਾ ਡਰਦਾ।
ਰੱਬ ਨੇ ਜਿਹੜੀ ਸ਼ਕਲ ਬਣਾਈ
ਉਸ 'ਤੇ ਵੀ ਲਿੱਪਾ ਪੋਚੀ ਕਰਦਾ।
**-ਗੁਰਦੇਵ ਸਿੰਘ ਢਿਪਾਲੀ, ਬਠਿੰਡਾ**

---

ਬਚਪਨ ਹੈ ਅਨਭੋਲ ਬੜਾ
ਚੜ੍ਹੇ ਖੁਸ਼ੀਆਂ ਦਾ ਸਦਾ ਖੁਮਾਰ।
ਹੋਲੀ ਦੇ ਦਿਨ ਨੇੜੇ ਆਏ
ਜਾਪੇ ਰੰਗੀਨ ਹੋਇਆ ਸੰਸਾਰ।
ਨਾ ਕੋਈ ਝਿੜਕਾਂ ਦੀ ਦੀ ਹੈ ਚਿੰਤਾ
ਸਗੋਂ ਮਾਪੇ ਕਰਨ ਪਿਆਰ।
**-ਸੇਵਾ ਸਿੰਘ ਨੂਰਪੁਰੀ, ਬੰਗਾ**

---

ਰੰਗਾਂ ਦਾ ਆਇਆ ਤਿਓਹਾਰ
ਬੱਚਿਆਂ ਦਾ ਆਪਣਾ ਸੰਸਾਰ।
ਸ਼ਕਲਾਂ ਬਣਾ ਕੇ ਰੰਗ ਬਿਰੰਗੀਆਂ
ਫਿਕਰਾਂ ਨੂੰ ਉੜਾ ਕੇ ਲਿਆਉਣ ਬਹਾਰ।
ਹਾਸੇ-ਠੱਠਿਆਂ 'ਚ ਦਿਨ ਲੰਘੇ
ਖੌਰੂ ਪਾਉਣ ਰਲ-ਮਿਲ ਮਿੱਤਰ ਯਾਰ।
**-ਅਮਰਜੀਤ ਸਿੰਘ ਤੂਰ**

---

ਲਾਲ, ਕਾਲੇ ਤੇ ਪੀਲੇ ਰੰਗ ਲਾ ਕੇ
ਸੁਪਰ ਸਟਾਰ ਬਣ ਖੂਬ ਹਸਾਈਏ।
ਬੇਬੇ ਤੋਂ ਵੀ ਗਾਲ੍ਹਾਂ ਮਿਲਦੀਆਂ
'ਇਹ ਕੀ ਸ਼ਕਲ ਬਣਾਈ ਹੈ?'
ਖੁਸ਼ੀਆਂ-ਗਮੀਆਂ ਦਾ ਪਹਿਲੂ ਹੁੰਦਾ
ਮੱਥੇ 'ਤੇ ਨਜ਼ਰ ਵੱਟੂ ਲਾਈਦਾ।
ਪਰ ਮੂੰਹ-ਸਿਰ ਨੂੰ ਕਾਲਾ ਕਰਨਾ
ਇਸ ਦਾ ਬੁਰਾ ਮਨਾਈਦਾ।
**-ਜਗਜੀਤ ਕੌਰ ਤੂਰ, ਚੰਡੀਗੜ੍ਹ**

---

ਭੂਤ ਤੋਂ ਨਾ ਡਰਦੀ, ਪ੍ਰੇਤ ਤੋਂ ਨਾ ਡਰਦੀ।
ਪਰ ਡਰਦੀ ਆਪਣਿਆਂ ਤੋਂ।
ਆਪਣੇ ਆਪ ਤੋਂ ਹਰ ਕੋਈ ਡਰਦਾ
ਕੁਝ ਡਰਦੇ ਸੁਪਨਿਆ ਤੋਂ।
**-ਠਾਕਰ ਸਿੰਘ ਬਸਾਤੀ, ਸ਼ਿਕਾਗੋ**

---

ਲਾਈ ਜਾਂਦੀ ਕਾਲਖ ਜਦ ਮੱਥੇ
ਨਜ਼ਰ ਨਾ ਲੱਗੇ ਸੁਹੱਪਣ 'ਤੇ।
ਹੈ ਵੀ ਬੜੀ ਹਾਸਰਸ ਕਲਾ।
ਟੰਗ ਦਿੱਤੀ ਤੌੜੀ ਜਾਂ ਬੇਸ਼ਕਲ ਕੁਝ।
ਹੈ ਸਿਹਤਮੰਤ ਮੁਸਕਾਨ
ਦੇਖਦਿਆਂ ਹਰ ਇਕ ਹੱਸੇਗਾ ਜਰੂਰ।
**-ਦਰਸ਼ਨਪਾਲ ਦੋਸਾਂਝ**

---

ਬਚਪਨ ਦੀਆਂ ਸ਼ਰਾਰਤਾਂ
ਚੇਤੇ ਕਰ ਮਨ ਪਰਚਾਈਏ।
ਮੱਥ ਕੇ ਮੂੰਹ 'ਤੇ ਰੰਗ
ਡਰਾਉਣੀਆਂ ਸ਼ਕਲਾਂ ਬਣਾਈਏ।
**-ਗੋਰਾ ਪ੍ਰਜਾਪਤ, ਨਿਊ ਯਾਰਕ**

# ਆਲਮੀ ਤਾਕਤਾਂ ਦੇ ਸ਼ਿਕੰਜੇ ਨੇ ਪਾਕਿਸਤਾਨ ਲਈ ਕੀਤਾ ਔਖਾ ਰਾਹ

**ਨਵੀਂ ਦਿੱਲੀ:** ਅਤਿਵਾਦ ਨੂੰ ਹੱਲਾਸ਼ੇਰੀ ਦੇ ਦੋਸ਼ ਵਿਚ ਆਲਮੀ ਤਾਕਤਾਂ ਵੱਲੋਂ ਪਾਕਿਸਤਾਨ ਖਿਲਾਫ ਕੱਸਿਆ ਜਾ ਰਿਹਾ ਸ਼ਿਕੰਜਾ ਇਸ ਮੁਲਕ ਲਈ ਵੱਡੀ ਸਿਰਦਰਦੀ ਬਣਦਾ ਜਾ ਰਿਹਾ ਹੈ। ਵਿੱਤੀ ਐਕਸ਼ਨ ਟਾਸਕ ਫੋਰਸ ਦੀ ਗ੍ਰੇਅ ਸੂਚੀ ਵਿਚ ਪਾਏ ਜਾਣ ਦੀ ਚਿਤਾਵਨੀ ਨੇ ਪਾਕਿਸਤਾਨ ਨੂੰ ਵੱਡੇ ਫਿਕਰਾਂ ਵਿਚ ਪਾ ਦਿੱਤਾ ਹੈ। ਇਸ ਕਾਰਵਾਈ ਨੂੰ ਅੰਜਾਮ ਦੇਣ ਵਾਲੇ ਦੇਸ਼ਾਂ ਵਿਚ ਅਮਰੀਕਾ, ਬਰਤਾਨੀਆ, ਫਰਾਂਸ ਅਤੇ ਜਰਮਨੀ ਸ਼ਾਮਲ ਹਨ। ਪਾਕਿਸਤਾਨ ਖਿਲਾਫ ਸਖਤੀ ਲਈ ਸਭ ਤੋਂ ਅਹਿਮ ਰੋਲ ਅਮਰੀਕਾ ਨਿਭਾ ਰਿਹਾ ਹੈ।

ਅਮਰੀਕਾ ਨੇ ਪਾਕਿਸਤਾਨ ਨੂੰ ਦਿੱਤੀ ਜਾਣ ਵਾਲੀ ਸੈਨਿਕ ਅਤੇ ਵਿੱਤੀ ਸਹਾਇਤਾ 'ਤੇ ਵੀ ਕਾਫੀ ਹੱਦ ਤੱਕ ਰੋਕ ਲਾਈ ਸੀ ਅਤੇ ਕਈ ਵਾਰ ਹੋਰ ਤਰੀਕਿਆਂ ਨਾਲ ਵੀ ਦਬਾਅ ਪਾਇਆ ਸੀ। ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ





ਆਉਂਦਿਆਂ ਹੀ ਪਾਕਿਸਤਾਨ ਦੀਆਂ ਅਤਿਵਾਦ ਦਾ ਸਮਰਥਨ ਕਰਨ ਸਬੰਧੀ ਕਾਰਵਾਈਆਂ ਵਿਰੁੱਧ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਸੀ। ਇਹ ਗੱਲ ਲੁਕੀ ਹੋਈ ਨਹੀਂ ਕਿ ਪਾਕਿਸਤਾਨ ਖੁਦ ਵੀ ਅਤਿਵਾਦ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੈ, ਪਰ ਇਸ ਦੇ ਬਾਵਜੂਦ ਅਤਿਵਾਦੀ ਸੰਗਠਨਾਂ ਨੂੰ ਵਿੱਤੀ ਅਤੇ ਸੈਨਿਕ ਸਮਰਥਨ ਦਿੰਦੇ ਰਹਿਣਾ ਇਸ ਮੁਲਕ ਦੀ ਮਜਬੂਰੀ ਹੈ।

ਇਸੇ ਲਈ ਵੱਡੇ ਅਤਿਵਾਦੀ ਸੰਗਠਨ ਲਸ਼ਕਰ-ਏ-ਤਾਇਬਾ, ਜੈਸ਼-ਏ-ਮੁਹੰਮਦ ਅਤੇ ਹਾਫਿਜ਼ ਸਈਦ ਵਰਗੇ ਅਤਿਵਾਦੀ ਨੇਤਾ ਪਾਕਿਸਤਾਨ ਵਿਚ ਸ਼ਰੇਆਮ ਵਿਚਰਦੇ ਦਿਖਾਈ ਦਿੰਦੇ ਹਨ। ਹੁਣ ਅਮਰੀਕਾ ਦੀ ਪਹਿਲ ਉਤੇ ਉਸ ਦੇ ਕੁਝ ਮਿੱਤਰ ਦੇਸ਼ਾਂ ਨੇ ਪਾਕਿਸਤਾਨ ਸਰਕਾਰ ਨੂੰ ਵੱਡੀ ਚਿਤਾਵਨੀ ਜਾਰੀ ਕਰਦਿਆਂ ਕਹਿ ਦਿੱਤਾ ਕਿ ਜੇਕਰ ਉਸ ਨੇ ਇਨ੍ਹਾਂ ਚਿਤਾਵਨੀਆਂ ਨੂੰ ਅਣਗੌਲਿਆ ਕੀਤਾ ਤਾਂ ਜੂਨ ਮਹੀਨੇ ਤੋਂ ਉਸ ਨੂੰ ਵਿੱਤੀ ਐਕਸ਼ਨ ਟਾਸਕ ਫੋਰਸ ਦੀ ਗ੍ਰੇਅ ਸੂਚੀ ਵਿਚ ਪਾ ਦਿੱਤਾ ਜਾਵੇਗਾ। ਇਸ ਦਾ ਨਤੀਜਾ ਇਹ ਹੋਵੇਗਾ ਕਿ ਵਿਸ਼ਵ ਪੱਧਰ 'ਤੇ ਉਸ ਦਾ ਲੈਣ-ਦੇਣ ਰੁਕ ਸਕਦਾ ਹੈ। ਸਾਲ 2012 ਤੋਂ 2015 ਤੱਕ ਵੀ ਪਾਕਿਸਤਾਨ ਇਸ ਸੂਚੀ ਵਿਚ ਰਿਹਾ ਹੈ ਪਰ ਉਸ ਸਮੇਂ ਅਤੇ ਹੁਣ ਦੀਆਂ ਸਥਿਤੀਆਂ ਵਿਚ ਬਹੁਤ ਵੱਡਾ ਅੰਤਰ ਹੈ।

### *ਸਭ ਕੁਝ ਸਿਆਸਤ ਤੋਂ ਪ੍ਰੇਰਿਤ: ਪਾਕਿ*

**ਪੈਰਿਸ:** ਵਿੱਤੀ ਐਕਸ਼ਨ ਟਾਸਕ ਫੋਰਸ (ਐਫ.ਏ.ਟੀ.ਐਫ.) ਵੱਲੋਂ ਪਾਕਿਸਤਾਨ ਨੂੰ ਗ੍ਰੇਅ ਸੂਚੀ ਵਿਚ ਰੱਖੇ ਜਾਣ ਮਗਰੋਂ ਇਸਲਾਮਾਬਾਦ ਦਾ ਮੰਨਣਾ ਹੈ ਕਿ ਇਹ ਫੈਸਲਾ ਸਿਆਸਤ ਤੋਂ ਪ੍ਰੇਰਿਤ ਹੈ। ਉਂਜ ਪਾਕਿਸਤਾਨ 'ਤੇ ਆਰਥਿਕ ਪਾਬੰਦੀਆਂ ਜੂਨ ਤੋਂ ਲੱਗਣਗੀਆਂ।

ਹੁਣ ਪਾਕਿਸਤਾਨ ਵੱਲੋਂ ਮਈ 'ਚ ਆਉਂਦੇ ਸਮੇਂ ਦੀ ਕਾਰਜ ਯੋਜਨਾ ਪੇਸ਼ ਕੀਤੀ ਜਾਵੇਗੀ। ਐਫ.ਏ.ਟੀ.ਐਫ. ਵੱਲੋਂ ਜਦੋਂ ਜੂਨ 'ਚ ਇਸ ਕਾਰਜ ਯੋਜਨਾ ਨੂੰ ਪ੍ਰਵਾਨਗੀ ਦਿੱਤੀ ਜਾਵੇਗੀ ਤਾਂ ਪਾਕਿਸਤਾਨ ਨੂੰ ਕਾਲੀ ਸੂਚੀ ਵਿਚ ਰੱਖਣ ਦਾ ਰਸਮੀ ਐਲਾਨ ਕੀਤਾ ਜਾਵੇਗਾ।

## ਦੋ ਭਾਰਤੀ ਮਹਿਲਾ ਉਦਮੀਆਂ ਨੂੰ ਕਾਰਟੀਅਰ ਐਵਾਰਡ

**ਲੰਡਨ:** ਦੋ ਭਾਰਤੀ ਮਹਿਲਾ ਉਦਮੀਆਂ ਨੇ ਆਪਣੀਆਂ ਕਾਰੋਬਾਰੀ ਪ੍ਰਾਪਤੀਆਂ ਸਦਕਾ ਵੱਕਾਰੀ ਕਾਰਟੀਅਰ ਮਹਿਲਾ ਪਹਿਲਕਦਮੀ ਐਵਾਰਡ ਹਾਸਲ ਕੀਤਾ ਹੈ। ਇਸ ਤਹਿਤ ਉਨ੍ਹਾਂ ਨੂੰ ਤੀਹ-ਤੀਹ ਹਜ਼ਾਰ ਡਾਲਰ ਦੀ ਇਨਾਮੀ ਰਕਮ ਹਾਸਲ ਹੋਈ ਹੈ। ਇਹ ਸਨਮਾਨ ਹਾਸਲ ਕਰਨ ਵਾਲੀ ਸਵਾਤੀ ਪਾਂਡੇ ਦੀ ਦਿੱਲੀ ਆਧਾਰਤ ਕੰਪਨੀ ਅਰਬੋਰੀਅਲ ਐਗਰੋ ਇੰਨੋਵੇਸ਼ਨਜ਼ ਵੱਲੋਂ ਵਾਤਾਵਰਨ ਪੱਖੀ ਢੰਗ ਨਾਲ ਸ਼ੂਗਰ ਰਹਿਤ ਮਿਠਾਸ (ਸਵੀਟਨਰ) ਦੇਣ ਵਾਲੇ ਬੂਟੇ ਸਟੀਵੀਆ ਦਾ ਉਤਪਾਦਨ ਕੀਤਾ ਜਾਂਦਾ ਹੈ।

ਇਸੇ ਤਰ੍ਹਾਂ ਕ੍ਰਿਸਟਿਨ ਕਾਗੇਤਸੂ ਦੇ ਅਹਿਮਦਾਬਾਦ ਆਧਾਰਤ ਕਾਰੋਬਾਰੀ ਅਦਾਰੇ ਸਾਥੀ ਇੰਕ. ਵੱਲੋਂ ਅਜਿਹੇ ਸੈਨਿਟਰੀ ਨੈਪਕਿਨ ਤਿਆਰ ਕੀਤੇ ਜਾਂਦੇ ਹਨ ਜਿਹੜੇ ਮਿੱਟੀ ਵਿਚ ਪੂਰੀ ਤਰ੍ਹਾਂ ਗਲ ਸੜ ਜਾਂਦੇ ਹਨ ਤੇ ਵਾਤਾਵਰਨ ਨੂੰ ਨੁਕਸਾਨ ਨਹੀਂ ਪਹੁੰਚਾਉਂਦੇ।

# ਮਾਰੂ ਹਥਿਆਰਾਂ 'ਤੇ ਪਾਬੰਦੀ ਦੇ ਰਾਹ ਪਈ ਟਰੰਪ ਸਰਕਾਰ

**ਵਾਸ਼ਿੰਗਟਨ:** ਫਲੋਰਿਡਾ ਦੇ ਇਕ ਸਕੂਲ ਵਿਚ ਅੰਨ੍ਹੇਵਾਹ ਗੋਲੀਆਂ ਚਲਾ ਕੇ 17 ਜਾਨਾਂ ਲੈਣ ਦੀ ਘਟਨਾ ਪਿੱਛੋਂ ਲੋਕ ਰੋਹ ਦਾ ਸਾਹਮਣਾ ਕਰ ਰਹੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਮਾਰੂ ਹਥਿਆਰਾਂ ਉਤੇ ਰੋਕ ਲਾਉਣ ਬਾਰੇ ਸੋਚਣ ਲੱਗੇ ਹਨ। ਇਸ ਬਾਰੇ ਟਰੰਪ ਆਮ ਲੋਕਾਂ ਦੇ ਸੁਝਾਵਾਂ ਨੂੰ ਵੀ ਅੱਗੇ ਰੱਖ ਰਹੇ ਹਨ। ਟਰੰਪ ਨੇ 21 ਸਾਲ ਤੋਂ ਘੱਟ ਉਮਰ ਵਾਲੇ ਨੌਜਵਾਨਾਂ ਦੇ ਹੱਥਾਂ 'ਚ ਅਸਾਲਟ ਰਾਈਫਲਾਂ ਨਾ ਫੜਾਉਣ ਦੀ ਵਕਾਲਤ ਵੀ ਕੀਤੀ ਹੈ। ਅਮਰੀਕਾ 'ਚ ਬੰਦੂਕ ਹਿੰਸਾ ਉਤੇ ਛਿੜੀ ਬਹਿਸ ਦਰਮਿਆਨ ਟਰੰਪ ਨੇ ਕੌਮੀ ਰਾਈਫਲ ਐਸੋਸੀਏਸ਼ਨ (ਐਨ.ਆਰ.ਏ.) ਵਿਚ ਆਪਣੇ ਵਫਾਦਾਰ ਹਮਾਇਤੀਆਂ ਨੂੰ ਝਕਾਨੀ ਦੇ ਦਿੱਤੀ ਹੈ।



ਉਨ੍ਹਾਂ ਸਕੂਲਾਂ 'ਚ ਸੁਰੱਖਿਆ ਕਰਮੀਆਂ ਅਤੇ ਕਈ ਅਧਿਆਪਕਾਂ ਨੂੰ ਹਥਿਆਰਾਂ ਨਾਲ ਲੈਸ ਕਰਨ 'ਤੇ ਜ਼ੋਰ ਦਿੱਤਾ ਹੈ। ਇਸ ਸਮੇਂ 18 ਵਰ੍ਹਿਆਂ ਦਾ ਨੌਜਵਾਨ ਕਾਨੂੰਨੀ ਤੌਰ 'ਤੇ ਬੰਦੂਕ ਖਰੀਦ ਸਕਦਾ ਹੈ। ਟਰੰਪ ਦਾ ਦਾਅਵਾ ਹੈ ਕਿ ਗੋਲੀਬਾਰੀ ਮਗਰੋਂ ਉਨ੍ਹਾਂ ਕਾਂਗਰਸ ਦੇ ਕਈ ਮੈਂਬਰਾਂ ਅਤੇ ਐਨ.ਆਰ.ਏ. ਅਧਿਕਾਰੀਆਂ ਨਾਲ ਗੱਲਬਾਤ ਕੀਤੀ ਹੈ ਜਿਨ੍ਹਾਂ ਉਨ੍ਹਾਂ ਦੀ ਯੋਜਨਾ ਨੂੰ ਲਾਗੂ ਕਰਨ ਦੀ ਹਾਮੀ ਭਰੀ ਹੈ। ਇਸ ਤੋਂ ਪਹਿਲਾਂ ਟਰੰਪ ਮਾਰਜੋਰੀ ਸਟੋਨਮੈਨ ਡਗਲਸ ਹਾਈ ਸਕੂਲ ਵਿਚ 14 ਫਰਵਰੀ ਨੂੰ ਗੋਲੀਬਾਰੀ ਵਿਚ ਜ਼ਿੰਦਾ ਬਚੇ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਰੂਬਰੂ ਹੋਏ ਜਿਨ੍ਹਾਂ ਨੇ ਹਿੰਸਾ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ। ਇਥੇ ਵੱਖ-ਵੱਖ ਲੋਕਾਂ ਨੇ ਅਜਿਹੀਆਂ ਘਟਨਾਵਾਂ ਤੋਂ ਬਚਣ ਲਈ ਆਪਣੇ ਸੁਝਾਅ ਦਿੱਤੇ ਅਤੇ ਆਪਣੇ ਅੰਦਰ ਪੈਦਾ ਹੋਏ ਸਹਿਮ ਬਾਰੇ ਵੀ ਰਾਸ਼ਟਰਪਤੀ ਨੂੰ ਜਾਣੂ ਕਰਾਇਆ। ਟਰੰਪ ਨੇ ਸਾਰੀਆਂ ਗੱਲਾਂ ਨੂੰ ਗੰਭੀਰਤਾ ਨਾਲ ਸੁਣਿਆ।

ਇਸੇ ਦੌਰਾਨ ਪ੍ਰੋਗਰਾਮ ਵਿਚ ਮੌਜੂਦ ਇਕ ਵਿਅਕਤੀ ਨੇ ਸੁਝਾਅ ਦਿੱਤਾ ਕਿ ਸਕੂਲ ਵਿਚ ਮੌਜੂਦ ਜਿਹੜੇ ਅਧਿਆਪਕਾਂ ਜਾਂ ਪ੍ਰਸ਼ਾਸਕਾਂ ਕੋਲ ਹਥਿਆਰਾਂ ਦਾ ਲਾਇਸੈਂਸ ਹੈ, ਉਹ ਸਕੂਲ ਵਿਚ ਹਥਿਆਰ ਲਾਕ ਕਰ ਕੇ ਸੁਰੱਖਿਅਤ ਰੱਖ ਸਕਦੇ ਹਨ ਅਤੇ ਇਸ ਸਬੰਧੀ ਉਨ੍ਹਾਂ ਨੂੰ ਸਿਖਲਾਈ ਦਿੱਤੀ ਜਾ ਸਕਦੀ ਹੈ। ਟਰੰਪ ਨੂੰ ਇਹ ਸੁਝਾਅ ਪਸੰਦ ਆਇਆ। ਇਹ ਵੀ ਪਤਾ ਲੱਗਾ ਹੈ ਕਿ ਟਰੰਪ ਨੇ ਨਿਆਂ ਵਿਭਾਗ ਨੂੰ ਉਨ੍ਹਾਂ ਵਿਵਾਦਗ੍ਰਸਤ 'ਬੰਪ ਸਟੌਕ' ਯੰਤਰਾਂ ਉਤੇ ਪਾਬੰਦੀ ਲਾਉਣ ਬਾਰੇ ਵਿਚਾਰ ਲਈ ਕਿਹਾ ਹੈ, ਜਿਨ੍ਹਾਂ ਨਾਲ ਨੀਮ-ਆਟੋਮੈਟਿਕ ਰਾਈਫਲ ਨੂੰ ਪੂਰੀ ਆਟੋਮੈਟਿਕ ਬਣਾਇਆ ਜਾ ਸਕਦਾ ਹੈ। ਅਜਿਹੇ ਯੰਤਰਾਂ ਨਾਲ ਰਾਈਫਲ ਤੋਂ ਇਕ ਮਿੰਟ ਵਿਚ ਸੈਂਕੜੇ ਗੋਲੀਆਂ ਦਾਗੀਆਂ ਜਾ ਸਕਦੀਆਂ ਹਨ।

# ਐਚ1-ਬੀ ਵੀਜ਼ੇ ਲਈ ਨਿਯਮ ਹੋਰ ਸਖਤ

**ਵਾਸ਼ਿੰਗਟਨ:** ਟਰੰਪ ਪ੍ਰਸ਼ਾਸਨ ਨੇ ਐਚ1-ਬੀ ਵੀਜ਼ਾ ਪ੍ਰਵਾਨਗੀ ਦੇ ਨਿਯਮ ਹੋਰ ਸਖਤ ਕਰ ਦਿੱਤੇ ਹਨ। ਪ੍ਰਸ਼ਾਸਨ ਨੇ ਨਵੀਂ ਨੀਤੀ ਦਾ ਐਲਾਨ ਕਰ ਕੇ ਇਕ ਜਾਂ ਵੱਧ ਤੀਜੀ ਧਿਰ ਵਾਲੀਆਂ ਕੰਮ ਦੀਆਂ ਥਾਂਵਾਂ ਉਤੇ ਰੁਜ਼ਗਾਰ ਹਾਸਲ ਕਰਨ ਵਾਲਿਆਂ ਲਈ ਐਚ1-ਬੀ ਵੀਜ਼ੇ ਜਾਰੀ ਕਰਨ ਦੀ ਪ੍ਰਕਿਰਿਆ ਨੂੰ ਸਖਤ ਬਣਾ ਦਿੱਤਾ ਹੈ। ਇਸ ਕਦਮ ਦਾ ਵੱਡਾ ਅਸਰ ਭਾਰਤੀ ਆਈ.ਟੀ. ਕੰਪਨੀਆਂ ਅਤੇ ਉਨ੍ਹਾਂ ਦੇ ਮੁਲਾਜ਼ਮਾਂ ਉਤੇ ਪਏਗਾ।

ਨਵੀਂ ਨੀਤੀ ਤਹਿਤ ਕੰਪਨੀ ਨੂੰ ਸਾਬਤ ਕਰਨਾ ਪਏਗਾ ਕਿ ਥਰਡ ਪਾਰਟੀ ਵਰਕਸਾਈਟ 'ਤੇ ਐਚ1-ਬੀ ਵੀਜ਼ੇ ਤਹਿਤ ਆਏ ਮੁਲਾਜ਼ਮਾਂ ਨੂੰ ਵਿਸ਼ੇਸ਼ ਕੰਮ ਸੌਂਪਿਆ ਗਿਆ ਹੈ। ਇਸ ਨਾਲ 3 ਸਾਲ ਤੋਂ ਘੱਟ ਸਮੇਂ ਲਈ ਵੀ ਐਚ1-ਬੀ ਵੀਜ਼ਾ ਜਾਰੀ ਹੋ ਸਕੇਗਾ। ਐਚ1-ਬੀ ਵੀਜ਼ਾ ਪ੍ਰੋਗਰਾਮ ਤਹਿਤ ਆਰਜ਼ੀ ਵੀਜ਼ੇ ਦਿੱਤੇ ਜਾਂਦੇ ਹਨ ਜਿਸ ਤਹਿਤ




ਕੰਪਨੀਆਂ ਨੂੰ ਉਚੇਰੀ ਹੁਨਰ ਪ੍ਰਾਪਤ ਵਿਦੇਸ਼ੀ ਮਾਹਰ ਉਨ੍ਹਾਂ ਖੇਤਰਾਂ 'ਚ ਰੱਖਣ ਦੀ ਇਜਾਜ਼ਤ ਮਿਲਦੀ ਹੈ ਜਿਥੇ ਮਾਹਰਾਂ ਦੀ ਘਾਟ ਹੁੰਦੀ ਹੈ।


ਭਾਰਤੀ ਆਈ.ਟੀ. ਕੰਪਨੀਆਂ, ਜੋ ਐਚ1-ਬੀ ਵੀਜ਼ਿਆਂ ਦੇ ਸਭ ਤੋਂ ਵੱਡੇ ਲਾਭਪਾਤਰੀ ਹਨ, ਦੇ ਵੱਡੀ ਗਿਣਤੀ ਮੁਲਾਜ਼ਮ ਥਰਡ ਪਾਰਟੀ ਵਰਕਸਾਈਟਾਂ 'ਤੇ ਤਾਇਨਾਤ ਹਨ। ਅਮਰੀਕਨ ਬੈਂਕਿੰਗ, ਟਰੈਵਲ ਅਤੇ ਕਮਰਸ਼ੀਅਲ ਸੇਵਾਵਾਂ ਦੀ ਵੱਡੀ ਗਿਣਤੀ ਆਨ ਸਾਈਟ ਭਾਰਤੀ ਆਈ.ਟੀ. ਵਰਕਰਾਂ ਉਤੇ ਨਿਰਭਰ ਕਰਦੇ ਹਨ। ਨਵੀਂ ਪਹਿਲਕਦਮੀ ਤਹਿਤ ਅਮਰੀਕੀ ਸਿਟੀਜ਼ਨਸ਼ਿਪ ਐਂਡ ਇੰਮੀਗਰੇਸ਼ਨ ਸਰਵਿਸਿਜ਼ ਨੂੰ ਐਚ1-ਬੀ ਵੀਜ਼ੇ ਮੁਲਾਜ਼ਮ ਨੂੰ ਸਿਰਫ ਥਰਡ ਪਾਰਟੀ ਵਰਕਸਾਈਟ ਉਤੇ ਕੰਮ ਕਰਨ ਦੇ ਵਕਫੇ ਲਈ ਹੀ ਜਾਰੀ ਕੀਤੇ ਜਾਣਗੇ।

## *ਅਮਨੈਸਟੀ ਵੱਲੋਂ ਟਰੰਪ ਦੀ ਰਣਨੀਤੀ ਦੀ ਨੁਕਤਾਚੀਨੀ*

**ਲੰਡਨ:** ਮਨੁੱਖੀ ਅਧਿਕਾਰ ਸਮੂਹ ਅਮਨੈਸਟੀ ਨੇ ਆਪਣੀ ਸਾਲਾਨਾ ਰਿਪੋਰਟ ਵਿਚ ਕਿਹਾ ਕਿ ਸ਼ਰਨਾਰਥੀ ਸੰਕਟ ਬਾਰੇ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਯੂਰਪ ਦੇ ਦੇਸ਼ਾਂ ਦੀ ਪ੍ਰਤੀਕ੍ਰਿਆ, ਸਾਲ 2017 ਵਿਚ ਮਨੁੱਖੀ ਅਧਿਕਾਰ ਦੀ ਉਲੰਘਣਾ ਦੇ ਅਜਿਹੇ ਉਦਾਹਰਣ ਰਹੇ ਜਿਨ੍ਹਾਂ 'ਨਫਰਤ ਦੀ ਰਾਜਨੀਤੀ' ਦੀ ਨੀਂਹ ਰੱਖੀ। ਅਮਰੀਕਾ ਵਿਚ ਇਹ ਰਿਪੋਰਟ ਪਹਿਲੀ ਵਾਰ ਲਾਂਚ ਹੋਈ। ਇਸ ਵਿਚ ਵਿਕਸਤ ਦੇਸ਼ਾਂ ਦੇ ਆਗੂਆਂ 'ਤੇ ਸ਼ਰਨਾਰਥੀ ਸੰਕਟ ਨਾਲ ਨਿਪਟਣ ਦੇ ਤਰੀਕਿਆਂ ਨੂੰ ਨਿਸ਼ਾਨੇ ਉਤੇ ਲਿਆ ਗਿਆ।

## ਪਾਸਪੋਰਟ ਘੁਟਾਲਾ: 14 ਟਰੈਵਲ ਏਜੰਸੀਆਂ ਦੇ ਸੰਚਾਲਕਾਂ ਸਣੇ 25 ਨੂੰ ਕੈਦ

**ਮੋਗਾ:** ਅਦਾਲਤ ਨੇ ਸਾਢੇ ਨੌਂ ਸਾਲ ਪੁਰਾਣੇ ਬਹੁ-ਚਰਚਿਤ ਪਾਸਪੋਰਟ ਘੁਟਾਲੇ ਵਿਚ 14 ਟਰੈਵਲ ਏਜੰਸੀਆਂ ਦੇ ਸੰਚਾਲਕਾਂ ਸਮੇਤ 25 ਜਣਿਆਂ ਨੂੰ ਕੈਦ ਤੇ ਜਰਮਾਨੇ ਦੀ ਸਜ਼ਾ ਸੁਣਾਈ ਹੈ। ਸਾਰਿਆਂ ਨੂੰ ਤਿੰਨ-ਤਿੰਨ ਸਾਲ ਕੈਦ ਤੇ 11-




11 ਹਜ਼ਾਰ ਰੁਪਏ ਜੁਰਮਾਨਾ ਕੀਤਾ ਗਿਆ ਹੈ।

ਅਦਾਲਤ ਨੇ 44 ਮੁਲਜ਼ਮਾਂ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ। ਇਹ ਕੇਸ ਥਾਣਾ ਸਿਟੀ ਵਿਚ 13 ਜੁਲਾਈ, 2008 ਨੂੰ ਦਰਜ ਕੀਤਾ ਗਿਆ ਸੀ। ਵਿਸ਼ੇਸ਼ ਜਾਂਚ ਟੀਮ ਦੀ ਤਫਤੀਸ਼ ਦੌਰਾਨ ਜ਼ਿਲ੍ਹੇ 'ਚ 2002 ਤੋਂ 2008 ਤੱਕ ਪਾਸਪੋਰਟ ਦੀਆਂ 795 ਅਰਜ਼ੀਆਂ ਵਿਚੋਂ ਚੰਡੀਗੜ੍ਹ ਪਾਸਪੋਰਟ ਦਫਤਰ ਵੱਲੋਂ ਕਰੀਬ 395 ਪਾਸਪੋਰਟ ਫਰਜ਼ੀ ਦਸਤਾਵੇਜ਼ਾਂ ਤੋਂ ਇਲਾਵਾ ਜਾਅਲੀ ਨਾਮ-ਪਤੇ 'ਤੇ ਜਾਰੀ ਹੋਣ ਦੀ ਪੁਸ਼ਟੀ ਹੋਈ ਸੀ। ਕੇਸ 'ਚ ਕਰੀਬ 97 ਮੁਲਜ਼ਮ ਸਨ।

# ਭਾਰਤ ਨੇ ਭ੍ਰਿਸ਼ਟਾਚਾਰ ਵਿਚ ਗੁਆਂਢੀਆਂ ਨੂੰ ਕੱਟਿਆ

**ਨਵੀਂ ਦਿੱਲੀ:** ਭਾਰਤ ਆਪਣੇ ਗੁਆਂਢੀ ਮੁਲਕਾਂ ਚੀਨ ਅਤੇ ਭੂਟਾਨ ਨਾਲੋਂ ਕਿਤੇ ਵਧ ਭ੍ਰਿਸ਼ਟ ਹੈ ਪਰ ਪਾਕਿਸਤਾਨ ਅਤੇ ਬੰਗਲਾਦੇਸ਼ ਦੇ ਮੁਕਾਬਲੇ ਉਸ ਦੀ ਹਾਲਤ ਬਿਹਤਰ ਹੈ। ਭ੍ਰਿਸ਼ਟਾਚਾਰ ਬਾਰੇ ਜਥੇਬੰਦੀ ਟਰਾਂਸਪੇਰੈਂਸੀ ਇੰਟਰਨੈਸ਼ਨਲ ਵੱਲੋਂ ਜਾਰੀ 2017 ਦੇ ਭ੍ਰਿਸ਼ਟਾਚਾਰ ਧਾਰਨਾ ਸੂਚਅੰਕ ਦੀ ਆਲਮੀ ਸੂਚੀ 'ਚ ਭਾਰਤ ਨੂੰ 40 ਅੰਕਾਂ ਨਾਲ 81ਵਾਂ ਸਥਾਨ ਮਿਲਿਆ ਹੈ।

ਪਾਕਿਸਤਾਨ ਨੂੰ 117ਵਾਂ (ਅੰਕ 32), ਬੰਗਲਾਦੇਸ਼ ਨੂੰ 143ਵਾਂ (28), ਮਿਆਂਮਾਰ ਨੂੰ 130ਵਾਂ (30) ਅਤੇ ਸ੍ਰੀਲੰਕਾ ਨੂੰ 91ਵਾਂ (38) ਸਥਾਨ ਮਿਲਿਆ ਹੈ। ਭਾਰਤ ਦੇ ਗੁਆਂਢੀ ਮੁਲਕਾਂ ਵਿਚ ਭੂਟਾਨ 67 ਅੰਕ ਲੈ ਕੇ ਸੂਚਅੰਕ ਵਿਚ 26ਵੇਂ ਨੰਬਰ ਉਤੇ ਰਿਹਾ ਹੈ ਜਦਕਿ ਚੀਨ 41 ਅੰਕ ਹਾਸਲ ਕਰ ਕੇ 77ਵੇਂ ਸਥਾਨ ਉਤੇ ਹੈ। ਬ੍ਰਿਕਸ ਮੁਲਕਾਂ ਵਿਚੋਂ ਦੱਖਣੀ ਅਫਰੀਕਾ 71ਵੇਂ ਰੈਂਕ ਨਾਲ ਮੋਹਰੀ ਰਿਹਾ ਹੈ। ਉਸ ਤੋਂ ਬਾਅਦ ਚੀਨ ਅਤੇ ਭਾਰਤ ਦਾ ਨੰਬਰ ਆਉਂਦਾ ਹੈ ਜਦਕਿ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਬਰਾਜ਼ੀਲ ਦਾ 96ਵਾਂ ਅਤੇ ਰੂਸ ਦਾ 135ਵਾਂ ਨੰਬਰ ਹੈ।

ਰਿਪੋਰਟ ਅਨੁਸਾਰ ਏਸ਼ੀਆ ਪ੍ਰਸ਼ਾਂਤ ਖਿੱਤੇ ਵਿਚ ਜਨਤਕ ਖੇਤਰ 'ਚ ਭ੍ਰਿਸ਼ਟਾਚਾਰ 'ਚ ਵੱਡਾ ਫਰਕ ਹੈ। ਰਿਪੋਰਟ ਮੁਤਾਬਕ ਖਿੱਤੇ 'ਚ ਭ੍ਰਿਸ਼ਟਾਚਾਰ ਦੀ ਸਮੱਸਿਆ ਤੇਜ਼ੀ ਨਾਲ ਵਧ ਰਹੀ ਹੈ ਪਰ ਇਸ 'ਚ ਸੁਧਾਰ ਤਾਂ ਹੀ ਆ ਸਕਦਾ ਹੈ ਜੇਕਰ ਸਿਆਸੀ ਪੱਧਰ 'ਤੇ ਇਸ ਨੂੰ ਕਾਬੂ ਪਾਉਣ ਦੇ ਉਪਰਾਲੇ ਕੀਤੇ ਜਾਣ। ਨਿਊਜ਼ੀਲੈਂਡ ਅਤੇ ਡੈਨਮਾਰਕ ਸੂਚੀ 'ਚ ਮੋਹਰੀ ਰਹੇ ਹਨ ਜਦਕਿ ਸੀਰੀਆ, ਦੱਖਣੀ ਸੂਡਾਨ ਅਤੇ ਸੋਮਾਲੀਆ ਕ੍ਰਮਵਾਰ 14, 12 ਤੇ 9 ਅੰਕਾਂ ਨਾਲ ਪਿੱਛੇ ਰਹੇ।

# *ਯੂ.ਕੇ. ਛੱਡਣ ਵਾਲੇ ਪਰਵਾਸੀਆਂ ਦੀ ਗਿਣਤੀ 'ਚ ਇਕਦਮ ਵਾਧਾ*

**ਲੰਡਨ:** ਯੂਰਪੀ ਦੇਸ਼ਾਂ ਦੇ ਵੱਡੀ ਗਿਣਤੀ ਨਾਗਰਿਕ ਯੂ.ਕੇ. ਤੋਂ ਵਾਪਸ ਜਾ ਰਹੇ ਹਨ। ਬੀਤੇ ਇਕ ਦਹਾਕੇ ਵਿਚ ਅਜਿਹਾ ਪਹਿਲੀ ਵਾਰ ਵੇਖਣ ਨੂੰ ਮਿਲ ਰਿਹਾ ਹੈ। ਇੰਨਾ ਹੀ ਨਹੀਂ, ਯੂ.ਕੇ. ਆਉਣ ਵਾਲੇ ਭਾਰਤੀ ਪਰਵਾਸੀਆਂ ਦੀ ਗਿਣਤੀ 'ਚ 2016 ਦੇ ਮੁਕਾਬਲੇ ਪਿਛਲੇ ਸਾਲ 10 ਫੀਸਦੀ ਕਮੀ ਆਈ। ਬਰਤਾਨੀਆ ਦੀ ਯੂਰਪੀ ਸੰਘ ਤੋਂ ਵੱਖ ਹੋਣ ਦੀ ਚੱਲ ਰਹੀ ਪ੍ਰਕਿਰਿਆ ਪਰਵਾਸ ਜ਼ਿੰਦਗੀ 'ਤੇ ਡੂੰਘਾ ਪ੍ਰਭਾਵ ਪਾ ਰਹੀ ਹੈ।

ਬਰਤਾਨੀਆ ਦੇ ਕੌਮੀ ਅੰਕੜਾ ਦਫਤਰ ਦੇ ਤਾਜ਼ਾ ਅੰਕੜਿਆਂ ਤੋਂ ਪਤਾ ਲੱਗਾ ਕਿ ਯੂ.ਕੇ. ਵਿਚ




ਹੁਨਰਮੰਦ ਪਰਵਾਸੀਆਂ ਵਿਚ ਭਾਰਤੀ ਨਾਗਰਿਕਾਂ ਦਾ ਦਬਦਬਾ ਜਾਰੀ ਹੈ। ਪਿਛਲੇ ਸਾਲ ਹੁਨਰਮੰਦ ਕਰਮਚਾਰੀਆਂ ਦੇ ਅੱਧੇ ਵੀਜ਼ੇ ਭਾਰਤੀਆਂ ਨੂੰ ਮਿਲਿਆ ਸੀ। ਵੀਜ਼ਾ ਅਧਿਐਨ ਅਨੁਸਾਰ ਬਰਤਾਨੀਆ ਦੀਆਂ ਯੂਨੀਵਰਸਿਟੀਆਂ 'ਚ ਪੜ੍ਹਾਈ ਲਈ ਆਉਣ ਵਾਲਿਆਂ 'ਚ ਭਾਰਤੀਆਂ ਦੀ ਗਿਣਤੀ ਵਧੀ ਹੈ।

ਪਿਛਲੇ ਸਾਲ ਚੀਨ, ਅਮਰੀਕਾ ਤੇ ਭਾਰਤ ਦੇ ਕੁੱਲ ਵਿਦਿਆਰਥੀ 53 ਫੀਸਦੀ ਤੋਂ ਜ਼ਿਆਦਾ ਸਨ। ਸਭ ਤੋਂ ਜ਼ਿਆਦਾ ਚੀਨੀ ਨਾਗਰਿਕਾਂ ਨੂੰ 88,456 ਵੀਜ਼ੇ ਦਿੱਤੇ ਗਏ, ਜੋ ਕੁੱਲ ਵੀਜ਼ਿਆਂ ਦਾ 40 ਫੀਸਦੀ ਹੈ, ਜਦਕਿ ਭਾਰਤੀਆਂ ਨੂੰ 14,445 ਵੀਜ਼ੇ ਮਿਲੇ। ਇਸੇ ਸਮੇਂ ਦੌਰਾਨ 2,20,000 ਲੋਕ ਯੂ.ਕੇ. ਵਿਚ ਦਾਖਲ ਹੋਏ, ਜਦਕਿ 1,30,000 ਲੋਕ ਵਾਪਸ ਗਏ ਤੇ ਇਹ ਆਪਣੇ-ਆਪ ਵਿਚ ਇਕ ਰਿਕਾਰਡ ਹੈ। ਰਿਪੋਰਟਾਂ ਅਨੁਸਾਰ 73,000 ਯੂ.ਕੇ. ਵਾਸੀ ਵਾਪਸ ਦੇਸ਼ ਪਰਤੇ ਹਨ, ਪਰ 1,25,000 ਬਰਤਾਨਵੀ ਲੋਕਾਂ ਨੇ ਦੇਸ਼ ਛੱਡਿਆ ਹੈ।

## ਹਰਮੀਤ ਸਿੰਘ ਨੂੰ ਟੈਕਸ ਚੋਰੀ ਦੀ ਮਿਲੀ ਅਨੋਖੀ ਸਜ਼ਾ

**ਲੰਡਨ:** ਹੁੱਕਾ ਕਾਰੋਬਾਰ ਲਈ ਤੰਬਾਕੂ ਦਾ ਧੰਦਾ ਕਰਨ ਵਾਲੇ ਅਫਗਾਨੀ ਮੂਲ ਦੇ ਹਰਮੀਤ ਸਿੰਘ ਨੂੰ ਟੈਕਸ ਘਪਲੇ ਵਿਚ ਦੋ ਸਾਲ ਦੀ ਲਮਕਵੀਂ ਸਜ਼ਾ ਸੁਣਾਈ ਗਈ, ਜਦਕਿ 240 ਘੰਟੇ ਬਿਨਾਂ ਤਨਖਾਹ ਸਮਾਜ ਸੇਵਾ ਤੇ 2500 ਪੌਂਡ ਅਦਾਲਤੀ ਖਰਚਾ ਅਦਾ ਕਰਨ ਦੇ ਹੁਕਮ ਦਿੱਤੇ ਗਏ।

ਹਰਮੀਤ ਸਿੰਘ ਦੀ ਕੰਪਨੀ ਵੱਲੋਂ ਫਲਿਕਸਟੋਅ ਬੰਦਰਗਾਹ 'ਤੇ ਭਾਰੀ ਮਾਤਰਾ ਵਿਚ ਤੰਬਾਕੂ ਮੰਗਵਾਇਆ ਗਿਆ ਸੀ, ਜਿਸ ਤਹਿਤ ਹਰਮੀਤ ਸਿੰਘ ਨੇ 3 ਲੱਖ ਪੌਂਡ ਦੀ ਟੈਕਸ ਚੋਰੀ ਕਰਨ ਦੀ ਕੋਸ਼ਿਸ਼ ਕੀਤੀ। ਅਦਾਲਤ ਵਿਚ ਹਰਮੀਤ ਸਿੰਘ ਨੇ ਆਪਣਾ ਦੋਸ਼ ਕਬੂਲ ਲਿਆ ਸੀ।

# ਮੁੱਖ ਮੰਤਰੀਆਂ ਨੇ ਲਾਈ ਨਿਆਂ ਨੂੰ ਠਿੱਬੀ

**ਨਿਰਮਲ ਸੰਧੂ**

ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ ਤੇ ਪੰਜਾਬ 'ਚ ਇਕ ਗੱਲ ਸਾਂਝੀ ਹੈ: ਇਨ੍ਹਾਂ ਸੂਬਿਆਂ ਦੇ ਮੁੱਖ ਮੰਤਰੀ ਅਪਰਾਧ ਤੇ ਭ੍ਰਿਸ਼ਟਾਚਾਰ ਨਾਲ ਸਬੰਧਤ ਕੇਸ ਵਾਪਸ ਲੈਣ ਦੀ ਸਿਫ਼ਾਰਿਸ਼ ਕਰ ਰਹੇ ਹਨ। ਜਾਪਦਾ ਹੈ, ਅੱਖਾਂ ਉਤੇ ਸਿਆਸੀ ਹਿਤਾਂ ਦੇ ਖੋਪੇ ਚੜ੍ਹਨ ਕਾਰਨ ਇਨ੍ਹਾਂ ਨੇ ਇਸ ਦੇ ਸੰਭਾਵੀ ਨਤੀਜਿਆਂ ਵੱਲ ਤਵੱਜੋ ਨਹੀਂ ਦਿੱਤੀ ਹੈ। ਪੁਲਿਸ, ਵਕੀਲ ਜਾਂ ਅਦਾਲਤਾਂ ਵੱਲੋਂ ਜਦੋਂ ਮੌਜੂਦ ਸਬੂਤਾਂ ਦੇ ਆਧਾਰ 'ਤੇ ਕਿਸੇ ਨੂੰ ਬੇਕਸੂਰ ਮੰਨਿਆ ਜਾਂਦਾ ਹੈ ਤਾਂ ਇਹ ਲੀਡਰਾਂ ਵੱਲੋਂ ਕੀਤੇ ਫੈਸਲੇ ਤੋਂ ਉਕਾ ਹੀ ਵੱਖਰਾ ਹੁੰਦਾ ਹੈ ਕਿ ਕੌਣ ਕਸੂਰਵਾਰ ਹੈ ਤੇ ਕੌਣ ਨਹੀਂ।

ਸਿਆਸਤਦਾਨਾਂ ਦੀ ਇਹ ਕਾਰਵਾਈ ਕਾਨੂੰਨ ਤੋੜਨ ਲਈ ਹੱਲਾਸ਼ੇਰੀ ਦੇ ਸਕਦੀ ਹੈ ਅਤੇ ਇਉਂ ਅਗਾਂਹ ਸਿਆਸਤ ਤੇ ਸਿਆਸੀ ਸਿਸਟਮ ਦੇ ਅਪਰਾਧੀਕਰਨ ਲਈ ਰਾਹ ਖੁੱਲ੍ਹੇਗਾ। ਇਹ ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ਾਂ ਦੇ ਵੀ ਉਲਟ ਹੈ, ਇਸ ਨਾਲ ਕਾਨੂੰਨ ਸਾਹਵੇਂ ਬਰਾਬਰੀ ਦੀ ਸੰਵਿਧਾਨਿਕ ਗਰੰਟੀ ਦੀ ਉਲੰਘਣਾ ਹੁੰਦੀ ਹੈ ਅਤੇ ਇਹ ਨਿਆਂਪਾਲਿਕਾ ਦੀ ਆਜ਼ਾਦੀ ਅੰਦਰ ਵੀ ਦਖ਼ਲ ਹੈ। ਵਾਰੀ ਤੋਂ ਬਾਹਰ ਸਿਆਸੀ ਦਬਾਅ ਹੇਠ ਬੇਕਸੂਰ ਗਰਦਾਨਣ ਨਾਲ ਦੂਜਿਆਂ ਵਿਚ ਨਾਰਾਜ਼ਗੀ ਵੀ ਪੈਦਾ ਹੁੰਦੀ ਹੈ। ਪ੍ਰਭਾਵ ਇਹ ਬਣਦਾ ਹੈ ਕਿ ਸਿਆਸੀ ਸਬੰਧਾਂ ਵਾਲੇ ਕੈਦੀ ਬਾਕੀਆਂ ਨਾਲੋਂ ਅਹਿਮ ਹੋ ਗਏ ਹਨ।

ਗੋਲਡ ਕੁਐਸਟ ਇੰਟਰਨੈਸ਼ਨਲ ਨਾਂ ਦੀ ਕੰਪਨੀ ਵੱਲੋਂ 2014 ਵਿਚ ਦਰਜ ਕਰਵਾਏ ਕੇਸ ਵਿਚ ਸੁਪਰੀਮ ਕੋਰਟ ਨੇ ਫ਼ੈਸਲਾ ਸੁਣਾਇਆ ਸੀ: "ਸੀਪੀਸੀ ਦੀ ਧਾਰਾ 482 ਅਤੇ ਸੰਵਿਧਾਨ ਦੀ ਧਾਰਾ 226 ਤਹਿਤ ਕੋਈ ਐਫ ਆਈ ਆਰ ਰੱਦ ਕੀਤੀ ਜਾ ਸਕਦੀ ਹੈ ਜਿਹੜੀ ਵਿਆਹ ਜਾਂ ਅਪਰਾਧੀ ਪਹਿਲੂ ਵਾਲੇ ਦੀਵਾਨੀ ਜਾਇਦਾਦ ਝਗੜੇ ਨਾਲ ਸਬੰਧਤ ਹੋਵੇ। ਉਹ ਵੀ ਤਾਂ, ਜੇ ਦੋਵੇਂ ਧਿਰਾਂ ਆਪਣਾ ਮਾਮਲਾ ਸੁਲ੍ਹਾ ਸਫਾਈ ਨਾਲ ਨਜਿੱਠ ਲੈਣ ਅਤੇ ਇਹ ਵੀ ਸਪਸ਼ਟ ਹੋਵੇ ਕਿ ਸਜ਼ਾ ਹੋਣ ਦੇ ਆਸਾਰ ਨਹੀਂ ਹਨ।" ਅਦਾਲਤ ਨੇ ਸਪਸ਼ਟ ਕੀਤਾ ਕਿ ਇਹ ਹੁਕਮ ਜਬਰ ਜਨਾਹ, ਕਤਲ, ਲੁੱਟ-ਖੋਹ, ਨਸ਼ਿਆਂ, ਡਕੈਤੀ ਨਾਲ ਸਬੰਧਤ ਜਾਂ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਕੇਸਾਂ ਉਤੇ ਲਾਗੂ ਨਹੀਂ ਹੋਵੇਗਾ। ਹੁਣ ਮੁੱਖ ਮੰਤਰੀਆਂ ਵੱਲੋਂ ਜਿਹੜੀਆਂ ਐਫ ਆਈ ਆਰ ਰੱਦ ਕਰਨ ਦੀ ਪੇਸ਼ਬੰਦੀ ਕੀਤੀ ਜਾ ਰਹੀ ਹੈ, ਉਨ੍ਹਾਂ ਵਿਚੋਂ ਬਹੁਤੀਆਂ ਗੰਭੀਰ ਅਪਰਾਧਾਂ ਅਤੇ ਭ੍ਰਿਸ਼ਟਾਚਾਰ ਨਾਲ ਸਬੰਧਤ ਹਨ।

ਅਹੁਦਾ ਸੰਭਾਲਣ ਤੋਂ ਤੁਰੰਤ ਬਾਅਦ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਜੈ ਰਾਮ ਠਾਕੁਰ 'ਸਿਆਸੀ ਬਦਲਾਖੋਰੀ ਹੋਈ ਹੈ', ਆਖ ਕੇ ਸੰਸਦ ਮੈਂਬਰ ਅਨੁਰਾਗ ਠਾਕੁਰ ਨੂੰ ਬਚਾਉਣ ਡਿੱਗ ਪਏ। ਅਨੁਰਾਗ ਠਾਕੁਰ ਖ਼ਿਲਾਫ਼ ਧੋਖਾਧੜੀ, ਅਪਰਾਧਿਕ ਸਾਜ਼ਿਸ਼ ਅਤੇ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਬਹੁਤ ਗੰਭੀਰ ਕੇਸ ਦਰਜ ਹਨ। ਸਬੂਤਾਂ ਉਤੇ ਝਾਤੀ ਮਾਰਨ ਦੀ ਥਾਂ, ਮੁੱਖ ਮੰਤਰੀ ਨੇ ਅਨੁਰਾਗ ਠਾਕੁਰ ਦੇ ਹੱਕ ਵਿਚ "ਦੋਸ਼ੀ ਨਹੀਂ" ਵਾਲਾ ਫ਼ੈਸਲਾ ਸੁਣਾ ਦਿੱਤਾ, ਹਾਲਾਂਕਿ ਸੂਬੇ ਦੀ ਹਾਈ ਕੋਰਟ ਨੇ ਇਸ ਕੇਸ ਦੀ ਸੁਣਵਾਈ ਉਤੇ ਸਟੇਅ ਦੇਣ ਤੋਂ ਵੀ ਨਾਂਹ ਕਰ ਦਿੱਤੀ ਸੀ। ਸਪਸ਼ਟ ਹੈ ਕਿ ਜੈ ਰਾਮ ਠਾਕੁਰ ਰਸੂਖ਼ ਵਾਲੇ ਧੂਮਲ ਪਰਿਵਾਰ ਦੇ ਪੱਖ ਵਿਚ ਭੁਗਤਣ ਦੀ ਫ਼ਿਰਾਕ ਵਿਚ ਹਨ।

ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਇਕ ਵਾਰ ਫਿਰ ਜਾਟ ਲੀਡਰਾਂ ਦੀਆਂ ਧਮਕੀਆਂ ਅੱਗੇ ਗੋਡੇ ਟੇਕ ਗਏ ਹਨ। ਮਸਲਾ ਸਿਰਫ ਇੰਨਾ ਸੀ ਕਿ ਅਮਿਤ ਸ਼ਾਹ ਦੀ ਰੈਲੀ ਵਿਚ ਕੋਈ ਵਿਘਨ ਨਾ ਪਵੇ। ਉਨ੍ਹਾਂ ਨੂੰ ਯਕੀਨ ਹੀ ਨਹੀਂ ਸੀ ਕਿ ਉਨ੍ਹਾਂ ਦੀ ਸਰਕਾਰ ਅਮਨ-ਅਮਾਨ ਯਕੀਨੀ ਬਣਾ ਸਕਦੀ ਹੈ। ਲੁੱਟ-ਖੋਹ ਕਰਨ ਅਤੇ ਸਰਕਾਰੀ ਤੇ ਨਿੱਜੀ ਜਾਇਦਾਦਾਂ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਅੱਗੇ ਮੁੱਖ ਮੰਤਰੀ ਦੀ ਗੋਡੇ ਟੇਕਣ ਵਾਲੀ ਇਸ ਪਹੁੰਚ ਨੇ ਕਾਨੂੰਨ ਮੰਨਣ ਵਾਲੇ ਨਾਗਰਿਕ ਨੂੰ ਨਿਰਾਸ਼ ਕੀਤਾ ਹੈ। ਇਹ ਤਾਂ ਸਮੂਹਿਕ ਹਿੰਸਾ ਨੂੰ ਮੁਆਫ਼ੀ ਦੇਣ ਵਾਲੀ ਗੱਲ ਹੀ ਹੋਈ। ਮੁੱਖ ਮੰਤਰੀ ਨੂੰ ਆਪਣੀਆਂ ਪਹਿਲੀਆਂ ਗੰਭੀਰ ਗ਼ਲਤੀਆਂ ਤੋਂ ਸਬਕ ਸਿੱਖ ਕੇ ਦ੍ਰਿੜ੍ਹ ਪੈਂਤੜਾ ਮੱਲਣ ਦੀ ਜ਼ਿਆਦਾ ਲੋੜ ਹੈ ਕਿ ਕੋਈ ਭਾਵੇਂ ਜਿੰਨੀ ਮਰਜ਼ੀ ਵੱਡੀ ਗਿਣਤੀ ਵਿਚ ਹੰਗਾਮਾ ਖੜ੍ਹਾ ਕਰਨ ਦੀ ਹਾਲਤ ਵਿਚ ਹੋਣ, ਉਨ੍ਹਾਂ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇਗਾ।

ਜੰਮੂ ਕਸ਼ਮੀਰ ਵਿਚ ਕੁਲੀਸ਼ਨ ਸਰਕਾਰ ਉਨ੍ਹਾਂ 9730 "ਪੱਥਰਬਾਜ਼ਾਂ" ਨੂੰ ਰਿਹਾਅ ਕਰ ਰਹੀ ਹੈ ਜਿਨ੍ਹਾਂ ਨੂੰ ਪਹਿਲਾਂ "ਦੇਸ਼-ਵਿਰੋਧੀ" ਗਰਦਾਨਿਆ ਗਿਆ ਸੀ। ਜੰਮੂ ਕਸ਼ਮੀਰ ਸਾਧਾਰਨ ਸੂਬਾ ਨਹੀਂ ਅਤੇ ਸਰਕਾਰ ਨੂੰ ਇਹ ਪਤਾ ਹੀ ਨਹੀਂ ਹੈ ਕਿ ਉਥੇ ਅਮਨ-ਅਮਾਨ ਕਿਵੇਂ ਕਾਇਮ ਰੱਖਣਾ ਹੈ ਅਤੇ ਕਿਹੜਾ ਨੁਸਖ਼ਾ ਕੰਮ ਕਰ ਸਕਦਾ ਹੈ। ਉਥੇ ਜ਼ਿਆਦਤੀਆਂ ਹੋਈਆਂ ਅਤੇ ਫਿਰ ਵਿਦਿਆਰਥੀਆਂ ਦੀਆਂ ਹੇੜ੍ਹਾਂ ਦੀਆਂ ਹੇੜ੍ਹਾਂ ਆਪਣੀਆਂ ਜਮਾਤਾਂ ਵਿਚੋਂ ਬਾਹਰ ਨਿੱਕਲ ਆਈਆਂ। ਇਨ੍ਹਾਂ ਮਾਮਲਿਆਂ ਵਿਚ ਪਹਿਲਾਂ ਤਾਂ ਕੇਸ ਦਰਜ ਹੀ ਨਹੀਂ ਸਨ ਕਰਨੇ ਚਾਹੀਦੇ। ਗ਼ੈਰ-ਪੱਖਪਾਤੀ ਕਾਨੂੰਨ ਵਿਵਸਥਾ ਲਾਗੂ ਕਰ ਕੇ ਪਥਰਾਓ ਅਤੇ ਦਹਿਸ਼ਤਪਸੰਦੀ ਨੂੰ ਸੀਮਤ ਰੱਖਿਆ ਜਾ ਸਕਦਾ ਸੀ, ਪਰ ਹੁਣ ਕਾਨੂੰਨੀ ਅਮਲ ਦੀ ਅਹਿਮੀਅਤ ਨੂੰ ਸਿਆਸੀ ਪੱਧਰ 'ਤੇ ਰੋਲਣਾ ਨਹੀਂ ਚਾਹੀਦਾ। ਪਹਿਲੀ ਵਾਰ ਵਾਰਦਾਤ ਕਰਨ ਵਾਲਿਆਂ ਨਾਲ ਅਦਾਲਤ ਨਰਮੀ ਵਰਤ ਸਕਦੀ ਹੈ। ਸਿਆਸੀ ਪੱਧਰ 'ਤੇ ਇਉਂ ਬਚਾਅ ਕਰਨ ਨਾਲ ਗ਼ਲਤ ਸੁਨੇਹਾ ਜਾ ਸਕਦਾ ਹੈ।

ਪੰਜਾਬ 'ਚ ਇਕ ਸਾਬਕਾ ਜੱਜ ਕਾਂਗਰਸੀਆਂ ਅਤੇ ਹੋਰਾਂ ਖ਼ਿਲਾਫ਼ ਦਰਜ "ਝੂਠੇ" ਕੇਸਾਂ ਦੀ ਪੁਣ-ਛਾਣ ਕਰ ਰਿਹਾ ਹੈ। ਇਨ੍ਹਾਂ ਮਾਮਲਿਆਂ ਵਿਚ ਪੁਲਿਸ ਵਾਲਿਆਂ ਨੂੰ ਸਜ਼ਾ ਦਿੱਤੀ ਜਾ ਰਹੀ ਹੈ ਅਤੇ ਸਿਆਸਤਦਾਨਾਂ, ਜਿਨ੍ਹਾਂ ਨੇ ਬੇਕਸੂਰਾਂ ਨੂੰ ਜੇਲ੍ਹਾਂ ਅੰਦਰ ਪਹੁੰਚਾਇਆ, ਨੂੰ ਹੱਥ ਨਹੀਂ ਪਾਇਆ ਜਾ ਰਿਹਾ। ਪੁਲਿਸ ਦੀ ਸਿਆਸੀ ਦੁਰਵਰਤੋਂ ਰੋਕਣ ਲਈ ਇਸ ਬਲ ਨੂੰ ਸਿਆਸੀ ਪ੍ਰਭਾਵ ਤੋਂ ਮੁਕਤ ਕਰਨਾ ਚਾਹੀਦਾ ਹੈ। ਪ੍ਰਕਾਸ਼ ਸਿੰਘ ਵਾਲੇ ਕੇਸ ਵਿਚ ਸੁਪਰੀਮ ਕੋਰਟ ਨੇ ਸੁਧਾਰਾਂ ਦੀ ਸਿਫ਼ਾਰਿਸ਼ ਕੀਤੀ ਹੈ ਜਿਨ੍ਹਾਂ 'ਚ ਪੁਲਿਸ ਖ਼ਿਲਾਫ਼ ਸ਼ਿਕਾਇਤਾਂ ਸੁਣਨ ਲਈ ਕੋਈ ਪੱਕੀ ਅਥਾਰਟੀ ਕਾਇਮ ਕਰਨਾ ਸ਼ਾਮਲ ਹੈ, ਪਰ ਮੁੱਖ ਮੰਤਰੀ ਦੀ ਇਸ ਪਾਸੇ ਕੋਈ ਦਿਲਚਸਪੀ ਨਹੀਂ ਹੈ। ਕੈਪਟਨ ਅਮਰਿੰਦਰ ਸਿੰਘ ਦੀ ਗੱਲ ਛੱਡੋ, ਕੋਈ ਵੀ ਮੁੱਖ ਮੰਤਰੀ ਪੁਲਿਸ ਤੋਂ ਆਪਣਾ ਕੰਟਰੋਲ ਖ਼ਤਮ ਨਹੀਂ ਕਰਨਾ ਚਾਹੇਗਾ ਤੇ ਕਦੀ ਨਹੀਂ ਚਾਹੇਗਾ ਕਿ ਕਾਨੂੰਨ ਆਧਾਰਿਤ ਪੁਲਿਸ ਢਾਂਚਾ ਕਾਇਮ ਹੋਵੇ ਜਿਸ 'ਚ ਸਭ ਨੂੰ ਬਰਾਬਰ ਦਾ ਵਰਤਾਓ ਮਿਲੇ।

ਬੇਕਸੂਰਾਂ ਨੂੰ ਫਾਹੁਣਾ ਆਮ ਗੱਲ ਹੈ। ਹੋ ਸਕਦਾ ਹੈ, ਮਿਥੀ ਗਈ ਸਜ਼ਾ ਇਹ ਸਭ ਕੁਝ ਰੋਕਣ ਲਈ ਨਾਕਾਫ਼ੀ ਹੈ। ਨਿਆਂ ਮਿਲਣ ਵਿਚ ਦੇਰੀ ਵੀ ਬਹੁਤ ਮਾਰ ਕਰਦੀ ਹੈ। ਹਵਾਲਾਤੀਆਂ ਨਾਲ ਜੇਲ੍ਹਾਂ ਭਰੀਆਂ ਪਈਆਂ ਹਨ। ਆਪਣੇ ਪਾਰਟੀ ਸਮਰਥਕਾਂ ਜਾਂ ਜਾਟਾਂ ਤੇ ਪੱਥਰਬਾਜ਼ਾਂ ਦੇ ਮਾਮਲਿਆਂ ਵਿਚ ਦਖ਼ਲ ਦੇਣ ਦੀ ਥਾਂ ਮੁੱਖ ਮੰਤਰੀਆਂ ਨੂੰ ਇਸਤਗਾਸਾ ਤੰਤਰ ਚੁਸਤ-ਦਰੁਸਤ ਬਣਾਉਣਾ ਚਾਹੀਦਾ ਹੈ, ਮੁਕੱਦਮੇਬਾਜ਼ ਅਫ਼ਸਰਾਂ ਤੇ ਮੁਲਾਜ਼ਮਾਂ ਨੂੰ ਨੱਥ ਪਾਉਣੀ ਚਾਹੀਦੀ ਹੈ ਅਤੇ ਅਦਾਲਤੀ ਕਾਰਵਾਈ ਛੇਤੀ ਨਜਿੱਠਣ ਵਿਚ ਅਦਾਲਤਾਂ ਦੀ ਮਦਦ ਕਰਨ ਉਤੇ ਆਪਣੀ ਊਰਜਾ ਲਾਉਣੀ ਚਾਹੀਦੀ ਹੈ, ਪਰ ਮੁੱਖ ਮੰਤਰੀ ਅਜਿਹੇ ਕਾਰਜ ਪ੍ਰਬੰਧ ਅੰਦਰਲੀਆਂ ਖ਼ਾਮੀਆਂ 'ਤੇ ਉਂਗਲ ਨਹੀਂ ਰੱਖਣਗੇ, ਕਿਉਂਕਿ ਇਹ ਉਨ੍ਹਾਂ ਦੇ ਹਿੱਤ ਵਿਚ ਨਹੀਂ ਹੈ। ਇਹ ਮੁੱਖ ਮੰਤਰੀ ਤਾਂ ਸਿਆਸੀ ਹਮਾਇਤ ਜਾਂ ਅਮਨ-ਅਮਾਨ ਲਈ ਇਹ ਸਾਰਾ ਕੁਝ ਕਰ ਰਹੇ ਹਨ।

ਅਦਾਲਤਾਂ ਭਾਵੇਂ ਆਜ਼ਾਦਾਨਾ ਤੌਰ 'ਤੇ ਕੰਮ ਕਰਦੀਆਂ ਹਨ, ਮੁੱਖ ਮੰਤਰੀ ਕਈ ਵਾਰ ਇਨ੍ਹਾਂ ਨੂੰ ਵੀ ਬੇਵੱਸ ਕਰ ਦਿੰਦੇ ਹਨ। ਅਦਾਲਤਾਂ ਇਸਤਗਾਸਾ ਵੱਲੋਂ ਪੇਸ਼ ਸਬੂਤਾਂ ਮੁਤਾਬਕ ਕੰਮ ਕਰਦੀਆਂ ਹਨ। ਅਸੀਂ ਜਾਂਚ ਅਫ਼ਸਰ ਪਿਛੇ ਹਟਦੇ ਅਤੇ ਗਵਾਹ ਮੁੱਕਰਦੇ ਆਮ ਦੇਖਦੇ ਹਾਂ। ਇਸੇ ਤਰ੍ਹਾਂ ਜਿਹੜੇ ਜ਼ਿਲ੍ਹਾ ਅਟਾਰਨੀ ਮੁਲਜ਼ਮ ਨੂੰ ਸੀਖਾਂ ਪਿੱਛੇ ਪਹੁੰਚਾਉਣ ਲਈ ਸਿਰਤੋੜ ਯਤਨ ਕਰਦੇ ਹਨ, ਉਨ੍ਹਾਂ ਨੂੰ ਮੁਲਜ਼ਮ ਬਾਰੇ ਅਚਾਨਕ ਕੋਈ ਨਵਾਂ ਸਬੂਤ ਮਿਲ ਜਾਂਦਾ ਹੈ। ਅਦਾਲਤਾਂ ਬੱਸ ਤਿਲਮਿਲਾਉਂਦੀਆਂ ਰਹਿ ਜਾਂਦੀਆਂ ਹਨ, ਪਰ ਝਾੜ-ਝੰਬ ਤੋਂ ਬਿਨਾ ਕੁਝ ਨਹੀਂ ਕਰ ਸਕਦੀਆਂ।

ਅਸੀਂ ਇਹ ਸਾਰਾ ਕੁਝ ਬਾਦਲਾਂ ਖ਼ਿਲਾਫ਼ ਵਸੀਲਿਆਂ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲਿਆਂ ਵਿਚ ਦੇਖ ਚੁੱਕੇ ਹਾਂ ਅਤੇ ਕੈਪਟਨ ਅਮਰਿੰਦਰ ਸਿੰਘ ਖ਼ਿਲਾਫ਼ ਦਰਜ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਵੀ ਇਸੇ ਤਰ੍ਹਾਂ ਹੋਵੇਗਾ। ਦੋਹਾਂ ਨੇ ਇਸ ਢਾਂਚੇ ਨੂੰ ਆਪਣੇ ਹਿਤਾਂ ਮੁਤਾਬਕ ਭੁਗਤਾਉਣ ਲਈ ਸਿਆਸੀ ਤਾਕਤ ਦੀ ਵਰਤੋਂ ਕੀਤੀ। ਬਾਦਲ ਬਹੁਤ ਉਦਾਰ ਹੈ, ਪਰ ਸਿਰਫ਼ ਕਰਦਾਤਾਵਾਂ ਦੇ ਸਿਰ ਉਤੇ। ਉਨ੍ਹਾਂ ਨੇ ਪੰਚਾਇਤਾਂ ਨੂੰ ਖੁੱਲ੍ਹੇ ਦਿਲ ਨਾਲ ਤੇ ਗ਼ੈਰ-ਕਾਨੂੰਨੀ ਢੰਗ ਨਾਲ ਗ੍ਰਾਂਟਾਂ ਵੰਡੀਆਂ; ਗ਼ੈਰ-ਕਾਨੂੰਨੀ ਇਸ ਲਈ ਕਿਉਂਕਿ ਅਜਿਹੀਆਂ ਗ੍ਰਾਂਟਾਂ ਦਾ ਕਦੇ ਆਡਿਟ ਨਹੀਂ ਹੁੰਦਾ। ਕੈਪਟਨ ਵੀ ਬਹੁਤ ਮਦਦਗਾਰ ਹਨ- ਪਰ ਸਿਰਫ਼ ਉਨ੍ਹਾਂ ਲਈ ਜੋ ਉਨ੍ਹਾਂ ਦੇ ਨੇੜਲੇ ਹਨ ਅਤੇ ਸਿਆਸੀ ਪੱਖੋਂ ਉਨ੍ਹਾਂ ਲਈ ਲਾਹਦੇਮੰਦ ਹਨ। ਦੋਹਾਂ ਜਣਿਆਂ ਨੇ ਨੇਮਾਂ ਦੇ ਤੂੰਬੇ ਉਡਾ ਕੇ ਆਪਣੇ ਚਹੇਤਿਆਂ ਨੂੰ ਨੌਕਰੀਆਂ ਦਿੱਤੀਆਂ। ਆਪਣਿਆਂ ਨੂੰ ਨਿਹਾਲ ਕਰਨਾ ਜਗੀਰੂ ਰੁਝਾਨ ਹੈ ਜੋ ਦੋਹਾਂ ਉਤੇ ਸਦਾ ਭਾਰੂ ਰਹਿੰਦਾ ਹੈ। ਕੇਸ ਵਾਪਸੀ ਵੀ ਅਜਿਹੀ ਮਾਨਸਿਕਤਾ ਹੈ। ਕਾਨੂੰਨੀ ਵਿਵਸਥਾ 'ਤੇ ਪਹਿਰਾ ਦੇਣਾ ਤਾਂ ਕੋਈ ਮੁੱਦਾ ਹੀ ਨਹੀਂ ਹੈ।

ਪਿੰਡ ਦੇ ਸਰਪੰਚ ਤੋਂ ਲੈ ਕੇ ਮੁੱਖ ਮੰਤਰੀ ਤੱਕ ਹਰ ਸਿਆਸਤਦਾਨ ਚਾਹੁੰਦਾ ਹੈ ਕਿ ਇਹ ਸਿਸਟਮ ਉਸ ਦੀ ਮਰਜ਼ੀ ਤੋਂ ਬਗੈਰ ਨਾ ਚੱਲੇ। ਜੇ ਦਫ਼ਤਰਾਂ ਵਿਚ ਜਾਂ ਹੋਰ ਥਾਈਂ ਆਪੇ ਕੰਮ ਹੋਣ ਲੱਗ ਪੈਣ ਤਾਂ ਉਨ੍ਹਾਂ ਦੀ ਵੁੱਕਤ ਘਟ ਸਕਦੀ ਹੈ ਅਤੇ ਇਉਂ ਲੋਕਾਂ ਦੀ ਉਨ੍ਹਾਂ ਉਤੇ ਨਿਰਭਰਤਾ ਵੀ ਘਟ ਜਾਣੀ ਹੈ। ਸਿਆਸੀ ਤੌਰ 'ਤੇ ਉਹ ਅਜਿਹਾ ਕਿਉਂ ਚਾਹੁਣਗੇ?

ਸਰਪ੍ਰਸਤੀ ਸਹੀ ਢੰਗ ਨਾਲ ਵੰਡਣ ਲਈ ਕੇਂਦਰੀਕ੍ਰਿਤ ਫ਼ੈਸਲਾ ਪ੍ਰਕਿਰਿਆ ਲੋੜੀਂਦੀ ਹੈ। ਇਸ ਦਾ ਫਾਇਦਾ ਜ਼ਰੂਰ ਹੁੰਦਾ ਹੈ, ਪਰ ਇਸ ਦਾ ਉਲਟ ਅਸਰ ਵੀ ਹੋ ਸਕਦਾ ਹੈ, ਜਿਵੇਂ ਹਰਿਆਣਾ ਵਿਚ ਹੋਇਆ ਹੈ। ਜਾਟ ਅੰਦੋਲਨ ਦੌਰਾਨ ਜਦੋਂ ਸੂਬਾ ਜਲ ਰਿਹਾ ਸੀ, ਜ਼ਿਲ੍ਹਾ ਪੱਧਰੀ ਅਫ਼ਸਰ ਉਪਰੋਂ ਹੁਕਮ ਉਡੀਕ ਰਹੇ ਸਨ। ਪ੍ਰਸ਼ਾਸਨ ਦੇ ਨੇਮਾਂ ਮੁਤਾਬਕ, ਉਹ ਖ਼ੁਦ ਤੁਰੰਤ ਕਾਰਵਾਈ ਕਰਦੇ ਅਤੇ ਭੜਕੇ ਹੋਏ ਹਾਲਾਤ ਉਤੇ ਕਾਬੂ ਪਾਉਂਦੇ। ਇਉਂ ਸਿਸਟਮ ਦੀ ਕਾਰਕਰਦਗੀ ਦੀ ਥਾਂ ਕੌਮੀ ਪੱਧਰ ਉਤੇ ਖਟਰ ਦੀ ਨਾਅਹਿਲੀਅਤ ਦਾ ਇਸ਼ਤਿਹਾਰ ਸਜ ਗਿਆ।

ਭਾਰਤ ਤੇਜ਼ੀ ਨਾਲ ਅਜਿਹਾ ਮੁਲਕ ਬਣ ਰਿਹਾ ਹੈ ਜਿਥੇ ਉਚੇ ਅਹੁਦੇ ਉਤੇ ਬੈਠਾ ਲੀਡਰ ਉਸੇ ਤਰ੍ਹਾਂ ਦਾ ਵਿਹਾਰ ਕਰਦਾ ਹੈ, ਜਿਵੇਂ ਕਿਸੇ ਵੇਲੇ ਰਾਜੇ-ਮਹਾਰਾਜੇ ਕਰਦੇ ਸਨ। ਸੱਤਾ ਦੀ ਵਰਤੋਂ ਹਰ ਪੱਧਰ ਉਤੇ ਖ਼ੁਦ ਨੂੰ ਵੱਧ ਅਮੀਰ, ਵੱਧ ਤਾਕਤਵਰ ਬਣਾਉਣ ਲਈ ਕੀਤੀ ਜਾਂਦੀ ਹੈ। ਤ੍ਰਾਸਦੀ ਇਹ ਹੈ ਕਿ ਅਸੀਂ ਇਸ ਦਾ ਹਿੱਸਾ ਬਣ ਗਏ ਹਾਂ ਅਤੇ ਇਸ ਨੂੰ ਇਸੇ ਤਰ੍ਹਾਂ ਸਵੀਕਾਰ ਕਰ ਲਿਆ ਹੈ। ਆਧੁਨਿਕ ਜਮਹੂਰੀ ਸਟੇਟ ਸਾਡੇ ਲਈ ਅਜੇ ਬਹੁਤ ਦੂਰ ਹੈ ਜਿਸ ਵਿਚ ਆਮ ਲੋਕਾਂ ਦਾ ਸਰਕਾਰ ਤੇ ਇਸ ਦੀਆਂ ਸੰਸਥਾਵਾਂ ਨਾਲ ਰਾਬਤਾ ਹੋਵੇ ਅਤੇ ਸਰਕਾਰੀ ਮਸ਼ੀਨਰੀ ਸੁਰੱਖਿਆ, ਨਿਆਂ, ਸਿੱਖਿਆ ਤੇ ਸਿਹਤ ਵਰਗੀਆਂ ਸੇਵਾਵਾਂ ਬਿਨਾਂ ਕਿਸੇ ਵਿਤਕਰੇ ਦੇ ਮੁਹੱਈਆ ਕਰਵਾਏ।

# ਆਮ ਰੁਝਾਨ ਬਣਦਾ ਜਾ ਰਿਹੈ ਫਰਜ਼ੀ ਮੁਕਾਬਲੇ

**ਅਭੈ ਕੁਮਾਰ ਦੂਬੇ**

ਉਤਰ ਪ੍ਰਦੇਸ਼ ਦੇ ਪੱਛਮੀ ਹਿੱਸੇ ਵਿਚ ਅੱਜ ਕਲ੍ਹ ਇਕ ਅਜੀਬ ਨਜ਼ਾਰਾ ਦਿਖਾਈ ਦੇ ਰਿਹਾ ਹੈ। ਕਾਨੂੰਨ ਦੀ ਨਜ਼ਰ ਵਿਚ ਪੇਸ਼ੇਵਰ ਅਪਰਾਧੀ ਗਲੇ ਵਿਚ ਤਖ਼ਤੀ ਲਟਕਾ ਕੇ ਘੁੰਮ ਰਹੇ ਹਨ ਕਿ ਉਹ ਹੁਣ ਕੋਈ ਚੋਰੀ, ਡਕੈਤੀ ਵਰਗੇ ਅਪਰਾਧ ਨਹੀਂ ਕਰਨਗੇ। ਉਨ੍ਹਾਂ ਨੂੰ ਡਰ ਹੈ ਕਿ ਜੇਕਰ ਉਹ ਅਜਿਹਾ ਨਹੀਂ ਕਰਨਗੇ ਤਾਂ ਪੁਲਿਸ ਉਨ੍ਹਾਂ ਦਾ ਮੁਕਾਬਲਾ ਬਣਾ ਦੇਵੇਗੀ। ਕਈ ਅਪਰਾਧੀਆਂ ਦੀ ਕੋਸ਼ਿਸ਼ ਹੈ ਕਿ ਉਨ੍ਹਾਂ ਨੂੰ ਦਿੱਲੀ ਦੀ ਕਿਸੇ ਵੀ ਅਦਾਲਤ ਵਿਚ ਸਮਰਪਣ ਕਰਨ ਦਾ ਮੌਕਾ ਮਿਲ ਜਾਵੇ ਤਾਂ ਕਿ ਉਹ ਉਤਰ ਪ੍ਰਦੇਸ਼ ਪੁਲਿਸ ਦੀਆਂ ਗੋਲੀਆਂ ਤੋਂ ਬਚ ਸਕਣ। ਸਵਾਲ ਇਹ ਹੈ ਕਿ, ਕੀ ਸਾਨੂੰ ਇਸ ਘਟਨਾਕ੍ਰਮ ਦੀ ਪ੍ਰਸੰਸਾ ਕਰਨੀ ਚਾਹੀਦੀ ਹੈ? ਭਾਵੇਂ ਹੀ ਕੋਈ ਅਪਰਾਧੀ ਕਿਉਂ ਨਾ ਹੋਵੇ, ਕੀ ਉਸ ਨੂੰ ਕਾਨੂੰਨ ਅਤੇ ਪੁਲਿਸ ਤੋਂ ਇਸ ਲਈ ਡਰਨਾ ਚਾਹੀਦਾ ਹੈ ਕਿ ਉਸ ਨੂੰ ਬਿਨਾਂ ਮੁਕੱਦਮਾ ਚਲਾਏ ਗੋਲੀ ਮਾਰ ਦਿੱਤੀ ਜਾਵੇਗੀ? ਕੀ ਇਸ ਤਰੀਕੇ ਨਾਲ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕਦੀ ਹੈ? ਕੀ ਅਪਰਾਧ ਕਾਨੂੰਨ-ਸਜ਼ਾ ਦਾ ਇਕਪਾਸੜ ਹੱਲ ਇਹੀ ਹੈ? ਜੇਕਰ ਅਜਿਹਾ ਹੈ ਤਾਂ ਕੀ ਇਸ ਤੋਂ ਬਾਅਦ ਅਦਾਲਤਾਂ, ਜੱਜਾਂ ਅਤੇ ਕਾਨੂੰਨ ਦੀ ਅਪਰਾਧ ਸਹਿੰਤਾ ਦੀ ਲੋੜ ਰਹਿ ਜਾਵੇਗੀ? ਇਨ੍ਹਾਂ ਸਵਾਲਾਂ ਦੇ ਨਾਲ-ਨਾਲ ਸਾਨੂੰ ਇਸ ਗੱਲ 'ਤੇ ਵੀ ਸੋਚਣਾ ਚਾਹੀਦਾ ਹੈ ਕਿ, ਕੀ ਇਹ ਰੁਝਾਨ ਸਿਰਫ ਉਤਰ ਪ੍ਰਦੇਸ਼ ਤੱਕ ਸੀਮਤ ਹੈ ਜਾਂ ਸਮੇਂ-ਸਮੇਂ 'ਤੇ ਸਾਰੇ ਦੇਸ਼ ਵਿਚ ਅਪਣਾਇਆ ਜਾਂਦਾ ਰਿਹਾ ਹੈ?

ਯੋਗੀ ਸਰਕਾਰ ਜਦੋਂ ਤੋਂ ਸੱਤਾ ਵਿਚ ਆਈ ਹੈ, ਅਪਰਾਧ ਰੋਕਣ ਦੇ ਨਾਂਅ 'ਤੇ ਮੁੱਠਭੇੜ ਰਾਹੀਂ ਅਪਰਾਧੀਆਂ 'ਤੇ ਸਰੀਰਕ ਤਸ਼ੱਦਦ ਦੀ ਮੁਹਿੰਮ ਚਲਾ ਰਹੀ ਹੈ। ਪਿਛਲੇ 10 ਮਹੀਨਿਆਂ ਵਿਚ ਹਰ ਥਾਣਾ ਖੇਤਰ ਵਿਚ ਅਣਗਿਣਤ ਮੁੱਠਭੇੜਾਂ ਹੋਈਆਂ ਹਨ, ਜਿਨ੍ਹਾਂ ਵਿਚ 40 ਤੋਂ ਵਧੇਰੇ ਅਪਰਾਧੀਆਂ ਨੂੰ ਗੋਲੀ ਮਾਰੀ ਜਾ ਚੁੱਕੀ ਹੈ। ਇਨ੍ਹਾਂ ਨੂੰ ਨਾ ਅਦਾਲਤ ਵਿਚ ਪੇਸ਼ ਕੀਤਾ ਗਿਆ, ਨਾ ਉਨ੍ਹਾਂ ਵਿਰੁੱਧ ਸਬੂਤ ਇਕੱਠੇ ਕੀਤੇ ਗਏ ਅਤੇ ਨਾ ਹੀ ਕੋਈ ਤਫ਼ਤੀਸ਼ ਕੀਤੀ ਗਈ। ਹੋ ਸਕਦਾ ਹੈ ਕਿ ਉਹ ਮੁਜਰਮ ਹੋਣ ਪਰ ਇਹ ਤੈਅ ਕਰਨ ਦਾ ਕੰਮ ਵੀ ਪੁਲਿਸ ਨੇ ਬਿਨਾਂ ਕਿਸੇ ਜੱਜ ਦੀ ਮਦਦ ਨਾਲ ਕਰ ਲਿਆ, ਕੀ ਉਨ੍ਹਾਂ ਦਾ ਜੁਰਮ ਮੌਤ ਦੀ ਸਜ਼ਾ ਦੇਣ ਦੇ ਕਾਬਲ ਸੀ? ਮਹਾਰਾਸ਼ਟਰ ਦੀ ਤਰ੍ਹਾਂ ਹੁਣ ਉਤਰ ਪ੍ਰਦੇਸ਼ ਪੁਲਿਸ ਵਾਲੇ ਵੀ 'ਐਕਾਊਂਟਰ ਮਾਹਿਰ' ਕਹਾਉਣ ਵਿਚ ਮਾਣ ਮਹਿਸੂਸ ਕਰਨ ਲੱਗੇ ਹਨ। 80 ਦੇ ਦਹਾਕੇ ਦੇ ਸ਼ੁਰੂ ਵਿਚ ਜਦੋਂ ਵਿਸ਼ਵਨਾਥ ਪ੍ਰਤਾਪ ਸਿੰਘ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਸਨ, ਉਸ ਸਮੇਂ ਵੀ ਅਜਿਹੀਆਂ ਮੁੱਠਭੇੜਾਂ ਦਾ ਇਕ ਲੰਮਾ ਸਿਲਸਿਲਾ ਚੱਲਿਆ ਸੀ, ਜਿਸ ਵਿਚ ਪਛੜੀਆਂ ਜਾਤੀਆਂ ਦੇ ਕਈ ਬੇਕਸੂਰ ਨੌਜਵਾਨਾਂ ਨੂੰ ਜਾਨ ਤੋਂ ਹੱਥ ਧੋਣੇ ਪਏ ਸਨ। ਉਸ ਸਮੇਂ ਤਤਕਾਲੀ ਵਿਰੋਧੀ (ਚਰਨ ਸਿੰਘ, ਮੁਲਾਇਮ ਸਿੰਘ ਯਾਦਵ, ਜਾਰਜ ਫਰਨਾਡਿਜ਼) ਨੇ ਐਮਨੈਸਟੀ ਇੰਟਰਨੈਸ਼ਨਲ ਨੂੰ ਚਿੱਠੀ ਲਿਖ ਕੇ ਇਸ ਵਿਰੁੱਧ ਮੁਹਿੰਮ ਚਲਾਈ ਸੀ। ਜਿਸ ਕਾਰਨ ਵੀ.ਪੀ. ਸਿੰਘ ਸਰਕਾਰ ਦਾ ਅੰਤ ਹੋਇਆ, ਹੋਰ ਮੁੱਦਿਆਂ ਵਿਚੋਂ ਇਹ ਮੁੱਦਾ ਮੁੱਖ ਸੀ। ਤ੍ਰਾਸਦੀ ਇਹ ਹੈ ਕਿ ਅੱਜ ਉਤਰ ਪ੍ਰਦੇਸ਼ ਵਿਚ ਇਸ ਵਿਰੁੱਧ ਕੋਈ ਬੋਲਣ ਨੂੰ ਤਿਆਰ ਨਹੀਂ ਹੈ, ਬਾਵਜੂਦ ਇਸ ਦੇ ਕਿ ਗੁਜਰਾਤ ਵਿਚ ਸੋਹਰਾਬੂਦੀਨ ਅਤੇ ਉਸ ਦੀ ਪਤਨੀ ਕੋਸਰਬੀ ਦੀ ਫਰਜ਼ੀ ਮੁੱਠਭੇੜ ਵਿਚ ਹੋਈ ਮੌਤ ਸਰਬਉੱਚ ਅਦਾਲਤ ਦੇ ਦਖ਼ਲ ਤੋਂ ਬਾਅਦ ਕਾਫੀ ਸਮੇਂ ਤੋਂ ਕੌਮੀ ਵਿਵਾਦ ਦਾ ਵਿਸ਼ਾ ਬਣੀ ਹੋਈ ਹੈ। ਜ਼ਾਹਰ ਹੈ ਕਿ ਗੰਗਾ ਯਮੁਨਾ ਵਿਚ 80 ਦੇ ਦਹਾਕੇ ਤੋਂ ਬਾਅਦ ਬਹੁਤ ਪਾਣੀ ਵਹਿ ਚੁੱਕਾ ਹੈ। ਫਰਜ਼ੀ ਮੁੱਠਭੇੜਾਂ ਵਿਰੁੱਧ ਕੋਈ ਨਾ ਕੋਈ ਆਵਾਜ਼ ਉੱਠਦੀ ਸੀ ਪਰ ਹੁਣ ਅਜਿਹਾ ਲਗਦਾ ਹੈ ਕਿ ਪੂਰੀ ਰਾਜਨੀਤੀ ਅਤੇ ਸਮਾਜ ਨੇ ਕਾਨੂੰਨ ਅਤੇ ਵਿਵਸਥਾ ਦੇ ਨਾਂਅ 'ਤੇ ਠੰਢੇ ਦਿਮਾਗ ਨਾਲ ਹੱਤਿਆਵਾਂ ਕਰਨ ਦੇ ਘਿਨਾਉਣੇ ਅਮਲ 'ਤੇ ਆਪਣੀ ਮੋਹਰ ਲਗਾ ਦਿੱਤੀ ਹੈ।


ਕਿਸੇ ਵੀ ਪੁਲਿਸ ਵਾਲੇ ਨੂੰ ਵਿਸ਼ਵਾਸ ਵਿਚ ਲੈ ਕੇ ਪੁੱਛਿਆ ਜਾਵੇ ਤਾਂ ਉਹ ਇਹੀ ਕਹੇਗਾ ਕਿ ਮੁੱਠਭੇੜ ਦੇ ਨਾਂਅ 'ਤੇ ਜੋ ਕੁਝ ਹੁੰਦਾ ਹੈ, ਉਹ ਕਦੇ ਅਸਲੀ ਨਹੀਂ ਹੁੰਦਾ। ਜਿਸ ਮੁਕਾਬਲੇ ਵਿਚ ਘੱਟੋ-ਘੱਟ ਇਕ ਪੁਲਿਸ ਕਰਮੀ ਹੋਵੇ ਤਾਂ ਸਿਰਫ ਉਹੀ ਅਸਲੀ ਹੁੰਦਾ ਹੈ। ਅਜਿਹੀ ਮੁੱਠਭੇੜ ਹਜ਼ਾਰਾਂ ਵਿਚੋਂ ਇਕ ਹੀ ਹੁੰਦੀ ਹੈ। ਕ੍ਰਾਇਮ ਬੀਟ ਕਵਰ ਕਰਨ ਵਾਲੇ ਕਿਸੇ ਵੀ ਤਜਰਬੇਕਾਰ ਪੱਤਰਕਾਰ ਤੋਂ ਪੁੱਛ ਲਓ, ਉਹ ਯਕੀਨ ਨਾਲ ਦੱਸ ਸਕਦਾ ਹੈ ਕਿ ਇਨ੍ਹਾਂ ਮੁਕਾਬਲਿਆਂ ਦਾ ਆਦਰਸ਼ ਕੀ ਹੈ? ਉਤਰ ਪ੍ਰਦੇਸ਼ 'ਚ ਇਸ ਵਿਰੁਧ ਚੱਲੀ ਉਸ ਸਿਆਸੀ ਮੁਹਿੰਮ ਦੇ ਬਾਵਜੂਦ 80 ਦੇ ਦਹਾਕੇ ਵਿਚ ਹੋਈ ਪੰਜਾਬ ਦੀ ਘਟਨਾ ਅਤੇ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਪੈਦਾ ਹੋਈ ਅੱਤਵਾਦ ਦੀ ਘਟਨਾ ਨੇ ਮੁਕਾਬਲਿਆਂ ਨੂੰ ਨਵੇਂ ਸਿਰੇ ਤੋਂ ਜਾਇਜ਼ ਠਹਿਰਾਉਣ ਦੀ ਭੂਮਿਕਾ ਨਿਭਾਈ ਸੀ। ਪਹਿਲਾਂ ਇਸ ਨੂੰ ਅੱਤਵਾਦ ਵਿਰੁੱਧ ਲੜਨ ਦੇ ਔਜ਼ਾਰ ਵਾਂਗ ਪੇਸ਼ ਕੀਤਾ ਗਿਆ। ਫਿਰ ਮੁੰਬਈ ਵਿਚ ਅਪਰਾਧ ਦੇ ਪ੍ਰਭਾਵ ਦਾ ਮੁਕਾਬਲਾ ਕਰਨ ਲਈ ਉਸ ਦੀ ਵਰਤੋਂ 'ਤੇ ਭਰੋਸਾ ਕੀਤਾ ਗਿਆ। ਅੱਜ ਸਥਿਤੀ ਇਹ ਹੈ ਕਿ ਫਰਜ਼ੀ ਮੁੱਠਭੇੜ ਵਿਚ ਜੇ ਕੋਈ ਪੁਲਿਸ ਵਾਲਾ ਫੜਿਆ ਵੀ ਜਾਂਦਾ ਹੈ ਤਾਂ ਉਸ ਦਾ ਮਤਲਬ ਇਹ ਨਹੀਂ ਹੁੰਦਾ ਕਿ ਫਰਜ਼ੀ ਮੁੱਠਭੇੜਾਂ ਵਿਰੁੱਧ ਕੋਈ ਮਾਹੌਲ ਬਣੇਗਾ। ਉਹ ਜਾਰੀ ਰਹਿੰਦੇ ਹਨ। ਕਾਨੂੰਨ ਲਾਗੂ ਕਰਨ ਵਾਲੀ ਸਰਕਾਰ ਉਨ੍ਹਾਂ ਨੂੰ ਗ਼ੈਰ-ਕਾਨੂੰਨੀ ਸਮਰਥਨ ਦਿੰਦੀ ਹੈ। ਸਮਾਜ ਉਨ੍ਹਾਂ ਨੂੰ ਬੇਝਿਜਕ ਮਾਨਤਾ ਦਿੰਦਾ ਹੈ। ਮਨੋਰੰਜਨ ਦੀ ਦੁਨੀਆ ਅਜਿਹੀ ਮੁੱਠਭੇੜ ਕਰਨ ਵਾਲਿਆਂ 'ਤੇ 'ਅਬ ਤਕ ਛੱਪਨ' ਜਿਹੀਆਂ ਸੁਪਰਹਿਟ ਫ਼ਿਲਮਾਂ ਬਣਾਉਂਦੀ ਹੈ। ਮੁਕਾਬਲਿਆਂ ਦੇ ਸਮਾਜਿਕ ਅਤੇ ਸਿਆਸੀ ਪ੍ਰਭਾਵ ਨੂੰ ਘੱਟ ਕਰਕੇ ਨਹੀਂ ਦੇਖਿਆ ਜਾ ਸਕਦਾ। ਮੁਕਾਬਲੇ ਬਣਾਉਣ ਵਾਲੇ ਮਾਹਿਰਾਂ 'ਤੇ ਹਿੰਦੀ ਤੋਂ ਲੈ ਕੇ ਦੱਖਣੀ ਭਾਰਤੀ ਭਾਸ਼ਾਵਾਂ ਤੱਕ ਫ਼ਿਲਮਾਂ ਬਣ ਚੁੱਕੀਆਂ ਹਨ। ਇਹ ਲੋਕ ਲੋਕਾਂ ਦੀ ਨਜ਼ਰ 'ਚ ਹੀਰੋ ਹਨ। ਗੈਂਗਵਾਰ 'ਚ ਇਕ ਮਾਫੀਆ ਡਾਨ ਦੇ ਕਹਿਣ 'ਤੇ ਦੂਜੇ ਡਾਨ ਦੇ ਆਦਮੀਆਂ ਨੂੰ ਟਿਕਾਣੇ ਲਗਾਉਣ ਦੇ ਮਕਸਦ ਤੋਂ ਇਨ੍ਹਾਂ ਨੂੰ ਜੋ ਮਾਲ ਮਿਲਦਾ ਹੈ, ਉਸ ਤੋਂ ਇਹ ਖਾਕੀ ਵਰਦੀਧਾਰੀ ਸਕੂਲ ਖੁੱਲ੍ਹਵਾਉਂਦੇ ਹਨ, ਧਰਮ ਲਈ ਚੰਦਾ ਦਿੰਦੇ ਹਨਅਤੇ ਅਨਾਥ ਆਸ਼ਰਮ ਖੁੱਲ੍ਹਵਾ ਕੇ ਪੁੰਨ ਕਮਾਉਂਦੇ ਹਨ। ਹਤਿਆਰੇ ਤੋਂ ਹੀਰੋ ਬਣਨ ਦੇ ਇਸ ਸਫ਼ਰ ਵਿਚ ਬਸ ਇਕ ਹੀ ਕਮੀ ਰਹਿ ਗਈ ਹੈ ਕਿ ਇਨ੍ਹਾਂ ਵਿਚੋਂ ਅਜੇ ਤੱਕ ਕੋਈ ਰਾਜਨੀਤੀ ਵਿਚ ਨਹੀਂ ਆਇਆ ਪਰ ਜੇਕਰ ਸੈਂਕੜੇ ਹੱਤਿਆਵਾਂ ਕਰਨ ਤੋਂ ਬਾਅਦ ਆਤਮ-ਸਮਰਪਣ ਕਰਨ ਵਾਲੇ ਡਾਕੂ ਲੋਕਾਂ ਦੇ ਨੁਮਾਇੰਦੇ ਬਣ ਸਕਦੇ ਹਨ ਤੇ ਸਾਲਾਂ ਤੱਕ ਗਰੋਹਬੰਦ ਅਪਰਾਧ ਕਰਨ ਵਾਲੇ ਮਾਫ਼ੀਆ ਸਰਦਾਰ ਚੋਣ ਜਿੱਤ ਸਕਦੇ ਹਨ ਤਾਂ ਇਨ੍ਹਾਂ ਪੁਲਿਸ ਵਾਲਿਆਂ ਨੂੰ ਵੀ ਸੰਸਦ ਮੈਂਬਰ ਜਾਂ ਵਿਧਾਇਕ ਬਣਨ ਤੋਂ ਬਹੁਤ ਦਿਨ ਤੱਕ ਨਹੀਂ ਰੋਕਿਆ ਜਾ ਸਕਦਾ।

ਫਰਜ਼ੀ ਮੁੱਠਭੇੜਾਂ ਰਾਹੀਂ ਵਿਵਸਥਾ ਵਿਚ ਜੋ ਵਿਗਾੜ ਆਉਂਦੇ ਹਨ ਉਹ ਕਿਸੇ ਨੂੰ ਵੀ ਨਹੀਂ ਛੱਡਦੇ। ਗ਼ਰੀਬਾਂ ਵਿਰੁੱਧ ਗ਼ਰੀਬਾਂ ਦੇ ਹੀ ਪੁੱਤਰਾਂ ਦੀ ਵਰਤੋਂ ਆਸਾਨੀ ਨਾਲ ਕੀਤੀ ਜਾ ਸਕਦੀ ਹੈ। ਜੋ ਲੋਕ ਡੀ.ਜੀ. ਵਣਜਾਰਾ ਨੂੰ ਜਾਣਦੇ ਹਨ, ਉਨ੍ਹਾਂ ਨੂੰ ਪਤਾ ਹੈ ਕਿ ਗੁਜਰਾਤ ਦੇ ਗ਼ਰੀਬ ਆਦਿਵਾਸੀ ਸਮਾਜ ਤੋਂ ਆਇਆ ਇਹ ਅਫ਼ਸਰ ਫਰਜ਼ੀ ਮੁੱਠਭੇੜਾਂ ਨੂੰ ਕੌਮੀ ਕਰਤੱਵ ਸਮਝ ਕੇ ਕਰਦਾ ਸੀ। ਉਸ ਦੀ ਮਾਨਤਾ ਸੀ ਕਿ ਸੋਹਰਾਬੁੱਦੀਨ ਤਤਕਾਲੀ ਮੁੱਖ ਮੰਤਰੀ ਨੂੰ ਮਾਰਨ ਦੀ ਸਾਜਿਸ਼ ਘੜ ਰਿਹਾ ਸੀ। ਇਸ ਲਈ ਉਸ ਨੂੰ ਖ਼ਤਮ ਕਰ ਦੇਣਾ ਆਪਣੇ-ਆਪ ਵਿਚ ਕੋਈ ਨੈਤਿਕ ਅਪਰਾਧ ਨਹੀਂ ਹੋ ਸਕਦਾ। ਇਸ ਫਰਜ਼ੀ ਮੁੱਠਭੇੜ ਦੇ ਸਬੂਤ ਮਿਟਾਉਣ ਲਈ ਸੋਹਰਾਬੁੱਦੀਨ ਦੀ ਬੇਕਸੂਰ ਪਤਨੀ ਨੂੰ ਵੀ ਜਾਨ ਤੋਂ ਹੱਥ ਧੋਣਾ ਪਿਆ। ਇਸ ਤਰ੍ਹਾਂ ਦੀ ਸੋਚ ਰੱਖਣ ਵਾਲੇ ਲੋਕਾਂ ਨੂੰ ਕਾਨੂੰਨੀ ਤੌਰ 'ਤੇ ਸਜ਼ਾ ਹੋ ਸਕਦੀ ਹੈ। ਉਨ੍ਹਾਂ ਦਾ ਜੀਵਨ ਤਬਾਹ ਹੋ ਸਕਦਾ ਹੈ ਪਰ ਉਨ੍ਹਾਂ ਨੂੰ ਆਪਣੇ ਅੰਦਰ ਝਾਕ ਕੇ ਦੇਖਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਗੁਜਰਾਤੀ ਮੱਧ ਵਰਗ ਲਈ ਤਾਂ ਵਣਜਾਰਾ ਵਰਗੇ ਲੋਕ ਬਹਾਦਰੀ ਅਤੇ ਕਰਤੱਵ ਦਾ ਪਾਲਣ ਕਰਨ ਦੀ ਮਿਸਾਲ ਹਨ। ਜੇਕਰ ਸਰਬਉੱਚ ਅਦਾਲਤ ਨੇ ਦਖ਼ਲ ਨਾ ਦਿੱਤਾ ਹੁੰਦਾ ਤਾਂ ਇਹ ਮਾਮਲਾ ਕਦੋਂ ਦਾ ਦਫ਼ਨਾਇਆ ਜਾ ਚੁੱਕਾ ਹੁੰਦਾ ਅਤੇ ਸ਼ਾਇਦ ਕਿਸੇ ਗਣਤੰਤਰ ਦਿਵਸ 'ਤੇ ਸੋਹਰਾਬੁੱਦੀਨ ਨਾਂਅ ਦੇ ਖ਼ਤਰਨਾਕ ਅੱਤਵਾਦੀ ਨੂੰ ਮਾਰਨ ਦੇ ਆਪ੍ਰੇਸ਼ਨ ਦੀ ਅਗਵਾਈ ਕਰਨ ਲਈ ਵਣਜਾਰਾ ਅਤੇ ਉਸ ਦੀ ਟੀਮ ਦੇ ਮੈਂਬਰ ਵੀ ਸਨਮਾਨਿਤ ਕੀਤੇ ਹੁੰਦੇ।

ਮੁੰਬਈ ਦੀ ਅੰਧੇਰੀ ਪੁਲਿਸ ਕ੍ਰਾਈਮ ਬਰਾਂਚ ਦੇ 'ਐਂਕਾਊਂਟਰ ਸਪੈਸ਼ਲਿਸਟ' ਪ੍ਰਦੀਪ ਸ਼ਰਮਾ ਅਤੇ ਦਇਆ ਨਾਇਕ ਵਰਗੇ ਮੁੱਠਭੇੜ ਮਾਹਿਰਾਂ ਨੇ ਕਾਨੂੰਨ ਨਾਲ ਜੋ ਕੀਤਾ ਹੈ, ਉਹ ਸਿਰਫ ਮਹਾਰਾਸ਼ਟਰ ਪੁਲਿਸ ਦੀ ਸਮੱਸਿਆ ਨਹੀਂ ਹੈ। ਦੋਵਾਂ 'ਤੇ ਹੀ ਅੰਡਰਵਰਲਡ ਨਾਲ ਗੰਢ-ਤੁੱਪ ਕਰਕੇ ਇਕ ਗਰੋਹ ਦੇ ਫਾਇਦੇ ਲਈ ਦੂਜੇ ਗਰੋਹ ਦੇ ਲੋਕਾਂ ਦਾ ਮੁਕਾਬਲਾ ਬਣਾਉਣ ਦੇ ਮਾਮਲੇ ਤੇ ਆਮਦਨ ਤੋਂ ਵਧੇਰੇ ਸੰਪਤੀ ਇਕੱਠੀ ਕਰਨ ਦੇ ਦੋਸ਼ ਹਨ। ਸੈਂਕੜੇ ਗਰੋਹਬੰਦ ਅਪਰਾਧੀਆਂ ਨੂੰ ਮਾਰ ਕੇ 'ਨਾਇਕ' ਬਣ ਜਾਣ ਵਾਲੇ ਇਨ੍ਹਾਂ ਪੁਲਿਸ ਅਫ਼ਸਰਾਂ ਦੇ ਵੱਖ-ਵੱਖ ਰੂਪ ਵੱਖ-ਵੱਖ ਸੂਬਿਆਂ ਵਿਚ ਫੈਲੇ ਹੋਏ ਹਨ। ਚਾਹੇ ਇਹ ਡੀ.ਜੀ. ਵਣਜਾਰਾ ਦਾ ਮਾਮਲਾ ਹੋਵੇ ਜਾਂ ਉਤਰ ਪ੍ਰਦੇਸ਼ ਵਿਚ ਫਰਜ਼ੀ ਮੁੱਠਭੇੜ ਵਿਚ ਡਾਕੂਆਂ ਨੂੰ ਮਾਰਨ ਵਾਲੇ ਪੁਲਿਸ ਅਫ਼ਸਰਾਂ ਦਾ ਮੁੱਦਾ ਹੋਵੇ ਜਾਂ ਪੰਜਾਬ ਵਿਚ ਸਿੱਖ ਅਤਿਵਾਦੀਆਂ ਨੂੰ ਟਿਕਾਣੇ ਲਾਉਣ ਦੀ ਮੁਹਿੰਮ ਹੋਵੇ ਜਾਂ ਫਿਰ ਬਿਹਾਰ ਅਤੇ ਪੱਛਮੀ ਬੰਗਾਲ ਵਿਚ ਨਕਸਲੀਆਂ ਨੂੰ ਸਾਫ ਕਰਨ ਦੀ ਮੁਹਿੰਮ ਹੋਵੇ। ਪਿਛਲੇ 50 ਸਾਲਾਂ ਵਿਚ ਮੁਕਾਬਲਾ ਇਕ ਅਜਿਹੀ ਗ਼ੈਰ-ਕਾਨੂੰਨੀ ਸੰਸਥਾ ਵਾਂਗ ਸਥਾਪਿਤ ਹੋ ਚੁੱਕਾ ਹੈ, ਜੋ ਕਾਨੂੰਨ ਦੀ ਦੇਖ-ਰੇਖ ਹੇਠ ਫੈਲਦਾ ਹੈ।

ਇਸ ਸੰਸਥਾ ਦਾ ਵਿਰੋਧ ਨਾਗਰਿਕ ਸਮਾਜ ਨੂੰ ਕਰਨਾ ਚਾਹੀਦਾ ਹੈ ਪਰ ਉਹ ਅਧੂਰੇ ਮਨ ਨਾਲ ਇਨ੍ਹਾਂ ਮੁੱਠਭੇੜਾਂ ਨੂੰ ਦੇਖਦਾ ਰਹਿੰਦਾ ਹੈ। ਪ੍ਰਸ਼ਾਸਨ ਅਤੇ ਰਾਜਨੇਤਾਵਾਂ ਦਾ ਤਰਕ ਹੁੰਦਾ ਹੈ ਕਿ ਜਿਸ ਅਪਰਾਧੀ ਨੂੰ ਅਦਾਲਤ ਵਿਚ ਪੇਸ਼ ਕਰਨ ਤੇ ਸਜ਼ਾ ਦਿਵਾਉਣ ਵਿਚ ਏਨੀਆਂ ਮੁਸ਼ਕਿਲਾਂ ਹੋਣ, ਉਸ ਨੂੰ ਮੁੱਠਭੇੜ ਵਿਚ ਹੀ ਖ਼ਤਮ ਕਰ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਫਰਜ਼ੀ ਮੁੱਠਭੇੜਾਂ ਇਕ ਖੁੱਲ੍ਹਾ ਭੇਦ ਬਣ ਜਾਂਦੀਆਂ ਹਨ। ਮੁੱਠਭੇੜ ਬਹਾਦਰ ਅਫ਼ਸਰਾਂ ਦੀ ਬਹਾਦਰੀ ਦੇ ਕਾਰਨਾਮਿਆਂ ਦੀ ਸੂਚੀ ਲੰਮੀ ਹੁੰਦੀ ਜਾ ਰਹੀ ਹੈ। 70 ਦੇ ਦਹਾਕੇ ਵਿਚ ਪੱਛਮੀ ਬੰਗਾਲ ਦੀ ਪੁਲਿਸ ਨੇ ਨਕਸਲਵਾਦ ਨਾਲ ਨਿਪਟਣ ਲਈ ਫਰਜ਼ੀ ਮੁੱਠਭੇੜਾਂ ਦੀ ਵੱਡੇ ਪੱਧਰ 'ਤੇ ਵਰਤੋਂ ਕੀਤੀ ਸੀ। ਸਿਧਾਰਥ ਸ਼ੰਕਰ ਰੇਅ ਦੀ ਸਰਕਾਰ ਤਾਂ ਆਪਣੇ ਇਸ ਕਾਰਨਾਮੇ ਲਈ ਖ਼ਾਸ ਤੌਰ 'ਤੇ ਜਾਣੀ ਜਾਂਦੀ ਸੀ। ਡਾਕੂਆਂ, ਅਪਰਾਧੀਆਂ, ਅਤਿਵਾਦੀਆਂ ਤੇ ਨਕਸਲਵਾਦੀਆਂ ਵਿਰੁੱਧ ਪੁਲਿਸ ਦੀ ਇਹ ਹੱਤਿਆ ਮੁਹਿੰਮ ਹੁਣ ਤਕਰੀਬਨ 45 ਸਾਲ ਪੁਰਾਣੀ ਹੋ ਚੁੱਕੀ ਹੈ। ਸਵਾਲ ਇਹ ਹੈ ਕਿ, ਕੀ ਇਸ ਦਾ ਕੋਈ ਹਾਂ-ਪੱਖੀ ਅਸਰ ਹੋਇਆ ਹੈ? ਅਪਰਾਧ ਵਧ ਰਿਹਾ ਹੈ, ਅਤਿਵਾਦ ਵਿਚ ਵੀ ਵਾਧਾ ਹੋਇਆ ਹੈ ਅਤੇ ਨਕਸਲਵਾਦ ਵੀ ਘਟ ਹੋਣ ਦੀ ਬਜਾਏ ਵਧਿਆ ਹੈ।

# ਢਾਡੀ ਨਰਾਇਣ ਸਿੰਘ ਚੰਦਨ




ਕਹਿ ਤਾਂ ਭਾਵੇਂ ਆਪਾਂ ਕਈ ਵਾਰ ਝੱਟ ਦੇਣੀ ਦਈਏ ਕਿ ਫਲਾਣਾ ਸਾਡੀਆਂ ਅੱਖਾਂ ਵਿਚ ਵਸਦੈ, ਪਰ ਸੱਚਾਈ ਇਹ ਹੈ ਕਿ ਕਿਸੇ ਦੀਆਂ ਅੱਖਾਂ ਵਿਚ ਵੱਸਣਾ ਔਖਾ ਬਹੁਤ ਹੈ ਤੇ ਅੱਖਾਂ ਦੇ ਨਾਲ ਨਾਲ ਜੋ ਲੋਕ ਤੁਹਾਡੇ ਅੰਦਰ ਦਿਲ ਦੀਆਂ ਖਿੜਕੀਆਂ ਖੋਲ੍ਹ ਕੇ ਵੀ ਆ ਵੜ੍ਹਨ, ਉਹ ਢਾਡੀ ਨਰਾਇਣ ਸਿੰਘ ਚੰਦਨ ਵਰਗੇ ਹੀ ਹੋ ਸਕਦੇ ਹਨ। ਕਈ ਵਾਰ ਇਉਂ ਵੀ ਹੋ ਜਾਂਦਾ ਹੈ ਕਿ ਕੁਝ ਲੋਕ ਵਾਰਿਸ ਸ਼ਾਹ ਵਾਂਗ 'ਕੱਲੀ ਹੀਰ ਲਿਖ ਕੇ ਵੀ ਅਮਰ ਹੋ ਜਾਂਦੇ ਹਨ, ਅਜਿਹੀ ਸਤਿਕਾਰ ਭਰੀ ਥਾਂ ਪੰਥਕ ਹਲਕਿਆਂ, ਸਫਾਂ ਤੇ ਢਾਡੀ ਰਾਗ ਦੇ ਵਿਹੜਿਆਂ ਅੰਦਰ ਢਾਡੀ ਚੰਦਨ ਦੀ ਹੈ। ਕਲਾ ਦੇ ਚੁਬਾਰੇ ਵਾਲੀਆਂ ਪੌੜੀਆਂ ਸਿੱਧੀਆਂ ਚੜ੍ਹਨ ਤੋਂ ਪਹਿਲਾਂ ਇਹ ਗੱਲ ਕਹਿ ਦਿਆਂਗਾ ਕਿ ਦਰਜੀ ਨਾਪ ਤਾਂ ਲੈ ਲੈਂਦਾ ਹੈ, ਕਾਰੀਗਰੀ ਕੱਪੜਾ ਸਿਊਣ ਵੇਲੇ ਵਿਖਾਉਂਦਾ ਹੈ ਤੇ ਜਾਂ ਫਿਰ ਜਿਹਨੂੰ ਕਲਾ ਵਿਚ ਅਦਾ ਨਾ ਦਿਖਾਉਣੀ ਆਵੇ, ਉਹਦੇ ਕੋਲ ਨਖਰਾ ਨਹੀਂ ਹੋ ਸਕਦਾ। ਸਾਰੀਆਂ ਔਰਤਾਂ ਸੁਹੱਪਣ ਨਾਲੋਂ ਇਸੇ ਹੁਨਰ ਕਰਕੇ ਸੋਹਣੀਆਂ ਲੱਗਦੀਆਂ ਹਨ ਤੇ ਨਰਾਇਣ ਸਿੰਘ ਨੇ ਵੀ ਆਪਣੀ ਜ਼ਿੰਦਗੀ ਵਿਚ ਬਹੁਤ ਕੁਝ ਵੱਖਰਾ ਵਿਖਾਇਆ ਹੋਣ ਕਰਕੇ ਉਹਦੇ ਢਾਡੀ ਹੁਨਰ ਅੱਗੇ ਸਤਿਕਾਰ ਗੋਡਣੀਆਂ ਭਾਰ ਹੁੰਦਾ ਰਿਹਾ ਹੈ।

ਕਿਸੇ ਵੇਲੇ ਧਾਰਨਾ ਸੀ ਕਿ ਜਿਸ ਨੂੰ ਆਲ ਰੇਡੀਓ ਪ੍ਰਵਾਨ ਨਾ ਕਰੇ, ਉਹ ਗਵੱਈਆ ਨਹੀਂ ਹੋ ਸਕਦਾ ਤੇ ਅਜਿਹੀ ਵਡਿਆਈ ਢਾਡੀਆਂ 'ਚੋਂ ਨਰਾਇਣ ਸਿੰਘ ਚੰਦਨ ਨੂੰ ਮਿਲੀ ਹੈ। ਪੰਜਾਬ ਦੇ ਸੱਭਿਆਚਾਰ ਵਿਭਾਗ ਨੇ ਢਾਡੀ ਵਿਰਸੇ ਨੂੰ ਸੰਭਾਲਣ ਲਈ ਜਦੋਂ ਪਹਿਲੀ ਵਾਰ ਤਿੰਨ ਆਵਾਜ਼ਾਂ ਰਿਕਾਰਡ ਕੀਤੀਆਂ ਤਾਂ ਉਨ੍ਹਾਂ ਵਿਚ ਇੱਕ ਟਣਕਵੀਂ ਆਵਾਜ਼ ਢਾਡੀ ਚੰਦਨ ਦੀ ਵੀ ਸ਼ਾਮਿਲ ਸੀ।

ਵਡਿਆਈ ਤੇ ਅਦਬ ਦੀ ਲਪੇਟ ਕੇ ਪੂੜੀ ਬੰਨ੍ਹਣ ਵਾਲੇ ਕਹਿ ਹੀ ਦਿੰਦੇ ਹਨ ਕਿ ਚੰਦਨ ਢਾਡੀ ਕਲਾ ਦਾ ਅਸਲ ਵਾਰਿਸ ਹੀ ਨਹੀਂ, ਪੂਜਿਆ ਜਾਣ ਵਾਲਾ ਨਾਂ ਵੀ ਹੈ। ਉਹ ਆਪਣੇ ਖਾਨਦਾਨ 'ਚੋਂ ਚੌਥੀ ਪੀੜ੍ਹੀ ਦਾ ਮਹਾਨ ਤੇ ਵਿਦਵਾਨ ਢਾਡੀ ਹੈ। ਉਹਦੇ ਦਾਦਾ, ਪੜਦਾਦਾ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵਲੋਂ ਚਲਾਈ ਇਸ ਢਾਡੀ ਕਲਾ ਤੇ ਰਾਗ ਪਾਠ ਪੜ੍ਹਦੇ-ਪੜ੍ਹਾਉਂਦੇ ਇਤਿਹਾਸਕ ਪੈੜਾਂ ਖਿੱਚ ਕੇ ਚਲੇ ਗਏ। ਇਸ ਹਵਾਲੇ ਵਿਚ ਪਹਿਲੀ ਪ੍ਰਮਾਣਿਤ ਮਿਸਾਲ ਇਹ ਹੈ ਕਿ ਚੰਦਨ ਦੇ ਪਿਤਾ ਗਿਆਨੀ ਰਾਮ ਸਿੰਘ ਟੂਸਿਆਂ ਵਾਲੇ ਨੂੰ ਭਲਾ ਕੌਣ ਨਹੀਂ ਜਾਣਦਾ? ਤੇ ਵੇਲ ਵਧਦੀ ਦੇਖਣੀ ਹੈ ਤਾਂ ਇਹ ਕਿ ਚੰਦਨ ਦਾ ਵੱਡਾ ਪੁੱਤਰ ਜਗਦੀਸ਼ ਸਿੰਘ ਚੰਦਨ ਅਫਸਰ ਹੁੰਦਿਆਂ ਵੀ ਵੰਸ਼ ਨੂੰ ਕਲਾ ਦਾ ਚੋਲਾ ਦੇਣ ਵਾਲਾ ਨਾਮੀ ਢਾਡੀ ਹੈ। ਇਸੇ ਨੂੰ ਕਹਿੰਦੇ ਨੇ ਕਿ ਜਦੋਂ ਲਗਨ ਤੇ ਹਿੰਮਤ 'ਕੱਠੀਆਂ ਹੋ ਕੇ ਕਿੱਕਲੀ ਪਾਉਂਦੀਆਂ ਹਨ ਤਾਂ ਯੁੱਗ ਕਲਾ ਦੇ ਨਾਂ ਆਪਣੇ ਆਪ ਹੀ ਇੰਤਕਾਲ ਕਰਵਾ ਲੈਂਦੇ ਹਨ।

ਪੰਜਾਬ ਦੇ ਸਿਹਤਮੰਦ ਢਾਡੀਆਂ 'ਚੋਂ ਇਸ ਵਕਤ ਸਭ ਤੋਂ ਲੰਮੇਰੀ ਉਮਰ ਦਾ ਢਾਡੀ ਨਰਾਇਣ ਸਿੰਘ ਚੰਦਨ ਹੀ ਹੈ ਤੇ ਉਹ ਇਹ ਗੱਲ ਹੁਣ ਵੀ ਆਖਦਾ ਹੈ ਕਿ ਪ੍ਰਸਾਰ ਮਾਧਿਅਮਾਂ ਦੀ ਬੇਈਮਾਨੀ ਅਤੇ ਸਰਕਾਰਾਂ ਤੇ ਪੰਥਕ ਆਗੂਆਂ ਦੀ ਬੇਰੁਖੀ ਨੇ ਢਾਡੀ ਕਲਾ ਨੂੰ ਸੱਟ ਬਹੁਤ ਮਾਰੀ ਹੈ ਪਰ ਸਿੱਖ ਕਿਉਂਕਿ ਆਪਣੀ ਵਿਰਾਸਤ ਜਿਉਂਦੀ ਰੱਖਣੀ ਜਾਣਦੇ ਹਨ, ਇਸ ਲਈ ਵਕਤ ਦੇ ਵਾ-ਵਰੋਲੇ ਛੂ-ਮੰਤਰ ਹੁੰਦੇ ਰਹੇ ਹਨ। ਇੱਕ ਹੋਰ ਨੁਕਤੇ ਨਾਲ ਜੇ ਢਾਡੀ ਚੰਦਨ ਬਾਰੇ ਬਰਫੀ 'ਤੇ ਵਰਕ ਲਾਉਣ ਵਾਂਗ ਆਖਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਉਹਨੇ ਪੈਂਡਾ ਛੜੱਪਿਆਂ ਨਾਲ ਨਹੀਂ, ਮੜ੍ਹਕ ਤੇ ਸਿਰੜ ਵਾਲੀ ਕਦਮ ਚਾਪ ਨਾਲ ਤੈਅ ਕੀਤਾ ਹੈ। ਉਹਨੇ ਜ਼ਿੰਦਗੀ ਨੂੰ ਜ਼ਿੰਦਗੀ ਵਾਂਗ ਤੇ ਕਲਾ ਨੂੰ ਕਲਾ ਵਾਂਗ ਗੁਜ਼ਾਰਿਆ ਹੈ ਪਰ ਜੇ ਹਟਕੋਰਾ ਲਿਆ ਜਾ ਸਕਦਾ ਹੈ ਤਾਂ ਉਹ ਇਹ ਕਿ ਜੇ ਕਿਤੇ ਨਰਾਇਣ ਸਿੰਘ ਚੰਦਨ ਨੂੰ ਸਾਰੇ ਦੇ ਸਾਰੇ ਨੂੰ ਰਿਕਾਰਡਿੰਗ ਕੰਪਨੀਆਂ ਜਾਂ ਰੇਡੀਓ ਟੀ. ਵੀ. ਵਾਲੇ ਰਿਕਾਰਡ ਕਰਕੇ ਤੇ ਸਾਂਭ ਕੇ ਰੱਖ ਲੈਂਦੇ ਤਾਂ ਕਲਾ ਦਾ ਅਸਲਾ ਚੋਰੀ ਦੀ ਬੰਦੂਕ ਵਾਂਗ ਇੱਕ ਨੰਬਰ 'ਚ ਕਾਗਜ਼ਾਂ 'ਚ ਚੜ੍ਹ ਜਾਣਾ ਸੀ। ਖੈਰ! ਕਈ ਵਾਰ ਮਾਹਿਰ ਸੁਨਿਆਰਿਆਂ ਤੋਂ ਵੀ ਵਾਲੀਆਂ ਦਾ ਸਾਇਜ਼ ਵੱਡਾ ਛੋਟਾ ਹੋ ਜਾਂਦਾ ਹੈ।

ਭਾਵੇਂ ਘਰ ਵਿਚ ਪਿਤਾ ਜੀ ਦੀ ਨਸੀਹਤ ਤੇ ਹਦਾਇਤ ਪੰਥਕ ਰਾਹਾਂ 'ਤੇ ਢਾਡੀ ਕਲਾ ਦਾ ਕਲਾਵਾ ਭਰ ਕੇ ਤੁਰਨ ਦੀ ਸੀ ਪਰ ਚੰਦਨ ਨੇ ਸਕੂਲ ਪੜ੍ਹਦਿਆਂ ਹੀ ਆਪਣਾ ਨਿਸ਼ਾਨਾ ਦਰੋਣਾਚਾਰੀਆ ਵਾਂਗ ਢਾਡੀ ਰਾਗ ਨੂੰ ਜੀਵਨ ਸਮਰਪਿਤ ਕਰਨ ਦਾ ਮਿਥ ਲਿਆ ਸੀ। ਲੱਗਦੇ ਹੱਥ ਉਹਨੇ ਆਪਣੇ ਪਿਤਾ ਰਾਮ ਸਿੰਘ ਨੂੰ ਪ੍ਰੇਰਨਾ ਸ੍ਰੋਤ ਅਤੇ ਉਸਤਾਦ ਵਜੋਂ ਵੀ ਚੁਣ ਲਿਆ ਤੇ ਜਦੋਂ ਪਿਉ-ਪੁੱਤ ਗੁਰੂ-ਚੇਲਾ ਬਣ ਕੇ ਵੀ ਚੱਤੋ-ਪਹਿਰ 'ਕੱਠੇ ਰਹਿਣ ਲੱਗ ਪੈਣ ਤਾਂ ਚਕੋਰ ਨੂੰ ਚਾਨਣੀ ਰਾਤ ਦੀ ਉਡੀਕ ਕਰਨ ਦੀ ਜ਼ਰੂਰਤ ਹੀ ਕਿੱਥੇ ਰਹਿ ਜਾਂਦੀ ਹੈ? ਐਵੇਂ ਖਾਹ-ਮਖਾਹ ਕਿਸੇ ਦੇ ਗੋਡੇ ਘੁੱਟਣ ਨਾਲੋਂ ਘਰ ਵਿਚ ਹੀ ਪੁੰਨ ਤੇ ਫਲੀਆਂ ਨੂੰ 'ਕੱਠਿਆਂ ਸ਼ਰਧਾ ਦੇ ਥਾਲ ਵਿਚ ਰੱਖ ਲਿਆ ਤੇ ਚੰਦਨ ਨੇ ਸਕੂਲ ਵਿਦਿਆ ਦੀਆਂ ਕਾਗਜ਼ੀ ਕਾਰਵਾਈਆਂ ਠੱਪ ਕਰਕੇ ਕਲਾ ਦੇ ਅਮਲ ਵਾਲੇ ਚੌ-ਮੁਖੀਏ ਦੀਵੇ ਬਾਲ ਲਏ।

ਅੱਟੇ-ਸੱਟੇ ਨਾਲ 1931 ਦੇ ਕਰੀਬ ਜਨਮਿਆ ਨਰਾਇਣ ਸਿੰਘ ਚੰਦਨ ਉਮਰ ਦੇ ਨੌਵੇਂ ਦਹਾਕੇ ਵਿਚ ਹੈ ਤੇ ਸਰੀਰਕ ਹਾਲਾਤ ਦੱਸਦੇ ਹਨ ਕਿ ਜਸਵੰਤ ਸਿੰਘ ਕੰਵਲ ਵਾਂਗ ਉਹਦੀ ਸਦੀ ਜਿੱਡੀ ਉਮਰ ਤਾਂ ਵੱਟ 'ਤੇ ਪਈ ਹੈ। ਰਾਹ ਜਾਂਦੇ ਰਾਹੀਆਂ ਨੂੰ ਕਲਾ ਨਾਲ ਘੇਰ ਕੇ ਕਿਵੇਂ ਡੱਕੀਦਾ, ਇਹ ਗੁਣ ਸਿਰਫ ਚੰਦਨ ਕੋਲੋਂ ਸਿੱਖਿਆ ਜਾ ਸਕਦਾ ਹੈ। ਉਹਦੀ ਕਲਮ ਦੀ ਤਾਕਤ, ਜ਼ੁਬਾਨ ਅੰਦਰ ਕਹਿਰਾਂ ਦਾ ਰਸ, ਰਾਗ ਦਾ ਜੋਸ਼ ਮਹਿਜ ਨਿਸ਼ਾਨੀਆਂ ਨਹੀਂ, ਉਹ ਅਮਲ ਹਨ ਜਿਨ੍ਹਾਂ ਸਦਕਾ ਸੰਗੀਤ ਦੇ ਮੁਹਾਣ ਮੋੜੇ ਜਾ ਸਕਦੇ ਹਨ। ਜੇ ਵਾਕ ਬਣਤਰ ਨੂੰ ਛੱਡ ਕੇ ਉਹਦੇ ਪ੍ਰੋਗਰਾਮਾਂ ਵਿਚ ਸੰਗੀਤ ਤੇ ਸਰੋਤਿਆਂ ਦੇ 'ਕੱਠ ਦੀ ਵੰਨਗੀ ਕਲਾਤਮਕ ਨਜ਼ਰੀਏ ਨਾਲ ਪੇਸ਼ ਕਰਨੀ ਹੋਵੇ ਤਾਂ ਕਹਿ ਸਕਦੇ ਹਾਂ ਕਿ ਚੰਦਨ ਨੂੰ ਦੇਖਣ ਲਈ ਓਡੇ ਵੱਡੇ ਜੋੜ ਮੇਲਿਆਂ ਵਰਗੇ 'ਕੱਠ ਹੁੰਦੇ ਸਨ, ਜਿੱਥੋਂ ਤੱਕ ਬਿਨਾ ਐਨਕਾਂ ਵਾਲੇ ਰਿਸ਼ਟ-ਪੁਸ਼ਟ ਬੰਦੇ ਦੀ ਨਿਗਾ ਦੌੜ ਕੇ ਚਲੀ ਜਾਂਦੀ ਹੋਵੇ। ਬਿਨਾ ਪੱਖਪਾਤ ਦੇ ਕਹਿਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਢਾਡੀ ਨਰਾਇਣ ਸਿੰਘ ਚੰਦਨ ਦਾ ਜਥਾ ਉਮਰਾਂ ਜਿਹੀ ਮਿਥ ਵਾਂਗ ਧਾਰਮਕ ਦੀਵਾਨਾਂ, ਪੰਥਕ ਇਕੱਠਾਂ ਤੇ ਮਾਘੀ 'ਤੇ ਚਮਕੌਰ ਸਾਹਿਬ ਦੇ ਸ਼ਹੀਦੀ ਜੋੜ ਮੇਲਿਆਂ ਦੀ ਸ਼ਾਨ ਬਣਿਆ ਆ ਰਿਹਾ ਹੈ।

ਉਂ ਕਹਿਣ ਨੂੰ ਤਾਂ ਲੋਕ ਮਲਕ ਦੇਣੀ ਮੂੰਹ ਹਿਲਾ ਕੇ ਕਹਿ ਦਿੰਦੇ ਨੇ ਕਿ ਢਾਡੀ ਕਲਾ ਪਿੱਛੇ ਪਈ ਰਹੀ ਹੈ ਪਰ ਜੇ ਗੱਭਰੂ ਸਿੱਖ ਢਾਡੀ ਜਥਿਆਂ ਵਿਚ ਕਲਾ ਦਾ ਜੋਸ਼ ਉਬਲ ਰਿਹਾ ਹੈ ਤਾਂ ਇਹ ਮੰਨ ਲੈਣ ਵਿਚ ਕੋਈ ਹਰਜ਼ ਨਹੀਂ ਕਿ ਹਨੇਰਿਆਂ ਨੂੰ ਚੀਰ ਕੇ ਅੱਗੇ ਨਿਕਲਣ ਵਾਲੇ ਢਾਡੀ ਸੀਤਲ, ਦਿਲਬਰ ਤੇ ਚੰਦਨ ਕਰਕੇ ਇਹ ਮਾਣਮੱਤੇ ਹਾਲਾਤ ਬਣੇ ਹਨ। ਕੁਝ ਵਰ੍ਹੇ ਪਹਿਲਾਂ ਢਾਡੀ ਚੰਦਨ ਦੇ ਜਥੇ ਵਿਚ ਸਾਰੰਗੀ 'ਤੇ ਕਮਾਲ ਦੇ ਪੋਟੇ ਲਾਉਣ ਵਾਲੇ ਛੋਟੇ ਭਰਾ ਅਜਾਇਬ ਸਿੰਘ ਦੀ ਜਦੋਂ ਮੌਤ ਹੋਈ ਤਾਂ ਉਹ ਓਦਰ ਗਿਆ ਪਰ ਛੇਤੀ ਸੰਭਲ ਤਾਂ ਗਿਆ ਕਿ ਬਰਨਾਲੇ ਜਿਸ ਥਾਂ 'ਤੇ ਬਾਬਾ ਨਾਮਦੇਵ ਗੁਰਦੁਆਰੇ ਦੀ ਸਟੇਜ 'ਤੇ ਉਹਨੇ ਸਾਰੰਗੀ 'ਤੇ ਗਜ ਫੇਰਦਿਆਂ ਬੱਚਿਆਂ ਨੂੰ ਮੁਕਾਬਲੇ ਵਿਚ ਬਲ ਦੇਣ ਲਈ ਜੋ ਪੋਟੇ ਲਾਏ, ਉਹ ਤਾਂ ਯਾਦ ਰਹਿਣਗੇ ਹੀ ਸਗੋਂ ਇਹ ਵੀ ਹਵਾਲਾ ਦਿੱਤਾ ਜਾਂਦਾ ਰਹੇਗਾ ਕਿ ਕਲਾ ਵਾਲਾ ਪਰਿਵਾਰ ਕਲਾ ਦੇ ਰੰਗ ਵਿਖਾਉਂਦਿਆਂ ਹੀ ਸਾਹਾਂ ਦੇ ਰੰਗ ਉਡਾ ਕੇ ਗਿਆ ਹੈ।

ਢਾਡੀ ਨਰਾਇਣ ਸਿੰਘ ਚੰਦਨ ਨੇ ਬੜਾ ਕੁਝ ਆਪ ਹੀ ਲਿਖ ਕੇ ਗਾਇਆ ਹੈ। ਉਹਦੀਆਂ ਕੁਝ ਸਰਵ-ਪ੍ਰਵਾਣਿਤ ਵੰਨਗੀਆਂ, ਜਿਨ੍ਹਾਂ ਕਰਕੇ ਵੀ ਉਹ ਖੁਦ ਇੱਕ ਇਤਿਹਾਸਕ ਅੰਕੜਾ ਬਣ ਗਿਆ ਸੀ, ਹਨ:

-ਪੰਜ ਘੁੱਟ ਅੰਮ੍ਰਿਤ ਪੀਤਾ
ਜਿਸ ਨੇ ਕਲਗੀਆਂ ਵਾਲੇ ਦਾ,
ਗਿੱਦੜੋਂ ਸ਼ੇਰ ਬਣਾਇਆ



*ਢਾਡੀ ਨਰਾਇਣ ਸਿੰਘ ਚੰਦਨ*

ਮੱਥੇ ਭੜਕੇ ਲਾਲੀ।
-ਸੋਹਣੇ ਦੇਸ਼ ਪੰਜਾਬ ਦੀਆਂ ਨੇ
ਅਜਬ ਬਹਾਰਾਂ
ਜਿੱਥੇ ਗੱਭਰੂ ਮਰਦੇ ਅਣਖ 'ਤੇ,
ਰਣ ਜੂਝਣ ਨਾਰਾਂ
ਤੇ ਪੁੱਤ ਜੰਮਦੀਆਂ ਸੂਰਮੇ
ਧਰਮੀ ਮੁਟਿਆਰਾਂ
ਤੇ ਚੰਦਨ ਢਾਡੀ ਗਾਂਵਦੇ
ਮਰਦਾਂ ਦੀਆਂ ਵਾਰਾਂ।
-ਗੁਰੂ ਨਾਨਕ ਨਿਰੰਕਾਰੀ ਬਾਬਾ
ਜਗਤ ਜਲੰਦਾ ਤਾਰ ਗਿਆ
ਹੱਕ ਪਰਾਇਆ ਖਾਣਾ ਮਾੜਾ,
ਕਰਦਾ ਇਹ ਪ੍ਰਚਾਰ ਗਿਆ।
-ਸੁਣ ਕੇ ਉਠਿਆ ਸੂਰਮਾ
ਬਣ ਖੰਡੇ ਦੀ ਧਾਰ
ਉਹਦੇ ਮੱਥੇ ਲਾਲੀ ਚਮਕਦੀ
ਚਿਹਰਾ ਭਖਦਾ ਜਿਉਂ ਅੰਗਿਆਰ।

ਆਪਣੇ ਸਾਥੀਆਂ ਢੱਡ 'ਤੇ ਗਿਆਨ ਸਿੰਘ ਤੇ ਵਲਾਇਤ ਸਿੰਘ ਅਤੇ ਸਾਰੰਗੀ 'ਤੇ ਅਜਾਇਬ ਸਿੰਘ ਦਾ ਸਾਂਝਾ ਢਾਡੀ ਤੇ ਸੰਗੀਤਕ ਰੰਗ ਮੰਚ ਵਾਲਾ ਰੰਗ ਆਪਣੇ ਹੀ ਨਿਵੇਕਲੇ ਰੰਗ ਦਾ ਰਿਹਾ ਹੈ।

ਢਾਡੀ ਚੰਦਨ ਨੇ ਇੱਕ ਵੀ ਕਲਾ ਤਵਾ ਤਵਿਆਂ ਦੇ ਯੁੱਗ ਦਾ ਢਾਡੀ ਹੋ ਕੇ ਵੀ ਨਹੀਂ ਭਰਵਾਇਆ ਪਰ ਉਹਦੀਆਂ ਕੁਝ ਰਿਕਾਰਡ ਕੈਸਿਟਾਂ ਸਾਂਭਣਯੋਗ ਹਨ। 'ਬੰਦਾ ਬਹਾਦਰ ਦੀ ਸਰਹਿੰਦ 'ਤੇ ਚੜ੍ਹਾਈ', 'ਬਚਿੱਤਰ ਸਿੰਘ ਦੀ ਹਾਥੀ ਨਾਲ ਜੰਗ', 'ਜਮਰੌਦ ਦੀ ਜੰਗ', 'ਸਰਦਾਰ ਊਧਮ ਸਿੰਘ', 'ਕਰਤਾਰ ਸਿੰਘ ਸਰਾਭਾ' ਤੇ 'ਸ਼ਹੀਦ ਭਗਤ ਸਿੰਘ' ਜ਼ਿਕਰਯੋਗ ਹਨ। ਫਿਰ ਭਾਵੇਂ ਚੰਦਨ ਮੂਲ ਰੂਪ ਵਿਚ ਪੂਰੇ ਦਾ ਪੂਰਾ ਪੰਥ ਤੇ ਧਰਮ ਪ੍ਰਚਾਰ ਨਾਲ ਜੁੜ ਕੇ ਕੌਮ ਦਾ ਅਲਬੇਲਾ ਢਾਡੀ ਬਣ ਗਿਆ ਸੀ ਪਰ ਸ਼ੁਰੂ ਸ਼ੁਰੂ ਵਿਚ ਉਹਨੇ ਕਲੀ, ਪੂਰਨ, ਮਿਰਜ਼ਾ, ਕੌਲਾਂ ਆਦਿ ਪ੍ਰੇਮ ਕਿੱਸਿਆਂ 'ਤੇ ਆਧਾਰਤ ਪਿੰਗਲ ਦੀ ਕਾਵਿ-ਲਿਖਣ ਤਕਨੀਕ ਤਹਿਤ ਢਾਈਆ, ਮਿਸ਼ਰੀ, ਬੈਂਤ ਤੇ ਵਾਰਾਂ ਦੀ ਰਚਨਾ ਵੀ ਕੀਤੀ।

ਸਨਮਾਨ ਦੀਆਂ ਘੜੀਆਂ ਵਿਚ ਢਾਡੀ ਨਰਾਇਣ ਸਿੰਘ ਚੰਦਨ ਨੂੰ 1979 ਵਿਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੋਲੇ-ਮਹੱਲੇ 'ਤੇ ਕਰਵਾਏ ਢਾਡੀ ਦਰਬਾਰ ਵਿਚ ਗਿਆਰਾਂ ਸੌ ਰੁਪਿਆ ਤੇ ਗੋਲਡ ਮੈਡਲ ਦੇ ਕੇ ਸਨਮਾਨਿਆ ਗਿਆ। ਹੁਣ ਭਾਵੇਂ ਗੋਲਡ ਮੈਡਲਿਸਟ ਆਪਣੇ ਨਾਂ ਨਾਲ ਲਿਖਣਾ ਆਮ ਢਾਡੀ ਜਥਿਆਂ ਵਿਚ ਰਿਵਾਜ ਚੱਲ ਰਿਹਾ ਹੈ ਪਰ ਕਲਾ ਦੇ ਜੌਹਰੀਆਂ ਦੀ ਪਰਖ 'ਚੋਂ ਨਿਕਲਣ ਵਾਲਾ ਚੰਦਨ ਵਿਰਲਿਆਂ 'ਚੋਂ ਇੱਕ ਸੀ। ਪ੍ਰੋਫੈਸਰ ਮੋਹਨ ਸਿੰਘ ਮੇਲੇ 'ਤੇ ਸਾਲ 1987 ਵਿਚ ਜਗਦੇਵ ਸਿੰਘ ਜੱਸੋਵਾਲ ਦੇ ਯਤਨਾਂ ਨਾਲ ਉਹਨੂੰ ਮਾਣ ਸਨਮਾਨ ਮਿਲਿਆ। ਇਸ ਤੋਂ ਅਗਲੇ ਵਰ੍ਹੇ 1988 'ਚ ਲੁਧਿਆਣੇ ਦੀ ਨੇਤਰਹੀਣ ਸਮਾਜ ਸੇਵੀ ਸੰਸਥਾ ਵੱਲੋਂ ਗਿਆਨੀ ਲਛਮਣ ਸਿੰਘ ਗੰਧਰਵ ਐਵਾਰਡ ਚੰਦਨ ਨੂੰ ਦਿੱਤਾ ਗਿਆ। ਦੇਸ਼ ਤੋਂ ਬਾਹਰ ਤੇ ਸੂਬੇ ਤੋਂ ਬਾਹਰ ਵੀ ਦਿਲਬਰ ਵਾਂਗ ਵੱਡੇ ਸਨਮਾਨ ਲੈਣ ਵਾਲਾ ਚੰਦਨ ਹੀ ਰਿਹਾ ਹੈ। ਅਨੇਕਾਂ ਸਿੰਘ ਸਭਾਵਾਂ ਨੇ ਉਹਦੇ ਗਲੇ ਵਿਚ ਹਾਰ ਪਾਈ ਹੀ ਰੱਖੇ ਹਨ। ਆਉਣ ਵਾਲੀਆਂ ਨਸਲਾਂ 'ਚੋਂ ਢਾਡੀ ਸਿੰਘ, ਕਲਾ ਵੱਲ ਪ੍ਰੇਰਿਤ ਕਰਕੇ ਲਿਆਉਣ ਵਾਲੇ ਨਰਾਇਣ ਸਿੰਘ ਚੰਦਨ ਨੂੰ ਸਭ ਤੋਂ ਵੱਡਾ ਮਾਣ ਇਹ ਜਾਂਦਾ ਰਹੇਗਾ ਕਿ ਉਸ ਨੇ ਚਾਲੀ ਸਿੱਖ ਗੱਭਰੂਆਂ ਨੂੰ ਸ਼ਾਗਿਰਦੀ ਦੇ ਰੂਪ ਵਿਚ ਸਵੀਕਾਰ ਕਰਕੇ ਤਿਆਰ ਕੀਤਾ, ਕਲਾ ਨਾਲ ਸ਼ਿੰਗਾਰਿਆ ਤੇ ਸਮੇਂ ਦੀ ਢਾਡੀ ਬੁੱਕਲ ਦੇ ਹੀਰੇ ਬਣਾ ਦਿੱਤਾ। ਕਿਉਂਕਿ ਉਹ ਕਹਿੰਦਾ ਵੀ ਰਿਹਾ ਤੇ ਅਮਲੀ ਰੂਪ ਵਿਚ ਵਾਅਦਾ ਪੂਰਾ ਵੀ ਕਰਦਾ ਰਿਹਾ ਕਿ ਢਾਡੀ ਰਾਗ ਤੇ ਕਲਾ ਨੂੰ ਚੰਦਨ ਦੇ ਚਰਖੇ ਦਾ ਗੇੜਾ ਦੁਆਉਣ ਲਈ ਚੰਦਨ ਕੰਮ ਕਰਦਾ ਹੀ ਰਹੇਗਾ।

ਇਸ ਗੱਲ ਦੀ ਵਡਿਆਈ ਵੀ ਢਾਡੀ ਚੰਦਨ ਦੇ ਹੱਕ ਵਿਚ ਜਾਵੇਗੀ ਕਿ ਨਵੀਆਂ ਲੀਹਾਂ ਪਾਉਣ ਲਈ ਉਹ ਸ੍ਰੀ ਗੁਰੂ ਹਰਿਗੋਬਿੰਦ ਢਾਡੀ ਸਭਾ ਦਾ ਬੜੀ ਦੇਰ ਮੁੱਖ ਸੇਵਾਦਾਰ ਰਿਹਾ। ਢਾਡੀ ਹੋਣ ਦੇ ਨਾਲ ਉਹ ਰਾਜਨੀਤੀ ਦੀਆਂ ਸਰਗਰਮ ਗਤੀਵਿਧੀਆਂ ਵਾਲੀਆਂ ਪੂਣੀਆਂ ਵੀ ਕੱਤਦਾ ਰਿਹਾ। ਉਹ ਪੰਜਾਬੀ ਸੂਬੇ ਤੇ ਧਰਮ ਯੁੱਧ ਮੋਰਚੇ ਵੇਲੇ ਅਨੇਕਾਂ ਵਾਰ ਜੇਲ੍ਹ ਵੀ ਗਿਆ। ਜਥੇਦਾਰ ਗੁਰਚਰਨ ਸਿੰਘ ਟੌਹੜਾ ਨਾਲੋਂ ਉਹ ਸੰਤ ਫਤਿਹ ਸਿੰਘ ਨੂੰ ਇਸ ਦਲੀਲ ਨਾਲ ਵੱਡਾ ਸਿੱਖ ਤੇ ਧਾਰਮਕ ਆਗੂ ਮੰਨਦਾ ਰਿਹਾ ਕਿ ਉਹਦੇ ਅੰਦਰ ਲੋਹੜੇ ਦੀ ਤਿਆਗ ਭਾਵਨਾ ਸੀ ਅਤੇ ਉਹਦੀ ਕਹਿਣੀ ਤੇ ਕਰਨੀ ਵਿਚ ਅੰਤਰ ਨਹੀਂ ਸੀ। ਹਾਂ, ਜਗਦੇਵ ਸਿੰਘ ਜੱਸੋਵਾਲ ਦੀ ਇਮਾਨਦਾਰੀ, ਹਮਦਰਦੀ ਤੇ ਸਮਾਜ ਜਾਂ ਕਲਾ ਪ੍ਰਤੀ ਨਿਸ਼ਕਾਮ ਸੇਵਾਵਾਂ ਦਾ ਵੀ ਚੰਦਨ ਕਾਇਲ ਰਿਹਾ ਹੈ।

ਆਪਣੇ ਸਮਕਾਲੀ ਢਾਡੀਆਂ 'ਚੋਂ ਉਹ ਗਿਆਨੀ ਉਦੈ ਸਿੰਘ, ਗਿਆਨੀ ਗੁਰਦਿਆਲ ਸਿੰਘ ਦਰਦੀ, ਗਿਆਨੀ ਅਮਲ ਸਿੰਘ ਦਲੇਰ, ਢਾਡੀ ਸੋਹਣ ਸਿੰਘ ਸੀਤਲ ਅਤੇ ਰਣਜੀਤ ਸਿੰਘ ਸਿੱਧਵਾਂ ਨੂੰ ਢਾਡੀ ਕਲਾ, ਸੰਗੀਤ 'ਚ ਕਲਾ ਦੇ ਵਾਰਿਸ ਮੰਨਦਿਆਂ ਵਡਿਆਉਂਦਾ ਰਿਹਾ ਹੈ।

ਲੁਕਮਾਨ ਵਾਂਗ ਇਹ ਢਾਡੀ ਹਿਕਮਤ ਵੀ ਕਰਦਾ ਰਿਹਾ ਹੈ। ਹੁਣ ਵੀ ਲੁਧਿਆਣੇ ਉਹਦੇ ਹਰਿਗੋਬਿੰਦ ਨਗਰ ਵਾਲੇ ਘਰ ਜਾਓਗੇ ਤਾਂ ਉਹ ਤਿੱਬਿਆ ਕਾਲਜ ਲਾਹੌਰ ਦੇ ਪ੍ਰਧਾਨ ਮਲੇਰਕੋਟਲੇ ਵਾਲੇ ਰਾਮਾਨੰਦ ਤੋਂ ਲਈ ਯੂਨਾਨੀ ਤੇ ਆਯੁਰਵੈਦਿਕ ਇਲਾਜ ਕਲਾ ਜ਼ਰੀਏ ਰੋਗੀਆਂ ਨੂੰ ਦਵਾਈਆਂ ਦੀਆਂ ਪੁੜੀਆਂ ਦਿੰਦਾ ਵੀ ਨਜ਼ਰੀ ਪਵੇਗਾ।

ਢਾਡੀ ਨਰਾਇਣ ਸਿੰਘ ਚੰਦਨ ਖਿਝ ਕੇ ਕਹਿੰਦਾ ਹੈ ਕਿ ਸ਼੍ਰੋਮਣੀ ਕਮੇਟੀ ਕਦੇ ਵੀ ਢਾਡੀਆਂ ਵੱਲ ਉਲਾਰ ਨਹੀਂ ਹੋਈ ਤਾਂ ਸਰਕਾਰਾਂ ਨੂੰ ਕਿਉਂ ਦੋਸ਼ ਦੇਣੇ ਚਾਹੀਦੇ ਹਨ? ਬੁੱਢੇ ਢਾਡੀਆਂ ਦੀ ਸਾਰ ਪਹਿਲਾਂ ਸ਼੍ਰੋਮਣੀ ਕਮੇਟੀ ਲਵੇ ਫਿਰ ਸਰਕਾਰਾਂ ਨੂੰ ਕਹਾਂਗੇ।

1950 ਵਿਚ ਚੰਦਨ ਦਾ ਰਣਜੀਤ ਕੌਰ ਨਾਲ ਲਾਵਾਂ ਵਾਲਾ ਜ਼ਿੰਦਗੀ ਤੇ ਗ੍ਰਿਹਸਥ ਦਾ ਸਫਰ ਅਰੰਭ ਹੋ ਗਿਆ ਸੀ। ਉਹਦਾ ਇੱਕ ਪੁੱਤਰ ਜਗਦੀਸ਼ ਸਿੰਘ ਢਾਡੀ ਹੈ, ਦੂਜਾ ਅਮਰੀਕਾ ਦੇ ਬੋਸਟਨ ਸ਼ਹਿਰ ਵਿਚ ਕਾਰੋਬਾਰੀ ਹੈ ਤੇ ਧੀ ਮਨਜੀਤ ਕੌਰ ਹੈ।

ਸੱਚੀਂ! ਢਾਡੀ ਕਲਾ ਦੀਆਂ ਅੱਖੀਆਂ ਵਿਚ ਨਰਾਇਣ ਸਿੰਘ ਚੰਦਨ ਸੁਪਨਾ ਬਣ ਕੇ ਆਉਂਦਾ ਹੀ ਰਹੇਗਾ।

# 'ਗੁੱਡੀ ਦਾ ਪ੍ਰਾਹੁਣਾ ਆ ਗਿਆ' ਦਾ ਸੰਗੀਤਕਾਰ ਨਿੰਮਾ ਵਿਰਕ

ਹਾਰਮੋਨੀਅਮ 'ਤੇ ਸੁਰਾਂ ਤਾਂ ਹਰ ਕੋਈ ਕੱਢ ਲੈਂਦਾ ਹੈ ਪਰ ਸੁਰਾਂ ਨੂੰ ਸਮਝਣਾ, ਪਰਖਣਾ ਤੇ ਇਨ੍ਹਾਂ 'ਚੋਂ ਅੱਗੇ ਹੋਰ ਸੁਰਾਂ ਕੱਢਣੀਆਂ ਸਭ ਦੇ ਵੱਸ ਦੀ ਗੱਲ ਨਹੀਂ ਹੁੰਦੀ। ਲੇਖਕ, ਸ਼ਾਇਰ ਤੇ ਸੰਗੀਤਕਾਰ ਬਣਨਾ ਸਭ ਤੋਂ ਔਖੀ ਗੱਲ ਹੈ ਅਤੇ ਇਹ ਗੁਣ ਹੁੰਦਾ ਵੀ ਰੱਬੀ ਬਖਸ਼ਿਸ਼ ਹੈ।

**ਬੂਟਾ ਗੁਲਾਮੀ ਵਾਲਾ, ਮੋਗਾ**
**ਫੋਨ: 91-94171-97395**

ਮੇਰੀ ਨਿੰਮੇ ਵਿਰਕ ਨਾਲ ਮੁਲਾਕਾਤ ਗਾਇਕ ਗੁਰਜੀਤ ਸਿੰਘ ਸੰਧੂ ਦੇ ਜ਼ਰੀਏ ਹੋਈ। ਚਾਰ ਕੁ ਵਜੇ ਜਾ ਦਰਵਾਜ਼ਾ ਖੜਕਾਇਆ। ਸਬੱਬੀਂ ਉਹ ਘਰੇ ਹੀ ਆਪਣੇ ਸਟੂਡੀਓ ਵਿਚ ਬੈਠਾ ਸੀ। ਮੇਰੇ ਨਾਂ ਤੋਂ ਨਿੰਮਾ ਪਹਿਲਾਂ ਹੀ ਵਾਕਫ ਸੀ। ਦੱਸਿਆ ਤਾਂ ਜੱਫੀ ਪਾ ਕੇ ਭਰਾਵਾਂ ਵਾਂਗ ਮਿਲਿਆ। ਚਾਹ ਦੀਆਂ ਚੁਸਕੀਆਂ ਭਰਦਿਆਂ ਗੱਲਾਂ ਤੁਰੀਆਂ-ਗੀਤਾਂ ਤੇ ਗੀਤਕਾਰੀ ਦੀਆਂ ਅਤੇ ਗਾਇਕਾ ਤੇ ਸੰਗੀਤ ਦੀਆਂ। ਫਿਰ ਚੱਲ ਸੋ ਚੱਲ।

ਨਿੰਮੇ ਨੇ ਅਨੇਕਾਂ ਹੀ ਉਨ੍ਹਾਂ ਗੀਤਾਂ ਦੇ ਮੁਖੜੇ ਸੁਣਾਏ ਜਿਨ੍ਹਾਂ ਦਾ ਸੰਗੀਤ ਉਸ ਨੇ ਆਪ ਤਿਆਰ ਕੀਤਾ ਸੀ, ਤੇ ਉਹ ਹਿੱਟ ਵੀ ਹੋਏ। ਨਿੰਮੇ ਦੇ ਸ਼ਿੰਗਾਰੇ ਸਟੂਡੀਓ ਵਿਚ ਬੈਠਿਆਂ ਇੰਜ ਲੱਗ ਰਿਹਾ



*ਨਿੰਮਾ ਵਿਰਕ (ਸੱਜੇ) ਗਾਇਕ ਹਰਿੰਦਰ ਸੰਧੂ ਨਾਲ*

ਸੀ ਜਿਵੇਂ ਪਤਾ ਨਹੀਂ ਅਸੀਂ ਕਿੰਨੇ ਕੁ ਚਿਰ ਦੇ ਮਿੱਤਰ ਹੋਈਏ।

ਉਹ ਜਿਥੇ ਇਕ ਵਧੀਆ ਤੇ ਚੰਗਾ ਸੰਗੀਤਕਾਰ ਹੈ, ਉਥੇ ਉਸ ਨੂੰ ਸਾਹਿਤ ਦੀਆਂ ਬਾਰੀਕੀਆਂ ਦੀ ਵੀ ਪਛਾਣ ਹੈ, ਤੇ ਗੀਤਕਾਰੀ ਦਾ ਗਿਆਨ ਵੀ। ਪੁਰਾਣੀ ਤੇ ਨਵੀਂ ਗਾਇਕੀ ਬਾਰੇ ਉਸ ਦੀ ਜਾਣਕਾਰੀ ਕਮਾਲ ਦੀ ਹੈ। ਸੰਗੀਤ ਉਸ ਦੀ ਰਗ ਰਗ ਵਿਚ ਵਸਦਾ ਹੈ। ਪਿਤਾ ਸ. ਪਿਆਰਾ ਸਿੰਘ ਅਤੇ ਮਾਤਾ ਸੁਖਦੇਵ ਕੌਰ ਦੇ ਘਰ ਪਿੰਡ ਵਿਰਕਾਂ ਵਾਲੀ, ਤਹਿਸੀਲ ਜੀਰਾ (ਫਿਰੋਜ਼ਪੁਰ) ਵਿਚ ਜਦ ਉਸ ਦਾ ਜਨਮ ਹੋਇਆ ਤਾਂ ਉਸ ਦਾ ਨਾਂ ਨਿਰਮਲ ਸਿੰਘ ਸਰਾਂ ਰੱਖਿਆ ਗਿਆ। ਸੰਗੀਤ ਦੀਆਂ ਬਾਰੀਕੀਆਂ ਸਿੱਖਣ ਲਈ ਉਸ ਨੇ ਮਿੱਠਾ ਸਿੰਘ ਬੰਡਾਲਵੀ ਨੂੰ ਉਸਤਾਦ ਧਾਰਿਆ। ਹੌਲੀ ਹੌਲੀ ਸਟੇਜਾਂ 'ਤੇ ਸਾਜ਼ ਵਜਾਉਣੇ ਸ਼ੁਰੂ ਕੀਤੇ। ਕੁਝ ਸਮਾਂ ਕਿਸੇ ਨਾਲ ਸਟੂਡੀਓ ਵਿਚ ਵੀ ਕੰਮ ਕੀਤਾ ਤੇ ਫਿਰ ਸਾਲ 2015 ਵਿਚ ਆਪਣਾ ਸਟੂਡੀਓ ਬਣਾ ਕੇ ਕੰਮ ਸ਼ੁਰੂ ਕੀਤਾ। ਫਿਰ ਉਸ ਨੇ ਪਿਛੇ ਮੁੜ ਕੇ ਨਹੀਂ ਵੇਖਿਆ ਅਤੇ ਅਨੇਕਾਂ ਕਲਾਕਾਰਾਂ ਦੇ ਗੀਤਾਂ ਨੂੰ ਸੰਗੀਤ ਦਿੱਤਾ। ਜਿਸ ਗੀਤ ਨੇ ਨਿੰਮੇ ਨੂੰ ਪੱਕੇ ਪੈਰੀਂ ਸੰਗੀਤਕਾਰਾਂ ਦੀ ਲਾਈਨ ਵਿਚ ਖੜ੍ਹਾ ਕੀਤਾ, ਉਹ ਪ੍ਰਸਿਧ ਗਾਇਕ ਹਰਿੰਦਰ ਸੰਧੂ ਦਾ ਗਾਇਆ ਗੀਤ 'ਗੁੱਡੀ ਦਾ ਪ੍ਰਾਹੁਣਾ ਆ ਗਿਆ' ਸੀ। ਅੱਜ ਨਿੰਮਾ ਵਿਰਕ ਮੋਗੇ ਬਾਬਾ ਜੀਵਨ ਸਿੰਘ ਨਗਰ ਆਪਣੇ ਮਾਤਾ-ਪਿਤਾ, ਪਤਨੀ ਅਤੇ ਬੱਚਿਆਂ ਨਾਲ ਰਹਿੰਦਾ ਹੈ।

ਗੱਲਾਂਬਾਤਾਂ ਕਰਦਿਆਂ ਟਾਈਮ ਦਾ ਪਤਾ ਹੀ ਨਾ ਲੱਗਾ ਕਦੋਂ ਡੇਢ ਘੰਟਾ ਬੀਤ ਗਿਆ। ਆਖਰ ਮੈਂ ਤੇ ਗੁਰਜੀਤ ਸਿੰਘ ਸੰਧੂ ਨੇ ਫਿਰ ਆਉਣ ਦਾ ਵਾਅਦਾ ਕਰ ਕੇ ਵਿਦਾਇਗੀ ਲਈ। ਤੁਰਨ ਲੱਗਿਆਂ ਉਸ ਨੇ ਆਵਾਜ਼ ਮਾਰ ਕੇ ਕਿਹਾ ਬੂਟਾ ਜੀ ਮੇਰੇ ਦਰਵਾਜ਼ੇ ਹਰ ਗੀਤਕਾਰ, ਸਾਹਿਤਕਾਰ ਅਤੇ ਹਰ ਛੋਟੇ-ਵੱਡੇ ਗਾਇਕ ਲਈ ਚੌਵੀ ਘੰਟੇ ਖੁੱਲ੍ਹੇ ਹਨ।

**ਗੁਰਮਤਿ ਵਿਚਾਰ**

# ਜਪੁਜੀ ਦਾ ਰੱਬ

***ਆਪਣੇ ਇਸ ਲੰਮੇ ਲੇਖ ਵਿਚ ਡਾ. ਗੋਬਿੰਦਰ ਸਿੰਘ ਸਮਰਾਓ ਨੇ ਜਪੁਜੀ ਸਾਹਿਬ ਦੇ ਹਵਾਲੇ ਨਾਲ ਗੁਰਬਾਣੀ ਦੇ ਤਰਕਸ਼ੀਲ ਤੇ ਵਿਗਿਆਨਕ ਸੱਚ ਉਤੇ ਚਾਨਣਾ ਪਾਇਆ ਹੈ। ਲੇਖ ਵਿਚ ਉਨ੍ਹਾਂ ਕਈ ਥਾਂ ਆਮ ਸਿੱਖਾਂ ਦੀ ਸ਼ਰਧਾਲੂ ਸੋਚ ਤੋਂ ਵਿਪਰੀਤ ਗੱਲਾਂ ਵੀ ਕੀਤੀਆਂ ਹਨ ਜਿਨ੍ਹਾਂ ਨਾਲ ਹੋ ਸਕਦਾ ਹੈ, ਕੁਝ ਪਾਠਕ ਸਹਿਮਤ ਨਾ ਵੀ ਹੋਣ ਪਰ ਡਾ. ਸਮਰਾਓ ਵਲੋਂ ਪੇਸ਼ ਕੀਤੇ ਗਏ ਤਰਕ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਪਾਠਕਾਂ ਦੀ ਨਜ਼ਰ ਹੈ, ਲੇਖ ਦੀ ਅਗਲੀ ਕਿਸ਼ਤ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਪਰਮ-ਸਤਿ ਦੀ ਮਾਯਾਵੀ-ਸਤਿ ਤੋਂ ਵੱਖਰੀ ਪਛਾਣ ਕਰਦਿਆਂ ਗੁਰੂ ਨਾਨਕ ਦੇਵ ਲਿਖਦੇ ਹਨ ਕਿ ਪਰਮ-ਸਤਿ ਇਕ ਅਕਾਲ (Timeless) ਆਕ੍ਰਿਤੀ ਹੈ। ਇਹ ਸਤਿ ਦਾ ਅਖੀਰਲਾ ਜਾਂ ਸਭ ਤੋਂ ਦੁਰਾਡਾ ਭਾਵ ਸਭ ਤੋਂ ਡੂੰਘਾ ਰੂਪ ਹੈ ਜੋ ਗਿਆਨ ਇੰਦਰੀਆਂ ਦੀ ਪਹੁੰਚ ਤੋਂ ਬਾਹਰ ਹੈ। ਇਸ ਦਾ ਖਾਸ ਗੁਣ ਇਹ ਹੈ ਕਿ ਇਸ ਨੂੰ ਕਾਲ ਵੀ ਪੋਹ ਨਹੀਂ ਸਕਦਾ। ਇਹ ਜ਼ਾਹਰਾ ਤੌਰ 'ਤੇ ਪ੍ਰਤੀਤ ਹੁੰਦੇ ਮਾਯਾਵੀ ਸਤਿ ਦੀ ਪੱਕੀ ਅੰਦਰੂਨੀ ਛਾਪ ਹੈ। ਇਹ ਛਾਪ ਸਮਾਂ ਬੀਤਣ ਨਾਲ ਧੁੰਦਲੀ ਨਹੀਂ ਪੈਂਦੀ, ਨਾ ਇਹ ਪੁਰਾਣੀ ਹੋ ਕੇ ਖਰਾਬ ਹੁੰਦੀ ਹੈ। ਇਸ ਦੀ ਚਮਕ-ਦਮਕ ਕਦੇ ਫਿੱਕੀ ਨਹੀਂ ਪੈਂਦੀ, ਇਹ ਸਦਾ

**ਡਾ. ਗੋਬਿੰਦਰ ਸਿੰਘ ਸਮਰਾਓ**
**ਫੋਨ: 408-634-2310**

ਉਵੇਂ ਦੀ ਉਵੇਂ ਰਹਿੰਦੀ ਹੈ। ਕਾਰਨ ਇਹ ਕਿ ਇਹ ਛਾਪ ਸਮੇਂ ਦੇ ਉਤਰਾ-ਚੜ੍ਹਾਅ ਤੋਂ ਉਪਰ ਹੈ ਤੇ ਕਾਲ ਦੀ ਮਾਰ ਤੋਂ ਬਾਹਰ ਹੈ। ਕਾਲ ਇਸ ਦੀ ਉਪਜ ਹੈ ਤੇ ਇਹ ਕਾਲ ਦੀ ਜਨਮ-ਦਾਤਾ ਹੈ। ਮਨੁੱਖ ਕੋਲ ਬੁੱਧੀ ਹੈ, ਉਹ ਧਿਆਨ ਲਾਵੇ ਤੇ ਬੁੱਝੇ ਕਿ ਇਹ ਕੀ ਹੈ ਤੇ ਕਿਵੇਂ ਹੈ? ਧਿਆਨ ਲਾ ਕੇ ਬੋਧ ਕਰਨ ਦੀ ਇਸ ਕਠਿਨ ਪ੍ਰਕ੍ਰਿਆ ਦਾ ਨਾਂ ਹੀ 'ਨਾਮ ਧਿਆਉਣਾ' ਹੈ ਤੇ ਇਹੀ ਅਸਲੀ ਜਪੁ ਹੈ!

ਮਨੁੱਖ ਨੂੰ ਜੋ ਕੁਝ ਭੀ ਦਿਖਾਈ ਦਿੰਦਾ ਹੈ, ਉਹ ਮਾਯਾ ਭਾਵ ਪ੍ਰਤੀਤੀ-ਸਤਿ (Manifest Reality) ਦਾ ਹਿੱਸਾ ਹੈ। ਜੀਵ-ਜੰਤੂ, ਪੱਥਰ, ਕੰਕਰ, ਨਦੀ, ਪਹਾੜ, ਝੀਲ ਆਦਿ ਸਭ ਮਾਯਾ ਹਨ। ਆਪਣੀਆਂ ਗਿਆਨ ਇੰਦਰੀਆਂ ਨਾਲ ਉਹ ਜੋ ਕੁਝ ਹੋਰ ਵੀ ਅਨੁਭਵ ਕਰਦਾ ਹੈ ਜਾਂ ਕਰ ਸਕਦਾ ਹੈ, ਉਹ ਵੀ ਮਾਯਾ ਹੈ। ਇੰਜ ਹਵਾ, ਠੰਡ, ਗਰਮੀ, ਦੁੱਖ, ਤਕਲੀਫ ਤੇ ਖੁਸ਼ੀ ਆਦਿ ਸਭ ਮਾਯਾ ਹੀ ਹਨ। ਇਸ ਤੋਂ ਇਲਾਵਾ ਜੋ ਕੁਝ ਮਨੁੱਖ ਦੇਖ ਜਾਂ ਅਨੁਭਵ ਨਹੀਂ ਕਰ ਸਕਦਾ ਪਰ ਜੰਤਰਾਂ ਰਾਹੀਂ ਜਾਂਚ ਸਕਦਾ ਹੈ, ਉਹ ਭੀ ਮਾਯਾ ਦੀ ਹੀ ਖੇਡ ਹੈ। ਇਸ ਤਰ੍ਹਾਂ ਬਿਜਲੀ, ਗੁਰੂਤਾ-ਬਲ, ਰੇਡੀਓ ਤਰੰਗਾਂ, ਅਲਟਰਾ-ਵਾਇਓਲੈਟ ਰਿਸ਼ਮਾਂ, ਪੁਲਾੜੀ ਧੁਨੀਆਂ ਆਦਿ ਸਭ ਮਾਯਾ ਹੀ ਹਨ।

ਇਹ ਸਭ ਚੀਜ਼ਾਂ ਕਾਲ ਦੀਆਂ ਪਾਬੰਦ ਹਨ। ਇਹ ਸਮੇਂ ਦੀ ਗਤੀ ਨਾਲ ਹੋਂਦ ਵਿਚ ਆਈਆਂ ਹਨ ਤੇ ਸਮੇਂ ਦੀ ਗਤੀ ਨਾਲ ਹੀ ਚਲੀਆਂ ਜਾਣਗੀਆਂ। ਇਨ੍ਹਾਂ ਸਭ ਦੀ ਆਪੋ ਆਪਣੀ ਮਿਆਦ ਹੈ ਭਾਵ ਇਹ ਆਪਣੀ ਉਮਰ ਭੋਗ ਕੇ ਸਮੇਂ ਅਨੁਸਾਰ ਖਤਮ ਹੋ ਜਾਣਗੀਆਂ। ਕਿਉਂਕਿ ਮਾਯਾ ਦੇ ਨਿਯਮਾਂ ਅਨੁਸਾਰ ਮਾਦੇ ਦਾ ਵਜੂਦ ਕਦੇ ਮਿਟਦਾ ਨਹੀਂ, ਇਸ ਲਈ ਇਹ ਮਾਦੇ ਦੇ ਹੀ ਕਿਸੇ ਹੋਰ ਰੂਪ ਵਿਚ ਤਬਦੀਲ ਹੋ ਜਾਣਗੀਆਂ। ਪਰ ਰੂਪ ਬਦਲਣ ਪਿਛੋਂ ਵੀ ਇਹ ਮਾਯਾ ਵਿਚ ਹੀ ਰਹਿਣਗੀਆਂ। ਇਨ੍ਹਾਂ ਉਤੇ ਮਾਯਾ ਦੇ ਹੀ ਨਿਯਮ ਲਾਗੂ ਰਹਿਣਗੇ ਤੇ ਇਨ੍ਹਾਂ ਦੀ ਹੋਂਦ ਵੀ ਛਿਣ-ਭੰਗਰੀ ਹੀ ਰਹੇਗੀ। ਸਮਾਂ ਗਵਾਹ ਹੈ, ਜੀਵ-ਜੰਤੂ ਨਿੱਤ ਜੰਮਦੇ ਹਨ ਤੇ ਨਿੱਤ ਮਰਦੇ ਹਨ। ਬਨਾਸਪਤੀ ਉਗਦੀ ਹੈ ਤੇ ਉਗ ਕੇ ਸੁੱਕ ਜਾਂਦੀ ਹੈ। ਨਦੀਆਂ ਨਾਲੇ ਬਣਦੇ ਹਨ ਤੇ ਵਹਿਣ ਖਤਮ ਹੋਣ ਪਿਛੋਂ ਮਿਟ ਜਾਂਦੇ ਹਨ। ਇਨ੍ਹਾਂ ਦੀ ਦਿੱਖ ਤੇ ਹਾਲਤ ਹਮੇਸ਼ਾ ਇਕੋ ਜਿਹੀ ਨਹੀਂ ਰਹਿੰਦੀ। ਇਹ ਸਭ 'ਅਕਾਲ' ਭਾਵ ਕਾਲ-ਰਹਿਤ ਨਹੀਂ ਹਨ ਸਗੋਂ ਕਾਲ ਦੇ ਅੰਦਰ ਹਨ। ਇਹ ਮਾਯਾਵੀ ਸਤਿ ਦਾ ਹਿੱਸਾ ਹਨ, ਇਸ ਲਈ ਕਾਲ ਦੀ ਸੂਈ ਹਮੇਸ਼ਾ ਇਨ੍ਹਾਂ 'ਤੇ ਲਟਕਦੀ ਰਹਿੰਦੀ ਹੈ।

ਇਸ ਤੋਂ ਉਲਟ 'ਪਰਮ-ਸਤਿ' ਸਤਿ ਦਾ ਉਹ ਰੂਪ ਹੈ ਜੋ ਕਾਲ ਦੀਆਂ ਸਭ ਹੱਦਾਂ ਤੋਂ ਬਾਹਰ ਭਾਵ ਸੁਤੰਤਰ ਹੈ। ਇਹ ਕਾਲ ਤੋਂ ਸੁਤੰਤਰ ਹੈ ਕਿਉਂਕਿ ਕਾਲ ਵੀ ਦੂਜੀਆਂ ਸਭ ਵਸਤਾਂ ਵਾਂਗ ਇਸੇ ਤੋਂ ਉਪਜਿਆ ਹੈ। ਕਾਲ ਇਨ੍ਹਾਂ ਵਾਂਗ ਹੀ ਮਾਯਾ ਦਾ ਹਿੱਸਾ ਹੈ ਤੇ ਮਾਯਾ ਦਾ ਚਾਲਕ ਹੈ। ਮਿਥਿਆ ਕਰੋ ਕਿ ਜੇ ਕਾਲ ਦਾ ਚੱਕਰ ਨਾ ਘੁੰਮੇ ਤਾਂ ਮਾਯਾ ਸਥਿਲ ਹੋ ਜਾਵੇਗੀ। ਇਸ ਦੀਆਂ ਰੰਗ ਬਿਰੰਗੀਆਂ ਗਤੀਵਿਧੀਆਂ ਰੁਕ ਜਾਣਗੀਆਂ। ਜੋ ਜਿਥੇ ਹੈ, ਉਥੇ ਹੀ ਖੜ੍ਹ ਜਾਵੇਗਾ। ਮਨੁੱਖੀ ਸੋਚ ਵੀ ਰੁਕ ਜਾਵੇਗੀ। ਸ੍ਰਿਸ਼ਟੀ ਸਿਲ-ਪੱਥਰ ਬਣ ਜਾਵੇਗੀ। ਇਹ ਹਮੇਸ਼ਾ ਲਈ ਰੁਕੀ ਰਹੇਗੀ ਭਾਵ 'ਅਕਾਲ' ਹੋ ਜਾਵੇਗੀ। ਪਰ ਕਾਲ ਦੇ ਇਸ ਤਰ੍ਹਾਂ ਅਲੋਪ ਹੋ ਜਾਣ ਨਾਲ ਵੀ ਇਹ ਰਹੇਗੀ ਮਾਯਾ ਹੀ। ਜੋ ਪਹਿਲਾਂ ਮਾਯਾ ਸੀ, ਹੁਣ ਮਾਯਾ ਦਾ ਖੰਡਰ ਹੋਵੇਗੀ। ਇਹ ਪਰਮ-ਸਤਿ ਨਹੀਂ ਬਣ ਸਕੇਗੀ। ਪਰਮ-ਸਤਿ ਕੇਵਲ ਕਾਲ ਦਾ ਨਹੀਂ, ਸਮੂਹ ਮਾਯਾ ਦਾ ਕਰਤਾ ਪੁਰਖੁ ਹੈ। ਇਹ ਕਾਲ ਤੋਂ ਪਰ੍ਹੇ ਹੈ, ਮਾਯਾ ਤੋਂ ਪਰ੍ਹੇ ਹੈ ਤੇ ਮਾਯਾ ਦੇ ਖੰਡਰਾਤ ਤੋਂ ਵੀ ਪਰ੍ਹੇ ਹੈ।

ਇਹ ਇਕ ਅਹਿਮ ਧਾਰਨਾ ਹੈ। ਇਸ ਰਾਹੀਂ ਗੁਰੂ ਸਾਹਿਬ ਨੇ ਸ੍ਰਿਸ਼ਟੀ ਦੇ ਵਿਸਥਾਰ ਬਾਰੇ ਇਯੁਕਲਿਡ ਦੀਆਂ ਦੱਸੀਆਂ ਤਿੰਨ ਰੇਖਾ-ਗਣਿਤੀ ਭੁਜਾਵਾਂ ਵਿਚ ਕਾਲ ਦੀ ਚੌਥੀ ਭੁਜਾ ਜੋੜੀ ਹੈ। ਇਸ ਤੱਥ ਦੇ ਮਹੱਤਵ ਨੂੰ ਆਧੁਨਿਕ ਸਮੇਂ ਦੇ ਵਿਸ਼ਵ ਪ੍ਰਸਿੱਧ ਵਿਗਿਆਨੀ ਆਈਨਸਟਾਈਨ ਨੇ ਵੀਹਵੀਂ ਸਦੀ ਵਿਚ ਆ ਕੇ ਸਵੀਕਾਰਿਆ ਹੈ। ਇਹੀ ਨਹੀਂ, ਗੁਰੂ ਸਾਹਿਬ ਨੇ ਪਰਮ-ਸਤਿ ਦੇ 'ਅਕਾਲ ਮੂਰਤਿ' ਹੋਣ ਦਾ ਸੰਕਲਪ ਦੇ ਕੇ ਸੰਸਾਰ ਦੀ ਪੰਜਵੀਂ ਭੁਜਾ ਦੀ ਵੀ ਪਛਾਣ ਕਰਵਾ ਦਿੱਤੀ। ਉਨ੍ਹਾਂ ਦੀ ਇਸ ਉਪਲਭਦੀ ਨੂੰ ਵੀ ਹੁਣ ਇੱਕੀਵੀਂ ਸਦੀ ਦਾ ਆਧੁਨਿਕ ਵਿਗਿਆਨ ਇਕ ਪ੍ਰਮਾਣੀਕ ਸੱਚਾਈ ਵਜੋਂ ਮੰਨਣ ਲੱਗਾ ਹੈ।

ਪਰਮ-ਸਤਿ ਤੇ ਪ੍ਰਤਿਤੀ-ਸਤਿ (ਮਾਯਾ) ਦਾ ਸਬੰਧ ਕੁਝ ਇਸ ਤਰ੍ਹਾਂ ਵੀ ਜਾਣਿਆ ਜਾ ਸਕਦਾ ਹੈ। ਪਰਮ-ਸਤਿ ਭੋਇੰ ਵਾਂਗ ਹੈ ਤੇ ਪ੍ਰਤਿਤੀ-ਸਤਿ ਫਸਲ ਵਾਂਗ। ਖੇਤ ਵਿਚ ਫਸਲਾਂ ਵਾਰ ਵਾਰ ਬੀਜੀਆਂ ਜਾਂਦੀਆਂ ਹਨ। ਉਹ ਮੌਸਮ ਅਨੁਸਾਰ ਉਗ ਕੇ ਪੱਕ ਜਾਂਦੀਆਂ ਹਨ ਤੇ ਵੱਢ ਲਈਆਂ ਜਾਂਦੀਆਂ ਹਨ। ਜੇ ਨਾ ਵੀ ਵੱਢੀਆਂ ਜਾਣ ਤਾਂ ਖੇਤ ਵਿਚ ਡਿਗ ਕੇ ਮਿੱਟੀ ਨਾਲ ਮਿੱਟੀ ਹੋ ਜਾਂਦੀਆਂ ਹਨ। ਖੇਤ ਵਿਚ ਇਕ ਤੋਂ ਬਾਅਦ ਇਕ ਫਸਲ ਦੀ ਬਹੁ-ਭਾਂਤੀ ਰੌਣਕ ਲੱਗੀ ਰਹਿੰਦੀ ਹੈ ਪਰ ਇਨ੍ਹਾਂ ਵਿਚ ਪੱਕੀ ਤੇ ਸਦਾ ਸਦੀਵੀ ਕੋਈ ਵੀ ਨਹੀਂ ਹੁੰਦੀ। ਇਸ ਤੋਂ ਉਲਟ ਖੇਤ ਦੀ ਇਕ ਵਧੇਰੇ ਸਥਾਈ ਹੋਂਦ ਹੈ। ਇਹ ਹਜ਼ਾਰਾਂ ਲੱਖਾਂ ਸਾਲਾਂ ਤੋਂ ਉਥੇ ਹੀ ਹੈ ਅਤੇ ਭਵਿੱਖ ਵਿਚ ਭੀ ਲੰਮੇ ਸਮੇਂ ਤੀਕ ਉਥੇ ਹੀ ਰਹਿਣ ਦੀ ਉਮੀਦ ਦਿੰਦਾ ਹੈ। ਇਹ ਮੌਸਮੀ ਤਬਦੀਲੀਆਂ ਤੋਂ ਉਪਰ ਹੈ। ਇਹ ਨਾ ਬੀਜਿਆ ਜਾਂਦਾ ਹੈ, ਨਾ ਉਗਦਾ ਹੈ, ਨਾ ਪੱਕਦਾ ਹੈ ਤੇ ਨਾ ਵੱਢਿਆ ਜਾਂਦਾ ਹੈ। ਫਸਲਾਂ ਦੀ ਆਵਾਜਾਈ ਲੱਗੀ ਰਹਿੰਦੀ ਹੈ ਪਰ ਇਸ ਦੀ ਮਿੱਟੀ ਉਵੇਂ ਦੀ ਉਵੇਂ ਬਣੀ ਰਹਿੰਦੀ ਹੈ। ਮਿੱਟੀ ਦਾ ਇਹ ਖੇਤ ਪਿੱਠ-ਭੂਮੀ ਵਾਂਗ ਫਸਲਾਂ ਦੇ ਹੇਠ ਪਿਆ ਰਹਿੰਦਾ ਹੈ। ਫਸਲਾਂ ਦੀ ਝੁਰਮਟ ਹੇਠ ਦਬਿਆ ਇਸ ਦਾ ਵਜੂਦ ਕਈ ਵਾਰ ਦਿੱਸਦਾ ਵੀ ਨਹੀਂ। ਉਂਜ ਇਹ ਉਥੇ ਹੁੰਦਾ ਜਰੂਰ ਹੈ ਤੇ ਹੁੰਦਾ ਵੀ ਆਪਣੇ ਉਸੇ ਪੁਰਾਣੇ ਰੂਪ ਵਿਚ ਹੈ ਜੋ ਹਮੇਸ਼ਾ ਨਵਾਂ ਨਰੋਆ ਰਹਿੰਦਾ ਹੈ। ਖੇਤ ਇਕ ਤਰ੍ਹਾਂ ਦਾ ਪਰਮ-ਸਤਿ ਹੈ ਤੇ ਫਸਲ-ਚੱਕਰ ਇਕ ਤਰ੍ਹਾਂ ਦੀ ਮਾਯਾ। ਪਰ ਗੱਲ ਇੰਨੀ ਹੀ ਨਹੀਂ, ਇਸ ਤੋਂ ਬਹੁਤ ਡੂੰਘੀ ਹੈ। ਇਕ ਉਤਲੀ ਸਤਹ ਤੋਂ ਸਰਵੇਖਣ ਕੀਤਿਆਂ ਖੇਤ ਤੇ ਫਸਲ-ਦੋਵੇਂ ਮਾਯਾ ਹਨ। ਇਕ ਨਾ ਇਕ ਦਿਨ ਦੋਵੇਂ ਨਹੀਂ ਰਹਿਣਗੇ। ਜਦੋਂ ਸਰਵੇਖਣ ਦੀਆਂ ਸਭ ਸਤਹਾਂ ਇਕ ਇਕ ਕਰ ਕੇ ਹੇਠ ਰਹਿ ਜਾਣਗੀਆਂ, ਉਦੋਂ ਇਕ ਅੰਤਲੀ ਸਤਹ ਰਹਿ ਜਾਵੇਗੀ ਜਿਥੋਂ ਵੇਖਿਆਂ ਮਾਯਾ ਸਤਿ ਵਿਚ ਸਮਾਈ ਨਜ਼ਰ ਆਵੇਗੀ। ਉਸ ਵੇਲੇ ਜੋ ਸਾਹਮਣੇ ਹੋਵੇਗਾ, ਉਹੀ ਪਰਮ-ਸਤਿ ਹੋਵੇਗਾ।

ਮੂਰਤਿ ਦਾ ਅਰਥ ਤਸਵੀਰ ਭਾਵ ਕਾਪੀ ਜਾਂ ਉਤਾਰਾ ਹੁੰਦਾ ਹੈ। ਪਰਮ-ਸਤਿ ਮਾਯਾ ਦੀ ਤਸਵੀਰ ਹੈ ਪਰ ਇਹ ਇਸ ਦੇ ਵਜੂਦ ਦਾ ਹੂਬਹੂ ਉਤਾਰਾ ਨਹੀਂ। ਮਾਯਾ ਪਰਮ-ਸਤਿ ਦਾ ਉਪਜਿਆ ਜਾਂ ਘਾੜਤ ਵਿਚ ਆਇਆ ਰੂਪ ਹੈ। ਇਹ ਇਸ ਦੀ ਇੰਨ-ਬਿੰਨ ਦੀ ਨਕਲ ਨਹੀਂ ਸਗੋਂ ਏਕੀਕ੍ਰਿਤ (Integrated) ਕਾਪੀ ਹੈ। ਏਕੀਕ੍ਰਿਤ ਕਾਪੀ ਵਿਚ ਸੱਚਾਈ ਸਥੂਲ ਰੂਪ ਵਿਚ ਨਹੀਂ, ਸੰਭਾਵਨਾਵਾਂ ਦੇ ਰੂਪ ਵਿਚ ਸੰਕਲਿਤ ਹੁੰਦੀ ਹੈ। ਇਹ ਗੱਲ ਇਕ ਰੁੱਖ ਦੀ ਮਿਸਾਲ ਨਾਲ ਸਹਿਜੇ ਸਮਝ ਪੈ ਸਕਦੀ ਹੈ। ਪਿੱਪਲ ਦਾ ਪੂਰਾ ਰੁੱਖ ਸੈਂਕੜੇ ਫੁੱਟ ਉਚਾ ਹੁੰਦਾ ਹੈ ਤੇ ਹਜ਼ਾਰਾਂ ਘਣ-ਫੁੱਟ ਥਾਂ ਵਿਚ ਫੈਲਿਆ ਹੁੰਦਾ ਹੈ। ਇਸ ਦੇ ਅਣਗਿਣਤ ਟਾਹਣ, ਪੱਤੇ ਤੇ ਫਲ-ਫੁਲ ਹੁੰਦੇ ਹਨ ਜੋ ਬਣਦੇ-ਝੜਦੇ ਰਹਿੰਦੇ ਹਨ। ਪੈਦਾ ਹੋਣ ਤੋਂ ਪਹਿਲਾਂ ਇਹੀ ਵਿਰਾਟ ਬਿਰਖ ਇੰਨ-ਬਿੰਨ ਆਪਣੇ ਬੀਜ ਵਿਚ ਸਮੋਇਆ ਹੁੰਦਾ ਹੈ। ਜਾਂ ਕਹਿ ਲਓ ਕਿ ਇਸ ਦੇ ਬੀਜ ਵਿਚ ਇਸ ਦੀ ਇਕ ਕਾਪੀ ਸੰਭਾਲੀ ਪਈ ਹੁੰਦੀ ਹੈ। ਬੀਜ ਵਿਚ ਪਈ ਇਹ ਕਾਪੀ ਇਸ ਦੇ ਆਕਾਰ ਦੀ ਹੂਬਹੂ ਨਕਲ ਨਹੀਂ ਹੁੰਦੀ ਕਿਉਂਕਿ ਇਸ ਵਿਚ ਇਸ ਦੇ ਸਭ ਅੰਗ ਪੂਰੇ ਦੇ ਪੂਰੇ ਨਹੀਂ ਸਮਾ ਸਕਦੇ। ਇਹ ਇਸ ਦੀ ਏਕੀਕ੍ਰਿਤ ਕਾਪੀ ਹੁੰਦੀ ਹੈ ਜਿਸ ਵਿਚ ਇਸ ਦੀ ਰੂਪ-ਰੇਖਾ ਦੀਆਂ ਸੰਭਾਵਨਾਵਾਂ ਸੰਯੁਕਤ ਹੋ ਕੇ ਪਈਆਂ ਹੁੰਦੀਆਂ ਹਨ। ਜਿਉਂ ਹੀ ਇਸ ਬੀਜ ਨੂੰ ਧਰਤੀ ਵਿਚ ਦੱਬ ਕੇ ਪਾਣੀ ਪਾਇਆ ਜਾਂਦਾ ਹੈ, ਇਸ ਦੀਆਂ ਸੰਭਾਵਨਾਵਾਂ ਖੁਲ੍ਹਦੀਆਂ ਹਨ ਤੇ ਹੌਲੀ ਹੌਲੀ ਇਹ ਪਿੱਪਲ ਦੇ ਸਥੂਲ ਰੂਪ ਵਾਲਾ ਰੁੱਖ ਬਣਾ ਦਿੰਦੀਆਂ ਹਨ।

ਪਰਮ-ਸਤਿ ਵੀ ਇਸੇ ਤਰ੍ਹਾਂ ਮਾਯਾ ਦਾ ਅਣ-ਛੋਹਿਆ ਰੂਪ ਹੋਣ ਕਰਕੇ ਇਸ ਦੇ ਏਕੀਕ੍ਰਿਤ ਖਾਕੇ ਵਾਂਗ ਹੈ। ਮਾਯਾ ਦੀ ਗਹਿਰੀ ਪਰਤ ਕਾਰਨ ਇਸ ਖਾਕੇ ਦੀ ਸਪਸ਼ਟ ਰੂਪ ਰੇਖਾ ਦਿਖਾਈ ਨਹੀਂ ਦਿੰਦੀ। ਜੇ ਪਰਮ-ਸਤਿ ਮਾਯਾ ਦੀ ਹੂਬਹੂ ਕਾਪੀ ਹੁੰਦਾ ਤਾਂ ਹੁਣ ਤੀਕ ਸਭ ਦੀ ਸਮਝ ਵਿਚ ਆ ਜਾਂਦਾ ਤੇ ਦਿਖ ਵੀ ਪੈਂਦਾ। ਫਿਰ ਕੋਈ ਇਸ ਦੀ ਪੂਜਾ ਨਾ ਕਰਦਾ ਤੇ ਕੋਈ ਇਸ ਤੋਂ ਮੰਨਤਾਂ ਨਾ ਮੰਗਦਾ।

ਇਸ ਲਈ ਮੂਰਤਿ ਦਾ ਭਾਵ ਮਾਯਾ ਦੀ ਉਸ ਸਦੀਵੀ ਤੇ ਅਬਦਲਵੀ ਹੋਂਦ ਤੋਂ ਹੈ ਜੋ ਇਸ ਦੇ ਪਿਛਵਾੜੇ ਨਿਰੰਤਰ ਪਈ ਰਹਿੰਦੀ ਹੈ ਪਰ ਗਿਆਨ ਇੰਦਰੀਆਂ ਦੀ ਪਕੜ ਵਿਚ ਨਹੀਂ ਆਉਂਦੀ। ਇਹ ਉਸ ਧੁੰਦਲੇ ਪ੍ਰਛਾਵੇਂ ਦੀ ਤਰ੍ਹਾਂ ਹੈ ਜੋ ਬੱਦਲਾਂ ਦੇ ਦਿਨ ਹੁੰਦਾ ਤਾਂ ਹੈ ਪਰ ਨਜ਼ਰ ਨਹੀਂ ਆਉਂਦਾ। ਇਹ ਇਕ ਝਲਕ ਹੈ ਜਾਂ ਅਨੋਖਾ ਸੰਕਲਪ ਹੈ ਜਿਸ ਦੀ ਕਲਪਨਾ ਹੀ ਕੀਤੀ ਜਾ ਸਕਦੀ ਹੈ ਪਰ ਦਰਸ਼ਨ ਨਹੀਂ ਕੀਤੇ ਜਾ ਸਕਦੇ। ਇਸ ਦਾ ਸੰਕਲਪ ਇਕ ਦਰਖਤ ਸਮੂਹ ਵਾਂਗ ਹੈ ਜੋ ਕਹਿਣ ਨੂੰ ਜੰਗਲ ਹੁੰਦਾ ਹੈ ਪਰ ਦੇਖਣ ਨੂੰ ਦਰਖਤ ਹੀ ਮਿਲਦੇ ਹਨ। ਜੰਗਲ ਤਾਂ ਇਕ ਸੰਕਲਪ ਹੈ ਜਿਸ ਦਾ ਦੂਰੋਂ ਝਉਲਾ ਜਰੂਰ ਪੈਂਦਾ ਹੈ ਪਰ ਇਸ ਨੂੰ ਛੂਹਿਆ ਨਹੀਂ ਜਾਂਦਾ। ਇਸ ਤਰ੍ਹਾਂ ਪਰਮ-ਸਤਿ ਇਕ ਅਜਿਹੀ ਹੋਂਦ ਹੈ ਜਿਸ ਦਾ ਵਜੂਦ ਨਹੀਂ, ਕੇਵਲ ਝਲਕ ਹੁੰਦੀ ਹੈ।

ਅਕਾਲ ਮੂਰਤਿ ਨੂੰ ਛੂਹਣਾ ਜਾਂ ਦੇਖਣਾ ਤਾਂ ਦੂਰ ਦੀ ਗੱਲ ਹੈ, ਇਸ ਨੂੰ ਧਿਆਨ ਵਿਚ ਬਿਠਾਉਣਾ ਹੀ ਬੜਾ ਕਠਿਨ ਕੰਮ ਹੈ। ਇਹ ਇਸ ਲਈ ਕਿ ਕਲਪਨਾ ਕਰਨ ਵਾਲਾ ਕਾਲ ਦੀਆਂ ਸੀਮਾਵਾਂ ਵਿਚ ਬੰਨਿਆ ਹੁੰਦਾ ਹੈ, ਜਦਕਿ ਅਕਾਲ ਮੂਰਤਿ ਸਮੇਂ ਤੋਂ ਬਾਹਰ ਦਾ ਪ੍ਰਤਿਬਿੰਬ ਹੈ। ਕਾਲ ਦੀ ਚਾਰ-ਦੀਵਾਰੀ ਵਿਚ ਘਿਰੇ ਕਲਪਨਾਕਾਰ ਕੋਲ ਕਾਲ ਤੋਂ ਸੁਤੰਤਰ ਹੋਣ ਦਾ ਕੋਈ ਰਾਸਤਾ ਨਹੀਂ ਹੈ ਤੇ ਨਾ ਹੀ ਕੋਈ ਅਜਿਹਾ ਅਨੁਭਵ ਹੈ। ਸਿੱਧੇ ਅਨੁਭਵ ਤੋਂ ਬਿਨਾ ਉਸ ਦੀ ਕਲਪਨਾ ਵੀ ਆਰਜ਼ੀ ਤੇ ਫਰਜ਼ੀ ਹੀ ਰਹਿੰਦੀ ਹੈ। ਅਜਿਹੀ ਸਥਿਤੀ ਵਿਚ ਗਣਿਤੀ ਤਰਕ ਦੇ ਨਿਯਮਾਂ (ਹੁਕਮਾਂ) ਦਾ ਲੜ ਫੜ੍ਹ ਕੇ ਮਾਯਾ ਦੇ ਪਿਛੋਕੜ ਵਿਚ ਬਣੀ ਅਕਾਲ ਮੂਰਤਿ ਦੀ ਸੇਧ ਲੈਣ ਤੋਂ ਬਿਨਾ ਉਸ ਕੋਲ ਕੋਈ ਚਾਰਾ ਨਹੀਂ ਹੈ। ਇਸ ਕਲਪਨਾ ਦੀ ਕਲਪਨਾ ਵੀ ਉਹੀ ਉਦਮੀ ਲੋਕ ਕਰ ਸਕਦੇ ਹਨ ਜੋ ਮਾਯਾ ਦੇ ਤਰਕ ਤੇ ਨਿਯਮਾਂ ਨੂੰ ਚੰਗੀ ਤਰ੍ਹਾਂ ਸਮਝਣ ਦੀ ਰੁਚੀ ਰਖਦੇ ਹਨ। ਗੁਰੂ ਸਾਹਿਬ ਨੇ ਇਸ ਰੁਚੀ ਨੂੰ 'ਨਦਰਿ' ਕਹਿ ਕੇ ਸਤਿਕਾਰਿਆ ਹੈ।

ਇਸ ਲਈ ਮਾਯਾ ਦੇ ਨਿਯਮਾਂ ਨੂੰ ਸਹਾਰਾ ਬਣਾਏ ਬਿਨਾ ਕਾਲ-ਪੱਟੀ ਵਿਚ ਸੰਨ੍ਹ ਲਾਉਣਾ ਤੇ ਬਾਹਰ ਝਾਕਣਾ ਮੁਸ਼ਕਿਲ ਹੈ। ਜਿਉਂ ਜਿਉਂ ਇਸ ਸੰਕਲਪ ਨੂੰ ਪ੍ਰਣਾਏ ਵਿਦਵਾਨ ਤੇ ਵਿਗਿਆਨੀ ਵਿਵੇਕ ਅਤੇ ਖੋਜ ਦੇ ਰਾਸਤੇ ਚਲਦੇ ਰਹਿਣਗੇ, ਤਿਉਂ ਤਿਉਂ ਇਹ ਕੰਮ ਆਸਾਨ ਹੁੰਦਾ ਚਲਾ ਜਾਵੇਗਾ। ਇਸ ਮਹਾਨ ਕਾਰਜ ਨੂੰ ਫਤਿਹ ਕਰਦਿਆਂ ਉਹ ਖੋਜੀ ਜਿਉੜੇ ਅਕਾਲ ਮੂਰਤਿ ਦਾ ਖਾਕਾ ਉਲੀਕਦੇ ਜਾਣਗੇ ਤੇ ਇਸ ਦੇ ਅਣਦਿਸਦੇ ਨਕਸ਼ਾਂ ਵਿਚ ਰੰਗ ਪੂਰਦੇ ਜਾਣਗੇ। ਇਸ ਤਰ੍ਹਾਂ ਇਸ ਦਾ ਅਕਸ ਨਿੱਖਰਦਾ ਚੱਲਿਆ ਜਾਵੇਗਾ। ਤਦ ਹੀ ਇਕ ਦਿਨ ਪਰਮ-ਸਤਿ ਦੀ ਪੂਰੀ ਛਵੀ ਦੀ ਝਲਕ ਉਭਰ ਆਵੇਗੀ। ਉਦੋਂ ਹੀ ਇਸ ਦਾ ਸਹੀ ਨਾਂ ਵੀ ਪਤਾ ਲੱਗ ਸਕੇਗਾ। ਗੁਰੂ ਸਾਹਿਬ ਅਨੁਸਾਰ ਇਹ ਕਾਰਜ ਇਕ ਕਠਿਨ ਤੇ ਲੰਮੀ ਸਾਧਨਾਮਈ ਕ੍ਰਿਆ ਹੈ। ਇਸ ਕ੍ਰਿਆ ਦੀ ਟਕਸਾਲ (Foundry) ਭਾਵ ਪ੍ਰਯੋਗਸ਼ਾਲਾ (Laboratory) ਵਿਚੋਂ ਹੀ ਉਹ ਸ਼ਬਦ ਘੜਿਆ ਜਾਵੇਗਾ ਜੋ ਪਰਮ-ਸਤਿ ਦਾ ਅਸਲ ਨਾਂ ਹੋਵੇਗਾ ਤੇ ਜਿਸ ਨਾਲ ਫਿਰ ਇਸ ਨੂੰ ਸੰਬੋਧਨ ਕੀਤਾ ਜਾਇਆ ਕਰੇਗਾ।

**(ਚਲਦਾ)**

## ਆਦਿ ਸੱਚ ਜੁਗਾਦਿ ਸਚੁ

ਕੋਈ ਕੁਝ ਕਹਿੰਦਾ ਤੇ ਕੋਈ ਕੁਝ ਕਹਿੰਦਾ,
ਮੈਂ ਤੇ ਬਸ ਤੇਰੇ ਹੀ ਵਿਚ ਲੀਨ ਰਹਿੰਦਾ।
ਲੈਣਾ ਦੇਣਾ ਬਸ ਤੇਰੇ ਨਾਲ,
ਨਹੀਂ ਹੋਰ ਸਵਾਲ,
ਅਸੀਂ ਹੋਰ ਕਿਸੇ ਤੋਂ ਕੀ ਲੈਣਾ
ਜਦੋਂ ਤੂੰ ਸਾਡੇ ਨਾਲ।

ਤੇਰੀ ਮਹਿਮਾ ਅਪਰੰਪਾਰ ਤੂੰ ਰਚਿਆ ਸੰਸਾਰ,
ਕੋਈ ਕੁਝ ਵੀ ਕਹੇ, ਸਾਨੂੰ ਤੇਰੇ ਨਾਲ ਪਿਆਰ।

ਤੇਰੀ ਨਿਗ੍ਹਾ ਸਵੱਲੀ ਹੋਵੇ ਤੇ ਡੁੱਬਦਾ ਬੇੜਾ ਪਾਰ,
ਤੇਰਾ ਹੱਥ ਨਾ ਸਿਰ
ਤਾਂ ਜਿੱਤੀ ਬਾਜੀ ਜਾਵੇ ਹਾਰ।
ਤੇਰੀਆਂ ਤੂੰ ਹੀ ਜਾਣੇ
ਇਹ ਸੰਸਾਰ ਚੱਲੇ ਤੇਰੇ ਭਾਣੇ,
ਤੇਰੀ ਕੁਦਰਤ ਸਭ ਨੂੰ ਰੱਖੇਂ
ਆਪੋ ਆਪਣੇ ਟਿਕਾਣੇ।

ਤੇਰਾ ਅੰਤ ਕਿਸੇ ਨਾ ਪਾਇਆ,
ਸਭ 'ਤੇ ਤੇਰੀ ਛਾਇਆ,
ਕੈਸੀ ਸ਼੍ਰਿਸ਼ਟੀ ਸਭ ਨੂੰ
ਆਪੋ ਆਪਣੇ ਆਹਰੇ ਲਾਇਆ।

ਜੋ ਵੀ ਆਵੇ ਤੇਰੇ ਦਰ ਤੋਂ
ਖਾਲੀ ਹੱਥ ਨਾ ਕਦੀ ਜਾਵੇ,
ਤੇਰੀ ਇਹ ਵਿਲੱਖਣਤਾ
ਕਿਸੇ ਨੂੰ ਸਮਝ ਨਾ ਆਵੇ।
ਤੂੰ ਆਦਿ ਸਚੁ ਜੁਗਾਦਿ ਸਚੁ
ਸਭ ਨੂੰ ਤੇਰੀਆਂ ਰੱਖਾਂ,
ਜਿਨ੍ਹਾਂ ਅੱਖਾਂ ਨਾਲ ਤੂੰ ਦਿਸਦਾ,
ਉਹ ਹੋਰ ਨੇ ਅੱਖਾਂ।

ਲੱਖ ਚੌਰਾਸੀ ਜੀਆ ਜੂਨ
ਦੁਨੀਆਂ ਵੱਖਰੀ ਸਭ ਦੀ,
ਕੈਸਾ ਇਹ ਸੰਸਾਰ ਉਪਜਿਆ
ਸਭ ਮਰਜੀ ਰੱਬ ਦੀ।

*-ਤਰਸੇਮ ਸਿੰਘ ਘੁੰਮਣ*

**ਗੁਰਬਾਣੀ ਗਿਆਨ**

# ਜੇ ਲੋਕੁ ਸਲਾਹੇ ਤਾ ਤੇਰੀ ਉਪਮਾ...

ਰਾਗ ਸੂਹੀ ਅਸਟਪਦੀਆ
ਮਹਲਾ ੪ ਘਰੁ ੨
ੴ ਸਤਿਗੁਰ ਪ੍ਰਸਾਦਿ
ਜੇ ਲੋਕੁ ਸਲਾਹੇ ਤਾ ਤੇਰੀ ਉਪਮਾ
ਜੇ ਨਿੰਦੈ ਤ ਛੋਡਿ ਨ ਜਾਈ॥
ਜੇ ਤੁਧੁ ਵਲਿ ਰਹੈ ਤ ਕੋਈ ਕਿਹੁ
ਆਖਉ ਤੁਧੁ ਵਿਸਰਿਐ ਮਰਿ ਜਾਈ॥
ਵਾਰਿ ਵਾਰਿ ਜਾਈ ਗੁਰ ਊਪਰਿ
ਪੈ ਪੈਰੀ ਸੰਤ ਮਨਾਈ॥
ਨਾਨਕੁ ਵਿਚਾਰਾ ਭਇਆ ਦਿਵਾਨਾ
ਹਰਿ ਤਉ ਦਰਸਨ ਕੈ ਤਾਈ॥
ਝਖੜੁ ਝਾਗੀ ਮੀਹੁ ਵਰਸੈ ਭੀ
ਗੁਰੁ ਦੇਖਣ ਜਾਈ॥
ਸਮੁੰਦੁ ਸਾਗਰੁ ਹੋਵੈ ਬਹੁ ਖਾਰਾ
ਗੁਰਸਿਖੁ ਲੰਘਿ ਗੁਰੂ ਪਹਿ ਜਾਈ॥
ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ
ਤਿਉ ਸਿਖੁ ਗੁਰ ਬਿਨੁ ਮਰਿ ਜਾਈ॥
ਜਿਉ ਧਰਤੀ ਸੋਭ ਕਰੇ ਜਲੁ ਬਰਸੈ
ਤਿਉ ਸਿਖੁ ਗੁਰੁ ਮਿਲਿ ਬਿਗਸਾਈ॥
ਸੇਵਕ ਕਾ ਹੋਇ ਸੇਵਕੁ ਵਰਤਾ
ਕਰਿ ਕਰਿ ਬਿਨਉ ਬੁਲਾਈ॥
ਨਾਨਕ ਕੀ ਬੇਨੰਤੀ ਹਰਿ ਪਹਿ
ਗੁਰ ਮਿਲਿ ਗੁਰ ਸੁਖੁ ਪਾਈ॥

ਗੁਰਦੇਵ ਜੀ ਆਖਦੇ ਹਨ, ਹੇ ਮੇਰੇ ਮਿਹਰਬਾਨ ਪ੍ਰਭੂ! ਜੇ ਇਸ ਜਗਤ ਦੇ ਲੋਕ ਮੈਨੂੰ ਚੰਗਾ ਆਖਣਗੇ ਤਾਂ ਅਸਲ ਵਿਚ ਤਾਂ ਇਹ ਤੇਰੀ ਹੀ ਵਡਿਆਈ ਹੋਵੇਗੀ। ਜੇ ਤੇਰੀ ਸਿਫਤਿ ਸਾਲਾਹ ਕਰਨ 'ਤੇ ਦੁਨੀਆਂ ਮੇਰੀ ਨਿੰਦਾ ਕਰੇਗੀ ਤਾਂ ਭੀ ਮੈਂ ਤੈਨੂੰ ਛੱਡ ਕੇ ਨਹੀਂ ਜਾਵਾਂਗਾ। ਹੇ ਪ੍ਰਭੂ! ਜੇ ਮੇਰੀ ਪ੍ਰੀਤ ਤੇਰੇ ਵਾਲੇ ਪਾਸੇ ਬਣੀ ਰਹੇ ਤਾਂ ਬੇਸ਼ੱਕ ਕੋਈ ਕੁਝ ਵੀ ਮੈਨੂੰ ਪਿਆ ਆਖੇ, ਪਰ ਤੇਰੇ ਵਿਸਰਿਆਂ, ਹੇ ਪ੍ਰਭੂ, ਮੈਂ ਮਰ ਹੀ ਜਾਵਾਂਗਾ।

ਵਾਰਿ ਵਾਰਿ ਜਾਈ ਗੁਰ ਊਪਰਿ
ਪੈ ਪੈਰੀ ਸੰਤ ਮਨਾਈ॥
ਨਾਨਕੁ ਵਿਚਾਰਾ ਭਇਆ ਦਿਵਾਨਾ
ਹਰਿ ਤਉ ਦਰਸਨ ਕੈ ਤਾਈ॥

ਹੇ ਮੇਰੇ ਮਿਹਰਬਾਨ ਪ੍ਰਭੂ ਪ੍ਰੀਤਮ ਜੀਉ, ਤੇਰਾ ਦਰਸ਼ਨ ਕਰਨ ਦੀ ਖਾਤਰ ਮੈਂ ਗੁਰੂ ਉਤੋਂ ਵਾਰ ਵਾਰ ਕੁਰਬਾਨ ਜਾਵਾਂਗਾ; ਮੈ ਗੁਰੂ ਦੇ ਪੈਰੀਂ ਪੈ ਕੇ ਚਰਨੀਂ ਡਿੱਗ ਕੇ ਉਸ ਨੂੰ ਮਨਾਵਾਂਗਾ, ਪ੍ਰਸੰਨ ਕਰਾਂਗਾ। ਹੇ ਹਰੀ, ਹੇ ਪਰਮਾਤਮਾ, ਤੇਰਾ ਦਰਸ਼ਨ ਕਰਨ ਦੀ ਖਾਤਰ ਇਹ ਤੇਰਾ ਦਾਸ, ਇਹ ਵਿਚਾਰਾ ਨਾਨਕ ਤਾਂ ਕਮਲਾ ਹੋਇਆ ਫਿਰਦਾ ਹੈ, ਮਿਹਰ ਕਰ ਪਿਤਾ ਅਤੇ ਮੈਨੂੰ ਆਪਣਾ ਦੀਦਾਰ ਦੇਹ।

ਝਖੜੁ ਝਾਗੀ ਮੀਹੁ ਵਰਸੈ ਭੀ
ਗੁਰੁ ਦੇਖਣ ਜਾਈ॥
ਸਮੁੰਦੁ ਸਾਗਰੁ ਹੋਵੈ ਬਹੁ ਖਾਰਾ
ਗੁਰਸਿਖੁ ਲੰਘਿ ਗੁਰੂ ਪਹਿ ਜਾਈ॥

ਹੇ ਪ੍ਰਭੂ! ਤੇਰਾ ਪਿਆਰ, ਤੇਰਾ ਮਿਲਾਪ ਪ੍ਰਾਪਤ ਕਰਨ ਖਾਤਰ ਗੁਰੂ ਦਾ ਦਰਸ਼ਨ ਕਰਨ ਲਈ ਝੱਖੜ, ਤੇਜ਼ ਹਨੇਰੀ ਨੂੰ ਵੀ ਮੈਂ ਆਪਣੇ ਸਿਰ ਉਤੇ ਝੱਲਣ ਨੂੰ ਤਿਆਰ ਹਾਂ; ਜੇ ਮੀਂਹ ਵਰ੍ਹਨ ਲੱਗ ਪਵੇ ਤਾਂ ਵਰ੍ਹਦੇ ਮੀਂਹ ਵਿਚ ਵੀ ਗੁਰੂ ਨੂੰ ਵੇਖਣ ਜਾਵਾਂਗਾ। ਹੇ ਭਾਈ, ਜੇ ਖਾਰਾ ਸਮੁੰਦਰ ਭੀ ਲੰਘਣਾ ਪਵੇ ਤਾਂ ਉਹ ਵੀ ਲੰਘ ਕੇ ਗੁਰੂ ਦਾ ਸਿੱਖ ਗੁਰੂ ਦੇ ਕੋਲ ਪਹੁੰਚ ਜਾਂਦਾ ਹੈ।

ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ
ਤਿਉ ਸਿਖੁ ਗੁਰ ਬਿਨੁ ਮਰਿ ਜਾਈ॥
ਜਿਉ ਧਰਤੀ ਸੋਭ ਕਰੇ ਜਲੁ ਬਰਸੈ
ਤਿਉ ਸਿਖੁ ਗੁਰੁ ਮਿਲਿ ਬਿਗਸਾਈ॥

ਗੁਰਦੇਵ ਜੀ ਆਖਦੇ ਹਨ, ਹੇ ਭਾਈ ਜਿਵੇਂ ਜੀਵ ਨੂੰ ਪਾਣੀ ਨਾ ਮਿਲੇ ਤਾਂ ਉਹ ਮਰਨ ਲੱਗ ਪੈਂਦਾ ਹੈ, ਉਵੇਂ ਹੀ ਸਿੱਖ ਗੁਰੂ ਨੂੰ ਮਿਲਣ ਤੋਂ ਬਿਨਾ ਆਪਣੀ ਮੌਤ ਆ ਗਈ ਸਮਝਦਾ ਹੈ। ਹੇ ਭਾਈ, ਜਿਵੇਂ ਜਦੋਂ ਮੀਂਹ ਪੈਂਦਾ ਹੈ ਤਾਂ ਧਰਤੀ ਸੋਹਣੀ ਸੋਹਣੀ ਲੱਗਣ ਲੱਗ ਪੈਂਦੀ ਹੈ, ਤਿਵੇਂ ਹੀ ਸਿੱਖ ਵੀ ਆਪਣੇ ਗੁਰੂ ਨੂੰ ਮਿਲ ਕੇ ਖਿੜ ਪੈਂਦਾ ਹੈ, ਖੁਸ਼ ਹੁੰਦਾ ਹੈ।

ਸੇਵਕ ਕਾ ਹੋਇ ਸੇਵਕੁ ਵਰਤਾ
ਕਰਿ ਕਰਿ ਬਿਨਉ ਬੁਲਾਈ॥
ਨਾਨਕ ਕੀ ਬੇਨੰਤੀ ਹਰਿ ਪਹਿ
ਗੁਰ ਮਿਲਿ ਗੁਰ ਸੁਖੁ ਪਾਈ॥

ਸਤਿਗੁਰੂ ਜੀ ਆਖਦੇ ਹਨ, ਹੇ ਭਾਈ! ਮੈਂ ਗੁਰੂ ਦੇ ਸੇਵਕ ਦਾ ਵੀ ਸੇਵਕ ਬਣ ਕੇ ਸੇਵਾ ਕਰਾਂਗਾ। ਮੈਂ ਉਸ ਨੂੰ ਬੇਨਤੀਆਂ ਕਰ ਕਰ ਕੇ ਖੁਸ਼ੀ ਨਾਲ ਬੁਲਾਵਾਂਗਾ ਅਤੇ ਸੇਵਾ ਕਰਾਂਗਾ। 'ਨਾਨਕ ਕੀ ਬੇਨੰਤੀ ਹਰਿ ਪਹਿ॥' ਨਾਨਕ ਦੀ ਹਰੀ ਪਰਮਾਤਮਾ ਦੇ ਕੋਲ ਬੇਨਤੀ ਹੈ, ਹੇ ਮੇਰੇ ਮਿਹਰਬਾਨ ਪ੍ਰਭੂ ਪ੍ਰੀਤਮ ਜੀਉ, ਕਿਰਪਾ ਕਰ ਅਤੇ ਮੈਨੂੰ ਗੁਰੂ ਮਿਲਾ ਦੇਹ। ਗੁਰੂ ਨੂੰ ਮਿਲ ਕੇ ਮੈਨੂੰ ਵੱਡਾ ਮਹਾਂ ਸੁਖ ਅਨੰਦ ਪ੍ਰਾਪਤ ਹੁੰਦਾ ਹੈ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***
***ਫੋਨ: 916-687-3536***

# ਗੁਰੂ ਕੀਆਂ ਲਾਡਲੀਆਂ ਫੌਜਾਂ-ਨਿਹੰਗ ਸਿੰਘ

ਸਿੱਖ ਪੰਥ ਨਿਆਰਾ, ਪਿਆਰਾ ਅਤੇ ਦੀਨ-ਦੁਖੀਆਂ ਦਾ ਸਹਾਰਾ ਪੰਥ ਹੈ। ਇਸ ਨਿਰਮਲ ਪੰਥ ਦੇ ਸਿਰਜਣਹਾਰ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦਾ ਵੱਡਾ ਹਿੱਸਾ ਲੋਕਾਈ ਨੂੰ ਬਦੀ ਨਾਲੋਂ ਤੋੜਨ, ਨੇਕੀ ਵੱਲ ਮੋੜਨ ਅਤੇ ਸੱਚ (ਪਰਮਾਤਮਾ) ਨਾਲ ਜੋੜਨ ਹਿੱਤ ਲਾਇਆ। ਗੁਰੂ ਸਾਹਿਬ ਦੀ ਇਸ ਲਾਗਤ ਨੇ ਸਿੱਖੀ (ਇੱਕ ਉਤਮ ਜੀਵਨ-ਜਾਚ) ਵਿਚ ਨਿਖਾਰ ਲਿਆਉਣ ਦੇ ਨਾਲ-ਨਾਲ ਇਸ ਦੇ ਪਸਾਰ ਵਿਚ ਵੀ ਅਹਿਮ ਯੋਗਦਾਨ ਪਾਇਆ। ਇਸ ਪੰਥ ਦੀ ਨਿਆਰੀ ਅਤੇ ਸਤਿਕਾਰੀ ਹੋਂਦ ਨੂੰ ਕਾਇਮ ਰੱਖਣ ਲਈ ਬਾਕੀ ਦੇ ਨੌਂ ਗੁਰੂ

ਰਮੇਸ਼ ਬੱਗਾ ਚੋਹਲਾ
ਫੋਨ: 91-94631-32719

ਸਾਹਿਬਾਨ ਅਤੇ ਉਨ੍ਹਾਂ ਦੇ ਪਰਮ ਸੇਵਕਾਂ ਨੇ ਵੀ ਆਪੋ-ਆਪਣੇ ਸਮੇਂ ਵਿਚ ਭਰਵਾਂ ਤੇ ਸ਼ਲਾਘਾਯੋਗ ਹਿੱਸਾ ਪਾਇਆ ਹੈ।

1708 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਬਖ਼ਸ਼ ਕੇ ਜਿਥੇ ਪੰਥ ਨੂੰ ਸਦੀਵੀ ਤੌਰ 'ਤੇ ਸ਼ਬਦ ਗੁਰੂ ਦੇ ਸਿਧਾਂਤ ਨਾਲ ਜੋੜ ਦਿੱਤਾ, ਉਥੇ ਇਸ ਦੀ ਚੜ੍ਹਦੀ ਕਲਾ ਲਈ (ਆਪਣੇ ਵਿਸ਼ੇਸ਼ ਥਾਪੜੇ ਨਾਲ) ਕੁਝ ਕੁ ਜਥੇਬੰਦੀਆਂ/ਸੰਪਰਦਾਵਾਂ ਦੀ ਸਥਾਪਨਾ ਵੀ ਕੀਤੀ, ਜਿਨ੍ਹਾਂ ਵਿਚੋਂ ਇੱਕ ਸਿਰਕੱਢਵੀਂ ਜਥੇਬੰਦੀ ਹੈ, ਨਿਹੰਗ ਸਿੰਘਾਂ ਦੀ। ਇਸ ਨੂੰ ਗੁਰੂ ਕੀਆਂ ਲਾਡਲੀਆਂ ਫੌਜਾਂ ਕਰ ਕੇ ਵੀ ਜਾਣਿਆ ਜਾਂਦਾ ਹੈ।

ਨਿਹੰਗ ਸਿੰਘ ਸਿੱਖ ਪੰਥ ਦਾ ਅਨਿੱਖੜ ਅਤੇ ਅਹਿਮ ਅੰਗ ਹਨ। ਬਾਣੀ ਅਤੇ ਬਾਣੇ ਨਾਲ ਜੁੜੇ ਹੋਣ ਕਰਕੇ ਇਨ੍ਹਾਂ ਦੀ ਇੱਕ ਵਿਲੱਖਣ ਪਛਾਣ ਹੈ। ਪੁਰਾਤਨ ਜੰਗੀ ਸਰੂਪ ਅਤੇ ਅਚਾਰ-ਵਿਹਾਰ ਨੂੰ ਸੰਭਾਲਣ ਵਿਚ ਨਿਹੰਗ ਸਿੰਘਾਂ ਦੀ ਵਿਸ਼ੇਸ਼ ਭੂਮਿਕਾ ਰਹੀ ਹੈ। ਨਿਹੰਗ ਸ਼ਬਦ ਫਾਰਸੀ ਭਾਸ਼ਾ ਵਿਚੋਂ ਲਿਆ ਗਿਆ ਹੈ ਜਿਸ ਦੇ ਅਰਥ ਹਨ-ਖੜਗ, ਤਲਵਾਰ, ਮਗਰਮੱਛ, ਘੜਿਆਲ, ਘੋੜਾ, ਕਲਮ, ਦਲੇਰ, ਨਿਰਲੇਪ, ਆਤਮ ਗਿਆਨੀ, ਜਿਸ ਨੂੰ ਮੌਤ ਦਾ ਭੈਅ ਨਾ ਹੋਵੇ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨਿਹੰਗ ਸਿੰਘਾਂ ਦੀ ਨਿਰਭੈਅਤਾ ਬਾਬਤ ਗੁਰੂ ਗ੍ਰੰਥ ਸਾਹਿਬ ਦੇ ਅੰਗ 392 'ਤੇ ਇਸ ਤਰ੍ਹਾਂ ਫੁਰਮਾਉਂਦੇ ਹਨ, "ਨਿਰਭਉ ਹੋਇਓ ਭਇਆ ਨਿਹੰਗਾ॥" 'ਚੰਡੀ ਦੀ ਵਾਰ' ਵਿਚ ਦਸਮ ਪਾਤਸ਼ਾਹ ਲਿਖਦੇ ਹਨ, "ਪਹਿਲਾਂ ਦਲਾਂ ਮਿਲੰਦਿਆਂ, ਭੇੜ ਪਿਆ ਨਿਹੰਗਾਂ॥"

ਪੰਥ ਪ੍ਰਸਿੱਧ ਲਿਖਾਰੀ ਭਾਈ ਰਤਨ ਸਿੰਘ ਭੰਗੂ 'ਸ੍ਰੀ ਗੁਰ ਪੰਥ ਪ੍ਰਕਾਸ਼' ਵਿਚ ਨਿਹੰਗ ਸਿੰਘਾਂ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ, "ਨਿਹੰਗ ਕਹਾਵੈ ਸੋ ਪੁਰਸ਼, ਦੁਖ ਸੁਖ ਮੰਨੇ ਨਾ ਅੰਗ।" 'ਮਹਾਨ ਕੋਸ਼' ਦੇ ਪੰਨਾ 704 'ਤੇ ਨਿਹੰਗ ਸਿੰਘਾਂ ਬਾਰੇ ਦਰਜ ਹੈ, "ਨਿਹੰਗ ਸਿੰਘ, ਸਿੰਘਾਂ ਦਾ ਇੱਕ ਫਿਰਕਾ ਹੈ, ਜੋ ਸੀਸ 'ਪੁਰ ਫਰਹਰੇ ਵਾਲਾ ਦੁਮਾਲਾ, ਚੱਕ੍ਰ, ਤੋੜਾ, ਕਿਰਪਾਨ, ਖੰਡਾ, ਗਜਗਾਹ ਆਦਿ ਸ਼ਸਤਰ ਤੇ ਨੀਲਾ ਬਾਣਾ ਪਹਿਨਦਾ ਹੈ।"

ਪੰਥ ਦੀ ਸ਼ਸਤਰਧਾਰੀ ਧਿਰ ਨਿਹੰਗ ਸਿੰਘਾਂ ਨੂੰ ਅਕਾਲੀ ਵੀ ਕਿਹਾ ਜਾਂਦਾ ਹੈ ਕਿਉਂਕਿ ਉਹ ਇੱਕ ਅਕਾਲ (ਵਹਿਗੁਰੂ) ਦੇ ਪੁਜਾਰੀ ਹਨ ਅਤੇ ਅਕਾਲ-ਅਕਾਲ ਜਪਦੇ ਹਨ। ਇਨ੍ਹਾਂ ਦੇ ਵਿਲੱਖਣ ਸਰੂਪ ਬਾਰੇ ਬਹੁਤ ਸਾਰੀਆਂ ਧਾਰਨਾਵਾਂ ਪ੍ਰਚਲਿਤ ਹਨ। 'ਮਾਲਵਾ ਇਤਿਹਾਸ' ਦੇ ਪੰਨਾ 436 ਉਤੇ ਦਰਜ ਹੈ, "ਜਦੋਂ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਸਨ ਤਾਂ ਗੁਰੂ ਨਾਨਕ ਨਾਮ-ਲੇਵਾ ਸੰਗਤ ਬਾਬਾ ਬੁੱਢਾ ਜੀ ਦੀ ਅਗਵਾਈ ਵਿਚ ਗੁਰੂ-ਦਰਸ਼ਨਾਂ ਲਈ ਕਿਲ੍ਹੇ ਵੱਲ ਜਾਇਆ ਕਰਦੀ ਸੀ। ਬਾਬਾ ਬੁੱਢਾ ਜੀ ਨਿਸ਼ਾਨ ਸਾਹਿਬ ਲੈ ਕੇ ਸੰਗਤ ਦੇ ਅੱਗੇ-ਅੱਗੇ ਚੱਲਦੇ। ਬਾਬਾ ਜੀ ਦੀ ਇਸ ਪਿਆਰ ਅਤੇ ਦੀਦਾਰ ਭਾਵਨਾ ਤੋਂ ਖੁਸ਼ ਹੋ ਕੇ ਛੇਵੇਂ ਪਾਤਸ਼ਾਹ ਨੇ ਕਿਹਾ ਸੀ ਕਿ ਬਾਬਾ ਜੀ ਕੁਝ ਸਮਾਂ ਪਾ ਕੇ ਤੇਰਾ ਇਹ ਨਿਸ਼ਾਨਾਂ ਵਾਲਾ ਪੰਥ ਆਪਣੀ ਵੱਖਰੀ ਪਹਿਚਾਣ ਸਥਾਪਿਤ ਕਰੇਗਾ।"

ਇੱਕ ਹੋਰ ਧਾਰਨਾ ਅਨੁਸਾਰ ਇਕ ਵਾਰ ਸਾਹਿਬਜ਼ਾਦਾ ਫਤਿਹ ਸਿੰਘ ਸੀਸ 'ਤੇ ਦੁਮਾਲਾ ਸਜਾ ਕੇ ਕਲਗੀਧਰ ਪਾਤਸ਼ਾਹ ਦੇ ਸਨਮੁੱਖ ਹੋਏ ਜਿਸ ਨੂੰ ਦੇਖ ਕੇ ਗੁਰੂ ਸਾਹਿਬ ਨੇ ਫੁਰਮਾਇਆ ਕਿ ਇਸ ਬਾਣੇ ਦਾ ਨਿਹੰਗ ਪੰਥ ਹੋਵੇਗਾ। ਇੱਕ ਵਿਚਾਰ ਅਨੁਸਾਰ ਦਸਮ ਪਾਤਸ਼ਾਹ ਨੇ ਮਾਛੀਵਾੜੇ ਤੋਂ (ਉਚ ਦਾ ਪੀਰ ਬਣ ਕੇ) ਚੱਲਣ ਸਮੇਂ ਜੋ ਨੀਲਾ ਬਾਣਾ ਧਾਰਨ ਕੀਤਾ ਸੀ, ਜਦੋਂ ਉਸ ਨੂੰ ਅੱਗ ਵਿਚ ਸਾੜਿਆ ਗਿਆ ਤਾਂ ਉਸ ਦੀ ਇੱਕ ਲੀਰ ਭਾਈ ਮਾਨ ਸਿੰਘ ਨੇ ਆਪਣੀ ਦਸਤਾਰ ਵਿਚ ਸਜਾ ਲਈ ਸੀ ਜਿਸ ਤੋਂ ਨਿਹੰਗ ਸਿੰਘਾਂ ਦੇ ਬਾਣੇ ਦੀ ਅਰੰਭਤਾ ਮੰਨੀ ਜਾਂਦੀ ਹੈ।

ਜਦੋਂ ਮੁਗਲਾਂ ਨੇ ਖਾਲਸਾ ਪੰਥ ਨੂੰ ਖਤਮ ਕਰਨ ਲਈ ਹਰ ਤਰ੍ਹਾਂ ਦਾ ਅਤਿਆਚਾਰੀ ਹੀਲਾ-ਵਸੀਲਾ ਵਰਤਣਾ ਸ਼ੁਰੂ ਕੀਤਾ ਤਾਂ ਉਸ ਸੰਕਟਕਾਲ ਦਾ ਟਾਕਰਾ ਕਰਨ ਲਈ ਖਾਲਸਾ ਹਰ ਸਮੇਂ ਤਿਆਰ-ਬਰ-ਤਿਆਰ ਰਹਿਣ ਲੱਗਾ। ਇਸ ਟਾਕਰੇ ਲਈ ਖਾਲਸੇ ਨੇ ਵੱਧ ਤੋਂ ਵੱਧ ਸ਼ਸਤਰ ਰੱਖਣ ਦੇ ਨਾਲ-ਨਾਲ ਆਪਣੀ ਵੱਖਰੀ ਵਰਦੀ ਵੀ ਧਾਰਨ ਕਰ ਲਈ ਜਿਸ ਵਿਚ ਨੀਲੇ ਰੰਗ ਦਾ ਲੰਮਾ ਚੋਲਾ, ਕਮਰਕੱਸਾ, ਗੋਡਿਆਂ ਤੱਕ ਕਛਹਿਰਾ, ਸਿਰ 'ਤੇ ਉਚੀ ਦਸਤਾਰ ਤੇ ਉਸ ਦੁਆਲੇ ਚੱਕਰ ਸਜਾਉਣਾ ਸ਼ਾਮਿਲ ਹੈ। ਇਸ ਤਰ੍ਹਾਂ ਸ਼ਸਤਰ ਅਤੇ ਬਸਤਰ (ਨਿਹੰਗ ਬਾਣੇ) ਦਾ ਧਾਰਨੀ ਹੋ ਕੇ ਖਾਲਸਾ ਅਕਾਲ ਪੁਰਖ ਦੀ ਫੌਜ ਦੇ ਰੂਪ ਵਿਚ ਮੈਦਾਨ-ਏ-ਜੰਗ ਵਿਚ ਨਿੱਤਰਦਾ ਅਤੇ ਗੁਰੂ ਘਰ ਦੇ ਦੋਖੀਆਂ ਨੂੰ ਭਾਜੜਾਂ ਪਾਉਂਦਾ ਰਿਹਾ ਹੈ।



ਸਿੱਖ ਧਰਮ ਦੀ ਪਰੰਪਰਾ ਅਤੇ ਗੁਰ ਮਰਿਆਦਾ ਨੂੰ ਕਾਇਮ ਰੱਖਣ ਤੇ ਗੁਰਧਾਮਾਂ ਦੀ ਸੇਵਾ-ਸੰਭਾਲ ਹਿੱਤ ਨਿਹੰਗ ਸਿੰਘ ਨੇ ਆਪਣਾ ਬਣਦਾ ਯੋਗਦਾਨ ਪਾਇਆ ਹੈ ਅਤੇ ਲੋੜ ਪੈਣ 'ਤੇ ਕੁਰਬਾਨੀਆਂ ਵੀ ਕੀਤੀਆਂ ਹਨ। ਨਿਹੰਗ ਸਿੰਘਾਂ ਵਿਚ ਉਹ ਸਭ ਖੂਬੀਆਂ ਸਨ, ਜਿਨ੍ਹਾਂ ਨੂੰ ਕਲਗੀਧਰ ਪਿਤਾ ਪਿਆਰਦੇ ਅਤੇ ਸਤਿਕਾਰਦੇ ਸਨ। ਇਨ੍ਹਾਂ ਖੂਬੀਆਂ ਕਾਰਨ ਹੀ ਨਿਹੰਗ ਸਿੰਘਾਂ ਨੂੰ 'ਗੁਰੂ ਕੀਆਂ ਲਾਡਲੀਆਂ ਫੌਜਾਂ' ਦਾ ਖਿਤਾਬ ਹਾਸਲ ਹੈ। ਪੰਜ ਸ਼ਸਤਰ-ਕਿਰਪਾਨ, ਖੰਡਾ, ਬਾਘ ਨਖਾ, ਤੀਰ-ਕਮਾਨ ਅਤੇ ਚੱਕਰ ਨਿਹੰਗ ਸਿੰਘਾਂ ਨੂੰ ਜਾਨ ਤੋਂ ਵੀ ਪਿਆਰੇ ਹਨ। ਇਹ ਸਾਰੇ ਨਿੱਕੇ ਆਕਾਰ ਦੇ ਹੁੰਦੇ ਹਨ ਅਤੇ ਨਿਹੰਗ ਸਿੰਘ ਇਨ੍ਹਾਂ ਨੂੰ ਦੁਮਾਲੇ ਵਿਚ ਸਜਾ ਕੇ ਰੱਖਦੇ ਹਨ।

ਸਿੱਖ ਫੌਜਾਂ ਵਿਚ ਵੱਡੀ ਤਾਦਾਦ ਨਿਹੰਗ ਸਿੰਘਾਂ ਦੀ ਹੀ ਹੁੰਦੀ ਸੀ। ਇਨ੍ਹਾਂ ਦੇ ਕਿਰਦਾਰ ਦਾ ਇੱਕ ਤਸੱਲੀਬਖ਼ਸ਼ ਪੱਖ ਇਹ ਵੀ ਰਿਹਾ ਹੈ ਕਿ ਜਦੋਂ ਇਹ ਜੈਕਾਰੇ ਗਜਾਉਂਦੇ ਕਿਸੇ ਨਗਰ-ਖੇੜੇ ਵਿਚ ਪੈਰ ਪਾਉਂਦੇ ਤਾਂ ਲੋਕ ਆਪ ਮੁਹਾਰੇ ਹੀ ਆਪਣੀਆਂ ਨੂੰਹਾਂ-ਧੀਆਂ ਨੂੰ ਕਹਿ ਦਿੰਦੇ, "ਆਏ ਨੀ ਨਿਹੰਗ, ਬੂਹੇ ਖੋਲ੍ਹ ਦਿਓ ਨਿਸੰਗ।" ਉਚੇ ਤੇ ਸੁੱਚੇ ਕਿਰਦਾਰ ਦੇ ਮਾਲਕ ਨਿਹੰਗ ਸਿੰਘ ਬਹੁਤ ਹੀ ਭਜਨੀਕ, ਸੂਰਬੀਰ, ਨਿਰਭੈ, ਨਿਰਵੈਰ ਅਤੇ ਕਹਿਣੀ-ਕਰਨੀ ਦੇ ਧਨੀ ਹੋਏ ਹਨ। ਸਿੱਖ ਵਿਸ਼ਵਾਸ ਤੇ ਇਤਿਹਾਸ ਨੂੰ ਮਾਣ-ਮੱਤਾ ਬਣਾਉਣ ਵਿਚ ਇਨ੍ਹਾਂ ਦੀ ਭੂਮਿਕਾ ਹਾਂ-ਪੱਖੀ ਰਹੀ ਹੈ।

ਲੰਮੇ ਸਮੇਂ ਤੋਂ ਕਈ ਸ਼ਹੀਦੀ ਸਥਾਨਾਂ ਅਤੇ ਡੇਰਿਆਂ ਦੀ ਸੇਵਾ-ਸੰਭਾਲ ਦੀ ਜਿੰਮੇਵਾਰੀ ਨਿਹੰਗ ਸਿੰਘ ਨਿਭਾ ਰਹੇ ਹਨ। ਇਨ੍ਹਾਂ ਦੇ ਡੇਰਿਆਂ ਨੂੰ ਛਾਉਣੀਆਂ ਕਿਹਾ ਜਾਂਦਾ ਹੈ। ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਦੀ ਵਿਸਾਖੀ, ਸ੍ਰੀ ਅੰਮ੍ਰਿਤਸਰ ਦੀ ਦੀਵਾਲੀ ਅਤੇ ਸ੍ਰੀ ਅਨੰਦਪੁਰ ਸਾਹਿਬ ਦਾ ਹੋਲਾ-ਮਹੱਲਾ ਨਿਹੰਗ ਸਿੰਘਾਂ ਦੀ ਭਰਪੂਰ ਤੇ ਮਸ਼ਹੂਰ ਹਾਜ਼ਰੀ ਵਾਲੇ ਤਿਉਹਾਰ ਹਨ। ਹੋਲੇ-ਮਹੱਲੇ ਦੇ ਰੰਗ ਤਾਂ ਨਿਹੰਗ ਸਿੰਘਾਂ ਦੀ ਹਾਜ਼ਰੀ ਤੋਂ ਬਗੈਰ ਉਘੜਦੇ ਹੀ ਨਹੀਂ। ਸਰਬ-ਲੋਹ ਦੇ ਬਰਤਨਾਂ ਅਤੇ ਘੋੜਿਆਂ ਨਾਲ ਨਿਹੰਗ ਸਿੰਘਾਂ ਨੂੰ ਵਿਸ਼ੇਸ਼ ਪ੍ਰੇਮ ਹੁੰਦਾ ਹੈ। ਉਹ ਸ਼ਸਤਰਾਂ ਨੂੰ ਵੀ ਅੰਗ ਲਾ ਕੇ ਰੱਖਦੇ ਹਨ।

ਨਿਹੰਗ ਸਿੰਘਾਂ ਦੀ ਬੋਲ-ਬਾਣੀ ਵੀ ਵਿਲੱਖਣ ਅਤੇ ਰੋਚਕ ਹੁੰਦੀ ਹੈ। ਘਾਟੇਵੰਦੀ ਸਥਿਤੀ ਨੂੰ ਲਾਹੇਵੰਦੀ ਨਜ਼ਰ ਨਾਲ ਦੇਖਣਾ ਇਸ ਬੋਲ-ਬਾਣੀ ਦਾ ਅਹਿਮ ਪੱਖ ਰਿਹਾ ਹੈ। ਇਸੇ ਕਰਕੇ ਹੀ ਇਸ ਬੋਲ-ਬਾਣੀ ਨੂੰ 'ਗੜਗੱਜ ਬੋਲਿਆਂ' ਦਾ ਨਾਂ ਦਿੱਤਾ ਗਿਆ। ਇਨ੍ਹਾਂ ਬੋਲਿਆਂ ਤਹਿਤ ਇੱਕ ਸਿੰਘ ਨੂੰ ਸਵਾ ਲੱਖ ਕਹਿਣ ਨਾਲ ਦੁਸ਼ਮਣ ਦੰਗ ਰਹਿ ਜਾਂਦੇ ਸਨ ਅਤੇ ਮੈਦਾਨ ਛੱਡ ਜਾਂਦੇ ਸਨ। ਅਜੋਕੇ ਸਮੇਂ ਵੀ ਨਿਹੰਗ ਸਿੰਘਾਂ ਦੇ ਕਈ ਦਲ ਮੌਜੂਦ ਹਨ ਜੋ ਵੱਖਰੀਆਂ ਲੀਹਾਂ ਦੇ ਪਾਂਧੀ ਹੋਣ ਕਰਕੇ ਕਈ ਤਰ੍ਹਾਂ ਦੀ ਆਲੋਚਨਾ ਦਾ ਸ਼ਿਕਾਰ ਹੁੰਦੇ ਰਹਿੰਦੇ ਹਨ।

# ਆਦਮੀ ਕਾਜ਼ੀ ਤਾਂ ਔਰਤਾਂ ਕਿਉਂ ਨਹੀਂ?

***ਮਰਦ ਪ੍ਰਧਾਨ ਸਮਾਜ ਵਿਚ ਔਰਤਾਂ ਨੂੰ ਪੁਜਾਰੀ ਜਾਂ ਮੁੱਲਾਂ ਕਾਜ਼ੀ ਬਣਨ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ ਰਹੀ। ਭਾਰਤ ਵਿਚ ਮਰਦ ਤੇ ਔਰਤ ਨੂੰ ਸੰਵਿਧਾਨਕ ਤੌਰ 'ਤੇ ਬਰਾਬਰ ਦੇ ਹੱਕ ਹਾਸਲ ਹਨ ਪਰ ਫਿਰ ਵੀ ਉਪਰੋਕਤ ਸੋਚ ਵਿਚ ਤਬਦੀਲੀ ਨਹੀਂ ਆ ਸਕੀ। ਹਾਲ ਹੀ ਵਿਚ ਕੁਝ ਥਾਂਈਂ ਔਰਤਾਂ ਨੇ ਮੁੱਲਾਂ ਕਾਜ਼ੀ ਤੇ ਪੁਜਾਰੀ ਬਣਨ ਦੀ ਜੁਰਅਤ ਕੀਤੀ ਜਿਸ ਨਾਲ ਕਾਫੀ ਵਬਾਲ ਉਠਿਆ। ਲੇਖਕ ਨਾਇਸ਼ ਹਸਨ ਨੇ ਇਸੇ ਮੁੱਦੇ 'ਤੇ ਇਸ ਲੇਖ ਵਿਚ ਵਿਚਾਰ ਕੀਤੀ ਹੈ। -ਸੰਪਾਦਕ***

ਕਈ ਸਾਲਾਂ ਤੋਂ ਭਾਰਤ ਵਿਚ ਪੰਡਿਤ, ਮੁੱਲਾਂ, ਪਾਦਰੀ, ਪੁਰੋਹਿਤ ਜਿਹੇ ਕੰਮ ਮਰਦ ਹੀ ਸੰਭਾਲਦੇ ਆਏ ਹਨ। ਹੁਣ ਬਹੁਤ ਸਾਰੇ ਮੰਦਿਰਾਂ ਵਿਚ ਔਰਤਾਂ ਵੀ ਪੁਜਾਰੀ ਬਣੀਆਂ ਦਿਸਦੀਆਂ ਹਨ ਅਤੇ ਬਹੁਤ ਸਾਰੀਆਂ ਸਾਧਵੀਆਂ ਵੀ ਦੇਖ ਸਕਦੇ ਹੋ। ਸਾਧੂ ਸੰਨਿਆਸੀ ਔਰਤਾਂ ਨੇ ਆਪਣਾ ਵੱਖਰਾ ਅਖਾੜਾ ਵੀ ਬਣਾ ਲਿਆ ਹੈ ਜਿਸ ਦਾ ਨਾਂ 'ਪਰੀ ਅਖਾੜਾ' ਹੈ। ਇਲਾਹਾਬਾਦ ਕੁੰਭ ਇਸ਼ਨਾਨ ਦੌਰਾਨ ਇਹ ਅਖਾੜਾ ਬਾਕਾਇਦਾ ਬਣਾਇਆ ਗਿਆ ਸੀ। ਇਹ ਅਖਾੜਾ ਬਣਾਉਣ ਵੇਲੇ ਸਾਧਵੀਆਂ ਨੂੰ ਬਹੁਤ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ ਸੀ, ਕਿਉਂਕਿ ਮਰਦ ਸਾਧੂ ਸੰਨਿਆਸੀ ਇਸ ਦਾ ਸਖਤ ਵਿਰੋਧ ਕਰ ਰਹੇ ਸਨ।

ਇਥੇ ਕਾਬਲੇ ਗੌਰ ਹੈ ਕਿ ਦੁਨੀਆਵੀ ਚਮਕ ਦਮਕ ਨਾਲ ਵਾਸਤਾ ਖਤਮ ਕਰ ਚੁਕਾ ਸੰਨਿਆਸੀ ਸਮਾਜ ਵੀ ਮਰਦਵਾਦੀ ਸੋਚ ਨਾਲ ਆਪਣਾ ਵਾਸਤਾ

ਮੂਲ: ਨਾਇਸ਼ ਹਸਨ
ਅਨੁਵਾਦ: ਨਿਰਮਲ ਪ੍ਰੇਮੀ
ਫੋਨ: 91-94631-61691

ਖਤਮ ਨਹੀਂ ਕਰ ਸਕਿਆ। ਪਿੱਛੇ ਜਿਹੇ ਹੀ ਕੁਝ ਮੁਸਲਿਮ ਔਰਤਾਂ ਨੇ ਕਾਜ਼ੀ ਬਣਨ ਦੀ ਮਨਸ਼ਾ ਪ੍ਰਗਟ ਕੀਤੀ। ਉਨ੍ਹਾਂ ਨੇ ਇਸਲਾਮ ਦੀ ਜ਼ਰੂਰੀ ਜਾਣਕਾਰੀ ਲਈ ਅਤੇ ਕਾਜ਼ੀ ਬਣ ਗਈਆਂ। ਇਹ ਪਹਿਲ ਮੁੰਬਈ, ਜੈਪੁਰ ਅਤੇ ਕਾਨਪੁਰ ਦੀਆਂ ਕੁਝ ਔਰਤਾਂ ਨੇ ਕੀਤੀ ਸੀ। ਔਰਤਾਂ ਦੇ ਇਸ ਕਦਮ ਨਾਲ ਮੁਸਲਿਮ ਸਮਾਜ ਵਿਚ ਹਲਚਲ ਮੱਚ ਗਈ। ਇਹ ਮੁੱਦਾ ਦੇਸ਼ ਵਿਚ ਚਰਚਾ ਦਾ ਵਿਸ਼ਾ ਬਣ ਗਿਆ। ਟੀ. ਵੀ. ਚੈਨਲਾਂ 'ਤੇ ਬਾਕਾਇਦਾ ਇਸ ਵਿਸ਼ੇ 'ਤੇ ਚਰਚਾ ਹੋਣ ਲੱਗੀ। ਅਖਬਾਰਾਂ ਵਿਚ ਲੇਖ ਛਪਣ ਲੱਗੇ। ਦੇਸ਼ ਵਿਚ ਇਸ ਬਹਿਸ 'ਤੇ ਜੋ ਗੱਲਾਂ ਔਰਤਾਂ ਦੇ ਖਿਲਾਫ ਕਹੀਆਂ ਜਾ ਰਹੀਆਂ ਸਨ, ਉਨ੍ਹਾਂ ਵਿਚੋਂ ਕੁਝ ਦਾ ਜ਼ਿਕਰ ਕਰਨਾ ਜ਼ਰੂਰੀ ਹੈ।

ਸਭ ਤੋਂ ਪਹਿਲੀ, ਔਰਤ ਨੂੰ ਕਾਜ਼ੀ ਬਣਨ ਦੀ ਇਜਾਜ਼ਤ ਇਸਲਾਮ ਵਿਚ ਨਹੀਂ ਹੈ। ਉਹ ਕਾਜ਼ੀ ਨਹੀਂ ਬਣ ਸਕਦੀਆਂ, ਕਿਉਂਕਿ ਇਹ ਕਿਆਮਤ ਦੇ ਲੱਛਣ ਹਨ, ਦੁਨੀਆਂ ਖਤਮ ਹੋ ਜਾਏਗੀ। ਉਨ੍ਹਾਂ ਨੂੰ ਮਾਹਵਾਰੀ ਆਉਂਦੀ ਹੈ, ਇਸ ਲਈ ਉਹ ਕਾਜ਼ੀ ਨਹੀਂ ਬਣ ਸਕਦੀਆਂ। ਸ਼ਬਰੀਮਾਲਾ ਮੰਦਿਰ ਹੋਵੇ ਜਾਂ ਸ਼ਨਿਸ਼ਿੰਗਣਪੁਰ ਜਾਂ ਫਿਰ ਹਾਜੀ ਅਲੀ ਦੀ ਦਰਗਾਹ ਹੋਵੇ, ਹਰ ਥਾਂ ਔਰਤਾਂ ਦੀ ਮਾਹਵਾਰੀ ਅਚਾਨਕ ਸਾਹਮਣੇ ਆ ਗਈ। ਉਨ੍ਹਾਂ ਨੂੰ ਇਬਾਦਤਗਾਹਾਂ ਵਿਚ ਦਾਖਲ ਹੋਣ ਤੋਂ ਮਨ੍ਹਾਂ ਕਰ ਦਿੱਤਾ ਗਿਆ। ਅਚਾਨਕ ਉਭਰੀ ਇਸ ਬਹਿਸ ਦੇ ਪਿੱਛੇ ਦੀ ਸਿਆਸਤ ਨੂੰ ਸਮਝਣਾ ਵੀ ਮੁਸ਼ਕਿਲ ਨਹੀਂ ਹੈ। ਇਹ ਮਰਦਵਾਦੀ ਸੋਚ ਦੀ ਬੁਖਲਾਹਟ ਵੀ ਹੈ, ਜੋ ਔਰਤ ਨੂੰ ਕਾਬੂ ਵਿਚ ਕਰਨ ਲਈ ਭਾਂਤ ਭਾਂਤ ਦੇ ਬਹਾਨੇ ਲੱਭਦੀ ਹੈ।

ਹੁਣ ਇਹ ਜਾਣਨਾ ਵੀ ਜ਼ਰੂਰੀ ਹੈ ਕਿ ਆਖਰ ਕਾਜ਼ੀ ਹੈ ਕੀ? ਬਹੁਤੇ ਲੋਕਾਂ ਨੇ ਤਾਂ ਸਿਰਫ ਕਹਾਵਤ ਸੁਣੀ ਹੋਵੇਗੀ-ਮੀਆਂ ਬੀਵੀ ਰਾਜ਼ੀ, ਤਾਂ ਕੀ ਕਰੇਗਾ ਕਾਜ਼ੀ। ਇਸ ਤੋਂ ਅੱਗੇ ਕੁਝ ਨਹੀਂ। ਕਾਜ਼ੀ ਦਾ ਮਤਲਬ ਹੈ, ਉਹ ਨਿਆਂਕਾਰੀ, ਜੋ ਮੁਸਲਿਮ ਸਮਾਜ ਦੇ ਇਸਲਾਮਿਕ ਕਾਨੂੰਨ ਦੇ ਆਧਾਰ 'ਤੇ ਇਨਸਾਫ ਕਰ ਸਕੇ ਅਤੇ ਧਾਰਮਕ ਰੀਤੀ-ਰਿਵਾਜਾਂ, ਸ਼ਾਦੀ ਦੀਆਂ ਪਰੰਪਰਾਵਾਂ ਦਾ ਪਾਲਣ ਅਤੇ ਧਾਰਮਕ ਕਾਰਜਾਂ ਨੂੰ ਪੂਰਾ ਕਰ ਸਕੇ। ਕਾਜ਼ੀ ਦੇ ਸਵਾਲ 'ਤੇ ਭਾਰਤ ਵਿਚ ਇਹ ਨਿਯਮ ਵੀ ਬਣਿਆ ਹੋਇਆ ਹੈ, ਜਿਸ ਨੂੰ ਕਾਜ਼ੀ ਐਕਟ ਕਹਿੰਦੇ ਹਨ। ਸਾਲ 1864 ਦੇ ਪ੍ਰਸਤਾਵ ਤਹਿਤ ਸ਼ਹਿਰ, ਕਸਬੇ ਜਾਂ ਪਿੰਡ ਵਿਚ ਮੁਸਲਿਮ ਤਬਕੇ ਦੀਆਂ ਰੀਤੀਆਂ, ਵਿਆਹ ਦੇ ਰਿਵਾਜਾਂ ਅਤੇ ਦੂਸਰੇ ਮੌਕਿਆਂ ਨੂੰ ਸੰਪੂਰਨ ਕਰਵਾਉਣ ਲਈ ਕਾਜ਼ੀ ਦਾ ਹੋਣਾ ਜ਼ਰੂਰੀ ਹੈ।

ਅੰਗਰੇਜ਼ ਸਰਕਾਰ ਨੇ ਇਸ ਬਾਰੇ ਕਾਨੂੰਨ ਪਾਸ ਕੀਤਾ ਸੀ ਜੋ ਕਾਜ਼ੀ ਐਕਟ-1880 ਕਹਾਉਂਦਾ ਸੀ। ਇਸ ਐਕਟ ਤਹਿਤ ਕਿਸੇ ਸਥਾਨਕ ਖੇਤਰ ਲਈ ਵੀ ਜਿੱਥੇ ਮੁਸਲਿਮ ਤਬਕੇ ਦੀ ਤਾਦਾਦ ਇਹ ਇੱਛਾ ਕਰਦੀ ਹੈ ਕਿ ਇਕ ਜਾਂ ਜ਼ਿਆਦਾ ਕਾਜ਼ੀਆਂ ਨੂੰ ਉਸ ਖੇਤਰ ਵਿਚ ਰੱਖਿਆ ਜਾਵੇ, ਤਾਂ ਰਾਜ ਸਰਕਾਰ ਸਥਾਨਕ ਲੋਕਾਂ ਦੀ ਸਲਾਹ 'ਤੇ ਕਾਜ਼ੀ ਰੱਖ ਸਕਦੀ ਹੈ। ਕਾਜ਼ੀਆਂ ਦੀ ਨਿਯੁਕਤੀ ਰਾਜ ਸਰਕਾਰਾਂ ਰਾਹੀਂ ਕਾਫੀ ਲੰਬੇ ਸਮੇਂ ਤਕ ਕੀਤੀ ਜਾਂਦੀ ਰਹੀ ਹੈ।

ਭਾਰਤ ਦੇ ਸਾਰੇ ਮੁਸਲਮਾਨਾਂ 'ਤੇ ਇਹ ਐਕਟ ਉਦੋਂ ਤਕ ਲਾਗੂ ਮੰਨਿਆ ਜਾਵੇਗਾ, ਜਦੋਂ ਤਕ ਕਿ ਇਹ ਐਕਟ ਖਤਮ ਨਹੀਂ ਕਰ ਦਿੱਤਾ ਜਾਂਦਾ। ਹੁਣ ਇਥੇ ਦੂਜਾ ਸਵਾਲ ਇਹ ਪੈਦਾ ਹੁੰਦਾ ਹੈ ਕਿ ਕਾਜ਼ੀ ਐਕਟ-1880 ਨੂੰ ਜੇ ਗੌਰ ਨਾਲ



*ਸਲਮਾ ਬਿਨ ਹਿਜਾਬ ਅਲ ਓਤਿਬੀ*

ਦੇਖੀਏ ਤਾਂ ਇਸ ਐਕਟ ਵਿਚ ਇਹ ਨਹੀਂ ਲਿਖਿਆ ਕਿ ਕਾਜ਼ੀ ਦੇ ਅਹੁਦੇ 'ਤੇ ਔਰਤਾਂ ਨਹੀਂ ਆ ਸਕਦੀਆਂ ਅਤੇ ਨਾ ਹੀ ਐਕਟ ਵਿਚ ਔਰਤ ਦੀ ਮਾਹਵਾਰੀ ਬਾਰੇ ਕੁਝ ਕਿਹਾ ਗਿਆ ਹੈ।

ਅਸੀਂ ਕਿਸੇ ਬਹਿਸ ਲਈ ਜਿਸ ਐਕਟ ਨਾਲ ਜੁੜੇ ਹੁੰਦੇ ਹਾਂ, ਉਸ ਨੂੰ ਹੀ ਆਧਾਰ ਮੰਨਿਆ ਜਾਏਗਾ ਅਤੇ ਕੋਈ ਮਸਲਾ ਇਸ ਦੇ ਦਾਇਰੇ ਵਿਚ ਹੀ ਨਿਬੇੜਿਆ ਜਾਏਗਾ। ਇਸ ਲਈ ਕਿਸੇ ਔਰਤ ਦੇ ਕਾਜ਼ੀ ਬਣਨ ਦੇ ਖਿਲਾਫ ਜੋ ਵੀ ਬਹਿਸ ਹੈ, ਉਹ ਐਕਟ ਦੇ ਵਿਰੁਧ ਹੈ, ਜਿਸ ਨੂੰ ਭਾਰਤ ਵਿਚ ਕਬੂਲ ਨਹੀਂ ਕੀਤਾ ਜਾ ਸਕਦਾ।

ਦੂਜੀ ਗੱਲ, ਹਰ ਸਾਲ ਲੱਖਾਂ ਦੀ ਗਿਣਤੀ ਵਿਚ ਔਰਤਾਂ ਹੱਜ ਕਰਨ ਮੱਕੇ ਜਾਂਦੀਆਂ ਹਨ। ਹੱਜ ਦੇ ਨਿਯਮਾਂ ਵਿਚ ਵੀ ਔਰਤਾਂ ਦੀ ਮਾਹਵਾਰੀ ਬਾਰੇ ਨਹੀਂ ਲਿਖਿਆ ਗਿਆ ਅਤੇ ਨਾ ਹੀ ਉਥੇ ਇਸ ਕਿਸਮ ਦੀ ਕੋਈ ਰੋਕ ਹੈ। ਜੇ ਇਸ ਮੁੱਦੇ ਦੇ ਦੂਜੇ ਪੱਖ 'ਤੇ ਗੌਰ ਕਰੀਏ ਤਾਂ ਦੇਖਾਂਗੇ ਕਿ ਅੱਜ ਦੇ ਜ਼ਮਾਨੇ ਵਿਚ ਕਾਜ਼ੀ ਐਕਟ ਪੂਰੀ ਤਰ੍ਹਾਂ ਖਤਮ ਹੋ ਚੁਕਾ ਹੈ। ਇਹ ਉਸ ਜ਼ਮਾਨੇ ਦੀ ਲੋੜ ਸੀ, ਜਦ ਕਾਨੂੰਨ ਅਤੇ ਪ੍ਰਸ਼ਾਸਨਿਕ ਅਮਲਾ ਐਨਾ ਮਜ਼ਬੂਤ ਨਹੀਂ ਸੀ। ਹਰ ਸ਼ਹਿਰ ਦੇ ਕੁਝ ਸਮਝਦਾਰ ਲੋਕ ਮਿਲ ਬੈਠ ਕੇ ਕਿਸੇ ਇਮਾਨਦਾਰ ਅਤੇ ਪੜ੍ਹੇ ਲਿਖੇ ਆਦਮੀ ਨੂੰ ਆਲਮ ਜਾਂ ਫਾਜ਼ਿਲ ਚੁਣ ਲੈਂਦੇ ਸਨ, ਜੋ ਸ਼ਹਿਰ ਦੇ ਤਮਾਮ ਧਾਰਮਕ ਅਤੇ ਰੀਤੀ ਰਿਵਾਜਾਂ ਨਾਲ ਜੁੜੇ ਮਾਮਲਿਆਂ ਨੂੰ ਸਮਝਦਾ ਤੇ ਪੂਰਾ ਕਰਵਾਉਂਦਾ ਸੀ।

ਅੱਜ ਕਾਜ਼ੀਆਂ ਕੋਲ ਕੋਈ ਕੰਮ ਨਹੀਂ ਹੈ, ਨਾ ਹੀ ਕੋਈ ਕਾਨੂੰਨੀ ਤਾਕਤ। ਸਰਕਾਰ ਨੇ ਵੀ 1982 ਤੋਂ ਬਾਅਦ ਕਾਜ਼ੀ ਦੀ ਨਿਯੁਕਤੀ ਬੰਦ ਕਰ ਦਿੱਤੀ ਹੈ। ਇਸ ਸਭ ਦੇ ਬਾਵਜੂਦ ਜੇ ਕੋਈ ਔਰਤ ਕਾਜ਼ੀ, ਮੌਲਵੀ, ਆਲਮ ਜਾਂ ਫਾਜ਼ਿਲ ਬਣਨਾ ਚਾਹੁੰਦੀ ਹੈ, ਜੋ ਉਨ੍ਹਾਂ ਦੇ ਫਾਇਦੇ ਦੀ ਗੱਲ ਵੀ ਨਹੀਂ ਹੈ, ਫਿਰ ਉਸ ਨੂੰ ਕਿਸੇ ਆਧਾਰ 'ਤੇ ਰੋਕਿਆ ਨਹੀਂ ਜਾ ਸਕਦਾ। ਭਾਰਤ ਦਾ ਸੰਵਿਧਾਨ ਵੀ ਇਸ ਦੀ ਆਗਿਆ ਨਹੀਂ ਦਿੰਦਾ।

ਜਿਵੇਂ ਮਰਦਾਂ ਨੂੰ ਇਨ੍ਹਾਂ ਅਹੁਦਿਆਂ ਤੋਂ ਕੁਝ ਖਾਸ ਹਾਸਿਲ ਨਹੀਂ ਹੋਇਆ, ਉਨ੍ਹਾਂ ਦੀ ਸੋਚ ਦਾ ਪੱਧਰ ਉਚਾ ਨਹੀਂ ਉਠ ਸਕਿਆ, ਵੈਸੇ ਵੀ ਔਰਤਾਂ ਦੀ ਸੋਚ ਇਨ੍ਹਾਂ ਅਹੁਦਿਆਂ ਨਾਲੋਂ ਉਚੀ ਤਾਂ ਉਠ ਨਹੀਂ ਸਕਦੀ, ਉਨ੍ਹਾਂ ਨੂੰ ਵੀ ਕੁਝ ਨਹੀਂ ਮਿਲੇਗਾ। ਹਾਂ, ਕਾਜ਼ੀ ਬਣ ਕੇ ਘਟੋ-ਘੱਟ ਸਮਾਜ ਦੇ ਹਰ ਖੇਤਰ ਵਿਚ ਉਹ ਆਪਣੀ ਮੌਜੂਦਗੀ ਤਾਂ ਦਰਜ ਕਰਵਾ ਸਕਣਗੀਆਂ; ਪਰ ਮਜ਼ਹਬ ਨੂੰ ਜਾਣਨ ਅਤੇ ਉਸ ਉਤੇ ਬੋਲਣ ਦਾ ਪੂਰਾ ਅਧਿਕਾਰ ਉਲੇਮਾ ਆਪਣੇ ਹੱਥ ਵਿਚ ਹੀ ਰੱਖਣਾ ਚਾਹੁੰਦੇ ਹਨ। ਉਨ੍ਹਾਂ ਨੂੰ ਇਸ ਗੱਲ ਦਾ ਖਤਰਾ ਹੈ ਕਿ ਔਰਤਾਂ ਜੇ ਇਸ ਖੇਤਰ ਵਿਚ ਵੀ ਆ ਗਈਆਂ ਤਾਂ ਉਨ੍ਹਾਂ ਦੀ ਗੱਲ ਸੁਣਨ ਵਾਲਾ ਕੋਈ ਨਹੀਂ ਰਹਿ ਜਾਏਗਾ। ਦੁਨੀਆਂ ਬਹੁਤ ਅਗਾਂਹ ਚਲੀ ਗਈ ਹੈ। ਜਿਸ ਸਾਊਦੀ ਅਰਬ ਨੂੰ ਉਲੇਮਾ ਆਪਣੇ ਹਰ ਕੰਮ ਦਾ ਰੋਲ ਮਾਡਲ ਮੰਨ ਕੇ ਚੱਲਦੇ ਹਨ, ਉਹ ਵੀ ਬਦਲ ਰਿਹਾ ਹੈ।

ਸਾਲ 2015 ਦੀਆਂ ਨਗਰਪਾਲਿਕਾ ਚੋਣਾਂ ਵਿਚ ਔਰਤਾਂ ਨੇ ਹਿੱਸਾ ਲਿਆ ਸੀ। 978 ਔਰਤਾਂ ਉਮੀਦਵਾਰ ਚੋਣ ਮੈਦਾਨ ਵਿਚ ਉਤਰੀਆਂ, ਜਿਨ੍ਹਾਂ ਵਿਚੋਂ ਕਈ ਜਿੱਤ ਵੀ ਗਈਆਂ। ਪਹਿਲੀ ਮਹਿਲਾ ਨੇਤਾ ਬਣਨ ਦਾ ਖਿਤਾਬ ਮੱਕਾ ਪ੍ਰਾਂਤ ਦੀ ਸਲਮਾ ਬਿਨ ਹਿਜਾਬ ਅਲ ਓਤਿਬੀ ਨੂੰ ਮਿਲਿਆ। ਇਹ ਨਹੀਂ ਪਤਾ ਕਿ ਭਾਰਤ ਦੇ ਉਲੇਮਾ ਇਸ ਜਿੱਤ ਨੂੰ ਕਿਸ ਨਜ਼ਰੀਏ ਨਾਲ ਦੇਖਦੇ ਹਨ ਪਰ ਦੁਨੀਆਂ ਦੇ ਨਕਸ਼ੇ 'ਤੇ ਸਾਊਦੀ ਅਰਬ ਦੀਆਂ ਚੋਣਾਂ ਨੂੰ ਔਰਤਾਂ ਦੀ ਆਜ਼ਾਦੀ ਦਾ 'ਫਾਈਨਲ ਫਰੰਟੀਅਰ' ਮੰਨਿਆ ਜਾ ਰਿਹਾ ਹੈ। ਜਦ ਉਥੇ ਐਨੀ ਵੱਡੀ ਤਬਦੀਲੀ ਨੂੰ ਸਵੀਕਾਰ ਕਰ ਲਿਆ ਗਿਆ ਹੈ ਤਾਂ ਸਾਡੇ ਦੇਸ਼ ਵਿਚ ਕਿਸੇ ਔਰਤ ਨੂੰ ਕਾਜ਼ੀ ਸਵੀਕਾਰ ਕਰਨ ਵਿਚ ਐਨੀ ਤਕਲੀਫ ਕਿਉਂ?

ਪਰਸਨਲ ਲਾਅ ਬੋਰਡ ਨਾਮੀ ਐਨ. ਜੀ. ਓ. ਦੇ ਜਨਰਲ ਸਕੱਤਰ ਵਲੀ ਰਹਿਮਾਨੀ ਬਿਆਨ ਦਿੰਦੇ ਹਨ ਕਿ ਦੇਸ਼ ਵਿਚ ਵਧਦੀ ਅਸਹਿਣਸ਼ੀਲਤਾ ਦੇ ਖਿਲਾਫ ਮੁਹਿੰਮ ਚਲਾਵਾਂਗੇ। ਇਹ ਗੱਲ ਅਹਿਮ ਹੈ। ਅਜਿਹੀ ਮੁਹਿੰਮ ਚਲਾਉਣ ਦਾ ਉਨ੍ਹਾਂ ਦਾ ਪੂਰਾ ਹੱਕ ਹੈ ਪਰ ਉਸ ਦੇ ਨਾਲ ਹੀ ਮੁਸਲਿਮ ਔਰਤਾਂ ਦੀ ਤਰੱਕੀ ਖਿਲਾਫ ਉਨ੍ਹਾਂ ਵੱਲੋਂ ਅਤੇ ਉਨ੍ਹਾਂ ਦੀ ਕੌਮ ਦੀ ਵਧਦੀ ਅਸਹਿਣਸ਼ੀਲਤਾ ਵੀ ਗਾਹੇ-ਬਗਾਹੇ ਦੇਸ਼ ਦੇ ਲੋਕਾਂ ਨੂੰ ਵੇਖਣ-ਸੁਣਨ ਨੂੰ ਮਿਲਦੀ ਹੈ। ਉਮੀਦ ਹੈ ਕਿ ਇਸ ਬਾਰੇ ਉਹ ਵੀ ਜ਼ਰੂਰ ਸੋਚਣਗੇ ਅਤੇ ਉਸ ਦੇ ਖਿਲਾਫ ਵੀ ਕੋਈ ਨਾ ਕੋਈ ਮੁਹਿੰਮ ਜ਼ਰੂਰ ਚਲਾਉਣਗੇ। ਇਹ ਵੀ ਕੌਮ ਦੀ ਖਿਦਮਤ ਹੋਵੇਗੀ। ਇਸ ਨਾਲ ਮੁਸਲਿਮ ਕੌਮ ਅਤੇ ਭਾਰਤ ਦੇਸ਼ ਦੋਹਾਂ ਦਾ ਹੀ ਫਾਇਦਾ ਹੋਵੇਗਾ ਅਤੇ ਫਿਰ ਇਹ ਦੁਹਰਾਉਣਾ ਲਾਜ਼ਮੀ ਹੋ ਜਾਂਦਾ ਹੈ ਕਿ ਆਦਮੀ ਕਾਜ਼ੀ ਬਣ ਸਕਦੇ ਹਨ ਤਾਂ ਫਿਰ ਔਰਤਾਂ ਕਿਉਂ ਨਹੀਂ?

# ਸੰਸਾਰ ਵਿਚ ਸਭ ਤੋਂ ਵੱਧ ਵਰਤਿਆ ਜਾਣ ਵਾਲਾ ਹਥਿਆਰ

ਏ.ਕੇ.-47 ਅਜਿਹਾ ਹਥਿਆਰ ਹੈ ਜੋ ਜਿਸ ਦੇ ਵੀ ਹੱਥ ਆ ਜਾਵੇ, ਉਹ ਆਪਣੇ ਆਪ ਨੂੰ ਹੋਰਨਾਂ ਤੋਂ ਉੱਤਮ ਸਮਝਣ ਲੱਗ ਜਾਂਦਾ ਹੈ। ਤਾਲਿਬਾਨ ਹੋਣ ਜਾਂ ਅਲ-ਕਾਇਦਾ ਵਾਲੇ, ਮੈਕਸੀਕਨ ਡਰੱਗ ਗੈਂਗ ਜਾਂ ਇਸਲਾਮਿਕ ਸਟੇਟ ਵਾਲੇ-ਇਹ ਸਭ ਦਾ ਪਸੰਦੀਦਾ ਹਥਿਆਰ ਹੈ। ਪੰਜਾਬ ਦੇ ਕਾਲੇ ਦਿਨਾਂ ਦੌਰਾਨ ਕਈ ਨੌਜਵਾਨ ਏ.ਕੇ.-47 ਗਲ ਵਿਚ ਪਾ ਕੇ ਫੋਟੋ ਖਿਚਾਉਣ ਦੇ ਚਾਅ ਵਿਚ ਹੀ ਜਾਨਾਂ ਗੁਆ ਬੈਠੇ ਸਨ। ਪੰਜਾਬ ਦੇ ਕਥਿਤ ਵੀ. ਆਈ. ਪੀ. ਪਹਿਲਾਂ ਮਿੰਨਤਾਂ ਨਾਲ ਗੰਨਮੈਨ ਅਲਾਟ ਕਰਵਾਉਂਦੇ ਹਨ ਤੇ ਫਿਰ ਉਨ੍ਹਾਂ ਦੀ ਇੱਛਾ ਹੁੰਦੀ ਹੈ ਕਿ ਗੰਨਮੈਨ ਕੋਲ ਅਸਾਲਟ

**ਬਲਰਾਜ ਸਿੰਘ ਸਿੱਧੂ**
**ਫੋਨ: 91-98151-24449**

ਜ਼ਰੂਰ ਹੋਵੇ। ਦੁਨੀਆਂ ਦੀਆਂ 60 ਕਰੋੜ ਰਾਈਫਲਾਂ ਵਿਚੋਂ 16 ਕਰੋੜ ਤੋਂ ਵੱਧ ਏ.ਕੇ.-47 ਹਨ।

ਇਸ ਦੀ ਖੋਜ ਸੋਵੀਅਤ ਯੂਨੀਅਨ ਦੇ ਸੈਨਿਕ ਹਥਿਆਰ ਡਿਜ਼ਾਈਨਰ ਮਿਖਾਈਲ ਕਲਾਸ਼ਨੀਕੋਵ ਨੇ 1947 ਵਿਚ ਕੀਤੀ ਸੀ। ਏ.ਕੇ.-47 ਦਾ ਪੂਰਾ ਨਾਮ ਹੈ-ਐਵਟੋਮੈਟ ਕਲਾਸ਼ਨੀਕੋਵ। ਇਸ ਦਾ ਮਤਲਬ ਹੈ, ਕਲਾਸ਼ਨੀਕੋਵ ਦਾ ਆਟੋਮੈਟਿਕ ਹਥਿਆਰ। ਦੂਜੀ ਆਲਮੀ ਜੰਗ ਦੌਰਾਨ ਜਰਮਨ ਫੌਜ ਅਤਿ ਆਧੁਨਿਕ ਸਟਰਮਗੈਵਰ-44 ਰਾਈਫਲਾਂ ਨਾਲ ਲੈਸ ਸੀ ਜਿਸ ਨੇ ਰੂਸੀ ਫੌਜਾਂ ਦਾ ਭਾਰੀ ਜਾਨੀ ਨੁਕਸਾਨ ਕੀਤਾ। ਇਸ ਦੇ ਮੁਕਾਬਲੇ ਲਾਲ ਫੌਜ ਹਲਕੀ ਕਿਸਮ ਦੀ ਪੀ. ਪੀ. ਐਸ. ਐਚ.-41 ਕਾਰਬਾਈਨ ਅਤੇ ਮੋਜ਼ਿਨ-ਨਗਾਂਟ ਬੋਲਟ ਐਕਸ਼ਨ ਰਾਈਫਲ ਨਾਲ ਲੈਸ ਸੀ। ਰੂਸੀ ਜੰਗ ਤਾਂ ਜਿੱਤ ਗਏ, ਪਰ ਉਸ ਦੇ ਦੋ ਕਰੋੜ (ਉਸ ਵੇਲੇ ਕੁਲ ਆਬਾਦੀ 17 ਕਰੋੜ ਸੀ) ਲੋਕ ਇਸ ਜੰਗ ਵਿਚ ਮਾਰੇ ਗਏ। ਇਸ ਲਈ ਸੋਵੀਅਤ ਯੂਨੀਅਨ ਦੇ ਹਥਿਆਰ ਕਮਿਸ਼ਨ ਨੇ ਹਥਿਆਰ ਖੋਜ ਮੁਕਾਬਲਾ ਕਰਵਾਇਆ। 1943 ਵਿਚ ਕਲਾਸ਼ਨੀਕੋਵ ਨੇ ਆਪਣਾ ਮਾਡਲ ਕਮਿਸ਼ਨ ਸਾਹਮਣੇ ਪੇਸ਼ ਕੀਤਾ। ਕਮਿਸ਼ਨ ਇਸ ਅਤਿ ਸਾਦੇ ਅਤੇ ਆਧੁਨਿਕ ਮਾਡਲ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਫੌਰਨ ਇਸ ਨੂੰ ਮਨਜ਼ੂਰ ਕਰ ਲਿਆ।

1946 ਵਿਚ ਏ.ਕੇ.-47 ਨੂੰ ਮਿਲਟਰੀ ਟਰਾਇਲਾਂ ਲਈ ਪੇਸ਼ ਕੀਤਾ ਗਿਆ। ਕਾਮਯਾਬ ਹੋਣ 'ਤੇ ਇਸ ਦਾ ਨਿਰਮਾਣ ਜੰਗੀ ਪੱਧਰ 'ਤੇ ਹੋਣ ਲੱਗਾ। 1949 ਤਕ ਰੂਸੀ ਅਤੇ ਵਾਰਸਾ ਸੰਧੀ ਦੇ ਮੁਲਕਾਂ ਦੀਆਂ ਫੌਜਾਂ ਏ.ਕੇ.-47 ਨਾਲ ਲੈਸ ਕਰ ਦਿੱਤੀਆਂ ਗਈਆਂ। ਕੋਰੀਆ ਅਤੇ ਵੀਅਤਨਾਮ ਜੰਗ ਦੌਰਾਨ ਉਤਰੀ ਕੋਰੀਆ ਅਤੇ ਵੀਅਤਨਾਮ ਦੀਆਂ ਫੌਜਾਂ ਨੂੰ ਸੋਵੀਅਤ ਸੰਘ ਨੇ ਖੁੱਲ੍ਹੇ ਦਿਲ ਨਾਲ ਅਸਾਲਟਾਂ ਸਪਲਾਈ ਕੀਤੀਆਂ। ਇਨ੍ਹਾਂ ਨੇ ਅਮਰੀਕੀ ਫੌਜਾਂ 'ਤੇ ਉਹ ਕਹਿਰ ਢਾਹਿਆ ਕਿ ਦੁਨੀਆਂ ਵਿਚ ਅਸਾਲਟ ਦੀਆਂ ਧੁੰਮਾਂ ਪੈ ਗਈਆਂ। ਵੀਅਤਨਾਮ ਜੰਗ ਵਿਚ ਤਾਂ ਇਹ ਹਾਲ ਸੀ ਕਿ ਅਮਰੀਕੀ ਫੌਜੀ ਆਪਣੀਆਂ ਐਮ-16 ਰਾਈਫਲਾਂ ਸੁੱਟ ਕੇ ਮਰੇ ਹੋਏ ਵੀਅਤਨਾਮੀ ਫੌਜੀਆਂ ਦੀਆਂ ਅਸਾਲਟਾਂ ਚੁੱਕ ਲੈਂਦੇ।

ਇਸ ਤੋਂ ਬਾਅਦ ਇਸ ਵਿਚ ਨਿਰੰਤਰ ਸੁਧਾਰ ਹੁੰਦਾ ਗਿਆ। ਵਰ੍ਹਿਆਂ ਦੇ ਹਿਸਾਬ ਨਾਲ ਏ.ਕੇ.-47 ਤੋਂ ਬਾਅਦ ਏ.ਕੇ.-56, ਏ.ਕੇ-74, ਏ.ਕੇ.-94 ਅਤੇ ਏ.ਕੇ.-103 ਆਦਿ ਬਾਜ਼ਾਰ ਵਿਚ ਆ ਚੁਕੀਆਂ ਹਨ। ਇਸ ਵੇਲੇ ਇਹ ਭਾਰਤ, ਅਮਰੀਕਾ, ਰੂਸ ਅਤੇ ਪਾਕਿਸਤਾਨ ਸਮੇਤ ਦੁਨੀਆਂ ਦੇ ਕਰੀਬ 50 ਦੇਸ਼ਾਂ ਵਲੋਂ ਜਾਇਜ਼-ਨਾਜਾਇਜ਼ ਤਰੀਕੇ ਨਾਲ ਬਣਾਈ ਅਤੇ 175 ਮੁਲਕਾਂ ਦੀਆਂ ਫੌਜਾਂ ਵਲੋਂ ਵਰਤੀ ਜਾ ਰਹੀ ਹੈ। ਚੀਨ ਸਭ ਤੋਂ ਵੱਧ ਅਸਾਲਟਾਂ ਕਾਲਾ ਬਾਜ਼ਾਰੀ ਰਾਹੀਂ ਅਤਿਵਾਦੀਆਂ ਨੂੰ ਵੇਚਣ ਲਈ ਬਦਨਾਮ ਹੈ। ਇਸ ਦੀਆਂ ਸਸਤੀਆਂ ਨਕਲਾਂ, ਜਿਵੇਂ ਪਾਕਿਸਤਾਨ ਦੇ ਦੱਰਾ ਖੈਬਰ ਵਿਚ ਬਣਨ ਵਾਲੀ ਦੇਸੀ ਅਸਾਲਟ ਦੀ ਔਸਤ ਕੀਮਤ 1000 ਡਾਲਰ (65,000 ਰੁਪਏ) ਦੇ ਬਰਾਬਰ ਹੈ। ਇਹ ਇਕੋ ਇਕ ਆਧੁਨਿਕ ਹਥਿਆਰ ਹੈ ਜਿਸ ਨੂੰ ਕਿਸੇ ਦੇਸ਼ ਦੇ ਝੰਡੇ 'ਤੇ ਜਗ੍ਹਾ ਮਿਲੀ ਹੈ। ਮੌਜ਼ੰਬੀਕ ਦੇ ਝੰਡੇ 'ਤੇ ਏ.ਕੇ.-47 ਦੀ ਫੋਟੋ ਬਣੀ ਹੋਈ ਹੈ, ਕਿਉਂਕਿ ਇਸ ਨੇ ਉਨ੍ਹਾਂ ਦੀ ਆਜ਼ਾਦ ਹੋਣ ਵਿਚ ਮਦਦ ਕੀਤੀ ਸੀ। ਅਸਾਲਟ ਦੇ ਸੰਸਾਰ ਪੱਧਰ 'ਤੇ ਹਰਮਨ ਪਿਆਰੀ ਬਣਨ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਇਹ ਬਹੁਤ ਹੀ ਸਾਧਾਰਨ ਹਥਿਆਰ ਹੈ ਤੇ ਬਣਾਉਣੀ ਸਸਤੀ ਪੈਂਦੀ ਹੈ। ਇਹ ਪਾਣੀ, ਮਿੱਟੀ ਘੱਟੇ, ਬਰਫਬਾਰੀ ਅਤੇ ਤਪਦੇ ਰੇਗਿਸਤਾਨ ਵਿਚ ਵੀ ਖਰਾਬ ਨਹੀਂ ਹੁੰਦੀ। ਇਸ ਵਿਚ ਚਾਲ ਦੇ ਪੁਰਜ਼ੇ ਮਜ਼ਬੂਤ ਅਤੇ ਬਹੁਤ ਹੀ ਘੱਟ ਲਗਾਏ ਗਏ ਹਨ ਤਾਂ ਜੋ ਰੁਕਾਵਟਾਂ ਨਾ ਪੈਣ। ਇਸ ਦਾ ਗੈਸ ਪਿਸਟਨ ਵੱਡਾ ਹੈ ਤੇ ਉਸ ਵਿਚ ਵਾਰ ਵਾਰ ਐਡਜਸਟਮੈਂਟ ਨਹੀਂ ਕਰਨੀ ਪੈਂਦੀ। ਇਸ ਵਿਚ ਗੈਸ ਵਾਲਵ ਨਹੀਂ ਹੈ ਅਤੇ ਵਾਧੂ ਗੈਸ ਆਪਣੇ ਆਪ ਬਾਹਰ ਨਿਕਲ ਜਾਂਦੀ ਹੈ। ਇਸ ਨਾਲ ਇੱਕਲਾ ਇੱਕਲਾ ਫਾਇਰ ਜਾਂ ਬਰਸਟ ਮਾਰੇ ਜਾ ਸਕਦੇ ਹਨ।

ਪੰਜਾਬ ਪੁਲਿਸ ਨੂੰ ਅਤਿਵਾਦ ਦੇ ਦਿਨੀਂ ਅਸਾਲਟਾਂ ਮਿਲੀਆਂ ਸਨ। ਹੁਣ ਤਕ ਕਿਸੇ ਹਾਦਸੇ ਵਿਚ ਟੁੱਟ ਭੱਜ ਜਾਣ ਤੋਂ ਇਲਾਵਾ ਕੋਈ ਇੱਕ ਅੱਧੀ ਹੀ ਖਰਾਬ ਹੋਈ ਹੋਵੇਗੀ। ਇਸ ਨੂੰ 30 ਗੋਲੀਆਂ ਵਾਲੇ ਸਾਧਾਰਨ ਜਾਂ 75 ਗੋਲੀਆਂ ਵਾਲੇ ਡਰੱਮ ਮੈਗਜ਼ੀਨ ਲੱਗਦੇ ਹਨ। ਮੈਗਜ਼ੀਨ ਥੋੜ੍ਹਾ ਜਿਹਾ ਅੱਗੇ ਵੱਲ ਮੁੜਿਆ ਹੋਣ ਕਾਰਨ ਸਪਰਿੰਗ ਗੋਲੀ ਨੂੰ ਉਪਰ ਵੱਲ ਆਸਾਨੀ ਨਾਲ ਧੱਕ ਦਿੰਦਾ ਹੈ। ਅਸਾਲਟ ਦਸ ਤੋਂ ਪੰਦਰਾਂ ਹਜ਼ਾਰ ਰਾਊਂਡ ਫਾਇਰ ਕਰਨ ਲਈ ਡਿਜ਼ਾਈਨ ਕੀਤੀ ਗਈ ਸੀ, ਪਰ ਥੋੜ੍ਹੀ ਬਹੁਤੀ ਮੁਰੰਮਤ ਨਾਲ ਇਹ ਸਾਲਾਂ ਦੇ ਸਾਲ ਚੱਲਦੀ ਰਹਿੰਦੀ ਹੈ। ਸਟੈਂਡਰਡ ਅਸਾਲਟ ਦਾ ਖਾਲੀ ਮੈਗਜ਼ੀਨ ਸਮੇਤ ਭਾਰ ਕਰੀਬ ਚਾਰ ਕਿਲੋ, ਲੱਕੜ ਦੇ ਬੱਟ ਨਾਲ ਲੰਬਾਈ 35 ਇੰਚ, ਫੋਲਡ ਹੋਏ ਬੱਟ ਨਾਲ 26 ਇੰਚ, ਨਾਲੀ ਦੀ ਲੰਬਾਈ 16.3 ਇੰਚ, ਕਾਰਤੂਸ 7.62 ਗੁਣਾ 39 ਮਿਲੀਮੀਟਰ, ਫਾਇਰ ਸਪੀਡ 600 ਰੌਂਦ ਪ੍ਰਤੀ ਮਿੰਟ ਅਤੇ ਅਸਰਦਾਰ ਮਾਰ 350 ਮੀਟਰ ਤਕ ਹੈ। ਇਸ ਨਾਲ ਸੰਗੀਨ ਅਤੇ ਗਰਨੇਡ ਲਾਂਚਰ ਵੀ ਫਿੱਟ ਹੋ ਸਕਦੇ ਹਨ।

ਇਸ ਦੇ ਡਿਜ਼ਾਈਨਰ ਲੈਫਟੀਨੈਂਟ ਜਨਰਲ ਮਿਖਾਈਲ ਤਿਮੋਫੇਯੇਵਿਚ ਕਲਾਸ਼ਨੀਕੋਵ ਦਾ ਜਨਮ 10 ਨਵੰਬਰ 1919 ਨੂੰ ਰੂਸ ਦੇ ਇਲਾਕੇ ਅਲਤਾਈ ਕਰਾਈ ਦੇ ਪਿੰਡ ਕੁਰੀਆ ਦੇ ਕਿਸਾਨ ਪਰਿਵਾਰ ਵਿਚ ਹੋਇਆ। ਉਸ ਦੇ ਪਿਤਾ ਦਾ ਨਾਮ ਤਿਮੋਫੇ ਅਲੈਕਜ਼ੈਂਦਰੋਵਿਚ ਕਲਾਸ਼ਨੀਕੋਵ ਅਤੇ ਮਾਂ ਦਾ ਨਾਂ ਅਲੈਕਜ਼ੈਂਦਰਾ ਫਰੋਲੋਵਨਾ ਕਲਾਸ਼ਨੀਕੋਵ ਸੀ। ਉਨ੍ਹਾਂ ਦੇ 19 ਬੱਚੇ ਸਨ, ਪਰ ਅੱਠ ਹੀ ਬਚ ਸਕੇ। ਮਿਖਾਈਲ 17ਵੇਂ ਥਾਂ ਸੀ।

1930 ਵਿਚ ਸਰਕਾਰ ਨੇ ਕੁਲਕ (ਜਗੀਰਦਾਰ) ਹੋਣ ਦਾ ਇਲਜ਼ਾਮ ਲਗਾ ਕੇ ਉਨ੍ਹਾਂ ਦੀ ਜ਼ਮੀਨ ਜ਼ਬਤ ਕਰ ਲਈ ਅਤੇ ਉਨ੍ਹਾਂ ਨੂੰ ਸਾਇਬੇਰੀਆ ਦੇ ਨਿਜ਼ਨਿਯਾਯਾ ਮੋਖੋਵਾਯਾ ਨਾਮੀ ਪਿੰਡ ਵਿਚ ਜਲਾਵਤਨ ਕਰ ਦਿੱਤਾ। ਮਿਖਾਈਲ ਕਲਾਸ਼ਨੀਕੋਵ ਨੂੰ ਬਚਪਨ ਤੋਂ ਹੀ ਮਸ਼ੀਨਾਂ ਦਾ ਬਹੁਤ ਸ਼ੌਕ ਸੀ। 1938 ਵਿਚ ਸਕੂਲੀ ਪੜ੍ਹਾਈ ਪੂਰੀ ਕਰਕੇ ਉਹ 19 ਸਾਲ ਦੀ ਉਮਰੇ ਫੌਜ ਵਿਚ ਬਤੌਰ ਟੈਂਕ ਮਕੈਨਿਕ ਭਰਤੀ ਹੋ ਗਿਆ ਤੇ ਤਰੱਕੀ ਕਰ ਕੇ ਟੈਂਕ ਕਮਾਂਡਰ ਬਣ ਗਿਆ। ਉਸ ਨੇ ਦੂਜੀ ਆਲਮੀ ਜੰਗ ਵਿਚ ਹਿੱਸਾ ਲਿਆ ਅਤੇ ਅਕਤੂਬਰ 1941 ਵਿਚ ਜਰਮਨੀ ਨਾਲ ਹੋਈ ਬਰਿਆਂਸਕ ਦੀ ਲੜਾਈ ਵਿਚ ਗੰਭੀਰ ਜ਼ਖਮੀ ਹੋ ਗਿਆ। ਉਹ ਅਪਰੈਲ 1942 ਤਕ ਹਸਪਤਾਲ ਵਿਚ ਦਾਖਲ ਰਿਹਾ। ਹਸਪਤਾਲ ਵਿਚ ਬਾਕੀ ਜ਼ਖਮੀ ਫੌਜੀ ਰੂਸੀ ਰਾਈਫਲਾਂ ਦੇ ਮਾੜਾ ਹੋਣ ਬਾਰੇ ਚਰਚਾ ਕਰਦੇ ਰਹਿੰਦੇ ਸਨ। ਇਹ ਸੁਣ ਕੇ ਉਸ ਨੂੰ ਨਵੀਂ ਰਾਈਫਲ ਈਜਾਦ ਕਰਨ ਦਾ ਫੁਰਨਾ ਫੁਰਿਆ।



*ਮੌਜ਼ੰਬੀਕ ਦਾ ਝੰਡਾ ਜਿਸ ਉਤੇ ਏ.ਕੇ.-47 ਦੀ ਤਸਵੀਰ ਬਣੀ ਹੋਈ ਹੈ*

ਉਸ ਨੇ ਸਭ ਤੋਂ ਪਹਿਲਾਂ ਸਬ ਮਸ਼ੀਨਗੰਨ ਦੀ ਕਾਢ ਕੱਢੀ ਜੋ ਫੌਜ ਨੇ ਨਾਮਨਜ਼ੂਰ ਕਰ ਦਿੱਤੀ, ਪਰ ਸਭ ਨੇ ਉਸ ਦੇ ਯਤਨ ਦੀ ਸ਼ਲਾਘਾ ਕੀਤੀ। 1944 ਵਿਚ ਉਸ ਨੇ ਕਾਰਬਾਈਨ ਦੀ ਕਾਢ ਕੱਢੀ ਜੋ ਮੁਕਾਬਲੇ ਵਿਚ ਸਿਮੋਨੋਵ ਕਾਰਬਾਈਨ ਤੋਂ ਹਾਰ ਗਈ। ਫਿਰ ਵੀ ਉਸ ਨੇ ਹੌਸਲਾ ਨਾ ਛੱਡਿਆ ਤੇ 1947 ਵਿਚ ਲਾਸਾਨੀ ਰਾਈਫਲ, ਏ.ਕੇ.-47 ਦੁਨੀਆਂ ਸਾਹਮਣੇ ਆ ਗਈ। ਇਸ ਤੋਂ ਇਲਾਵਾ ਉਸ ਨੇ ਏ.ਕੇ.-74, ਏ.ਕੇ.ਐਮ., ਏ.ਕੇ.-101, ਏ.ਕੇ.-102 ਅਤੇ ਪੀ.ਕੇ. ਨਾਂ ਦੀ ਹੈਵੀ ਮਸ਼ੀਨਗੰਨ ਆਦਿ ਦੇ ਡਿਜ਼ਾਈਨ ਤਿਆਰ ਕੀਤੇ। 1949 ਤੋਂ ਬਾਅਦ ਉਹ ਇਜੇਵਸਕ ਸ਼ਹਿਰ ਵਿਚ ਨੌਕਰੀ ਕਰਦਾ ਰਿਹਾ ਤੇ ਤਕਨੀਕੀ ਵਿਗਿਆਨ ਵਿਚ ਡਾਕਟਰੇਟ ਕੀਤੀ। ਉਹ 16 ਅਕੈਡਮੀਆਂ ਦਾ ਮੈਂਬਰ ਸੀ। 2000 ਵਿਚ ਉਹ ਸਰਕਾਰੀ ਸੱਦੇ 'ਤੇ ਅਮਰੀਕਾ ਦੇ ਦੌਰੇ 'ਤੇ ਗਿਆ ਜਿੱਥੇ ਉਸ ਦਾ ਬੇਮਿਸਾਲ ਸਵਾਗਤ ਹੋਇਆ। ਉਹ ਆਪਣੀ ਇਸ ਕਾਢ ਕਾਰਨ ਮਾਣ ਮਹਿਸੂਸ ਕਰਦਾ ਸੀ, ਪਰ ਕਈ ਵਾਰ ਏ.ਕੇ.-47 ਕਾਰਨ ਹੋ ਰਹੀਆਂ ਮੌਤਾਂ ਬਾਰੇ ਸੋਚ ਕੇ ਪ੍ਰੇਸ਼ਾਨ ਹੋ ਜਾਂਦਾ। ਉਸ ਦੀ ਪਤਨੀ ਵਿਕਟੋਰੋਵਨਾ ਮੋਈਸੇਯਾਵਾ ਇੰਜੀਨੀਅਰ ਸੀ ਤੇ ਮਿਖਾਈਲ ਦੀਆਂ ਟੈਕਨੀਕਲ ਡਰਾਇੰਗਾਂ ਉਹੀ ਬਣਾਉਂਦੀ ਸੀ। ਉਨ੍ਹਾਂ ਦੇ ਚਾਰ ਬੱਚੇ ਹਨ: ਤਿੰਨ ਧੀਆਂ-ਨੈਲੀ, ਇਲੀਨਾ ਤੇ ਨਤਾਲਿਆ ਅਤੇ ਇੱਕ ਪੁੱਤਰ ਵਿਕਟਰ। ਵਿਕਟਰ ਵੀ ਮਸ਼ਹੂਰ ਹਥਿਆਰ ਡਿਜ਼ਾਈਨਰ ਹੈ। 23 ਦਸੰਬਰ 2013 ਨੂੰ ਮਿਖਾਈਲ ਦਾ 94 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ। ਉਹ ਉਨ੍ਹਾਂ ਕੁਝ ਕੁ ਰੂਸੀਆਂ ਵਿਚ ਸ਼ੁਮਾਰ ਹੈ ਜਿਨ੍ਹਾਂ ਨੂੰ ਫੈਡਰਲ ਮਿਲਟਰੀ ਮੈਮੋਰੀਅਲ ਕਬਰਿਸਤਾਨ ਵਿਚ ਦਫਨਾਇਆ ਗਿਆ।

ਰੂਸ ਨੇ ਉਸ ਨੂੰ ਅਤਿਅੰਤ ਇੱਜਤ ਬਖਸ਼ੀ। ਉਸ ਨੂੰ ਸਰਵਉਚ ਸਨਮਾਨ ਆਰਡਰ ਆਫ ਲੈਨਿਨ ਅਤੇ ਹੀਰੋ ਆਫ ਸੋਵੀਅਤ ਯੂਨੀਅਨ ਦੇ ਨਾਲ ਨਾਲ ਹੀਰੋ ਆਫ ਸੋਸ਼ਲਿਸਟ ਲੇਬਰ, ਆਰਡਰ ਆਫ ਰੈਡ ਸਟਾਰ ਅਤੇ ਹੀਰੋ ਆਫ ਰਸ਼ੀਅਨ ਫੈਡਰੇਸ਼ਨ ਸਮੇਤ 100 ਦੇ ਕਰੀਬ ਮੈਡਲ, ਸਨਮਾਨ ਮਿਲੇ, ਕਈ ਯੂਨੀਵਰਸਿਟੀਆਂ ਨੇ ਆਨਰੇਰੀ ਡਿਗਰੀਆਂ ਦਿੱਤੀਆਂ। 2012 ਵਿਚ ਇਜੇਵਸਕ ਸਟੇਟ ਟੈਕਨੀਕਲ ਯੂਨੀਵਰਸਿਟੀ ਦਾ ਨਾਮ ਉਸ ਦੇ ਨਾਂ 'ਤੇ ਰੱਖਿਆ ਗਿਆ। 7 ਨਵੰਬਰ 2014 ਨੂੰ ਉਸ ਦਾ ਬੁੱਤ ਆਰਮੀਨੀਆ ਦੇ ਸ਼ਹਿਰ ਯੂਮਰੀ ਵਿਖੇ ਲਾਇਆ ਗਿਆ। ਦੁਨੀਆਂ ਦਾ ਹੋਰ ਕੋਈ ਹਥਿਆਰ ਤੇ ਹਥਿਆਰ ਨਿਰਮਾਤਾ ਇੰਨੀ ਪ੍ਰਸਿਧੀ ਹਾਸਲ ਨਹੀਂ ਕਰ ਸਕਿਆ। ਰੂਸ ਸਰਕਾਰ ਨੇ ਪਿੱਛੇ ਜਿਹੇ ਉਸ ਦਾ 7 ਮੀਟਰ ਉਚਾ ਕਾਂਸੇ ਦਾ ਬੁੱਤ ਰਾਜਧਾਨੀ ਮਾਸਕੋ 'ਚ ਲਾਇਆ ਹੈ।

# ਜਾਬਰ ਬਾਬਰ ਦਾ ਦੂਜਾ ਪਾਸਾ

ਬਾਦਸ਼ਾਹ ਜ਼ਹੀਰ-ਉਦ-ਦੀਨ ਮੁਹੰਮਦ ਬਾਬਰ ਨੇ ਹਿੰਦੁਸਤਾਨ ਵਿਚ ਮੁਗਲ ਸਲਤਨਤ ਦੀ ਨੀਂਹ ਰੱਖੀ, ਪਰ ਅਸੀਂ ਬਾਬਰ ਸਬੰਧੀ ਕਈ ਕਿਸਮ ਦੇ ਭੁਲੇਖਿਆਂ ਦੇ ਸ਼ਿਕਾਰ ਹਾਂ। ਮਿਸਾਲ ਵਜੋਂ ਉਸ ਨੂੰ ਆਮ ਤੌਰ 'ਤੇ ਬਾਬਰ-ਜਾਬਰ ਕਹਿ ਕੇ ਯਾਦ ਕੀਤਾ ਜਾਂਦਾ ਹੈ ਅਤੇ ਉਸ ਦੀ ਜ਼ਿੰਦਗੀ ਦੇ ਹਾਂ-ਪੱਖੀ ਪਹਿਲੂਆਂ ਨੂੰ ਮੁਕੰਮਲ ਤੌਰ 'ਤੇ ਅਣਡਿੱਠ ਕੀਤਾ ਜਾਂਦਾ ਹੈ। ਉਹ ਮੁੱਖ ਤੌਰ 'ਤੇ ਐਮਨਾਬਾਦ ਵਿਚ ਕੀਤੇ ਗਏ ਕਤਲੇਆਮ ਲਈ ਬਦਨਾਮ ਹੈ, ਜਦਕਿ ਇਸ ਗੱਲੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਇਕ ਮੁਲਕ ਦੀ ਸੈਨਾ ਵੱਲੋਂ ਦੂਜੇ ਮੁਲਕ ਉਤੇ ਹਮਲੇ ਦੌਰਾਨ ਲੁੱਟਮਾਰ ਅਤੇ ਕਤਲੋਗਾਰਤ ਦੀਆਂ ਘਟਨਾਵਾਂ ਨਾਲ ਮਨੁੱਖੀ ਇਤਿਹਾਸ ਭਰਿਆ ਪਿਆ ਹੈ।

**ਸੁਖਪਾਲ ਸਿੰਘ ਹੁੰਦਲ**
**ਫੋਨ: 91-98145-28282**

ਜ਼ਹੀਰ-ਉਦ-ਦੀਨ ਮੁਹੰਮਦ ਬਾਬਰ ਦਾ ਜਨਮ 24 ਫਰਵਰੀ 1483 ਨੂੰ ਰਿਆਸਤ ਫਰਗਾਨਾ, ਜੋ ਅੱਜ ਕੱਲ੍ਹ ਉਜ਼ਬੇਕਿਸਤਾਨ ਵਿਚ ਹੈ, ਦੀ ਰਾਜਧਾਨੀ ਅੰਦੀਜਾਨ ਵਿਚ ਉਮਰ ਸ਼ੇਖ ਮਿਰਜ਼ਾ ਅਤੇ ਉਸ ਦੀ ਬੇਗਮ ਕੁਤਲਗ ਨਿਗਾਰ ਖਾਨਮ ਦੇ ਘਰ ਹੋਇਆ। ਉਹ ਪਿਓ ਵਲੋਂ ਤੈਮੂਰ ਦੇ ਘਰਾਣੇ ਨਾਲ ਅਤੇ ਮਾਂ ਵਲੋਂ ਚੰਗੇਜ਼ ਖਾਂ ਦੇ ਘਰਾਣੇ ਨਾਲ ਸਬੰਧ ਰੱਖਦਾ ਸੀ। ਇਕਲੌਤਾ ਪੁੱਤ ਹੋਣ ਕਾਰਨ ਆਪਣੇ ਪਿਤਾ ਦੀ ਰਿਆਸਤ ਦਾ ਮਾਲਕ ਉਸ ਨੇ ਬਣਨਾ ਹੀ ਸੀ, ਪਰ ਪਿਤਾ ਦਾ ਅਚਨਚੇਤੀ ਦੇਹਾਂਤ ਹੋਣ ਕਾਰਨ ਉਸ ਨੂੰ 11 ਸਾਲ ਦੀ ਉਮਰ ਵਿਚ ਹੀ ਰਿਆਸਤ ਦੇ ਮੁਖੀ ਦੀ ਜ਼ਿੰਮੇਵਾਰੀ ਸੰਭਾਲਣੀ ਪਈ। ਇਸ ਸਭ ਦੇ ਬਾਵਜੂਦ ਉਹ ਜੱਦੋਜਹਿਦ ਕਰਦਾ ਰਿਹਾ ਅਤੇ 1504 ਵਿਚ ਅਫਗਾਨਿਸਤਾਨ ਦਾ ਬਾਦਸ਼ਾਹ ਬਣਿਆ। 1519 ਤੋਂ 1526 ਦੇ ਦਰਮਿਆਨ ਉਸ ਨੇ ਹਿੰਦੁਸਤਾਨ 'ਤੇ 5 ਹਮਲੇ ਕੀਤੇ। ਹਿੰਦੁਸਤਾਨ ਉਤੇ ਉਸ ਸਮੇਂ ਲੋਧੀ ਅਫਗਾਨਾਂ ਦਾ ਰਾਜ ਸੀ। 21 ਅਪਰੈਲ 1526 ਨੂੰ ਪਾਣੀਪਤ ਦੀ ਲੜਾਈ ਵਿਚ ਇਬਰਾਹਿਮ ਲੋਧੀ ਨੂੰ ਹਰਾ ਕੇ ਬਾਬਰ ਹਿੰਦੁਸਤਾਨ ਦਾ ਬਾਦਸ਼ਾਹ ਬਣਿਆ ਅਤੇ ਚਾਰ ਸਾਲ ਹਿੰਦੁਸਤਾਨ ਉਤੇ ਹਕੂਮਤ ਕਰ ਕੇ 24 ਦਸੰਬਰ 1530 ਨੂੰ ਚਲਾਣਾ ਕਰ ਗਿਆ।

ਵਿਚਾਰਨ ਵਾਲੀ ਗੱਲ ਇਹ ਹੈ ਕਿ ਬਾਬਰ ਮਹਿਜ਼ ਚਾਰ ਸਾਲ ਦੇ ਅਰਸੇ ਵਿਚ ਮੁਗਲ ਰਾਜ ਦੀਆਂ ਜੜ੍ਹਾਂ ਇੰਨੀਆਂ ਮਜ਼ਬੂਤ ਕਿਵੇਂ ਕਰ ਗਿਆ ਕਿ ਮੁਗਲਾਂ ਦਾ ਰਾਜ ਪੀੜ੍ਹੀ-ਦਰ-ਪੀੜ੍ਹੀ ਤਕਰੀਬਨ ਸਵਾ ਤਿੰਨ ਸੌ ਸਾਲ ਚੱਲਦਾ ਰਿਹਾ, ਜਦਕਿ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਆਪਣੇ 40 ਸਾਲ ਦੇ ਰਾਜ ਦੌਰਾਨ ਵੀ ਸਿੱਖ ਰਾਜ ਦੀਆਂ ਜੜ੍ਹਾਂ ਮਜ਼ਬੂਤ ਨਾ ਕਰ ਸਕਿਆ ਅਤੇ ਉਸ ਦਾ ਰਾਜ-ਭਾਗ ਉਸ ਦੇ ਦੇਹਾਂਤ ਮਗਰੋਂ ਦਸ ਸਾਲ ਦੇ ਅਰਸੇ ਵਿਚ ਹੀ ਤਹਿਸ ਨਹਿਸ ਹੋ ਗਿਆ। ਸੋਚਣ ਵਾਲੀ ਗੱਲ ਹੈ ਕਿ ਉਸ ਸਮੇਂ ਦੇ ਹਿੰਦੁਸਤਾਨ ਦੇ ਸ਼ਾਸਕ ਹੀ ਨਾਅਹਿਲ ਤੇ ਨਾਕਾਬਿਲ ਹੋਣਗੇ ਜਿਨ੍ਹਾਂ ਦੀ ਨਾਲਾਇਕੀ ਦਾ ਲਾਭ ਉਠਾ ਕੇ ਮੁਗਲ ਸ਼ਾਸਕਾਂ ਨੇ ਆਪਣਾ ਰਾਜ ਭਾਗ ਪੁਖਤਾ ਕਰ ਲਿਆ। ਬਾਬਰ ਦੀ ਆਤਮਕਥਾ 'ਬਾਬਰਨਾਮਾ' ਦਾ ਅਧਿਐਨ ਕਰਦਿਆਂ ਉਸ ਦੀ ਸ਼ਖਸੀਅਤ ਦੇ ਇਹ ਹਾਂ-ਪੱਖੀ ਪਹਿਲੂ ਉਭਰ ਕੇ ਸਾਹਮਣੇ ਆਉਂਦੇ ਹਨ:

ਵਿਦੇਸ਼ੀ ਇਤਿਹਾਸਕਾਰਾਂ ਮਿਰਜ਼ਾ ਮੁਹੰਮਦ ਹੈਦਰ, ਵੀ. ਏ. ਸਮਿਥ ਅਤੇ ਭਾਰਤੀ ਇਤਿਹਾਸਕਾਰ ਸ੍ਰੀਨੇਤਰ ਪਾਂਡੇਯ ਅਨੁਸਾਰ ਬਾਬਰ ਦੀ ਸ਼ਖਸੀਅਤ ਵਿਚ ਤੁਰਕਾਂ ਦਾ ਧੀਰਜ, ਸੂਰਬੀਰਤਾ ਤੇ ਦ੍ਰਿੜ੍ਹਤਾ ਅਤੇ ਮੰਗੋਲਾਂ ਦੀ



ਮਹੱਤਵਕਾਂਖਿਆ ਤੇ ਕਠੋਰਤਾ ਮੌਜੂਦ ਸੀ। ਇਸ ਦੇ ਨਾਲ ਨਾਲ ਬਾਬਰ ਬੜਾ ਸੱਭਿਆ ਅਤੇ ਤਹਿਜ਼ੀਬ-ਯਾਫਤਾ ਵਿਅਕਤੀ ਸੀ। ਉਹ ਕਵੀ ਹਿਰਦਾ ਰੱਖਦਾ ਸੀ ਅਤੇ ਉਹ ਸ਼ਾਇਰ ਸੀ ਵੀ। ਉਸ ਨੇ ਆਪਣੀ ਸਵੈ-ਜੀਵਨੀ 'ਬਾਬਰਨਾਮਾ' ਲਿਖੀ ਜੋ ਚੁਗਤਾਈ ਅਤੇ ਤੁਰਕੀ ਭਾਸ਼ਾ ਵਿਚ ਹੈ ਜੋ ਬਾਬਰ ਦੀ ਮਾਂ-ਬੋਲੀ ਸੀ। ਇਸ ਦਾ ਬਾਅਦ ਵਿਚ ਵਿਦਵਾਨਾਂ ਵੱਲੋਂ ਫਾਰਸੀ ਵਿਚ ਤਰਜਮਾ ਕੀਤਾ ਗਿਆ ਜਿਸ ਦੇ ਆਧਾਰ 'ਤੇ ਅੰਗਰੇਜ਼ਾਂ ਨੇ ਇਸ ਦਾ ਅੰਗਰੇਜ਼ੀ ਵਿਚ ਤਰਜਮਾ ਕਰਵਾਇਆ।

ਬਾਬਰ ਬਹੁਤ ਵਧੀਆ ਘੋੜਸਵਾਰ, ਬਹੁਤ ਵਧੀਆ ਸੈਨਿਕ, ਚੰਗਾ ਤੈਰਾਕ ਅਤੇ ਸਰੀਰਕ ਪੱਖੋਂ ਬਲਵਾਨ ਸੀ। ਉਸ ਨੇ ਗੰਗਾ ਨੂੰ ਦੋ ਵਾਰ ਤੈਰ ਕੇ ਪਾਰ ਕੀਤਾ ਸੀ। ਉਹ ਦੋ ਵਿਅਕਤੀਆਂ ਨੂੰ ਆਪਣੇ ਸੱਜੇ ਖੱਬੇ ਮੋਢਿਆਂ 'ਤੇ ਬਿਠਾ ਕੇ ਚੌੜੀ ਦੀਵਾਰ ਉਤੇ ਚੜ੍ਹ ਕੇ ਦੌੜ ਲਾਉਂਦਾ ਸੀ। ਸਰੀਰ ਨੂੰ ਚੁਸਤ-ਦਰੁਸਤ ਰੱਖਣ ਲਈ ਇਹ ਉਸ ਦਾ ਕਸਰਤ ਦਾ ਨੇਮ ਸੀ।

ਬਾਬਰ ਦੀ ਸੈਨਾ ਕੋਲ ਬਹੁਤ ਵਧੀਆ ਤੋਪਾਂ ਸਨ। ਅਫਗਾਨ ਫੌਜ ਇਨ੍ਹਾਂ ਤੋਪਾਂ ਦੀ ਮਾਰ ਨਾ ਸਹਿ ਸਕੀ ਅਤੇ ਉਸ ਦੇ ਪੈਰ ਉਖੜ ਗਏ। ਉਸ ਦੀ ਯੁੱਧ ਨੀਤੀ ਨੂੰ ਤੁਲਗਮਾ ਨੀਤੀ ਕਿਹਾ ਜਾਂਦਾ ਹੈ। ਤੁਲਗਮਾ ਨੀਤੀ ਨੂੰ ਅੰਗਰੇਜ਼ੀ ਵਿਚ ਔਟੋਮਨ ਫੈਸ਼ਨ ਲਿਖਿਆ ਗਿਆ ਹੈ ਜਿਸ ਦਾ ਅਰਥ ਵੀ ਤੁਰਕਾਂ ਦਾ ਯੁੱਧ ਦਾ ਤਰੀਕਾ ਹੈ। ਇਸ ਨੀਤੀ ਵਿਚ ਖੱਬੇ ਸੱਜੇ ਤੋਂ ਸੈਨਾ ਧਾਵਾ ਬੋਲਦੀ ਹੈ ਅਤੇ ਅੱਗੇ ਗੱਡੀਆਂ ਆਦਿ ਖੜ੍ਹੀਆਂ ਕਰ ਕੇ ਰੁਕਾਵਟ ਕੀਤੀ ਹੁੰਦੀ ਹੈ। ਇਸ ਨੂੰ ਉਸ ਦਾ ਯੁੱਧ ਕੌਸ਼ਲ ਮੰਨਣਾ ਚਾਹੀਦਾ ਹੈ। ਜੇ ਅਫਗਾਨ ਸੈਨਾ ਕੋਲ ਅਜਿਹੀ ਮੁਹਾਰਤ ਅਤੇ ਵਧੀਆ ਤੋਪਾਂ ਹੁੰਦੀਆਂ ਤਾਂ ਉਨ੍ਹਾਂ ਨੂੰ ਬਾਬਰ ਹੱਥੋਂ ਹਾਰ ਦਾ ਮੂੰਹ ਨਾ ਵੇਖਣਾ ਪੈਂਦਾ।

ਬਾਬਰ ਦਾ ਨਾਮ ਵਰਤਮਾਨ ਦੌਰ ਵਿਚ ਬਾਬਰੀ ਮਸਜਿਦ ਨਾਲ ਜੁੜ ਗਿਆ ਹੈ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਮਸਜਿਦ ਅਯੁੱਧਿਆ ਵਿਚ ਸ੍ਰੀ ਰਾਮ ਚੰਦਰ ਦੇ ਜਨਮ ਅਸਥਾਨ 'ਤੇ ਬਣੇ ਮੰਦਿਰ ਨੂੰ ਤੋੜ ਕੇ ਬਾਬਰ ਦੇ ਜਰਨੈਲ ਮੀਰ ਬਾਕੀ ਨੇ ਬਣਾਈ ਸੀ। ਇਥੇ ਇਸ ਤੱਥ ਦਾ ਜ਼ਿਕਰ ਕਰਨਾ ਜ਼ਰੂਰੀ ਜਾਪਦਾ ਹੈ ਕਿ ਬਾਬਰ ਨੇ ਆਪਣੀ ਸਵੈ-ਜੀਵਨੀ 'ਚ ਅਜਿਹੀ ਕਿਸੇ ਘਟਨਾ ਦਾ ਜ਼ਿਕਰ ਨਹੀਂ ਕੀਤਾ, ਜਦਕਿ ਉਸ ਨੇ ਫਰਗਾਨਾ ਤੋਂ ਲੈ ਕੇ ਹਿੰਦੁਸਤਾਨ ਤਕ ਆਪਣੀ ਸਾਰੀ ਯਾਤਰਾ ਦੇ ਵੇਰਵੇ ਆਤਮਕਥਾ 'ਚ ਤਫਸੀਲ ਨਾਲ ਦਰਜ ਕੀਤੇ ਹਨ ਅਤੇ ਛੋਟੀਆਂ ਛੋਟੀਆਂ ਗੱਲਾਂ ਦੇ ਵੇਰਵੇ ਵੀ ਦਿੱਤੇ ਹਨ। ਮਿਸਾਲ ਵਜੋਂ ਉਹ ਲਿਖਦਾ ਹੈ: ਫਲਾਣੀ ਥਾਂ 'ਤੇ ਮੈਂ ਸਰਦਾ (ਅਫਗਾਨੀ ਖਰਬੂਜ਼ਾ) ਦੀ ਫਸਲ ਵੇਖੀ, ਫਲਾਣੀ ਥਾਂ 'ਤੇ ਘੋੜੇ ਤੇ ਗਧੇ ਚਰਦੇ ਦੇਖੇ। ਪੰਛੀਆਂ ਪਰਿੰਦਿਆਂ ਤੱਕ ਦਾ ਵੇਰਵਾ ਦਿੱਤਾ ਹੈ। ਇਹ ਵੀ ਲਿਖਿਆ ਹੈ ਕਿ ਪਿਸ਼ਾਵਰ ਦੇ ਬਾਜ਼ਾਰ ਵਿਚੋਂ ਆਪਣੀ ਫੌਜ ਲਈ ਚੌਲ ਖਰੀਦੇ। ਜੇ ਉਸ ਨੇ ਮੰਦਿਰ ਤੋੜ ਕੇ ਬਾਬਰੀ ਮਸਜਿਦ ਬਣਵਾਈ ਹੁੰਦੀ ਤਾਂ ਉਹ ਜ਼ਰੂਰ ਫਖਰ ਨਾਲ ਲਿਖਦਾ।

28 ਨਵੰਬਰ 2010 ਦੇ 'ਟਾਈਮਜ਼ ਆਫ ਇੰਡੀਆ' ਮੁੰਬਈ ਦੀ ਰਿਪੋਰਟ ਮੁਤਾਬਕ ਅਸਲੀ ਬਾਬਰੀ ਮਸਜਿਦ ਪਾਣੀਪਤ (ਹਰਿਆਣਾ) ਵਾਲੀ ਕਾਬੁਲੀ ਬਾਗ ਮਸਜਿਦ ਹੈ ਅਤੇ ਇਹ ਬਾਦਸ਼ਾਹ ਬਾਬਰ ਦੀ ਸ਼ਖਸੀਅਤ ਤੇ ਉਸ ਦੇ ਵਿਚਾਰਾਂ ਮੁਤਾਬਕ ਬਣੀ ਸੀ। ਅਯੁੱਧਿਆ ਵਾਲੀ ਬਾਬਰੀ ਮਸਜਿਦ ਦੀ ਇਮਾਰਤਸਾਜ਼ੀ ਮੁਗਲਾਂ ਤੋਂ ਪਹਿਲਾਂ ਦੀ ਅਤੇ ਮੁਗਲ ਭਵਨ ਨਿਰਮਾਣ ਕਲਾ ਨਾਲੋਂ ਵੱਖਰੀ ਕਿਸਮ ਦੀ ਹੈ। ਪਾਣੀਪਤ ਵਾਲੀ ਬਾਬਰੀ ਮਸਜਿਦ ਦੀ ਬਣਾਵਟ ਮੱਧ ਏਸ਼ੀਆ, ਜਿਸ ਇਲਾਕੇ ਦਾ ਬਾਬਰ ਰਹਿਣ ਵਾਲਾ ਸੀ, ਦੇ ਭਵਨ ਨਿਰਮਾਣ ਦੇ ਅੰਦਾਜ਼ ਨਾਲ ਮੇਲ ਖਾਂਦੀ ਹੈ। ਕਾਬੁਲੀ ਬਾਗ ਵਾਲੀ ਮਸਜਿਦ ਚਾਰਬਾਗ ਦੇ ਨਾਲ ਬਣਾਈ ਗਈ ਸੀ ਜੋ ਬਾਬਰ ਦਾ ਖਾਸ ਸ਼ੌਕ ਸੀ, ਇਸ ਲਈ ਇਹੋ ਅਸਲੀ ਬਾਬਰੀ ਮਸਜਿਦ ਹੈ।

# ਛੁਪਿਆ ਰੁਸਤਮ

***ਦਰਸ਼ਨ ਸਿੰਘ ਅਤੇ ਅਮਰਜੀਤ ਸਿੰਘ (ਅਕਸ), ਹੁਣ ਦੋਵੇਂ ਇਸ ਸੰਸਾਰ ਵਿਚ ਨਹੀਂ। ਇਹ ਲੇਖ ਦਹਾਕਾ ਪਹਿਲਾਂ ਦਾ ਲਿਖਿਆ ਹੋਇਆ ਹੈ, ਪਰ ਇਸ ਵਿਚ ਕੀਤੀਆਂ ਗੱਲਾਂ-ਬਾਤਾਂ ਅੱਜ ਵਾਲੀਆਂ ਜਾਪਦੀਆਂ ਹਨ। ਉਂਜ ਵੀ ਦਰਸ਼ਨ ਸਿੰਘ ਵੱਲੋਂ ਲਿਖਿਆ ਅਤੇ ਉਸ ਬਾਰੇ ਕੀਤੀਆਂ ਗੱਲਾਂ ਬੜੀਆਂ ਦਿਲਚਸਪ ਹਨ। ਉਸ ਵੱਲੋਂ ਰਚੇ ਸਾਹਿਤ ਦਾ ਸਹਿਜ ਅਤੇ ਸਾਦਗੀ ਪਾਠਕ ਨੂੰ ਕੀਲ ਲੈਂਦੇ ਹਨ। ਇਸੇ ਸਾਦਗੀ ਤੇ ਸਹਿਜ ਦਾ ਉਹ ਖੁਦ ਮਾਲਕ ਸੀ। -ਸੰਪਾਦਕ***

'ਮੀਂਹ ਕਣੀ ਦੇ ਦਿਨ' (ਨਾਵਲ) ਅਤੇ 'ਅੱਧ ਚਾਨਣਾ' (ਰੇਖਾ-ਚਿਤਰ) ਵਰਗੀਆਂ ਕਿਤਾਬਾਂ ਲਿਖਣ ਵਾਲੇ ਲੇਖਕ ਦਰਸ਼ਨ ਸਿੰਘ ਨਾਲ ਮੇਰੀ ਜਾਣ-ਪਛਾਣ ਕੋਈ 35 ਵਰ੍ਹੇ ਪੁਰਾਣੀ ਹੈ। ਇਹ ਸਮਾਂ ਕਿਸੇ ਨੂੰ ਨੇੜਿਉਂ ਜਾਣਨ ਤੇ ਮਿੱਤਰਤਾ ਕਰਨ ਲਈ ਕਾਫੀ ਹੁੰਦਾ ਹੈ। 1970 ਦੇ ਲਾਗੇ-ਚਾਗੇ ਦਰਸ਼ਨ ਸਿੰਘ ਨਾਲ ਮੇਰੀ ਮੁਲਾਕਾਤ ਹੋਈ। ਉਹ ਨਵੀਂ ਦਿੱਲੀ ਦੇ 25 ਬਾਰਾਖੰਭਾ ਰੋਡ ਸਥਿਤ ਸੋਵੀਅਤ ਦੂਤਾਵਾਸ ਵਿਚ ਕੰਮ ਕਰਦਾ ਸੀ। ਹੋਰ ਲੇਖਕਾਂ ਵਾਂਗ ਮੈਂ ਵੀ ਉਥੇ ਅਨੁਵਾਦ ਦੇ ਕੰਮ ਲਈ ਜਾਣਾ। ਸੰਪਰਕ ਤਾਂ ਪਹਿਲਾਂ ਮੈਂ ਸਿੱਧਾ ਰੂਸੀ ਡਿਪਲੋਮੈਟ (ਕੌਂਸਲਰ) ਨਾਲ ਕੀਤਾ, ਪਰ ਉਸ ਮੈਨੂੰ ਦਰਸ਼ਨ ਸਿੰਘ ਨਾਲ ਮਿਲ ਦਿਤਾ, ਸਾਰਾ ਕੰਮ ਜੁ ਉਸ ਰਾਹੀਂ ਹੁੰਦਾ ਸੀ। ਇਹ ਸੋਵੀਅਤ ਸੰਘ ਦੇ ਜਾਹੋ-ਜਲਾਲ ਵਾਲੇ ਦਿਨ ਸਨ। ਰੂਸ ਮਣਾਂ-ਮੂੰਹੀਂ ਪ੍ਰਚਾਰ ਸਮੱਗਰੀ ਭਾਰਤੀ ਜ਼ੁਬਾਨਾਂ ਰਾਹੀਂ ਹਿੰਦੁਸਤਾਨ ਵਿਚ ਸੁੱਟ ਰਿਹਾ ਸੀ। ਅਨੇਕਾਂ ਪ੍ਰਕਾਸ਼ਕ ਤੇ ਲੇਖਕ ਹੱਥ ਰੰਗ ਰਹੇ ਸਨ। ਇਥੇ ਉਸ ਸਮੇਂ ਹੋਰ ਵੀ ਅਨੇਕਾਂ ਪੰਜਾਬੀ ਲੇਖਕ ਨੌਕਰੀ ਕਰਦੇ ਸਨ, ਪਰ ਦਰਸ਼ਨ ਸਿੰਘ ਰੂਸੀਆਂ ਦਾ ਚਹੇਤਾ ਸੀ ਤੇ ਦੂਜੇ ਉਸ ਨੂੰ ਉਨ੍ਹਾਂ ਦਾ 'ਅੰਦਰਲਾ ਬੰਦਾ' ਅਤੇ 'ਢਿੱਡ ਵਿਚ ਵੜਿਆ ਹੋਇਆ' ਸਮਝਦੇ ਸਨ। ਸ਼ਾਇਦ ਇਸ ਦਾ ਕਾਰਨ ਇਹ ਸੀ ਕਿ ਉਹ ਇਨ੍ਹਾਂ ਸਭ ਨਾਲੋਂ ਨਾ ਕੇਵਲ ਸੀਨੀਅਰ ਹੀ ਸੀ, ਸਗੋਂ ਰੂਸ ਵੀ ਰਹਿ ਕੇ ਆਇਆ ਸੀ। ਉਸ ਨੇ ਰੂਸੀ ਜ਼ੁਬਾਨ ਹੀ ਨਹੀਂ ਸੀ ਸਿੱਖੀ, ਸਗੋਂ ਉਸ 'ਤੇ ਪੂਰਾ ਆਬੂਰ ਵੀ ਹਾਸਲ ਸੀ। ਰੂਸੀਆਂ ਦੀਆਂ ਨੀਤੀਆਂ ਅਤੇ ਰਣਨੀਤੀਆਂ ਨੂੰ ਪੂਰੀ ਤਰ੍ਹਾਂ ਸਮਝਦਾ ਸੀ। ਬਿਨਾ ਸ਼ਕ, ਇਥੇ ਉਸ ਨੇ ਅਨੇਕਾਂ ਪੰਜਾਬੀ ਲੇਖਕਾਂ ਦੀ ਸੈਟ ਹੋਣ ਵਿਚ ਵੀ ਮਦਦ ਕੀਤੀ।



ਅਮਰਜੀਤ ਸਿੰਘ (ਅਕਸ)

ਇਥੇ ਉਸ ਦੇ ਸਭ ਤੋਂ ਵੱਖ, ਇਕਲਵਾਂਝੇ ਛੋਟੇ ਜਿਹੇ ਕਮਰੇ ਵਿਚ ਕੰਮ ਦੇ ਸਬੰਧ ਵਿਚ ਮੇਰੀ ਮੁਲਾਕਾਤ ਹੋਣੀ। ਆਪਣੇ ਦੁਖ-ਸੁਖ, ਵਿਚਾਰ ਸਾਂਝੇ ਕਰ ਲੈਣੇ। ਉਹਦੇ ਵਾਂਗ ਉਨ੍ਹੀਂ ਦਿਨੀਂ ਮੈਂ ਵੀ ਆਪਣੇ ਮਾਲਕ-ਮਕਾਨ ਨਾਲ ਘਰ ਖਾਲੀ ਕਰਨ ਦੇ ਮੁਕੱਦਮੇ ਵਿਚ ਉਲਝਿਆ ਹੋਇਆ ਸਾਂ। ਉਦੋਂ ਤਕ 'ਅਕਸ' ਛਪਣਾ ਸ਼ੁਰੂ ਹੋ ਚੁਕਾ ਸੀ। ਉਸ 'ਅਕਸ' ਸਬੰਧੀ ਕਈ ਸੁਝਾਅ ਦੇਣੇ। ਫਿਰ ਕਦੀ ਕਦਾਈਂ ਉਸ ਦੇ ਸਾਊਥ ਐਕਸਟੈਂਸ਼ਨ ਵਾਲੇ ਘਰ ਚਲੇ ਜਾਣਾ। ਆਪਣੇ ਕੰਮ ਸਬੰਧੀ ਗੱਲਾਂ ਕਰਨੀਆਂ। ਉਸ ਨੇ ਨਵੀਆਂ ਨਵੀਆਂ ਵਿਉਂਤਾਂ ਸੁਝਾਉਣੀਆਂ।

ਫਿਰ ਜਦੋਂ ਸੋਵੀਅਤ ਸੰਘ ਦਾ ਸ਼ੀਰਾਜਾ ਬਿਖਰ ਗਿਆ, ਸੋਵੀਅਤ ਸੰਘ ਕਈ ਟੁਕੜਿਆਂ ਵਿਚ ਵੰਡਿਆ ਗਿਆ, ਸੋਵੀਅਤ ਦੂਤਾਵਾਸ ਦਾ ਸੂਚਨਾ ਕੇਂਦਰ ਬੰਦ ਹੋ ਗਿਆ ਤਾਂ ਸਭ ਖਿੰਡ-ਪੁੰਡ ਗਏ। ਸਟਾਫ ਦੇ ਕਾਫੀ ਲੋਕਾਂ ਨੇ ਹੁਣ ਤਕ ਆਪਣੇ ਆਪ ਨੂੰ ਸੈਟ ਕਰ ਲਿਆ ਹੋਇਆ ਸੀ, ਬੱਚੇ ਰੂਸ ਤੋਂ ਪੜ੍ਹਾ ਲਏ ਸਨ। ਦਰਸ਼ਨ ਸਿੰਘ ਤਾਂ ਸ਼ਾਇਦ ਪਹਿਲਾਂ ਹੀ ਰਿਟਾਇਰ ਹੋ ਚੁਕਾ ਸੀ ਤੇ ਅੱਜ ਵਾਲੇ ਆਪਣੇ ਗਰੇਟਰ ਕੈਲਾਸ਼ ਵਾਲੇ ਘਰ ਵਿਚ ਰਹਿ ਰਿਹਾ ਸੀ।

ਆਪਣੇ ਰੂਸ ਰਹਿਣ ਅਤੇ ਸੋਵੀਅਤ ਸੂਚਨਾ ਕੇਂਦਰ ਦੀ ਨੌਕਰੀ ਦੌਰਾਨ ਉਸ ਰੂਸੀ ਸਾਹਿਤ ਦੀਆਂ ਸ਼ਾਹਕਾਰ ਰਚਨਾਵਾਂ 'ਕਪਤਾਨ ਦੀ ਧੀ' (ਪੁਸ਼ਕਿਨ), 'ਕੱਸਾਕ' (ਤਾਲਸਤਾਏ), 'ਤਿੰਨ ਵਰ੍ਹੇ' (ਚੈਖਵ), 'ਪਿਉ-ਪੁੱਤਰ' (ਤੁਰਗਨੇਵ), 'ਚਿੱਟੀਆਂ ਰਾਤਾਂ' (ਦੋਸਤੋਏਵਸਕੀ) ਪੰਜਾਬ ਵਿਚ ਅਨੁਵਾਦ ਕੀਤੀਆਂ। ਇਹ ਨਾਵਲ ਏਨੀ ਖੂਬਸੂਰਤ ਤੇ ਸਰਲ ਬੋਲੀ ਵਿਚ ਅਨੁਵਾਦ ਹੋਏ ਹਨ ਕਿ ਬਿਲਕੁਲ ਮੂਲ ਰਚਨਾ ਜਿੰਨੀ ਸੰਤੁਸ਼ਟੀ ਤੇ ਰੱਜ ਦਿੰਦੇ ਹਨ। ਉਸ ਦੀ ਅਨੁਵਾਦ ਉਤੇ ਮੂਲ ਭਾਸ਼ਾ ਜਿਹੀ ਪੂਰੀ ਪਕੜ ਹੋਣ ਪਿਛੇ ਵੀ ਰਾਜ਼ ਹੈ। ਉਹਦੇ ਰੂਸ ਰਹਿੰਦਿਆਂ ਇਹ ਸਭ ਕਿਤਾਬਾਂ ਰੂਸ ਵਿਚ ਹੀ ਪੰਜਾਬੀ ਵਿਚ ਛਪੀਆਂ ਸਨ ਤੇ ਪ੍ਰੀ-ਪ੍ਰੈਸ ਅਤੇ ਪੋਸਟ-ਪ੍ਰੈਸ ਦਾ ਸਾਰਾ ਕੰਮ ਰੂਸੀਆਂ ਨੇ, ਪੰਜਾਬੀ ਨਾ ਆਉਣ ਦੇ ਬਾਵਜੂਦ, ਖੂਬਸੂਰਤੀ ਨਾਲ ਸਿਰੇ ਚਾੜ੍ਹਿਆ। ਇਸ ਦਾ ਦਿਲਚਸਪ ਵੇਰਵਾ ਉਸ ਦੇ ਲੇਖ 'ਚੁਪ ਦਾ ਭੰਡਾਰੀ: ਕੋਸਤਿਆ ਮੁਮਰੀਕਿਨ' ਵਿਚ ਮਿਲਦਾ ਹੈ:

ਮੈਂ ਕੋਸਤੀਏ ਨੂੰ ਪੁਛਿਆ, "ਇਹ ਪਰੂਫ ਕਿਵੇਂ ਪੜ੍ਹੇਗੀ... ਇਹਨੂੰ ਤਾਂ ਜ਼ਬਾਨ ਹੀ ਨਹੀਂ ਆਉਂਦੀ...?" ਕੋਸਤੀਏ ਨੇ ਕਿਹਾ, "ਬੜੇ ਆਰਾਮ ਨਾਲ ਪੜ੍ਹੇਗੀ।" ਫੇਰ ਉਹਨੇ ਮੈਨੂੰ ਸਾਰੀ ਵਿਧੀ ਸਮਝਾਈ, "ਪਹਿਲੇ ਤੂੰ ਅਨੁਵਾਦ ਕਰ ਕੇ, ਸਾਫ-ਸਾਫ ਲਿਖ ਕੇ ਸਾਨੂੰ ਦੇਵੇਂਗਾ। ਉਹਨੂੰ ਨਤਾਸ਼ਾ ਬਹੁਤ ਖੁੱਲ੍ਹੀਆਂ ਲੀਕਾਂ ਵਾਲੇ ਕਾਗਜ਼ ਤੇ ਮੋਟੇ-ਮੋਟੇ ਅੱਖਰਾਂ ਵਿਚ ਉਤਾਰੇਗੀ। ਤੇਰੇ ਇਕ ਸਫੇ ਤੇ ਅੱਠ-ਦਸ ਸਫੇ ਬਣ ਜਾਣਗੇ। ਫਿਰ ਇਹ ਸਫੇ ਤੈਨੂੰ ਪੜ੍ਹਨ ਤੇ ਸੋਧਣ ਲਈ ਦਿੱਤੇ ਜਾਣਗੇ। ਤੂੰ ਉਨ੍ਹਾਂ ਦੀ ਪੈਨਸਿਲ ਨਾਲ ਸੁਧਾਈ ਕਰੇਂਗਾ। ਨਤਾਸ਼ਾ ਫਿਰ ਇਨ੍ਹਾਂ ਗਲਤੀਆਂ ਨੂੰ ਸਿਆਹੀ ਨਾਲ ਠੀਕ ਕਰੇਗੀ। ਫਿਰ ਇਹ ਸਫੇ ਮੈਂ ਪੜ੍ਹਾਂਗਾ ਤੇ ਉਨ੍ਹਾਂ ਨੂੰ ਰੂਸੀ ਮੂਲ ਨਾਲ ਜਾਚਾਂਗਾ ਤੇ ਜਿਥੇ ਕਿਤੇ ਫਰਕ ਲੱਗਿਆ, ਪੈਨਸਿਲ ਨਾਲ ਨਿਸ਼ਾਨ ਲਾਵਾਂਗਾ। ਫਿਰ ਇਹ ਨਿਸ਼ਾਨ ਮੈਂ ਤੇਰੇ ਨਾਲ ਬਹਿ ਕੇ ਵਿਚਾਰਾਂਗਾ ਤੇ ਪੈਨਸਿਲ ਨਾਲ ਸੋਧਾਂਗਾ। ਨਤਾਸ਼ਾ ਫਿਰ ਇਹ ਗਲਤੀਆਂ ਸਿਆਹੀ ਨਾਲ ਲਾਏਗੀ। ਹੁਣ ਇਨ੍ਹਾਂ ਮੋਟੇ ਅੱਖਰਾਂ ਵਾਲੇ ਸਫਿਆਂ ਨੂੰ ਮੈਂ ਇਕ ਵਾਰੀ ਫੇਰ ਪੜ੍ਹਾਂਗਾ ਤੇ ਅਖੀਰ ਇਹ ਸਾਡੇ ਛਾਪੇ ਜਾਣ ਵਾਲਾ ਮਸੌਦਾ ਬਣ ਜਾਣਗੇ। ਸਾਡੇ ਛਾਪੇਖਾਨੇ ਵਾਲਿਆਂ ਨੂੰ ਵੀ ਪੰਜਾਬੀ ਨਹੀਂ ਆਉਂਦੀ। ਉਨ੍ਹਾਂ ਇੰਗਲੈਂਡ ਤੋਂ ਕਲਮਾਂ ਮੰਗਵਾਈਆਂ ਹੋਈਆਂ ਨੇ ਤੇ ਟਾਈਪ ਢਾਲਿਆ ਹੋਇਆ ਏ। ਉਹ ਇਨ੍ਹਾਂ ਸਫਿਆਂ ਨੂੰ ਸਾਹਮਣੇ ਰੱਖ ਕੇ ਕੰਪੋਜ਼ ਕਰਨਗੇ ਤੇ ਪਰੂਫ ਕੱਢ ਕੇ ਸਾਨੂੰ ਦੇਣਗੇ। ਇਹ ਪਰੂਫ ਪਹਿਲੋਂ ਨਤਾਸ਼ਾ ਤੇ ਫਿਰ ਵਿਤਾਲੀ, ਤੇ ਫੇਰ ਮੈਂ ਪੜ੍ਹਾਂਗਾ। ਦੂਜੇ ਪਰੂਫ ਤੈਨੂੰ ਪੜ੍ਹਨ ਲਈ ਦਿੱਤੇ ਜਾਣਗੇ। ਗਲਤੀਆਂ ਲੱਗਣਗੀਆਂ। ਤੀਜੇ ਪਰੂਫ ਮੈਂ ਪੜ੍ਹਾਂਗਾ ਤੇ ਫਿਰ ਕਿਤਾਬ ਛਪ ਜਾਏਗੀ। ਹਰ ਕਿਤਾਬ ਦਾ ਆਰਟ-ਵਰਕ, ਚਿੱਤਰ ਪਹਿਲੋਂ ਹੀ ਤਿਆਰ ਹੁੰਦੇ ਨੇ, ਸਾਡੇ ਵੱਖ-ਵੱਖ ਕਲਾਕਾਰਾਂ ਦੇ ਬਣਾਏ ਹੋਏ। ਅਸੀਂ ਵੀ ਉਹੀਓ ਵਰਤ ਲਵਾਂਗੇ। ਇਸ ਤਰ੍ਹਾਂ ਅਸੀਂ ਕਿਤਾਬ ਪੰਜਾਬੀ ਵਿਚ ਛਾਪ ਲੈਂਦੇ ਹਾਂ, ਭਾਵੇਂ ਸਾਨੂੰ ਪੰਜਾਬੀ ਆਉਂਦੀ ਨਹੀਂ...।"

24 ਫਰਵਰੀ 1928 ਨੂੰ ਸਾਂਗਲਾ ਹਿਲ ਪਾਕਿਸਤਾਨ ਵਿਚ ਜੰਮਿਆ, ਗੌਰਮਿੰਟ ਕਾਲਜ ਲਾਹੌਰ ਤੇ ਫਿਰ ਰੋਹਤਕ ਪੜ੍ਹਿਆ ਅਤੇ ਵੰਡ ਤੋਂ ਬਾਅਦ ਦੀ ਦਿੱਲੀ ਦਾ ਗੁੜ੍ਹਿਆ ਸਾਡਾ ਇਹ ਛੁਪਿਆ ਰੁਸਤਮ ਲੇਖਕਾਂ ਦੀ ਹਰ ਪੀੜ੍ਹੀ ਦੇ ਸੰਗ ਵਿਚਰਿਆ ਹੈ। ਜੇ ਕੋਈ ਮੇਰੇ ਵਰਗਾ ਇਹੋ ਜਿਹੇ ਚਾਰ ਬੰਦਿਆਂ ਵਿਚ ਬੈਠਾ ਇਨ੍ਹਾਂ ਦੀਆਂ ਗੱਲਾਂ ਸੁਣ, ਮਾਣ ਰਿਹਾ ਹੋਵੇ ਤਾਂ ਉਨ੍ਹਾਂ ਵਿਚੋਂ ਕੋਈ ਇਹ ਕਹਿ ਦੇਵੇ ਕਿ 'ਕਾਕਾ ਬੱਲੀ, ਤੂੰ ਤਾਂ ਅਜੇ ਜੰਮਿਆ ਵੀ ਨਹੀਂ ਹੋਣਾ' ਜਾਂ 'ਡਡਿਆ ਤੂੰ ਅਜੇ ਗਲੀਆਂ 'ਚ ਬਾਂਟੇ ਖੇਡਦਾ ਹੋਵੇਂਗਾ' ਤਾਂ ਕੋਈ ਵੱਡੀ ਗੱਲ ਨਹੀਂ।

ਵੰਡ ਤੋਂ ਬਾਅਦ ਦੇ ਪੰਜਾਬ ਦੇ ਸਮੇਂ, ਖਾਸ ਕਰ ਸਾਹਿਤਕ ਹਲਚਲ ਅਤੇ ਦ੍ਰਿਸ਼ ਦੀ ਜੋ ਖ਼ੂਬਸੂਰਤ ਪੇਸ਼ਕਾਰੀ ਉਹ ਕਰਦਾ ਹੈ, ਉਹ ਸਾਡੇ ਸਾਹਿਤ ਵਿਚ ਵਿਰਲੀ ਹੀ ਵੇਖਣ ਨੂੰ ਮਿਲਦੀ ਹੈ:

"ਬਾਕੀ ਪੰਜਾਬੀਆ ਵਾਂਗ ਲੇਖਕ ਵੀ ਆਪਣੇ ਆਪ ਨੂੰ ਫੇਰ ਪੈਰੀਂ ਖੜ੍ਹੇ ਕਰਨ ਦੇ ਯਤਨਾਂ ਵਿਚ ਸਨ। ਅੰਦਰ ਉਨ੍ਹਾਂ ਦੇ ਹਲਚਲ ਸੀ ਤੇ ਉਨ੍ਹਾਂ ਦੀਆਂ ਕਲਮਾਂ ਦੀ ਸਿਆਹੀ ਡੁੱਲ੍ਹ ਡੁੱਲ੍ਹ ਪੈ ਰਹੀ ਸੀ। ਰਚਨਾ ਦੀ ਕਾਂਗ ਚੜ੍ਹੀ ਹੋਈ ਸੀ। ਅਜੀਬ ਤਰ੍ਹਾਂ ਦੀ ਸਿਰਜਣਾਤਮਕ ਹਰਫਲ ਸੀ। ਥਾਂ-ਥਾਂ ਨਵੇਂ ਲੇਖਕ ਪੁੰਗਰ ਰਹੇ ਸਨ। ਪੁਰਾਣੇ ਲੇਖਕਾਂ ਨੂੰ ਵੀ ਨਵਾਂ ਸਾਹ ਆਇਆ ਲਗਦਾ ਸੀ। ਨਵੇਂ ਰਸਾਲੇ ਨਿਕਲ ਰਹੇ ਸਨ ਤੇ ਪ੍ਰਕਾਸ਼ਨ-ਗ੍ਰਿਹ ਕਾਇਮ ਹੋ ਰਹੇ ਸਨ।

ਇਸ ਸਮੇਂ ਵਿਚ ਜਦੋਂ ਲਿਖਣ ਵਾਲਿਆਂ ਨੇ ਲਿਖਿਆ, ਅਲੇਖਕ ਤੇ ਲੇਖਕ-ਨੁਮਾ ਪ੍ਰਬੰਧ-ਰਸੀਏ ਲੋਕਾਂ ਨੇ ਸਾਹਿਤ ਸਭਾਵਾਂ ਕਾਇਮ ਕਰਨ ਦਾ ਕਾਜ ਅਰੰਭਿਆ। ਹਰ ਜ਼ਿਲ੍ਹੇ, ਹਰ ਸ਼ਹਿਰ, ਹਰ ਕਸਬੇ ਤੇ ਹਰ ਪਿੰਡ ਵਿਚ ਸਾਹਿਤ ਸਭਾਵਾਂ ਬਣਨੀਆਂ ਸ਼ੁਰੂ ਹੋ ਗਈਆਂ। ਲਗਦਾ ਸੀ, ਪੰਜਾਬ ਵਿਚ ਝੋਨੇ ਤੇ ਕਣਕਾਂ ਦੀਆਂ ਫਸਲਾਂ ਦੇ ਭਰਪੂਰ ਹੋਣ ਦੇ ਨਾਲ ਨਾਲ ਲੇਖਕਾਂ ਦਾ ਝਾੜ ਵੀ ਵਧ ਗਿਆ ਹੈ। ਅਗਾਂਹ-ਵਧੂ ਲੇਖਕ ਤੇ ਉਨ੍ਹਾਂ ਦੇ ਸਿਆਸੀ ਆਗੂ ਇਨ੍ਹਾਂ ਬੇ-ਬਹਾਰੀਆਂ ਖੁੰਬਾਂ ਦੇ ਉਗਣ 'ਤੇ ਬਹੁਤ ਖੁਸ਼ ਸਨ ਤੇ ਉਨ੍ਹਾਂ ਨੂੰ ਆਪਣੀ ਲਹਿਰ 'ਚ ਵਾਧਾ ਸਮਝਦੇ ਸਨ। ਉਸ ਵੇਲੇ ਕਿਸੇ ਨੇ ਘੱਟ ਹੀ ਸੋਚਿਆ ਸੀ ਕਿ ਚੰਗਾ ਲਿਖਣ ਲਈ ਲੇਖਕ ਕੋਲ ਵਿਸ਼ਾਲ ਜਥੇਬੰਦੀ ਹੋਣੀ ਜ਼ਰੂਰੀ ਨਹੀਂ। ਰਚਨਾ ਦੀ ਕ੍ਰਿਆ ਖਾਸ ਕਿਸਮ ਦੀ ਅਟੰਕਤਾ ਤੇ ਇਕਾਗਰਤਾ ਦੀ ਮੰਗ ਕਰਦੀ ਏ।"

ਇਸੇ ਤਰ੍ਹਾਂ ਉਹਨੇ ਸਮੇਂ ਸਮੇਂ ਉਠੀਆਂ ਕਮਿਊਨਿਸਟ ਲਹਿਰਾਂ, ਸਾਹਿਤ ਸਭਾਵਾਂ ਦੀਆਂ ਸਰਗਰਮੀਆਂ ਤੇ ਕਾਰਜ-ਸ਼ੈਲੀ ਨੂੰ ਨੇੜਿਉਂ ਵੇਖਿਆ ਤੇ ਕਈਆਂ ਨੂੰ ਦੂਰੋਂ ਦੂਰੋਂ ਵੀ:

"ਸਾਡੀਆਂ ਮੀਟਿੰਗਾਂ ਵਿਚ ਗਰਮਾ-ਗਰਮ ਬਹਿਸਾਂ ਹੁੰਦੀਆਂ। ਹਰ ਰਚਨਾ ਦਾ ਜਾਇਜ਼ਾ ਉਸ ਸਮੇਂ ਦੇ ਕਮਿਊਨਿਸਟ ਟੀਚਿਆਂ ਅਨੁਸਾਰ ਲਿਆ ਜਾਂਦਾ। ਮਾਪ ਮੋਟਾ ਹੁੰਦਾ। ਸਿਰਫ ਇਹ ਵੇਖਿਆ ਜਾਂਦਾ, ਵਿਚਾਰ-ਗੋਚਰੀ ਰਚਨਾ ਕਿਰਤੀ-ਕਿਸਾਨਾਂ ਦੇ ਘੋਲ ਨੂੰ ਅੱਗੇ ਖੜ੍ਹਦੀ ਸੀ ਕਿ ਨਹੀਂ। ਇੰਜ ਜਿਵੇਂ ਇਹ ਘੋਲ ਵਾਧੇ ਪੈਣ ਤੋਂ ਪਹਿਲਾਂ ਬਸ ਇਸ ਰਚਨਾ ਦੀ ਹੀ ਉਡੀਕ ਕਰ ਰਿਹਾ ਹੋਵੇ। ਹਰ ਰਚਨਾ ਗੋਰਕੀ ਦੇ ਨਾਵਲ 'ਮਾਂ' ਦੇ ਛਾਬੇ ਵਿਚ ਤੋਲੀ ਜਾਂਦੀ ਸੀ। ਉਸ ਤੋਂ ਆਸ ਕੀਤੀ ਜਾਂਦੀ, ਹਰ ਕੋਈ ਸੁਨੇਹਾ ਦੇਵੇ, ਜੋ ਸਾਫ-ਸਿੱਧਾ ਤੇ ਸਪਸ਼ਟ ਹੋਵੇ। ਸਾਡੀ ਬਹਿਸ 'ਚ ਹਰ ਰਚਨਾ ਦੇ ਬਖੀਏ ਉਧੇੜ ਦਿੱਤੇ ਜਾਂਦੇ। ਉਹਦੇ ਇਕ ਇਕ ਪੱਖ ਨੂੰ ਇੰਜ ਨਿੰਦਿਆ ਜਾਂਦਾ, ਜਿਵੇਂ ਲਿਖਣ ਵਾਲੇ ਨੂੰ ਲਿਖਣਾ ਆਉਂਦਾ ਹੀ ਨਾ ਹੋਵੇ। ਜਿਵੇਂ ਉਹ ਕਿਤੋਂ ਘਾਹ ਖੋਤਰਦਾ ਆ ਗਿਆ ਹੋਵੇ ਤੇ ਉਸ ਖੁਰਪੀ ਛੱਡ ਕਲਮ ਫੜ੍ਹ ਲਈ ਹੋਵੇ। ਰਚਨਾਕਾਰ ਦਾ ਨੁਕਤਾਚੀਨੀ ਸੁਣ ਮੂੰਹ ਲਹਿ ਜਾਂਦਾ। ਉਹਨੂੰ ਸੰਸਾ ਹੋਣ ਲਗਦਾ, ਉਹਨੂੰ ਲਿਖਣ-ਲਿਖਾਣ 'ਚ ਪੈਣਾ ਵੀ ਚਾਹੀਦਾ ਸੀ ਕਿ ਨਹੀਂ। ਪਰ ਸਾਡੀ ਸਭਾ 'ਚ ਆਉਣ ਵਾਲੇ ਲੇਖਕ ਸੂਰਮੇ ਸਨ ਤੇ ਉਹ ਹਾਰ ਨਹੀਂ ਸਨ ਮੰਨਦੇ। ਜਦੋਂ ਕਦੀ ਵੀ ਉਹ ਕੁਝ ਹੋਰ ਲਿਖ ਲੈਂਦੇ, ਘਬਰਾਉਂਦੇ ਨਾ ਤੇ ਉਹਨੂੰ ਚੀਰ-ਫਾੜ ਲਈ ਫੇਰ ਸਭਾ ਅੱਗੇ ਲਿਆ ਧਰਦੇ।"

ਜਦੋਂ ਦਾ ਮੈਂ ਦਰਸ਼ਨ ਸਿੰਘ ਨੂੰ ਜਾਣਦਾ ਹਾਂ ਉਹ ਆਪਣੇ ਤੋਂ ਹਰ ਛੋਟੇ ਨੂੰ 'ਤੁਸੀਂ' ਹੀ ਕਹਿੰਦਾ। ਕਹਿ ਨਹੀਂ ਸਕਦਾ, ਇਹ ਭਾਪਾ ਜੀ ਦੀ ਸੋਹਬਤ ਕਰ ਕੇ ਹੈ ਜਾਂ ਸ. ਗੁਰਬਖ਼ਸ਼ ਜੀ ਦੀ 'ਸੰਪੂਰਨ ਸ਼ਖ਼ਸੀਅਤ' ਦਾ ਪ੍ਰਭਾਵ।

ਉਹ ਸੁਭਾਅ ਵਜੋਂ ਬਹੁਤ ਘੱਟ ਬੋਲਣ ਵਾਲਾ ਹੈ। ਉਹ ਛੋਟੇ ਛੋਟੇ ਸ਼ਬਦਾਂ ਵਿਚ ਗਲ ਕਰੇਗਾ: 'ਦੱਸੋ', 'ਹਾਂ ਜੀ', 'ਨਹੀਂ', 'ਤੁਸੀਂ ਵੇਖ ਲਉ'। ਉਸ ਨੇ ਵੇਖਿਆ, ਜਾਣਿਆ ਸਭ ਨੂੰ ਹੈ, ਪਰ ਉਹ ਉਸ ਤਰ੍ਹਾਂ 'ਸੋਸ਼ਲ' ਨਹੀਂ ਜਿਸ ਤਰ੍ਹਾਂ ਬਹੁਤੇ ਲੇਖਕ ਹੁੰਦੇ ਹਨ। ਉਹ ਕਦੇ ਠਹਾਕਾ ਮਾਰ ਕੇ ਜਾਂ ਫੂਹੜ ਹਾਸਾ ਨਹੀਂ ਹੱਸੇਗਾ, ਨਾ ਕਿਸੇ ਨੂੰ ਟਿਚਰ ਕਰੇਗਾ। ਤੇ ਨਾ ਹੀ ਉਹ ਕਿਸੇ ਨੂੰ 'ਦਿਲੋਂ-ਜਾਨ' ਨਾਲ ਮੁਹੱਬਤ ਦਰਸਾਏਗਾ, ਪਰ ਇਸ ਸਭ ਦੇ ਬਾਵਜੂਦ ਉਹ ਭਰਿਆ-ਭਰੂਤਾ ਤੁਹਾਨੂੰ ਚੰਗਾ ਲਗਦਾ ਹੈ।

ਉਸ ਦੀਆਂ ਕਿਤਾਬਾਂ ਪੜ੍ਹ ਕੇ ਇਹ ਨਿਰਣਾ ਕਰਨਾ ਔਖਾ ਲਗਦਾ ਹੈ ਕਿ ਉਹਨੂੰ ਲੇਖਕਾਂ ਦੀ ਕਿਹੜੀ ਪਾਲ ਵਿਚ ਖੜ੍ਹਾ ਕੀਤਾ ਜਾਵੇ, ਦੁੱਗਲ, ਗਾਰਗੀ, ਮਹਿੰਦਰ ਸਿੰਘ ਸਰਨਾ, ਡਾ. ਹਰਿਭਜਨ ਸਿੰਘ, ਸੰਤੋਖ ਸਿੰਘ ਧੀਰ ਜਾਂ ਨਵਤੇਜ ਦੀ ਪਾਲ ਵਿਚ। ਉਹ ਇਨ੍ਹਾਂ ਸਭ ਵਿਚਕਾਰ ਖੜ੍ਹਾ ਵੀ ਵਖਰਾ ਨਜ਼ਰ ਆਉਂਦਾ ਹੈ। ਉਸ ਨੂੰ ਉਰਦੂ-ਫਾਰਸੀ ਤੇ ਕਈ ਹੋਰ ਭਾਸ਼ਾਵਾਂ 'ਤੇ ਪੂਰੀ ਪਕੜ ਹਾਸਲ ਹੈ। ਉਸ ਦੀ ਜ਼ੁਬਾਨ ਦੀ ਖੂਬਸੂਰਤੀ ਇਸ ਗੱਲ ਵਿਚ ਹੈ ਕਿ ਉਸ ਦੀ ਪੰਜਾਬੀ ਅੱਜ ਲਿਖੀ ਜਾ ਰਹੀ ਪੰਜਾਬੀ ਤਾਂ ਬਿਲਕੁਲ ਹੀ ਨਹੀਂ। ਉਹ ਸਾਂਝੇ ਪੰਜਾਬ ਦੀ ਕੇਂਦਰੀ ਬੋਲੀ 'ਚ ਲਿਖਦਾ ਹੈ। ਇਹ ਉਹ ਬੋਲੀ ਹੈ ਜਿਸ ਨੂੰ ਪੜ੍ਹਨ ਲਈ ਅਸੀਂ ਤਰਸਦੇ ਹਾਂ।

ਉਹਦੇ ਕੋਲ ਇਕੋ ਸਮੇਂ ਕਈ ਬੋਲੀਆਂ ਦਾ ਅਮੀਰ ਤੇ ਵੰਨ-ਸੁਵੰਨਾ ਸ਼ਬਦ ਭੰਡਾਰ ਹੈ ਜਿਸ ਵਿਚੋਂ ਉਹ ਖੂਬਸੂਰਤ ਸ਼ਬਦਾਂ ਨੂੰ ਠੇਠ ਪੰਜਾਬੀ ਮੁਹਾਵਰੇ ਵਿਚ ਵਰਤਦਾ ਹੈ। ਉਸ ਕੋਲ ਅਕਸਰ ਜੋ ਕਿਸੇ ਵੀ ਲਿਖਾਰੀ ਲਈ ਰਾਹ-ਦਸੇਰਾ ਬਣ ਸਕਦਾ ਹੈ:

"ਇਸ ਲਿਖਤ ਨੂੰ ਕਲਮੋਂ ਕੱਢਣ ਤੋਂ ਪਹਿਲਾਂ ਮੈਂ ਪ੍ਰੀਤ ਨਗਰ ਮਹਿੰਦਰ ਨੂੰ ਫੋਨ ਕਰ ਕੇ ਨਵਤੇਜ ਦੀਆਂ ਸਾਰੀਆਂ ਕਿਤਾਬਾਂ ਮੁੜ ਪੜ੍ਹਨ ਲਈ ਮੰਗਵਾਈਆਂ। ਉਹਦੀਆਂ ਕਿਤਾਬਾਂ ਉਸ ਦੇ ਆਪਣੇ ਘਰੋਂ ਵੀ ਨਾ ਨਿਕਲੀਆਂ। ਉਹਦੀ ਅਖੀਰਲੀ ਕਿਤਾਬ 'ਭਾਈਆਂ ਬਾਝ' ਮੈਨੂੰ ਭਾਪਾ ਪ੍ਰੀਤਮ ਸਿੰਘ ਦੇ ਗੁਦਾਮ ਵਿਚ ਕਿਤਾਬਾਂ ਦੇ ਕਿਸੇ ਬੋਹਲ 'ਚੋਂ ਲੱਭੀ। ਉਸੇ ਸਮੇਂ ਹੀ ਮੈਂ ਨੋਬਲ ਇਨਾਮ-ਜੇਤੂ ਕੋਲੰਬੀਅਨ ਲੇਖਕ ਗੈਬਰੀਅਲ ਗਾਰਸ਼ੀਆ ਮਾਰਕੁਏਜ਼ ਦਾ ਕਹਾਣੀ ਸੰਗ੍ਰਿਹ 'ਅਨੋਖੇ ਯਾਤਰੂ' ਪੜ੍ਹ ਰਿਹਾ ਸਾਂ। ਇਸ ਸੰਗ੍ਰਿਹ ਦੀ ਆਦਿਕਾ ਵਿਚ ਲੇਖਕ ਨੇ ਆਪਣੀਆਂ ਕਹਾਣੀਆਂ ਦੇ ਲਿਖੇ ਜਾਣ ਦਾ ਪਿਛੋਕੜ ਦਿੱਤਾ ਸੀ। ਕਹਾਣੀਆਂ ਕਿੰਨੇ ਹੀ ਵਰ੍ਹੇ ਅਣ-ਲਿਖੀਆਂ, ਥਾਂ-ਥਾਂ ਝਰੀਟੇ ਨੋਟਾਂ ਤੇ ਟੂਕਾਂ ਦੀ ਸ਼ਕਲ ਵਿਚ ਉਹਦੇ ਨਾਲ ਰਹੀਆਂ। ਉਹ ਕਈ ਵਾਰੀ ਗੁਆਚੀਆਂ ਤੇ ਕਈ ਵਾਰੀ ਲੱਭੀਆਂ। ਇਸ ਤਰ੍ਹਾਂ ਸੰਗ੍ਰਿਹ ਦੀਆਂ ਕੁਲ ਬਾਰਾਂ ਕਹਾਣੀਆਂ ਲੇਖਕ ਨੇ ਅਠਾਰਾਂ ਵਰ੍ਹਿਆਂ ਵਿਚ ਮੁਕਾਈਆਂ। ਜਦੋਂ ਉਹਨੇ ਲਿਖ ਲਈਆਂ, ਉਹਨੂੰ ਖਿਆਲ ਆਇਆ, ਇਹ ਕਹਾਣੀਆਂ ਬਾਰਸੇਲੋਨਾ, ਪੈਰਿਸ, ਜਨੇਵਾ ਤੇ ਰੋਮ ਜਿਹੜੇ ਯੂਰਪੀ ਸ਼ਹਿਰਾਂ 'ਚ ਘਟੀਆਂ ਸਨ, ਇਹ ਸ਼ਹਿਰ ਤਾਂ ਇਨ੍ਹਾਂ ਬਾਰਾਂ ਵਰ੍ਹਿਆਂ 'ਚ ਉਵੇਂ ਨਹੀਂ ਰਹੇ ਹੋਣੇ, ਜਿਵੇਂ ਉਹ ਕਹਾਣੀਆਂ ਵਿਚ ਚਿਤਰੇ ਗਏ ਸਨ। ਇਹ ਸੰਸਾ ਦੂਰ ਕਰਨ ਲਈ ਉਹ ਫੇਰ ਇਹ ਸ਼ਹਿਰ ਵੇਖਣ ਨਿਕਲ ਪਿਆ ਤੇ ਉਹਨੇ ਸੰਗ੍ਰਿਹ ਦਾ ਖਰੜਾ ਪ੍ਰਕਾਸ਼ਕਾਂ ਨੂੰ ਉਦੋਂ ਹੀ ਸੌਂਪਿਆ, ਜਦੋਂ ਉਹਨੇ ਸ਼ਹਿਰਾਂ ਦੇ ਅਸਲ ਤੇ ਰਚਿਤ ਵੇਰਵੇ ਨੂੰ ਤਸੱਲੀ ਨਾਲ ਮੇਲ ਲਿਆ।

ਏਸੇ ਹੀ ਆਦਿਕਾ ਵਿਚ ਗਾਰਸ਼ੀਆ ਨੇ ਕਿਤੇ ਕਦੀ ਪਹਿਲੋਂ ਪੜ੍ਹਿਆ-ਸੁਣਿਆ ਚੇਤੇ ਕਰਦਿਆਂ



ਦਰਸ਼ਨ ਸਿੰਘ

***ਦਰਸ਼ਨ ਸਿੰਘ ਵੰਡ ਤੋਂ ਪਹਿਲਾਂ ਤੇ ਬਾਅਦ ਦੇ ਲੇਖਕਾਂ ਦੇ ਹਰ ਪੂਰ ਸੰਗ ਵਿਚਰਿਆ ਹੈ। ਉਹਦੇ ਜਾਨਣ ਵਾਲਿਆਂ ਵਿਚ ਹਨ: ਦੁਪਾਸਿਉਂ ਬਲਦੀ ਮਹਿਤਾਬੀ ਅਜੀਬ ਕੌਰ, ਮਾਰੂਥਲਾਂ ਦਾ ਪੰਛੀ ਪਿਆਰਾ ਸਿੰਘ ਸਹਿਰਾਈ, ਅੱਧ ਚੜ੍ਹਿਆ ਚੰਨ ਨਵਤੇਜ ਸਿੰਘ, ਮੋਤੀਆਂ ਵਾਲੀ ਸਰਕਾਰ ਭਾਪਾ ਪ੍ਰੀਤਮ ਸਿੰਘ। ਤੇ ਇਹ ਵੀ ਹਨ: ਬੁਲਾਰ ਲੇਖਣੀ ਬਲਵੰਤ ਗਾਰਗੀ, ਪੰਜਾਬੀ ਕਵਿਤਾ ਦਾ ਬੀਰਬਲ ਤਾਰਾ ਸਿੰਘ, ਸਾਧਾਰਨ 'ਚ ਅਸਾਧਾਰਨ ਹਰਿਭਜਨ ਸਿੰਘ, ਜ਼ਿੰਦਾ ਸ਼ਹੀਦ ਈਸ਼ਵਰ ਚਿੱਤਰਕਾਰ, ਪਹਿਲਾ ਪਾਂਧੀ ਗੁਲਜ਼ਾਰ ਸਿੰਘ ਸੰਧੂ ਅਤੇ ਫੁੱਲਾਂ ਵਾਲੀ ਥੋਹਰ ਦੇਵਿੰਦਰ।***

ਪੰਜਾਬੀ ਵਿਚ ਵਰਤੇ ਜਾਂਦੇ ਅੰਗਰੇਜ਼ੀ ਸ਼ਬਦਾਂ ਦੇ ਵੀ ਬੜੇ ਢੁਕਵੇਂ ਬਦਲ ਹਨ। ਇਸ ਸਭ ਰਾਹੀਂ ਉਹ ਆਪਣੀ ਵਖਰੀ ਸ਼ੈਲੀ ਸਿਰਜਦਾ ਚਲਿਆ ਜਾਂਦਾ ਹੈ।

ਜਿਵੇਂ ਪਹਿਲਾਂ ਕਿਹਾ, ਉਹ ਵੰਡ ਤੋਂ ਪਹਿਲਾਂ ਤੇ ਬਾਅਦ ਦੇ ਲੇਖਕਾਂ ਦੇ ਹਰ ਪੂਰ ਸੰਗ ਵਿਚਰਿਆ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਉਹ ਪੰਜਾਬੀ ਲੇਖਕਾਂ ਦੇ ਪੋਤੜਿਆਂ ਤੋਂ ਜਾਣੂ ਹੈ। ਉਹਦੇ ਜਾਣਨ ਵਾਲਿਆਂ ਵਿਚ ਹਨ: ਦੁਪਾਸਿਉਂ ਬਲਦੀ ਮਹਿਤਾਬੀ ਅਜੀਤ ਕੌਰ, ਮਾਰੂਥਲਾਂ ਦਾ ਪੰਛੀ ਪਿਆਰਾ ਸਿੰਘ ਸਹਿਰਾਈ, ਅੱਧ ਚੜ੍ਹਿਆ ਚੰਨ ਨਵਤੇਜ ਸਿੰਘ, ਮੋਤੀਆਂ ਵਾਲੀ ਸਰਕਾਰ ਭਾਪਾ ਪ੍ਰੀਤਮ ਸਿੰਘ। ਤੇ ਇਹ ਵੀ ਹਨ: ਬੁਲਾਰ ਲੇਖਣੀ ਬਲਵੰਤ ਗਾਰਗੀ, ਪੰਜਾਬੀ ਕਵਿਤਾ ਦਾ ਬੀਰਬਲ ਤਾਰਾ ਸਿੰਘ, ਦਰਦਮੰਦਾਂ ਦਾ ਦਰਦੀ ਦੇਵ ਰਾਜ ਚਾਨਣਾ, ਸਾਧਾਰਨ 'ਚ ਅਸਾਧਾਰਨ ਹਰਿਭਜਨ ਸਿੰਘ, ਜ਼ਿੰਦਾ ਸ਼ਹੀਦ ਈਸ਼ਵਰ ਚਿੱਤਰਕਾਰ, ਪਹਿਲਾ ਪਾਂਧੀ ਗੁਲਜ਼ਾਰ ਸਿੰਘ ਸੰਧੂ, ਬਠਿੰਡੇ ਥਾਣੀਂ ਦਿੱਲੀ ਗਿਆਨੀ ਹਰੀ ਸਿੰਘ ਅਤੇ ਫੁੱਲਾਂ ਵਾਲੀ ਥੋਹਰ ਦੇਵਿੰਦਰ।

ਤੇ ਕਈ ਹੋਰ ਵੀ ਜਿਨ੍ਹਾਂ ਨੂੰ ਆਪਣੇ ਚੇਤੇ ਦੀਆਂ ਤਹਿਆਂ ਵਿਚੋਂ ਕੱਢ ਕੇ ਆਪਣੇ ਬਾਈਸਕੋਪ ਰਾਹੀਂ ਵੇਖਦਾ ਹੈ: ਬਾਵਾ ਬਲਵੰਤ, ਜਗਜੀਤ ਸਿੰਘ ਆਨੰਦ, ਹਰਚਰਨ ਸਿੰਘ, ਸ਼ੀਲਾ ਭਾਟੀਆ, ਬੂਟਾ ਸਿੰਘ, ਅਮਰ ਸਿੰਘ, ਡਾ. ਗੋਪਾਲ ਸਿੰਘ ਦਰਦੀ, ਪ੍ਰੀਤਮ ਸਿੰਘ ਪੰਛੀ, ਹੰਸ ਰਾਜ ਰਹਿਬਰ ਤੇ ਚੁੱਪ ਦਾ ਭੰਡਾਰੀ ਕੋਸਤਿਆ ਮੁਮਰਿਕਿਨ।

ਲੇਖਕ ਨੂੰ ਆਪਣੀ ਰਚਨਾ 'ਤੇ ਕਿੰਨੀ ਕੁ ਮਿਹਨਤ ਕਰਨੀ ਚਾਹੀਦੀ ਹੈ, ਉਸ ਵਿਚ ਕਿਸ ਕਦਰ ਡੁੱਬੇ ਲਹਿ ਜਾਣਾ ਚਾਹੀਦਾ ਹੈ, ਇਸ ਸਬੰਧੀ ਉਹ ਬਹੁਤ ਹੀ ਖ਼ੂਬਸੂਰਤ ਪ੍ਰਸੰਗ ਪੇਸ਼ ਕਰਦਾ ਹੈ ਇਹ ਵੀ ਲਿਖਿਆ ਕਿ ਲੇਖਕ ਦਾ ਮੁੱਲ ਉਸ ਕਾਸੇ ਨਾਲ ਨਹੀਂ ਪੈਂਦਾ, ਜੋ ਉਹਦਾ ਅੰਤਿਮ ਰੂਪ 'ਚ ਛਪਿਆ, ਸਗੋਂ ਉਸ ਨਾਲ ਪੈਂਦਾ ਏ, ਜੋ ਛਪਣ ਤੋਂ ਪਹਿਲਾਂ ਉਹਨੇ ਰੱਦ ਕੀਤਾ ਤੇ ਪਾੜ ਕੇ ਰੱਦੀ ਦੀ ਟੋਕਰੀ 'ਚ ਸੁੱਟਿਆ।"

ਇਕ ਵਾਰ ਅਜੀਤ ਕੌਰ ਦੇ ਸਾਰਕ ਸੰਮੇਲਨ 'ਤੇ ਮੇਲ ਹੋ ਗਿਆ। ਹਾਲ ਦੇ ਰੌਲੇ-ਰੱਪੇ ਵਿਚ ਅਸੀਂ ਬਾਹਰ ਲਾਅਨ ਵਿਚ ਆ ਬੈਠੇ।

"ਅੱਛਾ ਇਹ ਦਸੋ, ਤੁਸੀਂ ਕਿਤਾਬ ਦਾ ਨਾਂ 'ਅੱਧ-ਚਾਨਣਾ' ਕਿਉਂ ਰੱਖਿਆ?" ਮੈਂ ਜਾਣਦਾ ਤਾਂ ਸਾਂ, ਫਿਰ ਵੀ ਉਹਦੇ ਮੂੰਹੋਂ ਜਾਣਨਾ ਚਾਹਿਆ।

"ਅੱਧ-ਚਾਨਣਾ, ਭਾਵ ਅੱਧ-ਪਚੱਧਾ ਜਿੰਨਾ ਕੁ ਚਾਨਣ ਜਾਂ ਗਿਆਨ ਮੈਨੂੰ ਹੈ। ਪੂਰੇ ਗਿਆਨ ਦਾ ਮੇਰਾ ਦਾਅਵਾ ਨਹੀਂ।" ਉਸ ਕਿਹਾ।

'ਵਾਹ! ਇਹ ਵੀ ਕਿਹੀ ਨਿਮਰਤਾ ਆ।' ਮੈਂ ਸੋਚਿਆ।

"ਅੱਛਾ ਇਕ ਗੱਲ ਹੋਰ! ਤੁਹਾਡੀ ਇਸ ਪੁਸਤਕ ਵਿਚ ਹਰ ਲੇਖਕ ਦਾ ਰੇਖਾ ਚਿੱਤਰ ਹੈ। ਸ਼ਾਇਦ ਹੀ ਕੋਈ ਹੋਵੇ ਜਿਸ ਸਬੰਧੀ ਤੁਸੀਂ ਗੱਲ ਨਾ ਕੀਤੀ ਹੋਵੇ, ਪਰ ਇਸ ਵਿਚ ਦਿੱਲੀ ਦੇ ਇਕ ਵੱਡੇ ਲੇਖਕ ਅਤੇ ਦੋ ਵੱਡੀਆਂ ਲੇਖਕਾਵਾਂ ਦਾ ਕਿਤੇ ਜ਼ਿਕਰ ਨਹੀਂ।"

"ਤੁਸੀਂ ਕਹਿ ਸਕਦੇ ਹੋ ਮੈਂ ਇਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਦਾ!" ਫਿਰ ਕੁਝ ਦੇਰ ਰੁਕ ਕੇ ਬੋਲਿਆ, "ਇਹ ਲੇਖਕ ਆਪਣੀ ਤਾਰੀਫ ਤਾਂ ਪਸੰਦ ਕਰਦੇ ਹਨ, ਪਰ ਆਪਣੇ ਬਾਰੇ ਉਦਾਂ ਲਿਖਿਆ ਬਰਦਾਸ਼ਤ ਨਹੀਂ ਕਰਦੇ। ਇਹ ਆਪਣੇ ਖੋਲ ਵਿਚ ਰਹਿਣ, ਕੇਵਲ ਆਪਣੇ ਆਪ ਨੂੰ ਮੋਹ ਕਰਨ ਵਾਲੇ ਲੋਕ ਹਨ। ਇਹ ਆਪਣੇ ਸੂਰਜ ਦੁਆਲੇ ਘੁੰਮਦੇ ਨੇ। ਇਨ੍ਹਾਂ ਨੇ ਕਿਸੇ ਤੋਂ ਲੈਣਾ ਦੇਣਾ ਨਹੀਂ ਹੁੰਦਾ। ਇਨ੍ਹਾਂ ਨੂੰ ਨਾਰਸੀਸਿਸਟ ਕਹਿੰਦੇ ਹਨ।"

***ਉਹ ਸੁਭਾਅ ਵਜੋਂ ਬਹੁਤ ਘੱਟ ਬੋਲਣ ਵਾਲਾ ਹੈ। ਉਹ ਛੋਟੇ ਛੋਟੇ ਸ਼ਬਦਾਂ ਵਿਚ ਗਲ ਕਰੇਗਾ: 'ਦੱਸੋ', 'ਹਾਂ ਜੀ', 'ਨਹੀਂ', 'ਤੁਸੀਂ ਵੇਖ ਲਉ'। ਉਸ ਨੇ ਵੇਖਿਆ, ਜਾਣਿਆ ਸਭ ਨੂੰ ਹੈ, ਪਰ ਉਹ ਉਸ ਤਰ੍ਹਾਂ 'ਸੋਸ਼ਲ' ਨਹੀਂ ਜਿਸ ਤਰ੍ਹਾਂ ਬਹੁਤੇ ਲੇਖਕ ਹੁੰਦੇ ਹਨ। ਉਹ ਕਦੇ ਠਹਾਕਾ ਮਾਰ ਕੇ ਜਾਂ ਫੂਹੜ ਹਾਸਾ ਨਹੀਂ ਹੱਸੇਗਾ, ਨਾ ਕਿਸੇ ਨੂੰ ਟਿਚਰ ਕਰੇਗਾ। ਤੇ ਨਾ ਹੀ ਉਹ ਕਿਸੇ ਨੂੰ 'ਦਿਲੋਂ-ਜਾਨ' ਨਾਲ ਮੁਹੱਬਤ ਦਰਸਾਏਗਾ, ਪਰ ਇਸ ਸਭ ਦੇ ਬਾਵਜੂਦ ਉਹ ਭਰਿਆ-ਭਰੂਤਾ ਤੁਹਾਨੂੰ ਚੰਗਾ ਲਗਦਾ ਹੈ। ਉਸ ਦੀਆਂ ਕਿਤਾਬਾਂ ਪੜ੍ਹ ਕੇ ਇਹ ਨਿਰਣਾ ਕਰਨਾ ਔਖਾ ਲਗਦਾ ਹੈ ਕਿ ਉਹਨੂੰ ਲੇਖਕਾਂ ਦੀ ਕਿਹੜੀ ਪਾਲ ਵਿਚ ਖੜ੍ਹਾ ਕੀਤਾ ਜਾਵੇ, ਦੁੱਗਲ, ਗਾਰਗੀ, ਮਹਿੰਦਰ ਸਿੰਘ ਸਰਨਾ, ਡਾ. ਹਰਿਭਜਨ ਸਿੰਘ, ਸੰਤੋਖ ਸਿੰਘ ਧੀਰ ਜਾਂ ਨਵਤੇਜ ਵਿਚ।***

## ਕਹਾਣੀ

# ਪ੍ਰਾਈਵੇਸੀ

***ਮਾਪੇ ਆਪਣੀ ਔਲਾਦ ਨੂੰ ਬੜੇ ਚਾਅ ਮਲ੍ਹਾਰ ਨਾਲ ਪਾਲਦੇ ਹਨ ਅਤੇ ਉਸ ਤੋਂ ਉਨ੍ਹਾਂ ਨੂੰ ਆਸਾਂ ਵੀ ਬੜੀਆਂ ਹੁੰਦੀਆਂ ਹਨ, ਖਾਸ ਕਰ ਪੁੱਤਰਾਂ ਤੋਂ। ਪਰ ਜਦੋਂ ਪੁੱਤਰ ਵੱਡੇ ਹੋ ਕੇ ਵਿਆਹ ਕਰਵਾ ਕੇ ਆਪਣੀ ਘਰ ਗ੍ਰਹਿਸਥੀ ਦੀਆਂ ਵਲਗਣਾਂ ਵਿਚ ਕੈਦ ਹੋ ਮਾਪਿਆਂ ਨੂੰ ਵਿਸਾਰ ਹੀ ਬੈਠਦੇ ਹਨ। ਪਰਦੇਸਾਂ ਵਿਚ ਤਾਂ ਕਈ ਵਾਰ ਧੀਆਂ-ਪੁੱਤਰ ਮਾਪਿਆਂ ਨੂੰ ਬੇਬੀ ਸਿਟਰ ਬਣਨ ਤੱਕ ਹੀ ਮਹਿਦੂਦ ਕਰ ਦਿੰਦੇ ਹਨ। ਜਿੰਨਾ ਚਿਰ ਲੋੜ ਹੋਈ, ਨਾਲ ਰੱਖੇ, ਨਹੀਂ ਤਾਂ ਘਰੋਂ ਬੇਘਰ ਕਰ ਦਿੱਤੇ। ਮਾਪਿਆਂ ਦੇ ਦਿਲ 'ਤੇ ਜੋ ਗੁਜ਼ਰਦੀ ਹੈ, ਉਹ ਤਾਂ ਮਾਪੇ ਹੀ ਜਾਣਦੇ ਹਨ। ਕਦੇ ਕਦੇ ਕੋਈ ਪੁੱਤਰ ਆਪਣੇ ਮਾਪਿਆਂ ਨੂੰ ਵਿਸਾਰ ਬੈਠਣ ਦਾ ਪਛਤਾਵਾ ਇਸ ਕਹਾਣੀ ਦੇ ਮੁੱਖ ਪਾਤਰ ਮਾਪਿਆਂ ਦੀ ਤ੍ਰਾਸਦੀ ਨੂੰ ਤੱਕ ਕੇ ਕਰਦਾ ਹੈ। ਕਹਾਣੀ ਵਿਚ ਕੁਝ ਅਜਿਹਾ ਮਾਹੌਲ ਬਣਦਾ ਹੈ ਕਿ ਪਾਠਕ ਦੀਆਂ ਅੱਖਾਂ ਸੁਤੇ ਸਿੱਧ ਹੀ ਨਮ ਹੋ ਜਾਂਦੀਆਂ ਹਨ। -ਸੰਪਾਦਕ***



**ਚਰਨਜੀਤ ਸਿੰਘ ਸਾਹੀ**
**ਫੋਨ: 317-430-6545**

ਅੰਮ੍ਰਿਤ ਵੇਲਾ, ਚਾਰ ਵਜੇ ਸਨ। ਦੋ ਦਿਨ ਪਹਿਲਾਂ ਹੀ ਟਿੱਕਟਾਂ ਬੁੱਕ ਹੋਈਆਂ ਟੋਰਾਂਟੋ ਜਾਣ ਲਈ। ਫਲਾਈਟ ਹੀ ਸਵੇਰ ਦੀ ਮਿਲੀ। ਮੁੰਡੇ ਨੇ ਟੈਕਸੀ ਮੰਗਾ ਦਿੱਤੀ, ਏਅਰਪੋਰਟ ਜਾਣ ਲਈ। ਵੈਨਕੂਵਰ ਦਾ ਏਅਰਪੋਰਟ ਘਰੋਂ ਕਰੀਬ ਘੰਟੇ ਦੀ ਵਾਟ 'ਤੇ ਸੀ। ਪੁੱਤਰ ਕਾਫੀ ਉਦਾਸ ਸੀ, ਗੈਰਾਜ ਵਿਚੋਂ ਮਾਂ-ਪਿਉ ਦੇ ਅਟੈਚੀ ਖਿੱਚ ਡਰਾਈਵਰ ਨੂੰ ਫੜਾਉਂਦਿਆਂ ਉਸ ਦੇ ਮਨ 'ਤੇ ਮਣਾਂ ਮੂੰਹੀਂ ਭਾਰ ਲੱਦਿਆ ਜਾ ਰਿਹਾ ਸੀ। ਉਹ ਮਾਂ-ਪਿਉ ਨਾਲ ਹੋਈ ਜ਼ਿਆਦਤੀ ਬਾਰੇ ਆਪਣੀ ਘਰਵਾਲੀ ਨੂੰ ਇਕ ਲਫਜ਼ ਵੀ ਨਾ ਬੋਲ ਸਕਿਆ ਕਿਉਂਕਿ ਮਾਂ ਨੇ ਦੋਵੇਂ ਹੱਥ ਬੰਨ ਪੁੱਤਰ ਨੂੰ ਸਹੁੰ ਪਾਈ ਸੀ, "ਪੁੱਤ ਆਹ ਦੇਖ ਮੇਰਾ ਮਰੀ ਦਾ ਮੂੰਹ ਦੇਖੇਂ ਜੇ ਬਹੂ ਨੂੰ ਇਕ ਲਫਜ਼ ਵੀ ਬੋਲੇਂ। ਪੁੱਤ! ਆਪਣੇ ਬੱਚੇ ਪਾਲੋ, ਸਾਡਾ ਕੀ ਆ, ਅਸੀਂ ਕੈਨੇਡਾ ਨਹੀਂ ਤਾਂ ਇੰਡੀਆ ਆਪਣੇ ਘਰ ਜਾ ਵੜਨਾ।" ਪਰ ਪਿੱਛੋਂ ਮਾਂ ਘੰਟਾ ਵਾਸ਼ਰੂਮ ਵਿਚ ਬੈਠ ਇਕੱਲੀ ਰੋਈ ਸੀ। ਅਟੈਚੀ ਤਾਰਾ ਸਿੰਘ ਨੇ ਰਾਤ ਹੀ ਬੈਡ ਰੂਮ ਵਿਚੋਂ ਕੱਢ ਗੈਰਾਜ ਵਿਚ ਰੱਖਵਾ ਦਿੱਤੇ ਸਨ। ਨੂੰਹ ਮੂੰਹ ਦੁਆਲੇ ਸ਼ਾਲ ਵਲ੍ਹੇਟੀ ਜੇਤੂ ਖਿਡਾਰੀ ਵਾਂਗ ਏਧਰ ਉਧਰ ਟਹਿਲ ਰਹੀ ਸੀ।

"ਆ ਜਾ ਹੁਣ! ਤੇਰਾ ਨਿਕਲਣ ਨੂੰ ਜੀ ਨਹੀਂ ਕਰਦਾ।" ਤਾਰਾ ਸਿੰਘ ਨੇ ਗੈਰਾਜ ਵਿਚ ਜੁੱਤੀ ਪਾ ਰਹੀ ਤੇ ਅੱਖਾਂ ਵਿਚ ਪਾਣੀ ਭਰੀ ਆਪਣੀ ਧਰਮ ਪਤਨੀ ਨਸੀਬ ਕੌਰ ਨੂੰ ਕਾਹਲੇ ਪੈਂਦਿਆਂ ਆਵਾਜ਼ ਮਾਰੀ। ਦੋਵੇਂ ਹੌਲੀ ਹੌਲੀ ਲੱਤਾਂ ਘੜੀਸਦੇ ਟੈਕਸੀ ਕੋਲ ਆ ਖੜ੍ਹੇ ਹੋਏ।

"ਸਤਿ ਸ੍ਰੀ ਅਕਾਲ ਬਜ਼ੁਰਗੋ। ਚੱਲੀਏ ਫਿਰ! ਬੈਠੋ।" ਸਰਦਾਰ ਡਰਾਈਵਰ ਨੇ ਮੁਸਕਰਾਉਂਦਿਆਂ ਦੋਹਾਂ ਦਾ ਸਵਾਗਤ ਕਰਦਿਆਂ ਕਾਰ ਦਾ ਦਰਵਾਜਾ ਖੋਲ੍ਹਿਆ ਤੇ ਵਿਚ ਬਿਠਾਇਆ। ਟੈਕਸੀ ਘਰ ਦੇ ਗੇਟੋਂ ਬਾਹਰ ਹੋ ਗਈ। ਦੋਵਾਂ ਨੇ ਪਿੱਛੇ ਧੌਣਾਂ ਘੁਮਾ ਨੂੰਹ-ਪੁੱਤ ਵੱਲ ਹੱਥ ਹਿਲਾਏ। ਨਸੀਬ ਕੌਰ ਦੇ ਹੰਝੂ ਤੇ ਹਟਕੋਰੇ ਹੋਰ ਤੇਜ਼ ਹੋ ਗਏ, ਜੋ ਟੈਕਸੀ ਡਰਾਈਵਰ ਨੇ ਵੀ ਚੋਰ ਨਜ਼ਰ ਨਾਲ ਕਾਰ ਦੇ ਸ਼ੀਸ਼ੇ ਵਿਚੋਂ ਵੇਖ-ਸੁਣ ਵੀ ਲਏ। ਉਹ ਬਜ਼ੁਰਗਾਂ ਦੇ ਦੁੱਖ ਨਾ ਚਾਹੁੰਦਾ ਹੋਇਆ ਵੀ, ਸੁਣਦਾ ਰਿਹਾ।


"ਹੁਣ ਚੁੱਪ ਵੀ ਕਰ, ਬੱਚਿਆਂ ਵਾਂਗ ਤੇਰਾ ਰੋਣਾ ਨ੍ਹੀਂ ਬੰਦ ਹੁੰਦਾ।" ਤਾਰਾ ਸਿੰਘ ਨੇ ਖਿਝਦਿਆਂ ਕਿਹਾ।

ਅੱਖਾਂ ਪੂੰਝਦਿਆਂ ਤੇ ਆਪਣੇ ਆਪ ਨੂੰ ਸੰਭਾਲਦਿਆਂ ਨਸੀਬ ਕੌਰ ਦੱਬਵੀਂ ਜ਼ੁਬਾਨ ਵਿਚ ਬੋਲੀ, "ਐਂ ਤਾਂ ਕੋਈ ਨੌਕਰ ਨਾਲ ਵੀ ਨਹੀਂ ਕਰਦਾ, ਬਹੂ ਨੇ ਇਕ ਵਾਰੀ ਵੀ ਨਹੀਂ ਕਿਹਾ, 'ਬੀਬੀ-ਬਾਪੂ ਫੇਰ ਕਦੋਂ ਆਓਗੇ?' ਇਸ ਕੁੜੀ ਨੇ ਮੈਨੂੰ ਮਾਂ ਸਮਝਿਆ ਹੀ ਨਹੀਂ, ਸਮਝਿਆ ਤਾਂ ਬੱਸ ਕੰਮ ਕਰਨ ਵਾਲੀ ਮਾਈ।"

"ਮੈਨੂੰ ਕਿਹੜਾ ਬਾਪੂ ਸਮਝਿਆ! ਬੱਸ ਮਾਲੀ ਹੀ ਸਮਝਿਆ। ਘਰ ਫੁੱਲ ਬੂਟਿਆਂ ਦੀ ਦੇਖ-ਭਾਲ ਕਰੋ ਜਾਂ ਬੱਚਿਆਂ ਨੂੰ ਸਕੂਲ ਛੱਡ ਕੇ ਤੇ ਲੈ ਕੇ ਆਓ। ਚਲ ਇਹ ਕੋਈ ਅਹਿਸਾਨ ਨਹੀਂ, ਸਾਡੇ ਆਪਣੇ ਬੱਚੇ ਸੀ, ਅਸੀਂ ਆਪਣਾ ਫਰਜ਼ ਸਮਝਿਆ। ਕਹਿੰਦੇ ਨੇ ਮੂਲ ਨਾਲੋਂ ਵਿਆਜ ਪਿਆਰਾ ਪਰ ਦੁੱਖ ਤਾਂ ਇਸ ਗੱਲ ਦਾ, ਜਦੋਂ ਲੋੜ ਸੀ ਤਾਂ ਕਹਿੰਦੀ ਸੀ, 'ਮੌਮ-ਡੈਡ ਬੱਚੇ ਤੁਹਾਡੇ ਨਾਲ ਬਹੁਤ ਖੁਸ਼ ਨੇ, ਤੁਸੀਂ ਸਾਡੇ ਘਰ ਦਾ ਬਹੁਤ ਚੰਗੀ ਤਰ੍ਹਾਂ ਧਿਆਨ ਰੱਖਦੇ ਹੋ, ਤੁਹਾਡੇ ਹੁੰਦਿਆਂ ਸਾਨੂੰ ਕਿਸੇ ਗੱਲ ਦਾ ਫਿਕਰ ਨਹੀਂ।' ਤੇ ਹੁਣ! ਮੁੰਡੇ ਨੂੰ ਕਹਿੰਦੀ, 'ਸਾਡੀ ਪ੍ਰਾਈਵੇਸੀ ਨ੍ਹੀਂ, ਅਖੇ ਪਹਿਲਾਂ ਤਾਂ ਅਸੀਂ ਸਾਰਾ ਦਿਨ ਕੰਮ ਵਿਚ ਬਿਜੀ ਰਹਿੰਦੇ ਹਾਂ, ਮਸੀਂ ਸਾਨੂੰ ਸਵੇਰੇ-ਸ਼ਾਮ ਟਾਈਮ ਮਿਲਦਾ ਇਕੱਠੇ ਬੈਠਣ ਦਾ, ਤੇਰੇ ਮਾਂ-ਬਾਪ ਸਾਡੇ ਵਿਚ ਅੜ ਕੇ ਬੈਠ ਜਾਂਦੇ ਨੇ, ਸਾਨੂੰ ਪ੍ਰਾਈਵੇਸੀ ਚਾਹੀਦੀ ਏ।' ਸਾਡਾ ਆਪਣੇ ਪੁੱਤ ਕੋਲ ਬੈਠਣਾ ਈ ਚੰਗਾ ਨਾ ਲੱਗਾ ਇਹਨੂੰ।"

ਕਾਰ ਦੀ ਬਾਰੀ 'ਚੋਂ ਬਾਹਰ ਦੇਖਦਿਆਂ ਤਾਰਾ ਸਿੰਘ ਫਿਰ ਬੋਲਿਆ, "ਅਸਲ ਵਿਚ ਗੱਲ ਤਾਂ ਇਹ ਐ ਨਸੀਬ ਕੌਰੇ! ਹੁਣ ਬੱਚੇ ਹੋ ਗਏ ਵੱਡੇ, ਹੁਣ ਸਾਡੀ ਕੀ ਲੋੜ? ਅੱਠ ਸਾਲ ਨੌਕਰਾਂ ਵਾਂਗ ਵਰਤਿਆ, ਅਜੇ ਤਾਂ ਸਾਡੇ ਨੈਣ-ਪ੍ਰਾਣ ਚੱਲਦੇ ਨੇ, ਮੈਂ ਵੀ ਕਹਾਂ ਪਿਛਲੇ ਦੋ ਮਹੀਨੇ ਤੋਂ ਨੂੰਹ ਰਾਣੀ ਦੇ ਬੋਲ ਚਾਲ ਵਿਚ ਈ ਫਰਕ ਕਿਉਂ ਪੈ ਗਿਆ, ਜੇ ਹੁਣ ਸਾਡੀ ਲੋੜ ਨਹੀਂ ਸੀ ਤਾਂ ਕਹਿ ਦਿੰਦੀ, 'ਬੀਬੀ-ਬਾਪੂ ਤੁਸੀਂ ਹੁਣ ਚਲੇ ਜਾਓ, ਸਾਡਾ ਹੁਣ ਸਰਦਾ।' ਇਸ ਤਰ੍ਹਾਂ ਜਲੀਲ ਤਾਂ ਨਾ ਕਰਦੀ, ਹੱਦ ਹੋ ਗਈ! ਕਹਿੰਦੀ ਅਖੇ, 'ਮੇਰਾ ਆਪਣਾ ਘਰ, ਮੇਰਾ ਦਮ ਘੁਟਦਾ ਘਰ ਵੜਦੀ ਦਾ।' ਬੰਦਾ ਪੁੱਛੇ, ਘਰ ਏਹਦੇ ਦੋਵੇਂ ਬੱਚੇ ਤੇ ਘਰਵਾਲਾ, ਵਾਧੂ ਤਾਂ ਅਸੀਂ ਦੋਵੇਂ ਸੀ। ਫਿਰ ਸਾਨੂੰ ਵੇਖ ਕੇ ਈ ਦਮ ਘੁਟਦਾ ਸੀ, ਹੋਰ ਕੀ? ਮੈਨੂੰ ਤਾਂ ਐਂ ਸਮਝ ਆਉਂਦੀ ਆ ਬਈ ਇਹਨੂੰ ਤਾਂ ਇਹੀ ਹੋਣਾ ਬਈ ਇਹ ਬੁੱਢੇ ਮੇਰੇ ਪੱਲੇ ਪੈ ਗਏ, ਪਰ ਅਸੀਂ ਤਾਂ ਅਜੇ ਕਦੀ ਦਵਾ ਦਾਰੂ ਵਾਸਤੇ ਤੰਗ ਨ੍ਹੀਂ ਕਰਿਆ...।"

ਵਿਚੋਂ ਟੋਕਦੀ ਨਸੀਬ ਕੌਰ ਬੋਲੀ, "ਸਰਦਾਰ ਜੀ! ਇਹਦੀ ਆਪਣੀ ਮਾਂ ਤਾਂ ਕਹਿੰਦੀ, ਅਖੇ ਮੇਰੀਆਂ ਕੁੜੀਆਂ ਤਾਂ



ਵੈਨਕੂਵਰ ਨਹੀਂ ਛੱਡਣਾ ਮੰਗਦੀਆਂ।"

"ਆਹੋ ਜੀ! ਜਵਾਈਆਂ ਕੋਲੋਂ ਮਾਂ-ਬਾਪ ਤੇ ਆਪਣੇ ਭੈਣ-ਭਾਈ ਛਡਾਈ ਜਾਵੋ। ਸਰਦਾਰਨੀਏ! ਮਾਂ ਵੀ ਸਿਆਣੀ ਤੇ ਕੁੜੀਆਂ ਵੀ, ਸਾਰੇ ਧੀ-ਜਵਾਈ ਵੈਨਕੂਵਰ ਦੁਆਲੇ ਪਰਿਕਰਮਾ ਕਰਦੇ ਨੇ, ਸਾਰੇ ਈ ਕਾਰ 'ਤੇ ਘੰਟੇ ਦੀ ਵਾਟ 'ਤੇ ਨੇ। ਮਾਂ-ਬਾਪ ਨੂੰ ਛਿੱਕ ਵੀ ਲੱਗੇ, ਝੱਟ ਸਿਰਹਾਣੇ ਜਾ ਖੜ੍ਹਦੀਆਂ ਨੇ। ਬੰਦਾ ਪੁੱਛੇ, ਮੁੰਡਿਆਂ ਦੇ ਨ੍ਹੀਂ ਮਾਂ-ਬਾਪ? ਮੈਂ ਤਾਂ ਦੇਖਿਆ ਏਸ ਮੁਲਖ ਵਿਚ ਜ਼ਿਆਦਾ ਤੀਵੀਆਂ ਦੀ ਚੱਲਦੀ ਆ, ਮੁੰਡੇ ਵਾਲੇ ਬਾਹਰ ਤੁਰੇ ਫਿਰਦੇ ਤੇ ਕੁੜੀ ਦੇ ਮਾਂ-ਬਾਪ ਪਲੰਘਾਂ 'ਤੇ ਚੜ੍ਹੇ ਬੈਠੇ ਨੇ। ਨੂੰਹ ਦੀ ਚੱਲੇ, ਉਹ ਚਲਾਈ ਜਾਂਦੀ ਤੇ ਜੇ ਸੱਸ ਦੀ ਚੱਲੇ, ਉਹ ਨੂੰਹ ਨੂੰ ਸੁੱਕਣੇ ਪਾ ਰੱਖਦੀ। ਬੰਦਾ ਜਾਤ ਤਾਂ ਦੋਹੀਂ ਪਾਸੇ ਊਂਈ ਰਗੜੇ ਖਾਈ ਜਾਂਦਾ। ਹਾਂ! ਸਾਡੇ ਵਾਲਿਆਂ ਨੂੰ ਵੀ ਪਤਾ ਫੇਰ ਲੱਗੇ ਜੇ ਟੋਰਾਂਟੋ ਜਿੰਨੀ ਦੂਰ ਜਹਾਜੇ ਬੈਠ ਧੀ-ਜਵਾਈ ਨੂੰ ਮਿਲਣ ਜਾਣਾ ਹੋਵੇ। ਝੁੱਡੂ ਤਾਂ ਜਵਾਈ ਨੇ ਜੋ ਆਪਣੇ ਪਰਿਵਾਰ ਛੱਡ-ਛਡਾ ਬੋਰੀ ਬਿਸਤਰਾ ਚੁੱਕ ਸਹੁਰਿਆਂ ਦੇ ਗਵਾਂਢ ਆ ਬੈਠੇ। ਬੰਦਾ ਪੁੱਛੇ, ਬਈ ਟੋਰਾਂਟੋ ਦੁਨੀਆਂ ਨ੍ਹੀਂ ਵੱਸਦੀ ਜਾਂ ਉਥੇ ਜਾਬਾਂ ਹੈ ਨ੍ਹੀਂ? ਉਥੋਂ ਕਿਉਂ ਕਿਲਾ ਪਟਾਇਆ ਸਾਡਾ?" ਤਾਰਾ ਸਿੰਘ ਨੇ ਆਪਣੇ ਵੱਲੋਂ ਸੱਚ ਕਹਿ ਦਿਲ ਦੀ ਭੜਾਸ ਕੱਢੀ।

"ਸਰਦਾਰ ਜੀ! ਪੋਤਾ-ਪੋਤੀ ਤਾਂ ਬਹੁਤ ਪਿਆਰ ਕਰਦੇ ਨੇ, ਰਾਤੀਂ ਦੋਵੇਂ ਬੈਡ 'ਤੇ ਆ ਬੈਠੇ। ਕੱਪੜੇ 'ਕੱਠੇ ਕਰਦੀ ਨੂੰ ਵੇਖ ਕਹਿਣ ਲੱਗੇ, 'ਦਾਦੀ ਤੁਸੀਂ ਕਿਉਂ ਚੱਲੇ ਓਂ? ਫੇਰ ਕਦ ਆਓਗੇ?' ਮੈਂ ਕੀ ਦੱਸਦੀ? ਮੇਰੇ ਤੋਂ ਤਾਂ ਗੱਲ ਨਹੀਂ ਸੀ ਹੁੰਦੀ। ਫਿਰ ਕਹਿਣ, 'ਦਾਦੀ ਮਾਂ! ਤੂੰ ਰੋਂਦੀ ਕਿਉਂ ਏ?' ਗੱਲਾਂ ਕਰ ਰਹੇ ਜਵਾਕਾਂ ਨੂੰ ਚੰਦਰੀ ਖਿੱਚ ਕੇ ਲੈ ਗਈ, 'ਚਲੋ ਸੋਵੋ! ਸਵੇਰੇ ਸਕੂਲ ਨ੍ਹੀਂ ਜਾਣਾ?"

"ਨਸੀਬ ਕੌਰੇ! ਅਜੇ ਤਾਂ ਸ਼ੁਕਰ ਏ, ਇੰਡੀਆ ਵਾਲਾ ਘਰ ਨਹੀਂ ਵੇਚਿਆ। ਹੁਣ ਵੱਡੇ ਭਰਾ ਕੋਲ ਕਿੰਨਾ ਕੁ ਚਿਰ ਬੈਠਣਾ ਟੋਰਾਂਟੋ ਜਾ ਕੇ! ਪਰ ਮੈਂ ਤਾਂ ਸਾਰਿਆਂ ਨੂੰ ਇਹੀ ਸਲਾਹ ਦਊਂ, ਜੇ ਭਾਈ ਕਿਸੇ ਦਾ ਸਰਦਾ, ਕਦੀ ਵੀ ਨੂੰਹ-ਪੁੱਤ ਨਾਲ ਨਾ ਰਹੋ।"

"ਤੁਸੀਂ ਤਾਂ ਬਥੇਰੇ ਕਾਹਲੇ ਸੀ ਵੇਚਣ ਨੂੰ, ਬਈ ਵੇਚ ਕੇ ਮੁੰਡੇ ਨੂੰ ਪੈਸੇ ਲਿਆ ਫੜਾਉਨੇ ਆਂ, ਉਹ ਤਾਂ ਮੈਂ ਈ ਅੜੀ ਰਹੀ ਹੁਣ ਤੱਕ। ਐਵੇਂ ਤਾਂ ਨਹੀਂ ਸਿਆਣੇ ਕਹਿੰਦੇ ਬਈ ਜਿਉਂਦੇ ਜੀ ਆਪਣਾ ਟਿਕਾਣਾ ਤੇ ਪੱਲੇ ਜ਼ਰੂਰ ਕੁਝ ਰੱਖਣਾ ਚਾਹੀਦਾ।"

"ਚੱਲ ਤੂੰ ਠੀਕ ਕਿਹਾ ਸੀ, ਨਸੀਬ ਕੌਰੇ! ਤੀਵੀਂ ਜਾਤ ਹੁੰਦੀ ਓ ਸਿਆਣੀ! ਐਂ ਕਰਦੇ ਆਂ ਮਹੀਨਾ ਖੰਡ ਭਰਾ ਕੋਲ ਠਹਿਰ ਕੇ ਇੰਡੀਆ ਚਲਦੇ ਆਂ, ਪੈਨਸ਼ਨ ਨੂੰ ਤਾਂ ਸਾਲ ਲੱਗ ਜਾਣਾ, ਪਤਾ ਨ੍ਹੀਂ ਲੱਗਣੀ ਆ ਕਿ ਨਹੀਂ? ਜਦੋਂ ਲੱਗ ਗਈ, ਆਪਣੀ ਅਪਾਰਟਮੈਂਟ ਲੈ ਲਵਾਂਗੇ।"

"ਠੀਕ ਐ, ਜਿਵੇਂ ਕਹਿਨੇ ਓਂ, ਕਰ ਲਵਾਂਗੇ।"

"ਨਸੀਬ ਕੌਰੇ! ਆਪਣਾ ਕੀ ਆ, ਇਥੇ ਨਹੀਂ ਤਾਂ ਇੰਡੀਆ ਨਿਕਲ ਜੂ ਟਾਈਮ, ਜਿਹੜੇ ਚਾਰ ਸਾਲ ਜ਼ਿੰਦਗੀ ਹੈਗੇ ਕਿ ਨਹੀਂ। ਬੱਚਿਆਂ ਦੀ ਆਪਸ ਵਿਚ ਬਣ ਆਵੇ, ਤੈਨੂੰ ਪਤਾ ਈ ਆ ਇੱਥੋਂ ਦਾ, ਜੇ ਆਪਸ ਵਿਚ ਤੀਵੀਂ ਆਦਮੀ ਦੀ ਵਿਗੜ ਜੇ ਤਾਂ ਜਵਾਕ ਰੁਲ ਜਾਂਦੇ ਆ। ਸਾਡੇ ਸਿਰ ਨਾ ਕੋਈ ਇਲਜ਼ਾਮ ਆਵੇ।"

"ਨਾ ਜੀ ਨਾ। ਵਾਹਿਗੁਰੂ, ਵਾਹਿਗੁਰੂ ਕਹੋ। ਮੈਂ ਸੋਚਦੀ ਆਂ, ਚੰਦਰੀ ਜਵਾਕਾਂ ਨੂੰ ਮਿਲਾਊ ਸਾਨੂੰ?"

"ਇਹ ਤਾਂ ਪਤਾ ਨ੍ਹੀਂ ਭਾਗਵਾਨੇ, ਪਰ ਮੈਂ ਨ੍ਹੀਂ ਵੈਨਕੂਵਰ ਆਉਂਦਾ ਮੁੜ ਕੇ। ਇਨ੍ਹਾਂ ਦਾ ਚਿੱਤ ਕਰੂ ਮਿਲ ਜਾਣਗੇ ਬੱਚਿਆਂ ਨਾਲ।"

ਨਸੀਬ ਕੌਰ ਕੁਝ ਔਖੀ ਬੈਠੀ ਸੀ ਤੇ ਕਾਹਲੀ ਪੈਂਦਿਆਂ ਉਸ ਨੇ ਤਾਰਾ ਸਿੰਘ ਦੇ ਕੰਨ ਵਿਚ ਕੁਝ ਕਿਹਾ।

ਤਾਰਾ ਸਿੰਘ ਡਰਾਈਵਰ ਨੂੰ ਕਹਿਣ ਲੱਗਾ, "ਪੁੱਤ ਕੀ ਨਾਂਓ ਤੇਰਾ? ਸ਼ੇਰਾ ਕਿੰਨਾ ਕੁ ਟਾਈਮ ਲੱਗਣਾ ਏਅਰਪੋਰਟ ਨੂੰ?"

ਪਰ ਡਰਾਈਵਰ ਮੁੰਡਾ ਤਾਂ ਆਪਣੇ ਬੀਤੇ ਵਿਚ ਗਵਾਚਿਆ ਹੋਇਆ ਸੀ, ਕਿਵੇਂ ਉਹ ਚੰਗਾ ਭਲਾ ਟੋਰਾਂਟੋ ਵਧੀਆ ਜਾਬ ਕਰਦਾ ਆਪਣੇ ਮਾਂ-ਬਾਪ ਨਾਲ ਤੇ ਭੈਣ-ਭਾਈਆਂ ਦੇ ਗਵਾਂਢ ਸੁਖੀ ਵੱਸ ਰਿਹਾ ਸੀ, ਵਿਆਹ ਬਾਅਦ ਕਿਵੇਂ ਸਹੁਰਿਆਂ ਦਾ ਹੇਜ ਤੇ ਘਰਵਾਲੀ ਦੇ ਪਿੱਛੇ ਲੱਗ ਬੋਰੀ ਬਿਸਤਰਾ ਚੁਕ ਵੈਨਕੂਵਰ ਸਹੁਰਿਆਂ ਦੇ ਸਿਰਹਾਣੇ ਆ ਬੈਠਾ ਤੇ ਹੁਣ ਸਵੇਰੇ-ਸ਼ਾਮ ਊਬਰ ਟੈਕਸੀ ਚਲਾਉਂਦਾ ਤੇ ਦਿਨ ਵੇਲੇ ਜਾਬ। ਉਸ ਨੂੰ ਇਨ੍ਹਾਂ ਬਜ਼ੁਰਗਾਂ ਦੀ ਹਾਲਤ ਆਪਣੇ ਮਾਂ ਬਾਪ ਵਰਗੀ ਲੱਗ ਰਹੀ ਸੀ, ਜੋ ਬੁਢਾਪੇ ਵਿਚ ਇਕੱਲੇ ਉਹਦੇ ਪਰਿਵਾਰ ਦੇ ਸਾਥ ਤੇ ਪਿਆਰ ਤੋਂ ਵਾਂਝੇ ਦਿਨ ਕੱਟ ਰਹੇ ਸਨ।

ਤਾਰਾ ਸਿੰਘ ਨੂੰ ਐਂ ਲੱਗਾ ਜਿਵੇਂ ਡਰਾਈਵਰ ਨੇ ਸੁਣਿਆ ਨਹੀਂ। ਉਸ ਨੇ ਫੇਰ ਥੋੜ੍ਹਾ ਉਚੀ ਆਵਾਜ਼ ਵਿਚ ਡਰਾਈਵਰ ਦੀ ਸੀਟ ਵੱਲ ਅੱਗੇ ਝੁੱਕ ਕੇ ਬੁਲਾਇਆ।

"ਓ! ਮੈਂ ਸੁਣਿਆ ਨਹੀਂ ਸੀ ਬਜ਼ੁਰਗੋ! ਨਾਂਓ ਤਾਂ ਮੇਰਾ ਗੁਰਦੀਪ ਸਿੰਘ, ਵੈਸੇ ਛੋਟੇ ਹੁੰਦੇ ਦਾ ਘਰਦਿਆਂ ਗੋਰਾ ਰੱਖ ਦਿੱਤਾ, ਜੋ ਹੁਣ ਤੱਕ ਚੱਲਦਾ, ਤੇ ਏਅਰਪੋਰਟ ਨੂੰ ਟਾਈਮ ਲੱਗਣਾ ਅੱਧਾ ਘੰਟਾ। ਬਾਪੂ ਜੀ, ਕੀ ਗੱਲ ਵਾਸ਼ਰੂਮ ਤਾਂ ਨ੍ਹੀਂ ਜਾਣਾ?"

"ਜਾਣਾ ਤਾਂ ਹੈ, ਗੋਰਿਆ।"

ਫਿਰ ਅਗਲੇ ਗੈਸ ਸਟੇਸ਼ਨ ਗੱਡੀ ਰੁਕੀ। ਵਾਸ਼ਰੂਮ ਜਾਣ ਪਿੱਛੋਂ ਵਾਪਿਸ ਆਉਂਦਿਆਂ ਗੋਰਾ ਤਿੰਨ ਕੱਪ ਚਾਹ ਤੇ ਨਾਲ ਕੁਝ ਖਾਣ ਨੂੰ ਫੜ੍ਹ ਲਿਆਇਆ।

"ਓਏ ਪੁੱਤ ਗੋਰਿਆ, ਇਹਦੀ ਕੀ ਲੋੜ ਸੀ?" ਤਾਰਾ ਸਿੰਘ ਨੇ ਚਾਹ ਦੇ ਦੋਵੇਂ ਕੱਪ ਫੜ੍ਹਦਿਆ ਕਿਹਾ।

"ਕੋਈ ਗੱਲ ਨਹੀਂ ਬਾਪੂ ਜੀ, ਤੱਤਾ ਪਾਣੀ ਆ, ਮੈਂ ਵੀ ਪੀਣੀ ਸੀ।" ਨਾਲ ਹੀ ਮੂੰਹ ਵਿਚ ਬੁੜਬੁੜਾਇਆ ਜਿਵੇਂ ਕੋਈ ਪਛਤਾਵਾ ਕਰਦਾ ਕਹਿ ਰਿਹਾ ਹੋਵੇ, "ਬਜ਼ੁਰਗੋ ਮੇਰਾ ਵੱਸ ਚੱਲੇ ਮੈਂ ਤੁਹਾਨੂੰ ਆਪਣੇ ਘਰ ਲੈ ਜਾਵਾਂ।"

ਕਾਰ ਏਅਰਪੋਰਟ 'ਤੇ ਜਾ ਰੁਕੀ। ਸਮਾਨ ਕੱਢਣ ਪਿੱਛੋਂ ਗੋਰਾ ਬਜ਼ੁਰਗਾਂ ਦੇ ਗੋਡੀਂ ਹੱਥ ਲਾਉਣ ਨੂੰ ਝੁਕਿਆ ਤਾਂ ਤਾਰਾ ਸਿੰਘ ਨੇ ਜੱਫੀ ਮਾਰ ਪਿਆਰ ਦਿੱਤਾ ਤੇ ਨਾਲ ਹੀ ਕਿਹਾ, "ਗੋਰੇ ਪੁੱਤ! ਤੂੰ ਵੀ ਸਾਡੇ ਪੁੱਤ ਵਰਗਾ। ਸ਼ੇਰਾ! ਜੋ ਵੀ ਤੂੰ ਸਾਡਾ ਦੁੱਖ-ਸੁੱਖ ਸੁਣਿਆ, ਬੱਸ ਕਾਰ ਵਿਚ ਹੀ ਰਹੇ। ਸਾਡੇ ਵਿਚ ਈ ਕੋਈ ਘਾਟ ਹੋਣੀ, ਨੂੰਹ-ਪੁੱਤ ਤਾਂ ਸਾਨੂੰ ਬਹੁਤ ਪਿਆਰ ਕਰਦੇ ਆ।"

ਗੋਰਾ ਅੱਖਾਂ ਵਿਚ ਪਾਣੀ ਭਰੀ ਬਜ਼ੁਰਗਾਂ ਨੂੰ ਅਟੈਚੀ ਘੜੀਸਦੇ ਜਾਂਦੇ ਵੇਖਦਾ ਰਹਿ ਗਿਆ।

---

# ਕਾਵਿ ਜਗਤ

## ਧੀਆਂ-ਬੇਟੀਆਂ

ਧੀਆਂ ਮੈਨੂੰ ਪੁੱਤਰਾਂ ਨਾਲੋਂ ਵੀ
ਜਾਪਣ ਵਧ ਕੇ
ਲਗਦੀਆਂ ਭੈਣਾਂ ਵੀ ਹਨ
ਮੈਨੂੰ ਭਰਾਵਾਂ ਵਰਗੀਆਂ।

ਧੀ ਬਹੂ ਮਾਂ ਬਾਪ ਵੀਰਾ
ਸਭ ਦੀਆਂ ਨਜ਼ਰਾਂ ਦੇ ਰੰਗ
ਦੇਖ ਇਸ ਇੰਦਰ ਧਨੁਸ਼ 'ਤੇ
ਆਂਚ ਨਾ ਆਵੇ ਕਦੇ।

ਧੀਆਂ ਆਡਾਂ ਕੰਜਕਾਂ ਭਰ ਭਰ ਡੋਲ੍ਹਣ ਨੀਰ
ਪੁੱਤਰ ਦਰਿਆ ਅੱਥਰੇ ਕੰਢੇ ਜਾਵਣ ਚੀਰ।

ਪੁੱਤਾਂ ਮਿਲਖਾਂ ਵੰਡੀਆਂ ਫੋਲੇ ਨੂੰਹਾਂ ਸੰਦੂਕ
ਧੀ ਦੇ ਪੋਟੇ ਪੂੰਝਦੇ ਬਾਪ ਦੀ ਅੱਖ ਦਾ ਨੀਰ!

*-ਤਰਲੋਚਨ ਸਿੰਘ ਦੁਪਾਲਪੁਰ*

---

## ਚੇਤੇ ਆਉਂਦੀਆਂ

ਬੜੀਆਂ ਚੇਤੇ ਆਉਂਦੀਆਂ ਨੇ
ਆਪਣੀਆਂ ਗਲੀਆਂ।
ਭੁੱਜੀਆਂ ਮੂੰਗਫਲੀਆਂ।
ਮੱਕੀ ਦੇ ਦਾਣੇ ਰਲ-ਮਿਲ ਖਾਣੇ।
ਹਲਵਾਈ ਦੀ ਹੱਟੀ, ਲੱਸੀ ਖੱਟੀ।
ਲੱਡੂ ਪੇਲੇ, ਪੂੜੀਆਂ ਛੋਲੇ।
ਪਨੀਰ ਦੇ ਪਕੌੜੇ, ਚਟਣੀ ਹਰੀ,
ਮਿਰਚਾਂ ਨਾਲ ਭਰੀ।
ਖਾ ਕੇ ਗੋਲ ਗੱਪੇ, ਮਾਰਨੇ ਛੜੱਪੇ।
ਲੁਕਣ ਮਚਾਈਆਂ, ਮਾਂ-ਪਿਉ ਜਾਈਆਂ।

ਬੜੀਆਂ ਚੇਤੇ ਆਉਂਦੀਆਂ ਨੇ,
ਗਰਮੀਆਂ ਦੀਆਂ ਰਾਤਾਂ।
ਵਿਹੜੇ ਵਿਚ ਮੰਜੇ, ਸ਼ਰਬਤ ਠੰਢੇ।
ਟੀ. ਵੀ. ਸਾਹਵੇਂ, ਬਹਿ ਕੇ ਖਾਣਾ,
ਮਨ ਪਰਚਾਣਾ।
ਭਿੰਨੀਆਂ ਰਾਤਾਂ, ਪਰੀਆਂ ਦੀਆਂ ਬਾਤਾਂ।
ਚਮਕਣ ਤਾਰੇ, ਲੱਗਣ ਪਿਆਰੇ।
ਸ਼ੁਭ ਪ੍ਰਭਾਤਾਂ, ਨਲਕੇ ਥੱਲੇ ਨਹਾਣਾ,
ਪਾਣੀ ਉਡਾਣਾ।
ਮਾਂ ਦੀਆਂ ਝਿੜਕਾਂ, ਬਾਪ ਦੇ ਇਸ਼ਾਰੇ,
ਬੜੇ ਪਿਆਰੇ।

ਬੜੇ ਚੇਤੇ ਆਉਂਦੇ ਨੇ,
ਪੰਜਾਬ ਦੇ ਮੇਲੇ, ਗੱਭਰੂ ਅਲਬੇਲੇ।
ਹੱਥੀਂ ਗੰਡਾਸੇ, ਉਡਦੇ ਹਾਸੇ।
ਭੰਗੜੇ ਪਾਉਂਦੇ, ਬੱਕਰੇ ਬੁਲਾਉਂਦੇ।
ਅੱਲ੍ਹੜ ਮੁਟਿਆਰਾਂ, ਬਣ ਕੇ ਡਾਰਾਂ।
ਮੇਲੇ ਜਾਵਣ, ਕਿਲਕਿਲੀ ਪਾਵਣ।
ਚੂੜੀਆਂ ਚੜ੍ਹਾਵਣ, ਹਿੱਕ ਨਾਲ ਲਾਵਣ।
ਪੈਰੀਂ ਪੰਜੇਬਾਂ, ਬੜੀਆਂ ਫੱਬਣ,
ਸੁਹਣੀਆਂ ਲੱਗਣ।
ਲੰਮੇ ਪਰਾਂਦੇ, ਪੈਲਾਂ ਪਾਂਦੇ,
ਦਿਲ ਧੜਕਾਂਦੇ।

ਬੜੇ ਚੇਤੇ ਆਉਂਦੇ ਨੇ,
ਬੀਤੇ ਦਿਹਾੜੇ, ਭਾਗਾਂ ਵਾਲੇ।
ਸਾਨੂੰ ਤੜਪਾਵਣ, ਹੱਥ ਨਾ ਆਵਣ।
ਕੋਈ ਪੀਰ ਮਨਾਈਏ,
ਕੋਈ ਰੋਟ ਚੜ੍ਹਾਈਏ
ਫਿਰ ਮੇਲੇ ਲੱਗਣ,
ਵਿਛੜੇ ਸੱਜਣ, ਗਲੇ ਆ ਲੱਗਣ।
ਹੀਰਾਂ ਤੇ ਰਾਂਝੇ ਰਲ ਕੇ ਨੱਚਣ।
ਧੂਮ ਮਚਾਵਣ, ਮਨ ਨੂੰ ਭਾਵਣ।
ਰਲ ਮਿਲ ਗਾਵਣ,
ਇਹ ਪੰਜਾਬ ਨਿਆਰਾ
ਸਾਨੂੰ ਲੱਗੇ ਪਿਆਰਾ।

*-ਬਲਵੰਤ ਕੌਰ ਛਾਬੜਾ*
*ਕੈਲੀਫੋਰਨੀਆ।*

## ਮੁੱਕ ਗਏ

ਲਿਖਾਂ ਕੀ ਮੈਂ ਹੁਣ ਅਲਫਾਜ਼ ਮੁੱਕ ਗਏ ਨੇ।
ਤੇਰੇ ਸਾਡੇ ਨਾਲ ਉਹ ਲਿਹਾਜ਼ ਮੁੱਕ ਗਏ ਨੇ।

ਗੀਤ ਜਿਹੜੇ ਤੂੰ ਚਾਈਂ ਚਾਈਂ ਸੁਣਦਾ ਸੀ,
ਗਾਵਾਂ ਹੁਣ ਕਿਵੇਂ ਕਿ ਉਹ ਸਾਜ਼ ਮੁੱਕ ਗਏ ਨੇ।

ਇੱਕ ਹੋ ਕੇ ਤੁਰੀਏ ਕਿਵੇਂ ਆਪਾਂ ਚੰਨ ਵੇ,
ਰੁੱਸਣ-ਮਨਾਉਣ ਦੇ ਰਿਵਾਜ਼ ਮੁੱਕ ਗਏ ਨੇ।

ਲੁਕਾਵਾਂ ਕਿਹੜੀ ਗੱਲ ਤੇ ਓਹਲਾ ਕੀ ਰੱਖਾਂ,
ਤੇਰੇ ਮੇਰੇ ਚੰਦਰੇ ਉਹ ਰਾਜ਼ ਮੁੱਕ ਗਏ ਨੇ।

ਰੱਖ ਦਿਲਾ ਦਿਲ ਦੀਆਂ ਦਿਲ 'ਚ ਸੰਭਾਲ ਕੇ,
ਸਾਡੇ ਅੱਜ ਜੱਗ 'ਚੋਂ ਹਮਰਾਜ਼ ਮੁੱਕ ਗਏ ਨੇ।

*-ਸੁਰਿੰਦਰ ਕੌਰ*

---

## ਲੱਭ ਕੋਈ ਹੱਲ ਫਕੀਰਾ

ਵਿਗੜਦੀ ਜਾਂਦੀ ਗੱਲ ਫਕੀਰਾ
ਲੱਭ ਕੋਈ ਇਹਦਾ ਹੱਲ ਫਕੀਰਾ।
ਅੱਜ ਵੀ ਨਾ ਗੁਆ ਲਈਂ ਐਵੇਂ
ਗੁਆ ਲਿਆ ਜਿਵੇਂ ਕੱਲ ਫਕੀਰਾ।

ਬਹਿਸਣ ਵਾਲੇ ਰੁਕ-ਰੁਕ ਲੜਦੇ
ਵਿਚਾਰਾਂ ਕਰਦਾ ਚੱਲ ਫਕੀਰਾ।
ਜਿਸ ਨੇ ਜਗਤ-ਤਮਾਸ਼ਾ ਰਚਿਆ
ਕਰ ਕੋਈ ਉਸ ਦੀ ਗੱਲ ਫਕੀਰਾ।

ਸਭ ਨੂੰ ਕਿਵੇਂ ਦੌੜਾਈ ਫਿਰਦਾ
ਇੱਕੋ ਹੀ ਉਹ ਅਚੱਲ ਫਕੀਰਾ।
ਮਨ ਦੇ ਭੱਜਿਆਂ ਕੁਝ ਨ੍ਹੀਂ ਮਿਲਿਆ
ਲੈ, ਵੇਖ ਕੇ ਥੋੜ੍ਹਾ ਠੱਲ੍ਹ ਫਕੀਰਾ।

ਯਾਰ ਮਿਲੂਗਾ ਬਾਹਾਂ ਤਾਣ ਕੇ
ਸਿੱਖ ਮਨਾਉਣ ਦਾ ਵੱਲ ਫਕੀਰਾ।
ਜਿੱਥੇ ਹੈ ਆਖਿਰ ਜਾ ਕੇ ਵੱਸਣਾ
ਉਥੇ ਲਈ ਥਾਂ ਮੱਲ ਫਕੀਰਾ।
'ਦਵਿੰਦਰਾ' ਟਾਲਿਆ ਨਹੀਂ ਟਲਦਾ
ਹੁਕਮ ਹੈ ਉਹਦਾ ਅਟੱਲ ਫਕੀਰਾ।

*-ਦਵਿੰਦਰ ਸਿੰਘ ਸੇਖੋਂ*
*ਫੀਨਿਕਸ, ਐਰੀਜ਼ੋਨਾ।*
*ਫੋਨ: 913-735-4661*

# ਮੇਰੇ ਅੰਦਰ ਸਾਰੰਗੀ ਹੂਕਦੀ ਹੈ!

***ਸ਼ਾਇਰ ਇਕਬਾਲ ਰਾਮੂਵਾਲੀਆ (ਹੁਣ ਮਰਹੂਮ) ਦੀ ਵਾਰਤਕ ਜਾਪਦਾ ਹੈ, ਜਿਵੇਂ ਸੰਗੀਤ ਦੀ ਚਾਸ਼ਣੀ ਵਿਚ ਚੁੱਭੀ ਮਾਰ ਕੇ ਆਈ ਹੋਵੇ। ਉਹ ਮਾਹੌਲ ਵੀ ਇਸ ਤਰ੍ਹਾਂ ਬੰਨ੍ਹਦਾ ਹੈ ਕਿ ਪਾਠਕ ਖੁਦ ਨੂੰ ਉਥੇ ਖੜ੍ਹਾ ਮਹਿਸੂਸ ਕਰਦਾ ਹੈ। ਇਹ ਅਸਲ ਵਿਚ ਧੜਕਦੀ ਜ਼ਿੰਦਗੀ ਦੀ ਵਾਰਤਕ ਹੈ ਜਿਸ ਅੰਦਰ ਸੰਗੀਤ ਦਾ ਦਰਿਆ ਠਾਠਾਂ ਮਾਰਦਾ ਹੈ। 'ਮੇਰੇ ਅੰਦਰ ਸਾਰੰਗੀ ਹੂਕਦੀ ਹੈ!' ਪੜ੍ਹ ਕੇ ਪਤਾ ਲਗਦਾ ਹੈ ਕਿ ਸੰਗੀਤ ਤੇ ਸੁਰਾਂ ਦਾ ਜ਼ਿੰਦਗੀ ਨਾਲ ਕੀ ਰਿਸ਼ਤਾ ਹੈ। -ਸੰਪਾਦਕ***

ਜ਼ਿੰਦਗੀ ਦੇ ਛੇ ਦਹਾਕਿਆਂ ਦੇ ਲੰਮੇ ਸਫਰ ਦੌਰਾਨ, ਅਣਗਿਣਤ ਠੰਢੀਆਂ-ਤੱਤੀਆਂ ਹਵਾਵਾਂ ਵਿਚੋਂ ਗੁਜ਼ਰਨ ਤੇ ਵੰਨ-ਸੁਵੰਨੇ, ਸੁਰੇ-ਬੇਸੁਰੇ ਬੰਦਿਆਂ ਨਾਲ ਵਿਚਰਨ ਤੋਂ ਬਾਅਦ ਮੈਂ ਯਕੀਨ ਕਰਨ ਲੱਗ ਪਿਆ ਹਾਂ ਕਿ ਬੁੱਧੀ ਦੀ ਸਾਧਾਰਨ (ਨਾਰਮਲ) ਯੋਗਤਾ ਵਾਲਾ ਹਰ ਬੰਦਾ ਕੋਈ ਨਾ ਕੋਈ ਹੁਨਰ ਕੁਦਰਤ ਵੱਲੋਂ ਹੀ ਲੈ ਕੇ ਦੁਨੀਆਂ ਦੀ ਭੀੜ ਨੂੰ ਸੰਘਣੀ ਕਰਨ ਆਉਂਦਾ ਹੈ। ਮੈਨੂੰ ਇਸ ਗੱਲ ਵਿਚ ਵੀ ਦਮ ਨਜ਼ਰ ਆਉਂਦਾ ਹੈ ਕਿ ਕਿਸੇ ਖਾਸ ਹਾਲ ਵਿਚ ਨਿੱਕੇ ਤੋਂ ਨਿੱਕਾ ਤੇ ਤੁੱਛ ਤੋਂ ਤੁੱਛ ਸਮਝਿਆ ਜਾਂਦਾ ਹੁਨਰ ਵੀ ਮਹਾਨ ਹੋ ਨਿਬੜਦਾ ਹੈ; ਇਹ ਗੱਲ ਵੱਖਰੀ ਹੈ ਕਿ ਕਿਸੇ ਖਾਸ ਸਮੇਂ ਤੇ ਹਾਲਾਤ ਵਿਚ ਕੋਈ ਹੁਨਰ ਵੱਧ ਸਲਾਹੁਤਾ ਤੇ ਮਾਨਤਾ ਪ੍ਰਾਪਤ ਕਰ ਲੈਂਦਾ ਹੈ।

ਅੱਜ ਦੇ ਤਕਨੀਕੀ ਮਾਹੌਲ ਵਿਚ ਲਿਖਣ, ਪੜ੍ਹਨ, ਗਾਉਣ, ਸਾਇੰਸ, ਕੰਪਿਊਟਰ ਆਦਿਕ ਵਿਚ ਪ੍ਰਬੀਨਤਾ ਜਾਂ ਮੈਡੀਕਲ ਸਾਇੰਸ ਦੀਆਂ ਬਾਰੀਕੀਆਂ ਵਿਚ ਮੁਹਾਰਤ ਨੂੰ ਉਤਮ ਹੁਨਰਾਂ ਵਿਚ ਸ਼ੁਮਾਰ ਕੀਤਾ ਜਾਂਦਾ ਹੈ, ਪਰ ਪੜ੍ਹਾਈ-ਲਿਖਾਈ ਤੇ ਹੋਰ ਪ੍ਰਵਾਨਤ ਖੇਤਰਾਂ ਵਿਚ 'ਮਾਹਿਰ' ਲੋਕਾਂ ਦੀ ਜੰਗਲ ਵਿਚ



**ਇਕਬਾਲ ਰਾਮੂਵਾਲੀਆ**

ਗਵਾਚੀ ਕੋਈ ਟੋਲੀ ਅਗਰ ਕਹਿਰ ਦੀ ਸਰਦ ਰਾਤ ਵਿਚ ਠੁਰਕ ਰਹੀ ਹੋਵੇ ਤਾਂ ਉਸ 'ਖਾਸ ਹਾਲਤ' ਵਿਚ ਪੱਥਰਾਂ ਤੇ ਲੱਕੜੀਆਂ ਨੂੰ ਰਗੜ ਕੇ ਅੱਗ ਸਿਰਜ ਲੈਣ ਦੀ ਮੁਹਾਰਤ ਰੱਖਦਾ ਕੋਈ 'ਅਸਲੋਂ ਗੰਵਾਰ' ਤੇ 'ਜਾਂਗਲੀ' ਸਮਝਿਆ ਜਾਂਦਾ ਬੰਦਾ ਵੀ 'ਮਾਹਿਰਾਂ' ਨਾਲੋਂ ਵਧੇਰੇ ਹੁਨਰਮੰਦ ਹੋ ਗੁਜ਼ਰਦਾ ਹੈ। ਇੰਜ ਹੀ, ਅੱਜ ਦੇ ਯੁਗ ਵਿਚ ਅਸਮਾਨ ਵਿਚ ਹਵਾਈ ਜਹਾਜਾਂ ਦੀਆਂ ਮਛਲੀਆਂ ਵਾਂਗ ਤਾਰੀਆਂ ਲੁਆ ਦੇਣ ਵਾਲੇ ਪਾਇਲਟਾਂ ਦੇ ਹੁਨਰਾਂ 'ਤੇ ਹੈਰਾਨੀ ਜ਼ਾਹਰ ਕੀਤੀ ਜਾਂਦੀ ਹੈ, ਪਰ ਹਵਾਈ ਜਹਾਜ ਦੀ ਈਜਾਦ ਤੋਂ ਪਹਿਲਾਂ ਵੀ ਤਾਂ ਅਜਿਹੇ ਬੇਸ਼ੁਮਾਰ ਬੰਦੇ ਹੁੰਦੇ ਹੋਣਗੇ ਜਿਹੜੇ ਅਜਿਹੇ ਦੋ ਖੰਭਿਆਂ ਵਿਚਕਾਰੋਂ ਜਹਾਜ ਨੂੰ ਲੰਘਾ ਸਕਣ ਦੇ ਹੁਨਰੀ ਹੋ ਸਕਦੇ ਹਨ ਜਿਨ੍ਹਾਂ ਦਾ ਫਾਸਲਾ ਅਗਰ ਦੋ ਚਾਰ ਇੰਚ ਵੀ ਘਟਾ ਦਿੱਤਾ ਜਾਂਦਾ ਤਾਂ ਜਹਾਜ ਦੇ ਖੰਭ, ਇਨ੍ਹਾਂ ਖੰਭਿਆਂ ਨਾਲ ਘਸੜ ਕੇ ਜਹਾਜ ਨੂੰ ਭੁਆਂਟਣੀ ਦੇ ਦਿੰਦੇ, ਪਰ ਉਸ ਵਕਤ ਕਿਉਂਕਿ ਹਵਾਈ ਜਹਾਜ ਦੀ ਹੋਂਦ ਹੀ ਨਹੀਂ ਸੀ, ਇਸ ਲਈ ਉਨ੍ਹਾਂ ਦਾ ਇਹ ਹੁਨਰ ਪੁੰਗਰ ਨਾ ਸਕਿਆ।

ਇਸੇ ਪ੍ਰਸੰਗ ਵਿਚ ਇਹ ਗੱਲ ਵੀ ਸਹੀ ਹੈ ਕਿ ਕੁਦਰਤ ਨੇ ਭਾਵੇਂ ਹਰ ਬੰਦੇ ਨੂੰ ਕਿਸੇ ਨਾ ਕਿਸੇ ਹੁਨਰ ਵਿਚ ਪ੍ਰਬੀਨ ਹੋਣ ਦੀ ਸੰਭਾਵਨਾ/ਗੁੰਜਾਇਸ਼ ਨਾਲ ਲੈਸ ਕੀਤਾ ਹੁੰਦਾ ਹੈ, ਲੇਕਿਨ ਆਪਣੇ ਸੰਭਾਵੀ ਹੁਨਰ ਦੀ ਸ਼ਨਾਖਤ ਕਰ ਲੈਣੀ ਹਰ ਬੰਦੇ ਦੇ ਹਿੱਸੇ ਨਹੀਂ ਆਉਂਦੀ। ਮਿਸਾਲ ਦੇ ਤੌਰ 'ਤੇ ਕਈਆਂ ਵਿਚ ਵਧੀਆ ਭਲਵਾਨ ਬਣ ਜਾਣ ਦੀ ਸਮਰੱਥਾ ਹੁੰਦੀ ਹੈ, ਪਰ ਕਿਸੇ ਅਗਿਆਤ ਕਾਰਨ ਅਧੀਨ ਉਹ ਹਾਰਮੋਨੀਅਮ ਵਜਾਉਣ ਦੇ ਤਾਂਘੀ ਹੋ ਜਾਂਦੇ ਨੇ। ਇਸ ਹਾਲਤ ਵਿਚ ਉਨ੍ਹਾਂ ਦੀਆਂ ਉਂਗਲਾਂ ਹਾਰਮੋਨੀਅਮ ਦੀਆਂ ਸੁਰਾਂ ਵਿਚੋਂ ਧੁਨਾਂ ਉਭਾਰਨ ਦੀ ਥਾਂ ਉਨ੍ਹਾਂ ਦਾ ਮਿੱਧਣ-ਲਿਤੜਨ ਵੱਧ ਕਰਦੀਆਂ ਨੇ।

ਜਦੋਂ ਮੈਂ ਗਾਇਕੀ, ਸਾਜ਼ਿੰਦਗੀ ਤੇ ਸਾਹਿਤ ਰਚਨਾ ਨਾਲ ਆਪਣੀ ਗੂੜ੍ਹੀ ਸਾਂਝ ਉਤੇ ਨਜ਼ਰ ਮਾਰਦਾ ਹਾਂ ਤਾਂ ਮੈਨੂੰ ਜਾਪਦੈ, ਮੇਰੇ ਅੰਦਰ ਲਫਜ਼ਾਂ ਦਾ ਮੋਹ ਤੇ ਸੁਰ-ਤਾਲ ਨਾਲ ਇਕਮਿਕ ਹੋਣ ਦੇ ਥੋੜ੍ਹੇ ਬਹੁਤੇ ਬੀਜ ਕੁਦਰਤ ਵੱਲੋਂ ਹੀ ਖਿਲਾਰੇ ਹੋਏ ਸਨ। ਇਹ ਬੀਜ ਕੁਦਰਤ ਵੱਲੋਂ ਮੇਰੇ ਬਾਪੂ ਨੂੰ ਵੀ ਮਿਲੇ ਸਨ, ਜਿਸ ਨੇ ਹਰ ਸੂਖਮ ਕਲਾ ਨੂੰ ਮਸਲ ਦੇਣ ਵਾਲੇ ਕਠੋਰ ਹਾਲਾਤ ਵਿਚ ਘਿਰੇ ਹੋਣ ਦੇ ਬਾਵਜੂਦ, ਇਨ੍ਹਾਂ ਬੀਜਾਂ ਨੂੰ ਆਪਣੀ ਲਗਨ ਤੇ ਸਿਰੜ ਨਾਲ ਪੁੰਗਰਾਅ ਲਿਆ। ਬਾਪੂ ਕਵੀਸ਼ਰੀ ਲਿਖਣ/ਗਾਉਣ ਦੇ ਸੰਗੀਤ ਦਾ ਅਭਿਆਸੀ ਸੀ। ਬਚਪਨ ਵੱਲ ਜਿਥੋਂ ਤਕ ਮੇਰੀ ਸੁਰਤ ਪਰਤਦੀ ਹੈ, ਉਦੋਂ ਤੋਂ ਹੀ ਸਾਡੇ ਥੁੜਾਂ ਭੋਗਦੇ ਘਰ ਵਿਚ, ਕਵੀਸ਼ਰੀ ਰਚਨਾ ਦੇ ਰੂਪ ਵਿਚ, ਕਾਵਿਕ ਲਫਜ਼ ਛਣਕਦੇ ਆ ਰਹੇ ਸਨ। ਸਾਡੇ ਘਰਾਂ ਦੀਆਂ ਕੰਧਾਂ ਨੂੰ ਗਾਇਕੀ ਦੀਆਂ ਲੈਆਂ, ਸਾਰੰਗੀਆਂ ਦੀਆਂ ਹੂਕਾਂ, ਤੇ ਢੱਡਾਂ ਦੀ 'ਢਊਂ ਢਊਂ' ਸੁਣਨ ਦਾ 'ਅਮਲ' ਲੱਗ ਚੁਕਾ ਸੀ।

ਜਿਸ ਜ਼ਮਾਨੇ ਦੀ ਗੱਲ ਮੈਂ ਕਰਨ ਲੱਗਾ ਹਾਂ, ਉਸ ਵਿਚ ਅੱਜ ਵਾਲੀਆਂ ਸੀਡੀਆਂ ਤੇ ਕੈਸੇਟਾਂ ਦਾ ਹਾਲੇ ਸੁਪਨਾ ਵੀ ਨਹੀਂ ਸੀ ਜਨਮਿਆ। ਉਹ ਤਵਿਆਂ ਦੇ ਤੌਰ 'ਤੇ ਜਾਣੇ ਜਾਂਦੇ, ਗਰਾਮੋਫੋਨ ਮਸ਼ੀਨਾਂ ਉਤੇ ਚਲਦੇ ਰਿਕਾਰਡਾਂ ਅਤੇ ਬੌਲਦਾਂ ਦੇ ਗਲੀਂ ਪਾਈਆਂ ਜਾਂ ਮੰਦਿਰਾਂ ਵਿਚ ਲਟਕਦੀਆਂ ਟੱਲੀਆਂ ਦੀ ਸ਼ਕਲ ਦੇ ਵੱਡ-ਅਕਾਰੀ ਲਾਊਡ ਸਪੀਕਰਾਂ ਦਾ ਯੁੱਗ ਸੀ। ਸ਼ਾਦੀਆਂ, ਅਖੰਡ ਪਾਠਾਂ, ਭੋਗਾਂ ਅਤੇ ਖੁਸ਼ੀ ਦੇ ਹੋਰ ਸਮਾਗਮਾਂ ਮੌਕੇ ਇਹ ਲਾਊਡ ਸਪੀਕਰ ਕੋਠਿਆਂ ਉਤੇ ਦੋ ਮੰਜਿਆਂ ਦੇ ਸਿਰ ਵਾਲੇ ਪਾਸਿਆਂ ਨੂੰ ਤਿਕੋਣੀ ਸ਼ਕਲ ਵਿਚ ਜੋੜ ਕੇ ਉਨ੍ਹਾਂ ਉਪਰ ਟੰਗ ਦਿੱਤੇ ਜਾਂਦੇ ਸਨ। ਇਨ੍ਹਾਂ ਸਪੀਕਰਾਂ ਰਾਹੀਂ ਢਾਡੀਆਂ ਤੇ ਅਲਗੋਜ਼ਿਆਂ ਦੀ ਸੰਗਤ ਨਾਲ ਕੀਤੀ ਗਈ ਗਾਇਕੀ ਦੇ ਗਰਾਮੋਫੋਨ ਰਿਕਾਰਡ ਕਈ ਕਈ ਦਿਨ ਤੇ ਸਾਰੀ ਸਾਰੀ ਦਿਹਾੜੀ ਸਾਰੇ ਪਿੰਡ ਦੇ ਕੰਨਾਂ ਵਿਚ 'ਪੰਪ' ਕੀਤੇ ਜਾਂਦੇ ਸਨ। ਸਾਊਂਡ ਬਾਕਸ ਦੇ ਨਾਮ ਨਾਲ ਜਾਣੀ ਜਾਂਦੀ ਡੱਬੀ ਵਿਚ ਕੱਸੀ ਸੂਈ, ਮਸ਼ੀਨ ਉਤੇ ਘੁੰਮ ਰਹੇ ਰਿਕਾਰਡ ਦੇ ਮਹੀਨ ਸਿਆੜਾਂ ਵਿਚ ਘਿਸੜ ਕੇ ਉਨ੍ਹਾਂ ਵਿਚੋਂ ਆਵਾਜ਼ ਚੁਗਦੀ, ਜਿਸ ਨੂੰ ਉਹ ਗੁੰਝਲਦਾਰ ਸਿਸਟਮ ਵਿਚ ਗੁਜ਼ਾਰ ਕੇ ਵੀ ਕੋਠੇ ਉਪਰ ਟੁੰਗੇ 'ਹੌਰਨ' ਰਾਹੀਂ ਦੂਰ ਦੂਰ ਤੀਕਰ ਪਹੁੰਚਾਉਂਦੀ। ਬਚਪਨ ਉਮਰੇ ਗਰਮੀਆਂ ਦੀ ਰੁੱਤੇ ਆਪਣੇ ਕੋਠੇ ਉਤੇ ਮੰਜੇ 'ਤੇ ਪਿਆਂ ਰਿਕਾਰਡਾਂ ਰਾਹੀਂ ਸੁਣੀ ਤੂੰਬਿਆਂ ਦੀ ਤੁਣ ਤੁਣ, ਅਲਗੋਜ਼ਿਆਂ ਦੀ ਫੂੰ ਫੂੰ ਸਾਰੰਗੀਆਂ ਦੀ ਚੀਂ ਚੀਂ ਅਤੇ ਢੱਡਾਂ ਦੀ ਡੁੱਗ ਡੁੱਗ, ਢੁੰਮ ਢੁੰਮ ਮੇਰੇ ਕੰਨਾਂ ਵਿਚ ਹੁਣ ਵੀ ਗੂੰਜਣ ਲੱਗ ਜਾਂਦੀ ਹੈ।

ਘਰ ਵਿਚ ਲੋਕ ਸੰਗੀਤ ਤੇ ਕਵੀਸ਼ਰੀ ਦਾ ਅਟੁੱਟ ਪ੍ਰਵਾਹ ਹੋਣ ਕਰ ਕੇ ਸੰਗੀਤ ਮੇਰੀ ਸਿਮਰਤੀ ਵਿਚ ਕਿਸੇ ਖਾਸ ਦਿਨ ਜਾਂ ਵਕਤ ਉਤੇ ਦਾਖਲ ਨਹੀਂ ਹੋਇਆ; ਇਹ ਤਾਂ ਹਵਾ ਵਾਂਗ ਆਪ-ਮੁਹਾਰੇ ਹੀ ਮੇਰੇ ਦਿਲੋ-ਦਿਮਾਗ ਵਿਚ ਘੁਲ ਗਿਆ ਸੀ। ਸੰਗੀਤ ਤੇ ਤਾਲ ਨਾਲ ਮੇਰਾ ਅਮਲੀ ਤੇ ਸੁਚੇਤ ਵਾਹ ਜਿਸ ਇਤਫਾਕ ਨਾਲ ਹੋਇਆ, ਉਹ ਮੇਰੀਆਂ ਯਾਦਾਂ ਵਿਚ ਕਦੇ ਫਿੱਕਾ ਨਹੀਂ ਹੋਇਆ।

ਸੰਨ 1955 ਦੀ ਗੱਲ ਹੈ, ਉਮਰ ਦੇ ਨੌਂਵੇਂ ਪਾਏਦਾਨ 'ਤੇ ਵਿਚਰਦਿਆਂ ਮੈਂ ਤੀਜੀ ਜਮਾਤ ਦੀਆਂ ਕਿਤਾਬਾਂ ਨਾਲ ਸਿੱਝਣ ਲੱਗਿਆ ਸਾਂ। ਸਾਡੇ ਗੁਆਂਢੀ ਪਿੰਡ ਰਣੀਏਂ ਦਾ ਮਾਸਟਰ ਸ਼ਮਸ਼ੇਰ ਸਿੰਘ ਸਕੂਲ ਵਿਚ ਕੁਰਸੀ 'ਤੇ ਨਹੀਂ, ਸਗੋਂ ਭੁੰਜੇ ਵਿਛਾਈ ਤਪੜੀ ਉਤੇ ਬੈਠਦਾ। ਉਹਦੇ ਸਾਹਮਣੇ ਮਧਰੇ ਕੱਦ ਦੀ ਵਿਸ਼ਾਲ ਸੰਦੂਕੜੀ ਪਈ ਹੁੰਦੀ ਸੀ ਜਿਸ ਵਿਚ ਉਹ ਆਪਣੇ ਡਰੰਕ, ਕਲਮਾਂ, ਸਿਆਹੀ ਦੀਆਂ ਦਵਾਤਾਂ, ਪੈਨਸਿਲਾਂ ਤੇ ਹੋਰ ਨਿੱਕ-ਸੁੱਕ ਦੇ ਨਾਲ ਨਾਲ, ਹਰ ਰੋਜ਼ ਆਉਂਦੀ-ਜਾਂਦੀ ਪਿੰਡ ਦੀ ਡਾਕ ਦਾ ਸਿਰ ਵੀ ਪਲੋਸਦਾ। ਮੀਂਹ ਹੋਵੇ ਜਾਂ ਹਨੇਰੀ, ਗੜੇ ਪੈਣ ਜਾਂ ਕੋਹਰਾ, ਉਹ ਚਾਰ ਕੁ ਮੀਲ ਦੇ ਸਫਰ ਨੂੰ ਕਦਮਾਂ ਦੇ ਉਦਾਲੇ ਲਪੇਟ ਕੇ, ਸਕੂਲ ਸ਼ੁਰੂ ਹੋਣ ਤੋਂ ਅੱਧਾ-ਪੌਣਾ ਘੰਟਾ ਪਹਿਲਾਂ ਸਕੂਲ ਦੀਆਂ ਬਾਰੀਆਂ ਦੀਆਂ ਕੁੰਡੀਆਂ ਨੂੰ ਪਲੋਸਣ ਲੱਗ ਜਾਂਦਾ। ਸੁਵਖਤੇ ਸਕੂਲ ਪਹੁੰਚ ਕੇ ਉਹ ਕਮਜ਼ੋਰ ਬੱਚਿਆਂ ਨੂੰ ਜਰਬਾਂ-ਤਕਸੀਮਾਂ ਦੀਆਂ ਗੁਪਤ ਨਾੜੀਆਂ ਤੋਂ ਵਾਕਿਫ ਕਰਾਉਂਦਾ ਅਤੇ ਰਾਹ ਵਿਚੋਂ ਪੱਟ ਕੇ ਲਿਆਂਦੇ ਕਾਨਿਆਂ ਨੂੰ ਮਹੀਨ ਕਲਮਾਂ ਵਿਚ ਅਨੁਵਾਦਦਾ।

ਭਾਦੋਂ ਦੀਆਂ ਧੁੱਪਾਂ ਨੇ ਮੌਸਮ ਨੂੰ ਮਰੋੜਨਾ ਸ਼ੁਰੂ ਕਰ ਦਿਤਾ ਸੀ, ਪਰ ਨਾਲ ਹੀ ਮਾਨਸੂਨ ਦੀ ਬੂੰਦਾ-ਬਾਂਦੀ, ਹਵਾ ਵਿਚੋਂ ਭੜਦਾਅ ਨਿਚੋੜਨ ਲੱਗ ਪਈ ਸੀ। ਇਕ ਦਿਨ, ਦੋ ਦਿਨ, ਹਫਤਾ: ਬੂੰਦਾ-ਬਾਂਦੀ ਤੋਂ ਛੜਾਕਿਆਂ ਵਿਚ ਅਨੁਵਾਦ ਹੋਈ ਬਾਰਸ਼ ਬੰਦ ਹੋਣ ਦਾ ਨਾਮ ਹੀ ਨਾ ਲਵੇ। ਇਕ ਸਵੇਰ ਰਣੀਏਂ ਵਾਲਾ ਮਾਸਟਰ ਆਵਦੇ ਹੀ ਪਿੰਡ ਦੀ ਫਿਰਨੀ 'ਤੇ ਲਲਕਾਰੇ ਮਾਰਦੇ ਪਾਣੀ ਦੇ ਰੋਹ ਨੂੰ ਵੇਖ ਕੇ ਕਾਹਲੇ ਕਦਮੀਂ ਵਾਪਸ ਪਰਤ ਗਿਆ। ਸਾਡੇ ਪਿੰਡ ਮਿੱਟੀ ਦੇ ਬਨੇਰਿਆਂ ਤੋਂ ਬਾਹਰ ਨੂੰ ਵਧਾਈਆਂ ਧੌਣਾਂ ਵਾਲੇ ਪਰਨਾਲੇ, ਛੱਤਾਂ ਦੇ ਅਥਾਹ ਪਾਣੀ ਨੂੰ ਸੰਭਾਲਣ ਤੋਂ ਤੋਬਾ ਕਰਨ ਲੱਗੇ। ਹਰ ਘਰ ਦੇ ਪਰਨਾਲੇ ਵਿਚੋਂ ਵਗਦੀਆਂ ਧਾਰਾਂ ਦੀ ਸ਼ਰਰ ਸ਼ਰਰ ਸਾਰੇ ਪਿੰਡ ਵਿਚ ਗੂੰਜਣ ਲੱਗੀ। ਛੱਤਾਂ ਪਹਿਲਾਂ ਸਿੰਮਣ ਲੱਗੀਆਂ, ਫੇਰ ਚੋਣ ਅਤੇ ਆਖਿਰ ਲੰਗਾਰ ਹੋ ਕੇ ਮਘੋਰੇ ਬਣਨ ਲੱਗੀਆਂ। ਗਾਰੇ ਵਿਚ ਤੂੜੀ ਮਿਲਾ ਕੇ ਕੰਧਾਂ ਦੇ ਬਾਹਰਲੇ ਪਾਸੇ ਕੀਤੀ ਲਿਪਾਈ, ਲਿਓੜਾਂ-ਖਲੇਪੜਾਂ ਦੇ ਰੂਪ ਵਿਚ ਦਾਅੜ ਦਾਅੜ ਕਿਰਨ ਲੱਗੀ। ਗਲੀਆਂ ਵਿਚ ਹਰਲ ਹਰਲ ਕਰਦਾ ਪਾਣੀ, ਖਰੂਦੀ ਸ਼ਰਾਬੀਆਂ ਵਾਂਗ ਬੂਹਿਆਂ 'ਤੇ ਢੁੱਡਾਂ ਮਾਰਨ ਲੱਗਾ। ਸਾਰੇ ਪਿੰਡ ਵਿਚ ਕੱਚੇ ਘਰਾਂ ਦੀਆਂ ਨੀਹਾਂ ਦੇ ਨਾਲ ਨਾਲ ਲੋਕਾਂ ਦੇ ਹੌਸਲੇ ਵੀ ਫਿੱਸਣ ਲੱਗੇ।

ਸਾਡੇ ਗੁਆਂਢੀ ਮਹਿਰੇ ਪਰਿਵਾਰ ਦੀ ਸਾਰੇ ਵਿਹੜੇ ਵੱਲ ਦੀ ਕੰਧ ਬਨੇਰੇ ਵੱਲੋਂ ਸਾਡੇ ਵੱਲ ਉਲਰਨ ਲੱਗੀ। ਲਗਾਤਾਰ ਵਰ੍ਹ ਰਹੇ ਮੀਂਹ ਦੇ ਸਤਾਏ ਮਹਿਰੇ ਪਰਿਵਾਰ ਦੀਆਂ ਦੋਵੇਂ ਜਵਾਨ ਲੜਕੀਆਂ ਤੇ ਉਨ੍ਹਾਂ ਦੇ ਬਿਰਧ ਮਾਪੇ ਆਪਣੇ ਇਕਲੌਤੇ ਕੋਠੇ ਵਿਚ ਕੁੰਗੜੇ ਬੈਠੇ ਸਨ। ਕੰਧ ਦੇ ਰਤਾ ਕੁ ਉਲਰਦਿਆਂ ਦੀ ਛੱਤ ਦੀਆਂ ਕੜੀਆਂ ਤੇ ਕਾਨੇ ਕਰੜ ਕਰੜ ਕਰਨ ਲੱਗੇ, ਤਾਂ ਮਹਿਰਾ ਪਰਿਵਾਰ ਚੁੰਨੀਆਂ-ਜੁੱਤੀਆਂ ਸੰਭਾਲਦਾ ਮੰਜਿਆਂ ਤੋਂ ਛਾਲਾਂ ਮਾਰ ਕੇ ਬੂਹੇ ਵੱਲ ਦੌੜਿਆ। ਆਪਣੇ ਮੁੱਠੀ ਕੁ ਭਰ ਵਿਹੜੇ ਦੀ ਚਰਗਲ ਵਿਚ 'ਪਲਚ ਪਲਚ' ਦੌੜ ਕੇ ਪਰਲੇ ਦਰਵਾਜਿਓਂ ਉਹ ਸਾਡੇ ਵਿਹੜੇ ਵਿਚ ਹਾਲੇ ਦਾਖਲ ਹੋਏ ਹੀ ਸਨ ਕਿ ਝੁਕੀ ਹੋਈ ਕੰਧ ਧੜੰਮ ਕਰ ਕੇ ਸਾਡੇ ਵਿਹੜੇ ਵਿਚ ਖਿੰਡਰ ਗਈ। ਕੰਧ ਦੇ ਡਿਗਦਿਆਂ ਹੀ ਡਾਵੇ ਬੁਖਾਰ ਵਾਂਗ ਵਿਹੜੇ ਵਿਚ ਚੜ੍ਹਿਆ ਪਾਣੀ, ਛਿੱਟਿਆਂ ਦੇ ਰੂਪ ਵਿਚ ਤ੍ਰਭਕ ਕੇ ਸਾਡੀ ਵਾਗਲੇ ਵਾਲੀ ਕੰਧ ਦੇ ਉਪਰੋਂ ਦੀ ਹੁੰਦਾ ਗਵਾਂਢੀਆਂ ਦੇ ਵਿਹੜੇ ਵਿਚ ਜਾ ਡਿੱਗਿਆ। ਸ਼ਤੀਰੀਆਂ ਤੇ ਕੜੀਆਂ ਅਤੇ ਛੱਤ ਉਪਰਲੀ ਗਿੱਲੀ ਮਿੱਟੀ ਨੇ ਮਹਿਰਿਆਂ ਦੇ ਮੰਜਿਆਂ ਨੂੰ ਦਬੋਚ ਲਿਆ। ਉਨ੍ਹਾਂ ਦੀਆਂ ਦੋਵੇਂ ਬਿੱਲੀਆਂ ਮੰਜੇ ਹੇਠੋਂ ਦੌੜ ਕੇ, ਜਦੋਂ ਉਨ੍ਹਾਂ ਦੀ ਡਿੱਗਣ ਡਿੱਗਣ ਕਰ ਰਹੀ ਕੰਧੋਲੀ 'ਤੇ ਜਾ ਚੜ੍ਹੀਆਂ, ਤਾਂ ਰਸੋਈ ਦੇ ਗਿੱਲੇ ਲਿਓੜ ਹੇਠਾਂ ਛਲਕਦੇ ਪਾਣੀ ਦੇ ਹਵਾਲੇ ਹੋ ਗਏ।

ਮਹਿਰਿਆਂ ਦੀ ਕੰਧ ਕਿਰਦਿਆਂ ਹੀ ਸਾਡੇ ਆਂਢ-ਗੁਆਂਢ ਦੇ ਕੱਚੇ ਘਰਾਂ ਦੇ ਸਭ ਵਸਨੀਕ ਆਪਣੇ ਕੋਠਿਆਂ ਵਿਚੋਂ ਮੰਜੇ-ਬਿਸਤਰੇ ਉਠਾਲ ਕੇ ਸਾਡੇ ਵਿਹੜੇ ਵੱਲ ਦੌੜਨ ਲੱਗੇ। ਮੰਜਿਆਂ ਦੇ ਸਿਰ ਜੋੜ ਕੇ ਵਿਹੜੇ ਵਿਚ ਤਿਕੋਣੀਆਂ ਝੁੱਗੀਆਂ ਉਸਾਰੀਆਂ ਜਾਣ ਲੱਗੀਆਂ; ਉਨ੍ਹਾਂ 'ਤੇ ਸੁੱਟੀਆਂ ਦਰੀਆਂ ਵਿਚ ਬੁਣੀਆਂ ਤੋਤੀਆਂ ਤੇ ਮੋਰਨੀਆਂ, ਲਗਾਤਾਰ ਵਰ੍ਹ ਰਹੀਆਂ ਕਣੀਆਂ ਨਾਲ ਖੰਭ ਸੰਗੋੜਨ ਲੱਗੀਆਂ। ਵਿੰਹਦਿਆਂ ਵਿੰਹਦਿਆਂ ਸਾਡੇ ਵਿਸ਼ਾਲ ਵਿਹੜੇ ਵਿਚ ਪੰਦਰਾਂ ਵੀਹ ਝੁੱਗੀਆਂ ਦੀ ਬਸਤੀ ਉਭਰ ਆਈ। ਗੁੜ ਵਾਲੇ ਗੱਟੇ, ਆਟੇ ਵਾਲੇ ਪੀਪੇ, ਘਿਓ ਦੀਆਂ ਪੀਪੀਆਂ, ਲੂਣਦਾਨੀਆਂ ਤੇ ਦਾਲਾਂ ਦੇ ਕੁੱਜੇ, ਆਂਢ-ਗੁਆਂਢ ਦੇ ਡਿਗੂੰ ਡਿਗੂੰ ਕਰਦੇ ਕੋਠਿਆਂ ਵਿਚੋਂ ਝੁੱਗੀਆਂ ਵੱਲ ਵਹੀਰਾਂ ਘੱਤਣ ਲੱਗੇ।

ਮਹਿਰਿਆਂ ਦੀ ਕੰਧ ਦੇ ਮਲਬੇ ਉਤੇ ਤਰਪਾਲ ਤਾਣ ਲਈ ਗਈ। ਕਈ ਜਣੇ ਕਿਸੇ ਪਾਸਿਓਂ ਕੁਝ ਕੁ ਪੱਕੀਆਂ ਇੱਟਾਂ ਲੱਭ ਲਿਆਏ ਜਿਨ੍ਹਾਂ ਨੂੰ ਜੋੜ ਕੇ ਤਰਪਾਲ ਦੇ ਹੇਠ ਦੋ ਚੁੱਲ੍ਹੇ ਉਸਾਰ ਲਏ ਗਏ। ਅੱਗ ਮਚਾਉਣ ਲਈ ਮਹਿਰਿਆਂ ਦੀ ਛੱਤ ਤੇ ਮਲਬੇ ਦੀ ਸਲ੍ਹਾਬ ਵਿਚੋਂ ਕਾਨੇ ਤੇ ਕੜੀਆਂ ਧੂਹੇ ਜਾਣ ਲੱਗੇ। ਚੁੱਲ੍ਹਿਆਂ ਵਿਚ ਅੱਗ ਪ੍ਰਗਟ ਹੁੰਦਿਆਂ ਹੀ ਤਰਪਾਲ ਹੇਠ ਔਰਤਾਂ ਦਾ ਝੁਰਮਟ ਬੱਝ ਗਿਆ। ਚੁੱਲ੍ਹੇ ਉਪਰ ਰੱਖੇ ਵੱਡੇ ਪਤੀਲੇ ਵਿਚ ਮੂੰਗੀ ਦੇ ਦਾਣੇ ਲੋਟਣੀਆਂ ਖਾਣ ਲੱਗੇ ਤੇ ਪਤੀਲੇ ਦੀ ਭਾਫ ਵਿਚੋਂ ਨਿਕਲਦੀ ਮਸਾਲੇਦਾਰ ਗੰਧ, ਕਿਣ-ਮਿਣ ਨੂੰ ਚੀਰਦੀ ਹੋਈ 'ਝੁੱਗੀਆਂ' ਵੱਲ ਉਡਣ ਲੱਗੀ। ਕਈ ਪਰਾਤਾਂ ਵਿਚ ਛਾਪਾਂ-ਚੂੜੀਆਂ ਵਾਲੇ ਹੱਥਾਂ-ਬਾਹਾਂ ਦਾ ਗਿੱਲੇ ਆਟੇ ਨਾਲ ਦੰਗਲ ਹੋਣ ਲੱਗਿਆ।

ਦੋ ਦਿਨਾਂ ਦੀ ਬਾਰਸ਼ੀ ਝੰਬਾਈ ਪਿਛੋਂ ਬੱਦਲਾਂ ਦੀਆਂ ਤਿਊੜੀਆਂ ਵਿਚ ਰਤਾ ਕੁ ਨਰਮੀ ਝਲਕਣ ਲੱਗੀ। ਹੋਰ ਦੋ ਦਿਨ ਲੰਘੇ ਤਾਂ ਘਰਾਂ ਵਿਚ ਵੜਿਆ ਗੋਡੇ ਗੋਡੇ ਪਾਣੀ ਛਾਉਣੀਆਂ ਖਾਲੀ ਕਰਨ ਲੱਗਿਆ। ਸਾਰੇ ਪਿੰਡ ਦੇ ਨੁਕਸਾਨੇ ਗਏ ਕੰਧਾਂ-ਕੋਠਿਆਂ ਦਾ ਹਿਸਾਬ-ਕਿਤਾਬ ਲੱਗਣਾ ਸ਼ੁਰੂ ਹੋਇਆ।

ਸਾਰੇ ਪਿੰਡ ਦੀਆਂ ਧੜੰਮ ਹੋ ਗਈਆਂ ਛੱਤਾਂ ਤੇ ਕੰਧਾਂ ਦਾ ਮਲਬਾ ਸਾਂਭਿਆ ਜਾਣ ਲੱਗਾ। ਡਿਗਣੋਂ ਬਚ ਗਏ ਕੋਠਿਆਂ ਵਿਚ ਭੈਅ ਫੁੰਕਾਰਦਾ, ਇਸ ਲਈ ਲੋਕ ਬਚ ਗਏ ਕੋਠੜਿਆਂ ਦੇ ਨੇੜ ਦੀ ਲੰਘਣ ਤੋਂ ਤ੍ਰਭਕਣ ਲੱਗੇ। ਨਤੀਜਨ, ਸਾਡੇ ਵਿਹੜੇ ਵਿਚ ਉਗ ਆਈ, ਮੰਜਿਆਂ ਨਾਲ ਬਣਾਈਆਂ ਝੁੱਗੀਆਂ ਦੀ ਬਸਤੀ ਜਿਵੇਂ ਦੀ ਤਿਵੇਂ ਕਾਇਮ ਰਹੀ। ਖੁਸ਼ਕਿਸਮਤੀ ਨਾਲ ਸਾਡੇ ਦੋ ਕੱਚੇ ਕੋਠਿਆਂ ਵਿਚੋਂ ਇਕ ਹੜ੍ਹ ਤੇ ਬਰਸਾਤ ਦੇ ਕਹਿਰ ਤੋਂ ਬਚ ਨਿਕਲਿਆ: ਬਚ ਵੀ ਏਨਾ ਨਿਕਲਿਆ ਕਿ ਉਸ ਵਿਚ ਬੇਖੌਫ ਆਇਆ-ਜਾਇਆ ਜਾ ਸਕਦਾ ਸੀ।

ਇਸ ਭਿਆਨਕ ਹੜ੍ਹ ਤੋਂ ਕੁਝ ਕੁ ਮਹੀਨੇ ਪਹਿਲਾਂ ਸਾਰੰਗੀ ਸਿੱਖਣ ਦਾ ਸ਼ੌਕ ਮੇਰੇ ਬਾਪੂ ਅੰਦਰ ਖੁਰਕ ਕਰਨ ਲੱਗ ਪਿਆ ਸੀ, ਪਰ ਆਥਣ-ਸਵੇਰ ਸਾਡੇ ਘਰ ਵਿਚ ਚੂੰ ਚੂੰ ਦੀ ਰੌਣਕ ਲਗਾਉਣ ਵਾਲੀ ਸਾਰੰਗੀ, ਹੜ੍ਹ ਦੇ ਦਿਨੀਂ ਪਾਣੀ ਦੀ ਮਾਰ ਤੋਂ ਬਚ ਗਏ ਇਸ ਕੋਠੇ ਵਿਚ ਕਿੱਲੀ 'ਤੇ ਟੰਗੀ ਰਹੀ ਸੀ।

ਕਪਾਹਾਂ, ਮੱਕੀਆਂ ਤੇ ਆਲੂਆਂ ਦੀ ਫਸਲ ਕਹਿਰਾਂ ਦਾ ਪਾਣੀ ਘੜੀਸ ਕੇ ਲੈ ਗਿਆ ਸੀ, ਪਰ ਖੇਤਾਂ ਵਿਚ ਅਜੇ ਵੀ ਗਿੱਟੇ ਗਿੱਟੇ ਪਾਣੀ ਖਲੋਤਾ ਸੀ; ਇਸ ਲਈ ਕਿਸੇ ਵੀ ਮਰਦ ਨੂੰ ਖੇਤਾਂ ਵਿਚ ਜਾਣ ਦੀ ਕਾਹਲੀ ਨਹੀਂ ਸੀ।

ਇਕ ਦਿਨ ਦੁਪਹਿਰੇ ਜਦੋਂ ਵੱਖ ਵੱਖ ਪਰਿਵਾਰਾਂ ਦੇ ਅਸੀਂ ਕਈ ਨਿਆਣੇ ਰੋਟੀਆਂ ਖਾ ਕੇ ਵਿਹੜੇ ਵਿਚ ਝੁੱਗੀਆਂ ਉਦਾਲੇ ਖੇਡ ਰਹੇ ਸਾਂ, ਸਾਰਾ ਪਿੰਡ ਬਚੀਆਂ-ਖੁਚੀਆਂ ਇੱਟਾਂ ਦੇ ਗਰੇ (ਢੇਰ) ਲਾਉਣ ਵਿਚ ਰੁਝਿਆ ਹੋਇਆ ਸੀ। ਮੇਰੇ ਵਰਗੇ ਨਿਆਣੇ ਕੜੀਆਂ ਤੇ ਬਾਲੇ ਮਲਬੇ ਵਿਚੋਂ ਪੁੱਟਦੇ, ਤੇ ਇਕ ਪਾਸੇ ਢੇਰੀ 'ਤੇ ਲਿਜਾ ਸੁਟਦੇ। ਵੱਡ-ਉਮਰੇ ਬੰਦੇ ਸ਼ਤੀਰੀਆਂ ਤੋਂ ਮਿੱਟੀ ਖੁਰਚਦੇ ਤੇ ਉਨ੍ਹਾਂ ਨੂੰ ਬਾਲਿਆਂ ਦੀ ਢੇਰੀ ਦੇ ਲਾਗੇ ਟਿਕਾ ਦਿੰਦੇ। ਡਿਗਣੋਂ ਬਚ ਗਈਆਂ, ਪਰ ਮਘੋਰੇ ਹੋ ਗਈਆਂ ਛੱਤਾਂ 'ਤੇ ਬਾਂਸਾਂ ਦੀਆਂ ਪੌੜੀਆਂ ਰਾਹੀਂ ਚੜ੍ਹ ਕੇ, ਬੱਠਲਾਂ ਨਾਲ ਮਿੱਟੀ ਕੇਰੀ ਜਾ ਰਹੀ ਸੀ। ਗਲੀਆਂ ਵੱਲ ਕਿਰ ਗਈਆਂ ਕੰਧਾਂ ਦਾ ਮਲਬਾ ਉਠਾਲ ਕੇ ਘਰਾਂ ਦੇ ਪਾਣੀ ਦੇ ਨਿਕਾਸ ਲਈ ਲਾਂਘੇ ਬਣਾਏ ਜਾ ਰਹੇ ਸਨ।

ਅਚਾਨਕ ਇਕ ਦਿਨ ਹੜ੍ਹ ਦੇ ਕਹਿਰ ਵਿਚ ਸਾਬਤ ਖਲੋਤੇ ਰਹਿ ਗਏ ਸਾਡੇ ਕੋਠੇ ਵਿਚ ਤੁੰਗ ਤੁੰਗ, ਤੁਣ ਤੁਣ ਹੋਣ ਲੱਗੀ। ਬਾਪੂ ਸਲ੍ਹਾਬੇ ਨਾਲ ਢਿੱਲੀ ਪੈ ਗਈ ਸਾਰੰਗੀ ਦਾ ਹਾਲ-ਚਾਲ ਪੁੱਛ ਰਿਹਾ ਸੀ। ਤਾਰਾਂ ਦੀ ਆਵਾਜ਼ ਇਕ ਦੂਜੇ ਦੇ ਬਿਲਕੁਲ ਹਾਣ ਦੀ ਕਰਨ ਲਈ ਬਾਪੂ ਇਕ ਕਿੱਲੀ ਮਰੋੜਦਾ ਤੇ ਦੂਜੀ ਨੂੰ ਢਿੱਲੀ ਕਰ ਦਿੰਦਾ। ਮਰੋੜੇ ਖਾਂਦੀਆਂ ਕਿੱਲੀਆਂ ਵਿਚੋਂ ਚਿਰੜ ਚਿਰੜ ਦੀ ਅਜੀਬ ਆਵਾਜ਼ ਨਿਕਲਦੀ ਤਾਂ ਮੈਨੂੰ ਇੰਜ ਲੱਗਦਾ, ਜਿਵੇਂ ਸਾਰੰਗੀ ਬਾਪੂ ਦੀਆਂ ਹਰਕਤਾਂ 'ਤੇ ਖਿਝ ਰਹੀ ਹੋਵੇ। ਫਿਰ ਉਹ ਸਾਰੰਗੀ ਨੂੰ ਆਪਣੇ ਖੱਬੇ ਕੰਨੇ ਕੋਲ ਲਿਜਾਂਦਾ, ਤੇ ਸੱਜੇ ਹੱਥ ਦੀ ਪਹਿਲੀ ਉਂਗਲੀ ਨਾਲ ਤਾਰਾਂ ਨੂੰ ਤੁਣਕ ਤੁਣਕ ਕੇ ਇਕ ਦੂਜੀ ਦੀ 'ਪਿੱਚ' ਸੁਣਦਾ। ਅਖੀਰ ਸਾਰੰਗੀ ਦੇ ਗਜ਼ ਨੂੰ ਬੰਨ੍ਹੇ ਘੁੰਗਰੂਆਂ ਵਿਚ ਹਰਕਤ ਜਾਗੀ। ਬਾਪੂ ਸਾਰੰਗੀ ਦੇ ਤੀਰ-ਸ਼ਕਲੇ ਗਜ਼ ਦੇ ਇਕ ਸਿਰੇ ਤੋਂ ਦੂਜੇ ਤੀਕ ਬੰਨ੍ਹੇ ਘੋੜੇ ਦੇ ਵਾਲਾਂ ਨੂੰ ਬਰੋਜ਼ੇ ਦੀ ਟਿੱਕੀ 'ਤੇ ਘਸਾ ਰਿਹਾ ਸੀ। ਬਰੋਜ਼ੇ ਨਾਲ ਲੈਸ ਗਜ਼ ਨੇ ਸਾਰੰਗੀ ਦੀਆਂ ਤਾਰਾਂ ਨਾਲ ਜਿਉਂ ਹੀ ਘਸੜਵਾਂ ਸੰਪਰਕ ਕੀਤਾ, ਕੱਚੇ ਕੋਠੇ ਵਿਚੋਂ ਸਿੱਲ੍ਹਾ ਸਿੱਲ੍ਹਾ ਸੰਗੀਤ ਸਿੰਮਣ ਲੱਗਾ। ਸਾਰੰਗੀ ਦੀ ਚੀਂ ਚੀਂ ਸੁਣਦਿਆਂ ਹੀ ਮੇਰੀ ਮੁੱਠੀ 'ਚ ਘੁੱਟੇ ਬਾਂਟੇ ਸਿੱਲ੍ਹੀ ਖੁੱਤੀ ਉਦਾਲੇ ਖਿੱਲਰ ਗਏ।



***ਇਕ ਦਿਨ ਹੜ੍ਹ ਦੇ ਕਹਿਰ ਵਿਚ ਸਾਬਤ ਖਲੋਤੇ ਰਹਿ ਗਏ ਕੋਠੇ ਵਿਚ ਤੁੰਗ ਤੁੰਗ, ਤੁਣ ਤੁਣ ਹੋਣ ਲੱਗੀ। ਬਾਪੂ ਸਲ੍ਹਾਬੇ ਨਾਲ ਢਿੱਲੀ ਪੈ ਗਈ ਸਾਰੰਗੀ ਦਾ ਹਾਲ-ਚਾਲ ਪੁੱਛ ਰਿਹਾ ਸੀ।... ਗਜ਼ ਨੇ ਸਾਰੰਗੀ ਦੀਆਂ ਤਾਰਾਂ ਨਾਲ ਜਿਉਂ ਹੀ ਘਸੜਵਾਂ ਸੰਪਰਕ ਕੀਤਾ, ਕੱਚੇ ਕੋਠੇ ਵਿਚੋਂ ਸਿੱਲ੍ਹਾ ਸਿੱਲ੍ਹਾ ਸੰਗੀਤ ਸਿੰਮਣ ਲੱਗਾ।... ਅਚਾਨਕ ਹੀ ਮੇਰੀਆਂ ਉਂਗਲਾਂ ਵਿਚ ਹਰਕਤ ਟਪਕਣ ਲੱਗੀ। ਖੱਬੀ ਮੁੱਠੀ ਮੀਚੀ ਗਈ ਤੇ ਸੱਜੇ ਹੱਥ ਦੀਆਂ ਉਂਗਲਾਂ, ਮੀਟੀ ਹੋਈ ਮੁੱਠੀ ਦੇ ਸਿਰ 'ਤੇ, ਸਾਰੰਗੀ ਦੇ ਤਾਲ ਵਿਚ ਠੱਕ ਠੱਕ ਕਰਨ ਲੱਗੀਆਂ। ਮੇਰੇ ਹੱਥਾਂ ਦੀ ਟਿੱਕ ਟਿੱਕ ਸੁਣਦਿਆਂ ਬਾਪੂ ਦੀਆਂ ਗੜੂੰਦ ਅੱਖਾਂ ਰਤਾ ਕੁ ਖੁੱਲ੍ਹੀਆਂ।***

ਹੁਣ ਜਦੋਂ ਮੈਂ ਕੋਠੇ ਦੀ ਸਰਦਲ 'ਤੇ ਪਿੱਠ ਭਾਰ ਬੈਠਾ ਕੋਠੇ ਅੰਦਰਲੀ ਸਿਲ੍ਹ ਸੁੰਘ ਰਿਹਾ ਸਾਂ, ਕੁਰਸੀ ਉਤੇ ਬੈਠਾ ਬਾਪੂ ਸਾਰੰਗੀ ਦੇ ਅੰਦਰ ਗੁਆਚ ਚੁੱਕਾ ਸੀ। ਸਰੂਰ ਵਿਚ ਮੀਟੀਆਂ ਉਸ ਦੀਆਂ ਅੱਖਾਂ ਕੋਠੇ ਦੀ ਸਰਦਲ ਉਪਰ ਮੇਰੀ ਬੈਠਕ ਤੋਂ ਬੇਖਬਰ ਸਨ। ਫਿਰ ਵਜਦ ਵਿਚ ਆਇਆ ਬਾਪੂ ਗਾਉਣ ਲੱਗਾ: "ਪਟਨੇ ਦੇ ਵਿਚ ਪਰਗਟ ਹੋਏ, ਦਸਮ ਪਾਤਸ਼ਾਹ ਸੋਢੀ।" ਮਗਰੇ ਹੀ ਸਾਰੰਗੀ ਦੀਆਂ ਤਾਰਾਂ ਵਿਚੋਂ ਬਾਪੂ ਦੀ ਗਾਈ ਤਰਜ਼ ਹੂਕਣ ਲੱਗੀ: ਚੂੰ ਚੂੰ ਚੂੰ ਚੂੰ, ਚੂੰ ਚੂੰ ਚੂੰ ਚੂੰ!! ਸਾਰੰਗੀ ਦੇ ਪੇਟ ਕੋਲ ਗਜ਼, ਤਾਰਾਂ ਉਪਰ ਖਾਸ ਰਿਦਮ ਵਿਚ ਅੱਗੇ-ਪਿੱਛੇ ਘਿਸਰ ਰਿਹਾ ਸੀ। ਮੈਂ ਦੇਖਿਆ, ਮੇਰਾ ਸਿਰ ਆਪ ਮੁਹਾਰੇ ਹੀ ਗਜ਼ ਦੀ ਅੱਗੇ-ਪਿੱਛੇ ਦੀ ਹਰਕਤ ਦੇ ਨਾਲ ਨਾਲ ਖੱਬੇ-ਸੱਜੇ ਗਿੜਨ ਲੱਗਾ। ਬਾਪੂ ਸੰਗੀਤ ਵਿਚ ਡੂੰਘਾ ਲਹਿੰਦਾ ਜਾ ਰਿਹਾ ਸੀ।

ਅਚਾਨਕ ਹੀ ਮੇਰੀਆਂ ਉਂਗਲਾਂ ਵਿਚ ਹਰਕਤ ਟਪਕਣ ਲੱਗੀ। ਖੱਬੀ ਮੁੱਠੀ ਮੀਚੀ ਗਈ ਤੇ ਸੱਜੇ ਹੱਥ ਦੀਆਂ ਉਂਗਲਾਂ, ਮੀਟੀ ਹੋਈ ਮੁੱਠੀ ਦੇ ਸਿਰ 'ਤੇ, ਸਾਰੰਗੀ ਦੇ ਤਾਲ ਵਿਚ ਠੱਕ ਠੱਕ ਕਰਨ ਲੱਗੀਆਂ। ਮੇਰੇ ਹੱਥਾਂ ਦੀ ਟਿੱਕ ਟਿੱਕ ਸੁਣਦਿਆਂ ਹੀ ਬਾਪੂ ਦੀਆਂ ਗੜੂੰਦ ਅੱਖਾਂ ਰਤਾ ਕੁ ਖੁੱਲ੍ਹੀਆਂ। ਉਹਦਾ ਸਿਰ ਹਾਲੇ ਵੀ ਝੂੰਮ ਰਿਹਾ ਸੀ, ਪਰ ਰਿਦਮ ਵਿਚ ਮੇਰੀ ਮੁੱਠੀ 'ਤੇ ਵੱਜ ਰਹੀਆਂ ਮੇਰੀਆਂ ਨਿਆਣੀਆਂ ਉਂਗਲਾਂ ਨੂੰ ਹੁਣ ਉਹ ਬੜੇ ਅਚੰਭੇ ਨਾਲ ਦੇਖ ਰਿਹਾ ਸੀ।

ਫਿਰ ਲਗਾਤਾਰ ਚੱਲ ਰਹੀ ਸਾਰੰਗੀ ਦੀ ਚੀਂ ਚੀਂ, ਚੀਂ ਚੀਂ, ਚੀਂ ਚੀਂ, ਚੀਂ ਚੀਂ ਇਕਦਮ ਖਾਮੋਸ਼ ਹੋ ਗਈ। ਮੇਰੇ ਹੱਥਾਂ 'ਤੇ ਗੱਡੀਆਂ ਬਾਪੂ ਦੀਆਂ ਅੱਖਾਂ ਦਾ ਸਰੂਰ ਨਰਮ ਹੋਣ ਲੱਗਾ ਤੇ ਉਸ ਦੇ ਬੁੱਲ੍ਹ ਅਹਿਸਤਾ ਅਹਿਸਤਾ ਪਾਸਿਆਂ ਵੱਲ ਖਿੱਚੇ ਜਾਣ ਲੱਗੇ। ਮੈਂ ਤ੍ਰਭਕ ਗਿਆ, ਜਿਵੇਂ ਮੇਰੀ ਕੋਈ ਚੋਰੀ ਫੜੀ ਗਈ ਹੋਵੇ! ਮੇਰੀਆਂ ਸੱਜੀਆਂ ਉਂਗਲਾਂ ਉਥੇ ਹੀ ਲੁੜਕ ਗਈਆਂ, ਤੇ ਮੇਰੀ ਖੱਬੀ ਮੁੱਠੀ ਸਪਰਿੰਗ ਵਾਲੇ ਚਾਕੂ ਵਾਂਗੂੰ ਖੁੱਲ੍ਹ ਗਈ।

"ਵਜਾਈ ਚੱਲ ਵਜਾਈ ਚੱਲ!" ਬਾਪੂ ਦੀ ਆਵਾਜ਼ ਵਿਚ ਹੁਕਮੀਆ ਤਰਲਾ ਸੀ। "ਉਏ ਤੂੰ ਤਾਂ ਤਾਲ ਵਿਚ ਵਜਾਉਂਦੈ!"

ਉਸ ਨੇ ਉਠ ਕੇ ਕਿੱਲੀ 'ਤੇ ਲਟਕਦੇ ਤਣੀਆਂ ਵਾਲੇ ਝੋਲੇ ਵਿਚੋਂ ਢੱਡ ਕੱਢੀ ਅਤੇ ਮੇਰੀਆਂ ਨਿੱਕੀਆਂ ਨਿੱਕੀਆਂ ਉਂਗਲਾਂ ਵਿਚ ਟਿਕਾ ਦਿਤੀ।

"ਅਹਿਨੂੰ ਵਜਾਅ!" ਬਾਪੂ ਦਾ ਹੁਕਮ ਹੋਇਆ।

ਸਾਰੰਗੀ ਦੀ ਚੂੰ ਚੂੰ, ਚਾਂ ਚਾਂ ਪਹਿਲਾਂ ਵਾਲੀ ਰਿਦਮ ਵਿਚ ਹੀ ਫੇਰ ਸ਼ੁਰੂ ਹੋ ਗਈ। ਮੇਰੀਆਂ ਉਂਗਲਾਂ ਸਹੀ ਤਾਲ ਵਿਚ ਡੁੱਗ ਡੁੱਗ, ਡਗ ਡਗ, ਡੁੱਗ ਡੁੱਗ, ਡਗ ਡਗ ਕਰਨ ਲੱਗੀਆਂ। ਇਕੋ ਘਾਟ ਸੀ ਕਿ ਮੈਨੂੰ ਢੱਡ ਦੀ ਡੁੱਗ ਡੁੱਗ ਦੀ ਮਰਦਾਨਾ ਆਵਾਜ਼ ਨੂੰ ਢੱਡ ਦੀ ਤਣੀ ਨੂੰ ਖਿੱਚ ਕੇ ਟੁੱਮ ਟੁੱਮ ਵਾਲੀ ਮਦੀਨ ਆਵਾਜ਼ ਵਿਚ ਅਨੁਵਾਦਣਾ ਨਹੀਂ ਸੀ ਆਉਂਦਾ। ਕਈ ਮਿੰਟ ਸਾਰੰਗੀ ਹੂਕਦੀ ਰਹੀ, ਤੇ ਢੱਡ ਸਹੀ ਤਾਲ ਵਿਚ ਡੁਗਡੁਗਾਉਂਦੀ ਰਹੀ।

ਉਸ ਦਿਨ ਤੋਂ ਬਾਅਦ ਹਰ ਰੋਜ਼ ਬਾਪੂ ਦੀ ਸਾਰੰਗੀ ਹੂਕਦੀ ਅਤੇ ਮੇਰੀਆਂ ਉਂਗਲਾਂ ਦੇ ਮੜ੍ਹ ਉਤੇ ਹਰਕਤ ਕਰਦੀਆਂ। ਹੌਲੀ ਹੌਲੀ ਮੈਂ ਢੱਡ ਦੀਆਂ ਸਾਰੀਆਂ ਸਿੱਧੀਆਂ ਤੇ ਗੁੰਝਲਦਾਰ ਗਤਾਂ ਤੇ ਤਾਲ ਵਜਾਉਣ ਵਿਚ ਮੁਹਾਰਤ, ਬਿਨਾ ਕਿਸੇ ਸਿਖਲਾਈ ਤੋਂ ਹੀ ਹਾਸਲ ਕਰ ਲਈ।

ਗੀਤ-ਸੰਗੀਤ, ਸ਼ਾਇਰੀ, ਗਾਇਕੀ ਤੇ ਚਿੱਤਰਕਾਰੀ ਆਦਿਕ ਸੂਖਮ ਹੁਨਰ ਅਸਲ ਵਿਚ ਬੰਦਾ ਕੁਦਰਤ ਕੋਲੋਂ ਹੀ ਲੈ ਕੇ ਆਉਂਦਾ ਹੈ। ਮੈਂ ਪਿੰਗਲ ਜਾਂ ਅਰੂਜ਼ ਕਿਸੇ ਉਸਤਾਦ ਤੋਂ ਬਾਕਾਇਦਗੀ ਨਾਲ ਕਦੇ ਨਹੀਂ ਸਿਖਿਆ, ਪਰ ਛੰਦਬਧ ਸ਼ਾਇਰੀ ਲਿਖਦੇ ਸਮੇਂ, ਤੇ ਕੋਈ ਗਜ਼ਲ ਜਾਂ ਗੀਤ ਸਟੇਜ ਉਤੇ ਤਰੰਨੁਮ ਵਿਚ ਪੜ੍ਹਦੇ ਸਮੇਂ, ਬਾਪੂ ਦੀ ਹੜ੍ਹਾਂ ਦੇ ਦਿਨੀਂ ਵਜਾਈ ਉਹੀ ਸਾਰੰਗੀ ਮੇਰੀ ਆਤਮਾ ਵਿਚ ਹੂਕਦੀ ਹੁੰਦੀ ਹੈ। ਇੰਜ ਹੀ ਜਦੋਂ ਕਿਸੇ ਰੇਡੀਓ, ਟੇਪ ਜਾਂ ਟੀ. ਵੀ. ਵਿਚੋਂ ਉਠਦੀ ਸਾਰੰਗੀ ਦੀ ਹੂਕ ਮੇਰੇ ਕੰਨਾਂ ਵਿਚ ਦਸਤਕ ਦਿੰਦੀ ਹੈ, ਤਾਂ ਮੇਰੀ ਆਤਮਾ ਵਿਚ ਢੱਡਾਂ ਦੀ ਡੁੱਗ ਡੁੱਗ ਆਪ-ਮੁਹਾਰੇ ਹੀ ਛਲਕਣ ਲੱਗ ਪੈਂਦੀ ਹੈ।

# ਸਵਰਗਵਾਸੀ ਇਕਬਾਲ ਕੌਰ ਰੰਧਾਵਾ 2001 ਵਿਚ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

"ਮੈਂ ਹੁਣ 86 ਵਰ੍ਹੇ ਦੀ ਹਾਂ। 3 ਮਾਰਚ 1986 ਤੋਂ ਇਕੱਲੀ ਹਾਂ। ਇਹ (ਐਮ. ਐਸ. ਰੰਧਾਵਾ) ਦਿਲ ਦੇ ਦੌਰੇ ਨਾਲ ਚੱਲ ਵੱਸੇ ਸਨ। ਬੱਚੇ ਆਪੋ ਆਪਣੀ ਥਾਂ ਹਨ। ਮੈਂ ਆਪਣੇ ਛੋਟੇ ਭਰਾ ਕੋਲ ਹਾਂ। ਸਭ ਠੀਕ ਹੈ। ਪੈਨਸ਼ਨ ਮਿਲਦੀ ਹੈ। ਕੋਈ ਦਿੱਕਤ ਨਹੀਂ। ਆਲ ਇੰਡੀਆ ਵੂਮਨ ਕਾਨਫਰੰਸ ਦੀ ਪ੍ਰਧਾਨ ਹਾਂ। ਜੀ ਲੱਗਿਆ ਰਹਿੰਦਾ ਹੈ। ਸਾਬ੍ਹ ਦੇ ਸਮਿਆਂ ਦੇ ਅਫਸਰ ਮੇਰੀ ਗੱਲ ਮੰਨਦੇ ਹਨ। ਮੈਨੂੰ ਇਸ ਕੰਮ ਦੀ ਜਾਚ ਹੈ। ਸੱਠ



*ਬੀਬੀ ਇਕਬਾਲ ਕੌਰ ਰੰਧਾਵਾ*

ਸਾਲ ਤੋਂ ਕਰ ਰਹੀ ਹਾਂ। ਉਦੋਂ ਤੋਂ ਜਦੋਂ ਅਸੀਂ ਇਲਾਹਾਬਾਦ ਸਾਂ। ਉਦੋਂ ਵਿਜੈ ਲਕਸ਼ਮੀ ਪੰਡਿਤ ਪ੍ਰਧਾਨ ਸੀ।


ਦਿੱਲੀ ਵਿਚ ਕਰਤਾਰ ਸਿੰਘ ਦੁੱਗਲ ਤੇ ਭਾਪਾ ਪ੍ਰੀਤਮ ਸਿੰਘ ਨੂੰ ਪਸੰਦ ਕਰਦੇ ਸਨ। ਜਦੋਂ ਜਾਂਦੇ, ਉਨ੍ਹਾਂ ਨੂੰ ਮਿਲ ਕੇ ਆਉਂਦੇ ਜਾਂ ਆਪਣੇ ਕੋਲ ਬੁਲਾ ਲੈਂਦੇ। ਜਿਵੇਂ ਇਥੇ ਆ ਕੇ ਤੈਨੂੰ ਤੇ ਕੁਲਵੰਤ ਸਿੰਘ ਵਿਰਕ ਨੂੰ। ਤੇਰੇ ਕੰਮ ਤੋਂ ਖੁਸ਼ ਸਨ, ਸੁਭਾਅ ਤੋਂ ਬਹੁਤਾ। ਆਪਣੇ ਭਾਈਚਾਰੇ ਦੇ ਬੰਦਿਆਂ ਨੂੰ ਦਿੱਲੀ ਦੱਖਣ ਵਿਚ ਵੀ ਪਸੰਦ ਕਰਦੇ ਸਨ।

ਵਿਆਹ ਤੋਂ ਪਹਿਲਾਂ ਦੀਆਂ ਗੱਲਾਂ ਚੇਤੇ ਨਹੀਂ। ਕਹਿੰਦੇ ਹਨ ਕਿ ਅਸੀਂ ਇੱਕੋ ਥਾਂ ਪਲੇ ਸਾਂ। ਊਨਾ ਵਿਖੇ। ਉਨ੍ਹਾਂ ਦੇ ਪਿਤਾ ਤਹਿਸੀਲਦਾਰ ਸਨ ਤੇ ਮੇਰੇ ਪਿਤਾ ਸਿਵਲ ਸਰਜਨ। ਪਿਤਾ ਜੀ ਅੱਖਾਂ ਦੇ ਡਾਕਟਰ ਸਨ। ਗੋਜਰੇ ਵਾਲੇ ਹਰਭਜਨ ਸਿੰਘ ਵਜੋਂ ਜਾਣੇ ਜਾਂਦੇ ਸਨ। ਮੈਂ ਮਾਲਵੇ ਦੇ ਗਰੇਵਾਲਾਂ ਦੀ ਧੀ ਹਾਂ ਤੇ ਇਹ ਦੁਆਬੇ ਤੋਂ ਸਨ। ਜੇ ਪਹਿਲਾਂ ਦੇ ਜਾਣੂ ਨਾ ਹੁੰਦੇ ਤਾਂ ਰਿਸ਼ਤਾ ਨਹੀਂ ਸੀ ਹੋਣਾ। ਜਦੋਂ ਸਿਵਲ ਸਰਵਿਸ ਵਿਚ ਪਾਸ ਹੋਏ ਤਾਂ ਉਨ੍ਹਾਂ ਦੇ ਸਕੂਲ ਵਾਲੇ ਬੈਂਡ ਵਾਜਾ ਲੈ ਕੇ ਇਨ੍ਹਾਂ ਨੂੰ ਸਟੇਸ਼ਨ ਤੋਂ ਲੈ ਕੇ ਆਏ ਸਨ। ਮੇਰੇ ਪਿਤਾ ਵੀ ਸ਼ਗਨ ਪਾ ਆਏ। ਕਹਿੰਦੇ ਸੌਖੀ ਰਹੇਗੀ।

ਮੈਂ ਚਾਹ ਬਹੁਤ ਪੀਂਦੀ ਸਾਂ। ਇਨ੍ਹਾਂ ਦੇ ਟੱਬਰ ਨੂੰ ਚਾਹ ਪੀਣ ਲਾਇਆ। ਹੁਣ ਮੈਂ ਦੁੱਧ ਰਿੜਕਦੀ ਹਾਂ, ਮੱਖਣ ਤੇ ਲੱਸੀ ਲਈ। ਥੋੜ੍ਹੇ ਬਹੁਤ ਅੰਗ ਵੀ ਹਿਲਦੇ ਹਨ। ਬਿਜਲੀ ਦੀ ਮਧਾਣੀ ਨਹੀਂ ਖਰੀਦੀ। ਇਹ ਜਦੋਂ ਵੀ ਚਾਹ ਪੀਂਦੇ, ਮੈਨੂੰ ਯਾਦ ਕਰਦੇ। ਇੱਕ ਵਾਰੀ ਕੁਰਸੀ ਵਿਚ ਹੱਥ ਆ ਕੇ ਮੇਰੀਆਂ ਦੋ ਉਂਗਲਾਂ ਪਿਚਕ ਗਈਆਂ। ਮੈਂ ਰੋਈ ਨਹੀਂ। ਗੁਰਬਖਸ਼ ਸਿੰਘ ਹੁਰਾਂ ਇਹ ਗੱਲ ਪ੍ਰੀਤ ਲੜੀ ਵਿਚ ਲਿਖੀ। ਉਹ ਸਾਨੂੰ ਮਿਲਣ ਦੋ ਵਾਰ ਇਲਾਹਾਬਾਦ ਆਏ। ਇਨ੍ਹਾਂ ਦੇ ਮੱਦਾਹ ਸਨ।

ਅੰਗਰੇਜ਼ਾਂ ਨੂੰ ਪਸੰਦ ਨਹੀਂ ਸੀ ਕਰਦੇ। ਫੈਜ਼ਾਬਾਦ ਕੰਮ ਕਰਦਿਆਂ ਅਦਿੱਤਿਆ ਨਾਥ ਝਾਅ ਨਾਲ ਦੋਸਤੀ ਪਾਈ ਤੇ ਅਲਮੋੜ੍ਹਾ ਵਿਚ ਧਰਮ ਵੀਰ ਨਾਲ। ਉਹ ਬੜਾ ਖੁਸ਼ ਮਿਜਾਜ਼ ਬੰਦਾ ਸੀ। ਰੰਗੀਲਾ ਤੇ ਪਹਾੜਾਂ ਦੀ ਸੈਰ ਦਾ ਸ਼ੌਕੀ। ਇਨ੍ਹਾਂ ਨੇ ਕਾਂਗੜੇ ਦੀ ਸੈਰ ਕਰਾਈ। ਮੈਨੂੰ ਇਲਾਹਾਬਾਦ ਪਸੰਦ ਸੀ। ਜ਼ਿਲੇ ਦੀਆਂ ਦੋ ਤਹਿਸੀਲਾਂ ਵਿਚੋਂ ਗੰਗਾ ਵਗਦੀ ਸੀ ਤੇ ਦੋ ਵਿਚੋਂ ਯਮਨਾ। ਗੰਗਾ ਦਾ ਪਾਣੀ ਸਾਫ ਸੀ ਤੇ ਯਮਨਾ ਦਾ ਗੰਦਾ। ਅੱਧਾ ਜ਼ਿਲਾ ਰਿਸ਼ਟ ਪੁਸ਼ਟ, ਅੱਧਾ ਗਰੀਬ। ਦਰਿਆਈ ਪਾਣੀਆਂ ਦਾ ਸਿਹਤ ਉਤੇ ਕੀ ਅਸਰ ਪੈਂਦਾ ਹੈ? ਉਥੇ ਰਹਿ ਕੇ ਪਤਾ ਲੱਗਾ। ਹਾਂ! ਉਥੇ ਗੰਗਾ, ਯਮਨਾ ਤੇ ਸਰਸਵਤੀ ਦੀ ਤ੍ਰਿਵੈਣੀ ਕਮਾਲ ਸੀ।

ਇਹ ਵਕਤ ਦੇ ਬੜੇ ਪਾਬੰਦ ਸਨ। ਕਦੀ ਲੇਟ ਨਹੀਂ ਸੀ ਹੁੰਦੇ। ਜੇ ਹੋ ਜਾਂਦੇ ਤਾਂ ਗੁੱਸਾ ਮੇਰੇ ਉਤੇ ਕੱਢਦੇ। ਮੈਂ ਜਾਣਦੀ ਸਾਂ ਕਿ ਇਨ੍ਹਾਂ ਨੇ ਖੁਦ ਹੀ ਸੰਭਵ ਜਾਣੈ। ਮੈਂ ਹੀ ਸਾਂ ਜੋ ਉਨ੍ਹਾਂ ਨੂੰ ਸਮੇਂ ਸਿਰ ਤਿਆਰ ਕਰਕੇ ਤੋਰ ਦਿੰਦੀ ਸਾਂ। ਮੇਰੀ ਵੀ ਆਦਤ ਬਣ ਗਈ। ਮੈਂ ਅੱਜ ਵੀ ਕਿਤੇ ਜਾਣਾ ਹੋਵੇ ਤਾਂ ਪੰਦਰਾਂ ਮਿੰਟ ਪਹਿਲਾਂ ਤਿਆਰ ਹੋ ਜਾਂਦੀ ਹਾਂ। ਆਪਸ ਵਿਚ ਲੜਾਈ ਦਾ ਸਵਾਲ ਹੀ ਨਹੀਂ ਸੀ। ਮੱਝਾਂ-ਗਾਈਆਂ, ਦੁੱਧ-ਮਧਾਣੀ, ਰਸੋਈ ਤੇ ਬਾਲ ਪਰਿਵਾਰ-ਲੜਨ ਦੀ ਵਿਹਲ ਕਿਸ ਨੂੰ ਸੀ। ਮੈਂ ਤਾਂ ਉਨ੍ਹਾਂ ਦੇ ਹੁੰਦਿਆਂ ਸੈਰ ਵੀ ਨਹੀਂ ਸੀ ਕੀਤੀ। ਹੁਣ ਹਰ ਰੋਜ਼ ਡੇਢ ਘੰਟਾ ਸੈਰ ਕਰਦੀ ਹਾਂ।"



*1945: ਬੀਬੀ ਇਕਬਾਲ ਕੌਰ ਰੰਧਾਵਾ ਆਪਣੇ ਬੱਚਿਆਂ- ਸੁਰਿੰਦਰ ਸਿੰਘ, ਆਸ਼ਾ ਤੇ ਜਤਿੰਦਰ ਸਿੰਘ ਨਾਲ*

ਉਪਰੋਕਤ ਗੱਲਾਂ 2001 ਦੀ ਮਿਲਣੀ ਦੀਆਂ ਹਨ। 3 ਮਾਰਚ 2018 ਨੂੰ ਰੰਧਾਵਾ ਸਾਹਿਬ ਦੇ ਅਕਾਲ ਚਲਾਣੇ ਨੂੰ 32 ਸਾਲ ਹੋ ਜਾਣੇ ਹਨ। 22 ਜੂਨ ਨੂੰ ਇਕਬਾਲ ਕੌਰ ਰੰਧਾਵਾ ਨੇ 102 ਵਰ੍ਹੇ ਦੇ ਹੋ ਜਾਣਾ ਸੀ। ਹਸਪਤਾਲ ਦਾਖਲ ਹੋਣ ਤੋਂ ਪਹਿਲੇ ਦਿਨ ਲੰਮੀ ਸੈਰ ਕਰਕੇ ਆਏ ਸਨ। ਠੰਢ ਲਗਦੀ ਗਈ। ਨਮੂਨੀਆ ਕਾਬੂ ਨਹੀਂ ਆਇਆ।

**ਦਿੱਲੀ ਦੀ ਸਾਹਿਤ ਅਕਾਦਮੀ ਉਤੇ ਚੰਡੀਗੜ੍ਹ ਸਾਹਿਤ ਅਕਾਦਮੀ ਦੀ ਛਾਪ:** ਇਸ ਵਾਰੀ ਦੇ ਨਵੀਂ ਦਿੱਲੀ ਸਾਹਿਤ ਉਤਸਵ (12-17 ਫਰਵਰੀ 2018) ਸਮੇਂ ਚੰਡੀਗੜ੍ਹ ਸਾਹਿਤ ਅਕਾਦਮੀ ਦੇ ਚੇਅਰਮੈਨ ਮਾਧਵ ਕੌਸ਼ਿਕ ਦਾ ਕੇਂਦਰ ਦੀ ਸਾਹਿਤ ਅਕਾਦਮੀ ਦਾ ਮੀਤ ਪ੍ਰਧਾਨ ਚੁਣੇ ਜਾਣਾ ਇਕ ਬਹੁਤ ਵੱਡੀ ਖਬਰ ਹੈ। ਇਹ ਛੇ ਰੋਜ਼ਾ ਸਾਹਿਤ ਉਤਸਵ ਭਾਰਤੀ ਸੁਤੰਤਰਤਾ ਦੇ 70 ਸਾਲਾਂ ਨੂੰ ਸਮਰਪਿਤ ਸੀ। ਇਸ ਵਿਚ ਭਾਰਤੀ ਭਾਸ਼ਾਵਾਂ ਦੇ 24 ਲੇਖਕਾਂ ਨੂੰ 2017 ਦੇ ਪੁਰਸਕਾਰਾਂ ਨਾਲ ਨਿਵਾਜਿਆ ਗਿਆ। ਪੰਜਾਬੀ ਪੁਰਸਕਾਰ ਪ੍ਰਾਪਤ ਕਰਨ ਵਾਲਾ ਦਿੱਲੀ ਨਿਵਾਸੀ ਨਛੱਤਰ ਸੀ। ਦੇਸ਼ ਭਰ ਦੇ ਲੇਖਕਾਂ ਦੀ ਮਹਾ ਮਿਲਣੀ ਤੋਂ ਬਿਨਾ ਭੋਟੀਆ, ਢੋਡੀਆ, ਗਾਰੋ, ਗੋਜਰੀ, ਕਾਰਬੀ, ਖਾਸੀ ਆਦਿ ਤਿੰਨ ਦਰਜਨ ਆਦਿਵਾਸੀ ਭਾਸ਼ਾਵਾਂ ਦੇ ਲੇਖਕ ਵੀ ਇੱਕ ਦੂਜੇ ਦੇ ਰੂ-ਬ-ਰੂ ਹੋਏ। ਮੇਲੇ ਹੀ ਮੇਲੇ!

ਭਾਰਤੀ ਸੁਤੰਤਰਤਾ ਦੇ ਸੱਤ ਦਹਾਕਿਆਂ ਦੀ ਕਥਾ ਨੂੰ ਰਿੜਕਣ ਲਈ ਜੰਗ ਸਮੇਂ ਦਾ ਸਾਹਿਤ ਹੀ ਨਹੀਂ, ਐਮਰਜੈਂਸੀ ਤੇ ਰਾਜਨੀਤੀ ਸਾਹਿਤ ਵੀ ਨਿੱਠ ਕੇ ਵਿਚਾਰਿਆ ਗਿਆ। ਅੰਤਲੇ ਸੈਸ਼ਨ ਵਿਚ ਦੇਸ਼ ਦੀ ਸੁਤੰਤਰਤਾ ਵਿਚ ਸਾਹਿਤ ਦੇ ਯੋਗਦਾਨ ਬਾਰੇ ਭਰਪੂਰ ਚਰਚਾ ਹੋਈ-ਅਨੁਵਾਦਤ ਅਤੇ ਮੂੰਹ ਜ਼ੁਬਾਨੀ ਪੇਸ਼ ਕੀਤੇ ਸਾਹਿਤ ਸਮੇਤ। ਪ੍ਰਕਾਸ਼ਕਾਂ ਤੇ ਮੀਡੀਆ ਦੇ ਯੋਗਦਾਨ ਬਾਰੇ ਵੀ ਵੱਖਰੇ ਸੈਸ਼ਨ ਰੱਖੇ ਗਏ, ਜਿਨ੍ਹਾਂ ਵਿਚ ਸੰਕਟ ਕਾਲੀਨ ਸਥਿਤੀਆਂ ਉਤੇ ਖੂਬ ਚਾਨਣਾ ਪਾਇਆ ਗਿਆ।

ਮਾਧਵ ਕੌਸ਼ਿਕ ਨੇ ਛੇ ਦਿਨ ਇਸ ਉਤਸਵ ਵਿਚ ਹਾਜ਼ਰੀ ਭਰੀ। ਉਹ ਹਿੰਦੀ ਕਵੀ ਵਜੋਂ ਪ੍ਰਸਿੱਧ ਹੈ ਅਤੇ 12 ਸਾਲ ਤੋਂ ਚੰਡੀਗੜ੍ਹ ਸਾਹਿਤ ਅਕਾਦਮੀ



*ਮਾਧਵ ਕੌਸ਼ਿਕ*

ਦੇ ਉਪਰਲੇ ਅਹੁਦਿਆਂ 'ਤੇ ਤਾਇਨਾਤ ਹੈ। ਕੇਂਦਰੀ ਸਾਹਿਤ ਅਕਾਦਮੀ ਦੀ ਪਰੰਪਰਾ ਅਨੁਸਾਰ ਅਗਲੀ ਵਾਰ ਉਹਦੇ ਵੱਲੋਂ ਅਕਾਦਮੀ ਦੀ ਪ੍ਰਧਾਨਗੀ ਸੰਭਾਲਣਾ ਨਿਸ਼ਚਿਤ ਹੈ। ਮਾਧਵ ਕੌਸ਼ਿਕ ਨੂੰ ਵੱਡੀ ਪਦਵੀ ਮੁਬਾਰਕ।

**ਅੰਤਿਕਾ: ਟੀ. ਐਨ. ਰਾਜ**
(ਦਰਿਆਈ ਪਾਣੀ)
ਬਹਿਤਾ ਦਰਿਆ ਕਾਟ ਦੋ ਤਲਵਾਰ ਸੇ
ਇਸ ਤਰਫ ਕਾ ਮੇਰਾ ਪਾਨੀ ਔਰ ਹੈ।

---

**ਜ਼ਿੰਦਾਦਿਲ ਪਾਤਰਾਂ ਦਾ ਬਿਰਤਾਂਤ**

# ਸੁਰਿੰਦਰ ਕੌਰ ਪੱਖੋਕੇ ਦਾ ਕਹਾਣੀ ਸੰਗ੍ਰਿਹ 'ਦੁੱਖਾਂ ਦੇ ਗੋਹੜੇ'

ਸੁਰਿੰਦਰ ਕੌਰ ਪੱਖੋਕੇ ਲਾਇਬਰੇਰੀ ਵਿਚ ਕੰਮ ਕਰਦੀ ਹੈ। ਸ਼ਾਇਦ ਇਸੇ ਕਰਕੇ ਹਰ ਕਿਸੇ ਨੂੰ ਕਿਤਾਬ ਵਾਂਗ ਪੜ੍ਹਨਾ ਉਸ ਦਾ ਸੁਭਾਅ ਬਣ ਗਿਆ ਹੈ। ਉਸ ਅੰਦਰ ਇਹ ਧਾਰਨਾ ਪੱਕੇ ਤੌਰ 'ਤੇ ਘਰ ਕਰ ਗਈ ਹੈ ਕਿ ਹਰ ਮਨੁੱਖ ਆਪਣੇ-ਆਪ ਵਿਚ ਵਿਲੱਖਣ ਕਹਾਣੀ ਹੁੰਦਾ ਹੈ। ਉਸ ਨੂੰ ਸਿਰਫ ਪਰਤ-ਦਰ-ਪਰਤ ਖੋਲ੍ਹਣ ਦਾ ਹੁਨਰ ਆਉਣਾ ਚਾਹੀਦਾ ਹੈ। ਸੁਰਿੰਦਰ ਕੌਰ ਕੋਲ ਇਹ ਹੁਨਰ ਕਮਾਲ ਦਾ ਹੈ। ਉਸ ਦੀ ਮਿੱਠੀ ਸੀਰਤ, ਮੋਹਣਾ ਸੁਭਾਅ, ਸਾਂਝ ਵਧਾਉਣ ਦਾ ਸਲੀਕਾ ਇਸ ਹੁਨਰ ਨੂੰ ਚਾਰ-ਚੰਦ ਲਾ ਦਿੰਦੇ ਹਨ। ਅਗਲਾ ਆਪਣੇ ਦੁੱਖ




**ਸੁਰਿੰਦਰ ਸੋਹਲ**

ਦੀ ਗੱਠੜੀ ਉਸ ਸਾਹਮਣੇ ਇੰਜ ਖੋਲ੍ਹ ਦਿੰਦਾ ਹੈ, ਜਿਵੇਂ ਉਸ ਨੂੰ ਮਾਂ, ਭੈਣ ਜਾਂ ਕੋਈ ਨੇੜੇ ਦਾ ਸਾਕ-ਸਬੰਧੀ ਮਿਲ ਗਿਆ ਹੋਵੇ। ਉਸੇ ਪੀੜ ਦੇ ਬਿਰਤਾਂਤ ਨੂੰ ਕਹਾਣੀਕਾਰਾ ਸੁਹਜ ਤੇ ਸੁਚੱਜ ਨਾਲ ਆਪਣੀਆਂ ਕਹਾਣੀਆਂ ਵਿਚ ਢਾਲ ਲੈਂਦੀ ਹੈ।

'ਸਾਂਝ' ਉਸ ਦੀਆਂ ਕਹਾਣੀਆਂ ਦਾ ਵਿਸ਼ੇਸ਼ ਗੁਣ ਹੈ। ਇਹ ਸਾਂਝ ਦੁੱਖਾਂ ਦੀ ਵੀ ਹੈ, ਸੁੱਖਾਂ ਦੀ ਵੀ, ਅਹਿਸਾਸ ਦੀ ਵੀ ਅਤੇ ਢਿੱਡ ਦੀ ਵੀ। ਹਰ ਕਿਸੇ ਦੀ ਜ਼ਿੰਦਗੀ ਦਾ ਗਲੋਟਾ ਉਧੇੜਦੀ-ਉਧੇੜਦੀ ਕਹਾਣੀਕਾਰਾ ਉਸ ਨੂੰ ਕਹਾਣੀ-ਕਲਾ ਦੇ ਅਟੇਰਨੇ 'ਤੇ ਐਸਾ ਅਟੇਰਦੀ ਹੈ ਕਿ ਕਲਾ ਦੀਆਂ ਰੰਗ-ਬਿਰੰਗੀਆਂ ਤੰਦਾਂ ਨਾਲ ਖੂਬਸੂਰਤ ਫੁਲਕਾਰੀ ਬਣਾ ਕੇ ਸਾਡੇ ਸਾਹਮਣੇ ਪੇਸ਼ ਕਰ ਦਿੰਦੀ ਹੈ।

'ਦਿਲਾਂ ਦੀ ਰਾਣੀ' ਕਹਾਣੀ ਵਿਚ ਕਹਾਣੀਕਾਰਾ ਜਿਵੇਂ ਆਪਣੇ ਬਾਰੇ ਹੀ ਕਹਿ ਰਹੀ ਹੈ, "ਕਿਸੇ ਦੀ ਧੀ ਦੀ ਹੱਡਬੀਤੀ ਸੁਣ, ਮੇਰੀ ਕਹਾਣੀ ਬਣ ਜਾਂਦੀ, ਇਹੋ ਜਿਹੀਆਂ ਤੁਹਾਡੇ ਆਲੇ-ਦੁਆਲੇ, ਅੰਦਰ-ਬਾਹਰ, ਉਪਰ-ਥੱਲੇ, ਚਾਰ-ਚੁਫੇਰੇ ਕਹਾਣੀਆਂ ਹੀ ਕਹਾਣੀਆਂ ਤੁਰੀਆਂ ਫਿਰਦੀਆਂ ਨੇ-ਤਰਲੇ ਲੈਂਦੀਆਂ, ਵਾਸਤੇ ਪਾਉਂਦੀਆਂ, ਵਿਲਕਦੀਆਂ। ਸਾਡਾ ਕੀ ਕਸੂਰ ਹੈ? ਅਸੀਂ ਸੱਚੀਆਂ, ਪਵਿੱਤਰ ਹੋ ਕੇ ਵੀ ਰੁਲਦੀਆਂ




ਫਿਰਦੀਆਂ। ਤੁਸੀਂ ਤਾਂ ਕਾਂ-ਚਿੜੀ ਨੂੰ ਵੀ ਰੋਜ਼ ਰਾਤ ਦੀ ਕਹਾਣੀ ਬਣਾ'ਤਾ। ਅਣਦਿਸਦੀਆਂ ਚੁੜੇਲਾਂ, ਭੂਤ, ਪਰੀਆਂ ਤੇ ਰਾਜੇ-ਰਾਣੀਆਂ ਨੂੰ ਦਿਲਾਂ 'ਚ ਵਸਾ'ਤਾ। ਲੋਕਾਂ ਬੇਕਸੂਰਾਂ ਨੂੰ ਧਿਰਕਾਰਿਆ। ਕੀ ਇਨ੍ਹਾਂ ਦਾ ਦਰਦ ਬਿਆਨ ਕਰਨ ਲਈ ਬੋਲੀਆਂ, ਸ਼ੈਲੀਆਂ, ਸਿਰਲੇਖ, ਗੋਂਦਾਂ, ਧਰਾਤਲ ਕਿਸੇ ਲੋੜ ਦੀਆਂ ਮੁਥਾਜ ਨੇ?

ਉਸ ਦੇ ਪਾਤਰ ਭਾਵੇਂ ਦੁੱਖਾਂ ਦੇ ਝੰਬੇ ਹੋਏ ਨੇ, ਪਰ ਨਿਰਾਸ਼ ਨਹੀਂ ਹਨ। 'ਸ਼ੇਰਨੀ' ਕਹਾਣੀ ਦੀ ਨਾਇਕਾ ਦਾ ਸੰਘਰਸ਼ ਲੂੰ-ਕੰਡੇ ਖੜ੍ਹੇ ਕਰ ਦਿੰਦਾ ਹੈ। ਉਸ ਦਾ ਹੌਸਲਾ ਮੁਰਦਾ ਰੂਹਾਂ ਵਿਚ ਵੀ ਜਾਨ ਫੂਕ ਸਕਣ ਦੀ ਸਮਰੱਥਾ ਰੱਖਦਾ ਹੈ।

'ਮਘੋਰਾ' ਕਹਾਣੀ ਉਜਾੜੇ ਤੇ ਪਰਵਾਸ ਦੇ ਗੂੜ੍ਹੇ-ਫਿੱਕੇ ਰੰਗਾਂ 'ਚ ਰੰਗੀ ਹੋਈ ਕਹਾਣੀ ਹੈ। ਸੰਤਾਲੀ ਵੇਲੇ ਪਏ ਉਜਾੜੇ ਦਾ ਅਸਰ ਪਰਵਾਸ ਹੰਢਾ ਰਹੇ ਪਾਤਰਾਂ ਦੇ ਅੰਗ-ਸੰਗ ਰਹਿੰਦਾ ਹੈ। ਸੁਖਦ ਗੱਲ ਇਹ ਹੈ ਕਿ ਸੰਤਾਲੀ ਵੇਲੇ ਪਿਆ



*ਸੁਰਿੰਦਰ ਕੌਰ ਪੱਖੋਕੇ*

ਦਿਲਾਂ ਵਿਚ ਮਘੋਰਾ ਅਮਰੀਕਾ ਆਣ ਕੇ ਮਿਟਦਾ ਪ੍ਰਤੀਤ ਹੋ ਰਿਹਾ ਹੈ। ਘਰ ਦੇ 'ਮਘੋਰੇ' ਦਾ ਦ੍ਰਿਸ਼ਟਾਂਤ ਆਪਣੇ ਅਰਥ ਬਦਲਦਾ ਬਦਲਦਾ ਕਿਤੇ ਦਾ ਕਿਤੇ ਜਾ ਪਹੁੰਚਦਾ ਹੈ।

'ਬੱਲੇ ਬੇਬੇ' ਕਹਾਣੀ ਪੱਛਮੀ ਲੋਕਾਂ ਬਾਰੇ ਬਣੇ ਸਾਡੇ ਨਾਂਹ-ਮੁਖੀ ਵਿਚਾਰਾਂ ਨੂੰ ਤੋੜਦੀ ਹੈ। ਇਸੇ ਸੰਦਰਭ ਵਿਚ ਮੈਨੂੰ ਪ੍ਰੋ. ਹਰਭਜਨ ਦੀ ਕਹਾਣੀ 'ਰੂਹਾਂ 'ਤੇ ਉਕਰੇ ਚਿੱਤਰ', ਅਮਨਪਾਲ ਸਾਰਾ ਦੀ 'ਡਾਇਮੰਡ ਰਿੰਗ' ਅਤੇ ਪਰਵੇਜ਼ ਸੰਧੂ ਦੀ ਕਹਾਣੀ 'ਸ਼ੂਗਰ ਮਾਅਮ' ਯਾਦ ਆ ਜਾਂਦੀਆਂ ਨੇ। ਇਹ ਕਹਾਣੀ ਪੱਛਮੀ ਲੋਕਾਂ ਅੰਦਰਲੀ ਸੁੱਚਤਾ, ਨੇਕੀ, ਦਿਆਨਤਦਾਰੀ ਦਾ ਪ੍ਰਤੱਖ ਝਲਕਾਰਾ ਹਨ। ਕਈ ਵਾਰ ਅਸੀਂ ਆਪਣੀਆਂ ਅਖੌਤੀ ਕਦਰਾਂ-ਕੀਮਤਾਂ ਦੇ ਹਨੇਰੇ ਵਿਚ ਦੂਜੇ ਸਭਿਆਚਾਰ ਦੇ ਲੋਕਾਂ ਨੂੰ ਨਾਂਹ-ਵਾਚੀ ਦ੍ਰਿਸ਼ਟੀ ਨਾਲ ਦੇਖਣ ਦੇ ਆਦੀ ਹੀ ਹੋ ਜਾਂਦੇ ਹਾਂ। 'ਬੱਲੇ ਬੇਬੇ' ਉਸ ਦ੍ਰਿਸ਼ਟੀ ਨੂੰ ਨਿਰਾ ਭੰਗ ਹੀ ਨਹੀਂ ਕਰਦੀ ਸਗੋਂ ਪੱਛਮੀ ਲੋਕਾਂ ਅੰਦਰਲੀ ਹਾਂ-ਮੁਖੀ ਲੋਅ ਦੇ ਦੀਦਾਰ ਵੀ ਕਰਵਾਉਂਦੀ ਹੈ।

ਸੁਰਿੰਦਰ ਕੌਰ ਪੱਖੋਕੇ ਕਿਸੇ ਅਖੌਤੀ 'ਨਾਰੀਵਾਦ' ਦਾ ਸ਼ਿਕਾਰ ਨਹੀਂ ਹੈ। ਜੇ ਉਸ ਦੀਆਂ ਕਹਾਣੀਆਂ ਵਿਚ ਮਰਦਾਂ ਹੱਥੋਂ ਸਤਾਈਆਂ ਔਰਤਾਂ ਦੀ ਪੀੜ ਦਰਜ ਹੈ ਤਾਂ ਔਰਤਾਂ ਹੱਥੋਂ ਸਤਾਏ ਭੋਲੇ ਭਾਲੇ ਮਨੁੱਖਾਂ ਨੂੰ ਵੀ ਉਸ ਨੇ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਇਆ ਹੈ।

ਕਹਾਣੀ ਪੜ੍ਹਦਾ-ਪੜ੍ਹਦਾ ਪਾਠਕ ਕਹਾਣੀ ਦੇ ਪਾਤਰ ਨਾਲ ਇਕ-ਮਿਕ ਹੋ ਜਾਂਦਾ ਹੈ। ਕਈ ਵਾਰ ਤਾਂ ਇਹ ਕਹਾਣੀਆਂ ਨਾਲੋਂ ਵੀ ਸ਼ਬਦ-ਚਿੱਤਰ ਵੱਧ ਹੋ ਨਿਬੜਦੀਆਂ ਹਨ। ਪਾਤਰ ਸਾਡੇ ਸਾਹਮਣੇ ਤੁਰਿਆ-ਫਿਰਦਾ, ਹੱਸਦਾ-ਰੋਂਦਾ, ਜ਼ਿੰਦਗੀਆਂ ਦੀਆਂ ਦੁਸ਼ਵਾਰੀਆਂ ਨਾਲ ਹੱਥੋ-ਪਾਈ ਹੁੰਦਾ ਦਿਖਾਈ ਦੇਣ ਲੱਗ ਪੈਂਦਾ ਹੈ।

**4 ਮਾਰਚ ਨੂੰ ਰਿਲੀਜ਼ ਸਮਾਰੋਹ 'ਤੇ ਵਿਸ਼ੇਸ਼**

ਕਹਾਣੀਕਾਰਾ ਕਿਉਂਕਿ ਅਗਾਂਹਵਧੂ ਖਿਆਲਾਂ ਨਾਲ ਪ੍ਰਣਾਏ ਹੋਏ ਪਤੀ ਜਸਵਿੰਦਰਪਾਲ ਸਿੰਘ ਨਾਲ ਪ੍ਰਣਾਈ ਹੋਈ ਹੈ, ਅਗਾਂਹਵਧੂ ਵਿਚਾਰਧਾਰਾ ਦੇ ਅੰਗ-ਸੰਗ ਜੀਵਨ ਦਾ ਸਫਰ ਤੈਅ ਕੀਤਾ ਹੈ, ਇਸੇ ਕਰਕੇ ਉਸ ਦੇ ਪਾਤਰ ਵੀ ਹਾਰੇ ਹੋਏ ਨਹੀਂ। ਨਿੱਕੀ ਤੋਂ ਨਿੱਕੀ ਬੇਇਨਸਾਫੀ ਵਿਰੁਧ ਆਵਾਜ਼ ਬੁਲੰਦ ਕਰਦੇ ਨੇ। ਇਹ ਵਰਤਾਰਾ ਕਹਾਣੀ 'ਕਾਮੇ' ਵਿਚ ਦੇਖਿਆ ਜਾ ਸਕਦਾ ਹੈ। ਕਹਾਣੀ 'ਜੁਗਨੂੰ' ਦਾ ਤਾਂ ਪਿਛੋਕੜ ਹੀ ਮਨੁੱਖ ਦੀ ਬਿਹਤਰੀ ਲਈ ਲੜੇ ਸੰਘਰਸ਼ ਨਾਲ ਸਬੰਧਤ ਹੈ।

ਕਹਾਣੀਆਂ ਦੀ ਸ਼ੈਲੀ ਸੰਜਮੀ ਹੈ। ਫਾਲਤੂ ਵੇਰਵਿਆਂ ਤੋਂ ਕਿਨਾਰਾ ਕੀਤਾ ਗਿਆ ਹੈ। ਸ਼ਬਦ-ਚੋਣ ਬਹੁਤ ਸੰਕੋਚਵੀਂ ਹੈ। ਇਸੇ ਕਰਕੇ ਇਹ ਕਹਾਣੀਆਂ ਅਕਾਰ ਪੱਖੋਂ ਤਾਂ ਛੋਟੀਆਂ ਹਨ, ਪਰ ਗਹਿਰਾਈ ਪੱਖੋਂ ਬਹੁਤ ਡੂੰਘੀਆਂ ਹਨ। 20 ਕਹਾਣੀਆਂ ਨਾਲ ਸਜਿਆ ਇਹ ਕਹਾਣੀ-ਸੰਗ੍ਰਿਹ ਪਰਵਾਸੀ ਜੀਵਨ ਨੂੰ ਵਿਲੱਖਣ ਦ੍ਰਿਸ਼ਟੀ ਤੋਂ ਪੇਸ਼ ਕਰਦਾ ਹੈ। ਆਦਰਸ਼ਵਾਦੀ ਰੰਗ ਵਿਚ ਰੰਗੀਆਂ ਇਨ੍ਹਾਂ ਕਹਾਣੀਆਂ ਦਾ ਸਵਾਗਤ ਹੈ।

---

**ਮਿਨੀ ਕਹਾਣੀ**

## ਘੁਮੰਡ ਦਾ ਸਿਰ ਨੀਵਾਂ

ਰੌਕੀ ਪੜ੍ਹਨ ਵਿਚ ਬਹੁਤ ਹੁਸ਼ਿਆਰ ਸੀ। ਹਰ ਸਾਲ ਕਲਾਸ ਵਿਚ ਅਵੱਲ ਆਉਂਦਾ, ਪਰ ਇਸ ਗੁਣ ਨੇ ਉਸ 'ਚ ਹੌਲੀ ਹੌਲੀ ਹੰਕਾਰ ਦਾ ਬੀਜ ਪਾ ਦਿੱਤਾ। ਉਹ ਕਮਜ਼ੋਰ ਵਿਦਿਆਰਥੀਆਂ ਦਾ ਮਜ਼ਾਕ ਉਡਾਉਂਦਾ ਤੇ ਉਸ ਨੂੰ ਲਗਦਾ ਕਿ ਉਸ ਦਾ ਮੁਕਾਬਲਾ ਕੋਈ ਨਹੀਂ ਕਰ ਸਕਦਾ।

ਇਕ ਦਿਨ ਸਤਿੰਦਰ ਨੂੰ ਗਣਿਤ ਦੇ ਇਕ ਸਵਾਲ ਵਿਚ ਦਿੱਕਤ ਆ ਰਹੀ ਸੀ। ਗਣਿਤ ਮਾਸਟਰ ਉਸ ਵੇਲੇ ਕਿਸੇ ਦਫਤਰੀ ਕੰਮ 'ਚ ਰੁੱਝਾ ਸੀ ਤੇ ਉਸ ਨੇ ਰੌਕੀ ਨੂੰ ਸਤਿੰਦਰ ਦੀ ਮਦਦ ਕਰਨ ਲਈ ਕਿਹਾ। ਸਵਾਲ ਸਮਝਾਉਣ ਵੇਲੇ ਆਪਣੇ ਦੋਸਤਾਂ ਨਾਲ ਮਿਲ ਕੇ ਰੌਕੀ ਨੇ ਸਤਿੰਦਰ ਦਾ ਬਹੁਤ ਮਜ਼ਾਕ ਉਡਾਇਆ। ਸਤਿੰਦਰ ਨੂੰ ਬਹੁਤ ਬੁਰਾ ਲੱਗਾ ਤੇ ਉਸ ਨੇ ਸਾਰਾ ਵਾਕਿਆ ਆਪਣੇ ਦਾਦਾ ਜੀ ਨਾਲ ਸਾਂਝਾ ਕੀਤਾ ਜੋ ਰਿਟਾਇਰ ਅਧਿਆਪਕ ਸਨ। ਦਾਦਾ ਜੀ ਨੇ ਸਤਿੰਦਰ ਨੂੰ ਖਰਗੋਸ਼ ਤੇ ਕੱਛੂ ਵਾਲੀ ਕਹਾਣੀ ਸੁਣਾਈ ਅਤੇ ਪੂਰੀ ਲਗਨ ਨਾਲ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਸਤਿੰਦਰ ਲਗਨ ਨਾਲ ਪੜ੍ਹਾਈ ਕਰਨ ਲੱਗਾ।

ਦੂਜੇ ਪਾਸੇ ਰੌਕੀ ਆਪਣੇ ਹੰਕਾਰ ਕਾਰਨ ਪੜ੍ਹਾਈ ਵਿਚ ਅਵੇਸਲਾ ਹੁੰਦਾ ਗਿਆ। ਸਮਾਂ ਬੀਤਦਾ ਗਿਆ, ਇਮਤਿਹਾਨ ਹੋ ਗਏ। ਨਤੀਜੇ ਵਾਲੇ ਦਿਨ ਸਭ ਦੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਦੂਜੇ ਸਥਾਨ 'ਤੇ ਰੌਕੀ ਦਾ ਨਾਂ ਲਿਆ ਗਿਆ। ਪਹਿਲੇ ਸਥਾਨ 'ਤੇ ਸਤਿੰਦਰ ਦਾ ਨਾਂ ਸੁਣ ਕੇ ਰੌਕੀ ਦਾ ਘੁਮੰਡ ਚੂਰ ਚੂਰ ਹੋ ਗਿਆ।

*-ਰਵਿੰਦਰ ਲਾਲਪੁਰੀ, ਨੂਰਪੁਰ ਬੇਦੀ*
*ਫੋਨ: 91-94634-52261*

## ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

# ਗੱਚਾ ਖਾਣਾ

ਜਦੋਂ ਸੀਮੈਂਟ ਦੀ ਕਾਢ ਨਹੀਂ ਸੀ ਨਿਕਲੀ ਤਾਂ ਮਕਾਨਾਂ ਆਦਿ ਦੀਆਂ ਕੰਧਾਂ ਤੇ ਫਰਸ਼ਾਂ ਆਦਿ ਦੀਆਂ ਜਿਰੀਆਂ ਭਰ ਭਰ ਕੇ ਜੋੜਨ, ਪੱਕਾ ਕਰਨ ਅਤੇ ਪਲੱਸਤਰ ਕਰਨ ਲਈ ਇਕ ਮਸਾਲੇ ਦੀ ਵਰਤੋਂ ਕੀਤੀ ਜਾਂਦੀ ਸੀ ਜਿਸ ਨੂੰ ਗੱਚ ਕਿਹਾ ਜਾਂਦਾ ਸੀ। ਅਸਲ ਵਿਚ ਗੱਚ ਇਕ ਤਰ੍ਹਾਂ ਦਾ ਚੂਨਾ ਹੀ ਹੈ, ਹਾਲਾਂ ਕਿ ਚੂਨਾ ਸ਼ਬਦ ਸੰਸਕ੍ਰਿਤ ਅਤੇ ਗੱਚ ਫਾਰਸੀ ਵਲੋਂ ਆਇਆ ਹੈ।

'ਮਹਾਨ ਕੋਸ਼' ਨੇ ਗੱਚ/ਗਚ ਸ਼ਬਦ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੈ: 1. ਚੂਨਾ, ਇੱਟ ਪੱਥਰ ਆਦਿ ਦੀ ਚਿਣਾਈ ਦਾ ਮਸਾਲਾ। 2. ਪੱਕੀ ਚਿਣਾਈ ਦੀਆਂ ਕੰਧਾਂ ਅਤੇ ਡਾਟਦਾਰ ਛੱਤਾਂ ਨੂੰ ਅੰਦਰੋਂ ਸੁੰਦਰ ਅਤੇ ਬਾਹਰੋਂ ਮਜ਼ਬੂਤ ਬਣਾਉਣ ਲਈ ਇੱਕ ਲੇਪ ਤਿਆਰ ਕੀਤਾ ਜਾਂਦਾ ਹੈ, ਜੋ ਗਚ ਕਹਾਉਂਦਾ ਹੈ। ਇਹ ਬਹੁਤ ਪੁਰਾਣੇ ਸਮਿਆਂ ਤੋਂ ਵਰਤੀਂਦਾ ਆਉਂਦਾ ਹੈ, ਅਰ ਇਸ ਵਿਚ ਜੋ ਵਸਤਾਂ ਜਿਸ ਮਿਕਦਾਰ ਵਿਚ ਮਿਲਾਈਆਂ ਜਾਂਦੀਆਂ ਹਨ, ਉਨ੍ਹਾਂ ਤੋਂ ਪਤਾ ਚਲਦਾ ਹੈ ਕਿ ਇਹ ਕਈ ਪ੍ਰਕਾਰ ਦਾ ਹੁੰਦਾ ਹੈ। ਦੀਵਾਰਾਂ ਦੀ ਅੰਦਰੂਨੀ ਸ਼ੋਭਾ ਲਈ ਜੋ ਗਚ ਤਿਆਰ ਹੁੰਦਾ ਹੈ, ਉਸ ਵਿਚ ਬਹੁਤ ਬਾਰੀਕ ਰੇਤਾ, ਸੰਗਮਰਮਰ ਦਾ ਚੂਰਨ ਅਤੇ ਖਾਸ ਤਰ੍ਹਾਂ ਦਾ ਚੂਨਾ ਪੈਂਦਾ ਹੈ। ਬਾਹਰ ਵਰਤਣ ਲਈ ਗਚ ਇਤਨਾ ਸ਼ੁੱਧ ਅਰ ਸੂਖਮ ਨਹੀਂ ਹੁੰਦਾ, ਪਰ ਇਹ ਭੀ ਐਸਾ ਹੁੰਦਾ ਹੈ ਕਿ ਅਗਰ ਲੇਪ ਨੂੰ ਸੁਕਾ ਕੇ ਚੰਗੀ ਤਰ੍ਹਾਂ ਘੋਟਿਆ ਜਾਵੇ ਤਾਂ ਸੰਗਮਰਮਰ ਦੀ ਆਭਾ ਦੇਂਦਾ ਹੈ। ਰੇਤ ਅਤੇ ਬਾਰੀਕ ਚੂਨੇ ਨਾਲ ਮਿਸ਼੍ਰਿਤ ਪਲਾਸਟਰ ਆਫ ਪੈਰਿਸ (Plaster of Paris) ਦੇ ਤੀਜੇ ਪੋਚ ਨੂੰ ਭੀ ਗਚ ਆਖਦੇ ਹਨ। ਗਚ ਦੀ ਇੱਕ ਹੋਰ ਕਿਸਮ ਭੀ ਹੈ ਜਿਸ ਵਿਚ ਕਿਸੇ ਕਦਰ ਵਾਲ ਭੀ ਰਲਾਏ ਜਾਂਦੇ ਹਨ। ਗਚ ਅਤਿ ਕਰੜਾ, ਪਧਰਾ ਤੇ ਕੂਲਾ ਹੁੰਦਾ ਹੈ।



ਅੱਜ ਕਲ੍ਹ ਸੀਮੈਂਟ ਅਤੇ ਕੰਕਰੀਟ ਵਾਂਗ ਪੁਰਾਣੇ ਜ਼ਮਾਨੇ ਵਿਚ ਗੱਚ ਵਾਲੇ ਮਕਾਨ ਬਣਾਉਣਾ ਅਮੀਰੀ ਦੀ ਨਿਸ਼ਾਨੀ ਸਮਝਿਆ ਜਾਂਦਾ ਸੀ। ਗੁਰੂਆਂ ਦੀ ਸਾਖੀ ਲੈਂਦੇ ਹਾਂ, "ਕਾਹੇ ਕਲਰਾ ਸਿੰਚਹੁ ਜਨਮੁ ਗਵਾਵਹੁ॥ ਕਾਚੀ ਢਹਗਿ ਦਿਵਾਲ ਕਾਹੇ ਗਚੁ ਲਾਵਹੁ॥" ਅਰਥਾਤ ਜਿਵੇਂ ਕੋਈ ਕਿਸਾਨ ਕੱਲਰੀ ਭੋਇੰ ਨੂੰ ਸਿੰਜ ਕੇ ਜੀਵਨ ਨੂੰ ਅਜਾਈਂ ਗਵਾ ਰਿਹਾ ਹੈ, ਇਹ ਕੱਚੀ ਕੰਧ ਉਤੇ ਚੂਨੇ ਦਾ ਪਲੱਸਤਰ ਫੇਰਨ ਵਾਂਗ ਹੀ ਹੈ ਜੋ ਛੇਤੀ ਢਹਿ ਜਾਵੇਗਾ। ਇਸੇ ਤਰ੍ਹਾਂ, "ਕਾਪੜੁ ਕਾਠੁ ਰੰਗਾਇਆ ਰਾਂਗਿ॥ ਘਰ ਗਚ ਕੀਤੇ ਬਾਗੇ ਬਾਗ॥ ਸਾਦ ਸਹਜ ਕਰਿ ਮਨੁ ਖੇਲਾਇਆ॥" ਅਰਥਾਤ (ਮਨੁੱਖ ਨੇ) ਕੱਪੜੇ ਤੇ ਲੱਕੜ ਦਾ ਸਮਾਨ ਰੰਗਾ ਲਿਆ, ਘਰਾਂ ਨੂੰ ਚੂਨੇ ਫੇਰ ਫੇਰ ਕੇ ਚਿੱਟੇ ਬਣਾ ਲਿਆ, (ਅਜਿਹੇ) ਸੁਆਦਾਂ ਤੇ ਸੁਖਾਂ ਨਾਲ ਉਹ ਮਨ ਨੂੰ ਪਰਚਾਉਂਦਾ ਰਿਹਾ।

ਚੌਥੇ ਮਹਲੇ ਦੇ ਸ਼ਬਦ ਵੀ ਸ੍ਰਵਣਯੋਗ ਹਨ, "ਖਾਨ ਮਲੂਕ ਕਹਾਇਦੇ ਕੋ ਰਹਣੁ ਨ ਪਾਈ॥ ਗੜ੍ਹ ਮੰਦਰ ਗਚ ਗੀਰੀਆ ਕਿਛੁ ਸਾਥਿ ਨ ਜਾਈ॥" ਹੋਰ ਦੇਖੋ, "ਗਚੁ ਜਿ ਲਗਾ ਗਿੜਵੜੀ ਸਖੀਏ ਧਉਲਹਰੀ ਸੋ ਭੀ ਢਹਦੇ ਡਿਠੁ ਮੈ ਮੁੰਧ ਨ ਗਰਬੁ ਥਣੀ।" ਪਹਾੜਾਂ ਜਿਹੇ ਉਚੇ ਗੱਚ ਲੱਗੇ ਮੰਦਰਾਂ ਨੂੰ ਵੀ ਮੈਂ ਢਹਿੰਦੇ ਦੇਖਿਆ ਹੈ। ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਵੀ ਇਹ ਸ਼ਬਦ ਮਿਲਦਾ ਹੈ,

ਮੰਜਲ ਕੁਸਮਾਂਜੁਲ ਮਲਿਯਾਗਰ।
ਕਰ ਕਪੂਰ ਬਰ ਗੰਧਿ ਉਜਾਗਰ।
ਦੇਖਾ ਏਕ ਸਿੰਘਾਸਨ ਸੁੰਦਰ।
ਸੂਚੇ ਮਾਨਿਕ ਗਚ ਰੁਚਿਰੰਦਰ।

ਅਸੀਂ ਜ਼ਬਰਦਸਤ ਜਾਂ ਫਸਵੇਂ ਦੇ ਅਰਥਾਂ ਵਾਲਾ ਗਹਿਗੱਚ ਸ਼ਬਦ ਵਰਤਦੇ ਹਾਂ, ਖਾਸ ਤੌਰ 'ਤੇ ਫਸਵੀਂ ਲੜਾਈ ਜਾਂ ਮੁਕਾਬਲੇ ਦੇ ਪ੍ਰਸੰਗ ਵਿਚ; ਭਗਤ ਕਬੀਰ ਨੇ ਇਹ ਸ਼ਬਦ ਆਪਣੇ ਪਦ ਵਿਚ ਇਸ ਤਰ੍ਹਾਂ ਜੜਿਆ ਹੈ, "ਕਬੀਰ ਗਹਗਚਿ ਪਰਿਓ ਕੁਟੰਬ ਕੈ ਕਾਠੈ ਰਹਿ ਗਇਓ ਰਾਮੁ॥" ਅਰਥਾਤ ਮਨੁੱਖ ਪਰਿਵਾਰਕ ਜੀਵਨ ਵਿਚ ਬੁਰੀ ਤਰ੍ਹਾਂ ਫਸ ਗਿਆ ਹੈ, ਪਰਮਾਤਮਾ ਇਕ ਪਾਸੇ ਰਹਿ ਗਿਆ ਹੈ। ਇਥੇ ਗਹਿਗਚਿ ਤੋਂ ਭਾਵ ਹੈ, ਚੂਨੇ ਵਾਂਗ ਜਕੜਿਆ (ਗਹਿ=ਪਕੜ; ਗਚਿ=ਚੂਨਾ)।

ਇਹ ਸ਼ਬਦ ਭਾਰਤ ਦੀਆਂ ਕਈ ਭਾਸ਼ਾਵਾਂ ਵਿਚ ਵਰਤਿਆ ਜਾਂਦਾ ਹੈ। ਮਰਾਠੀ ਵਿਚ ਚੂਨੇ ਵਾਲੀ ਛੱਤ ਅਤੇ ਫਰਸ਼ ਨੂੰ ਗੱਚੀ ਆਖਦੇ ਹਨ। ਕਸ਼ਮੀਰੀ ਵਿਚ ਚੂਨੇ ਦੇ ਪਲੱਸਤਰ ਜਾਂ ਸਫੈਦੀ ਨੂੰ 'ਗੱਛ ਸੁਧ' ਕਿਹਾ ਜਾਂਦਾ ਹੈ। ਗੱਚ ਤੋਂ ਗਚਕਾਰੀ ਸ਼ਬਦ ਬਣਿਆ, ਜਿਸ ਦਾ ਮਤਲਬ ਗੱਚ ਦਾ ਕੰਮ ਹੈ। ਗੱਚਕਾਰ ਅਜਿਹਾ ਕੰਮ ਕਰਨ ਵਾਲਾ ਕਾਰੀਗਰ ਹੈ। ਗੱਚ ਦਾ ਅਰਥ ਤੁੜਿਆ, ਫਸਵਾਂ, ਘਣਾ, ਘੁੱਟਿਆ, ਠੁਸਤ, ਭੀੜ ਭਰਿਆ ਵੀ ਹੈ। ਗੱਚ ਨਾਲ ਜੁੜਦੇ ਇਨ੍ਹਾਂ ਸ਼ਬਦਾਂ ਵੱਲ ਧਿਆਨ ਦਿਉ: ਘਚਾਪੀਚ, ਘਿਚਮਿੱਚ, ਗੜੁੱਚ। ਮਰਾਠੀ ਵਿਚ ਗੱਚਾ ਦਾ ਇਕ ਅਰਥ ਹੈ, ਬਾਜਰੇ ਦਾ ਸਿੱਟਾ। ਇਸ ਵਿਚਾਰ ਤੋਂ ਕਿ ਬਾਜਰੇ ਦਾ ਸਿੱਟਾ ਦਾਣਿਆਂ ਨਾਲ ਗਹਿਗੱਚ ਹੁੰਦਾ ਹੈ।

ਧੋਖਾ, ਹੇਰਾ-ਫੇਰੀ ਦੇ ਅਰਥਾਂ ਵਿਚ ਗੱਚਾ ਸ਼ਬਦ ਦੀ ਲਾਖਣਿਕ ਵਰਤੋਂ ਵੀ ਹੁੰਦੀ ਹੈ, "ਇਸ ਵਾਰ ਬਾਬਾ ਰਾਮ ਰਹੀਮ ਵੱਡੇ ਲੋਕਾਂ ਦੇ ਝਾਂਸੇ ਵਿਚ ਆ ਕੇ ਗੱਚਾ ਖਾ ਗਏ। ਬਾਬਾ ਹੁਣ ਤੱਕ ਸਰਕਾਰਾਂ ਅਤੇ ਵੱਡੇ-ਵੱਡੇ ਸਿਆਸਤਦਾਨਾਂ ਨੂੰ ਗੱਚਾ ਦਿੰਦੇ ਆਏ ਸਨ ਪਰ ਹੁਣ ਅਤਿ ਆਤਮ-ਵਿਸ਼ਵਾਸ ਵਿਚ ਉਹ ਪੂਰੀ ਤਰ੍ਹਾਂ ਨਾ ਸਿਰਫ ਮਾਤ ਖਾ ਗਏ ਸਗੋਂ ਉਨ੍ਹਾਂ ਦਾ ਹਰ ਦਾਅ ਉਲਟਾ ਪੈ ਗਿਆ।" ਸ਼ਬਦ ਦੀ ਅਜਿਹੀ ਵਰਤੋਂ ਕਿਉਂ ਹੁੰਦੀ ਹੈ? ਇਹ ਵਰਤੋਂ ਕੁਝ 'ਚੂਨਾ ਲਾਉਣਾ' ਵਰਗੀ ਹੀ ਹੈ।

ਮਕਾਨਾਂ ਵਿਚ ਚੂਨਾ ਲਾਉਣਾ ਅਮੀਰੀ ਦੀ ਨਿਸ਼ਾਨੀ ਹੈ। ਜ਼ਿਆਦਾ ਚੂਨਾ, ਮਤਲਬ ਜ਼ਿਆਦਾ ਖਰਚਾ ਮਤਲਬ ਮਕਾਨ ਬਣਾਉਣ ਵਾਲੇ ਦੀ ਜ਼ਿਆਦਾ ਅਮੀਰੀ। ਚੂਨਾ ਮਹਿੰਗਾ ਵੀ ਹੁੰਦਾ ਸੀ। ਸੋ ਠੇਕੇਦਾਰ ਖਰਚੇ ਦੀ ਬਚਤ ਕਰਦਿਆਂ ਮਕਾਨਾਂ ਨੂੰ ਘੱਟ ਚੂਨਾ ਲਾਉਂਦੇ ਸਨ ਪਰ ਦਿਖਾਉਂਦੇ ਵੱਧ ਸਨ। ਇਸ ਤਰ੍ਹਾਂ 'ਚੂਨਾ ਲਾਉਣਾ' ਮੁਹਾਵਰਾ ਇਕ ਤਰ੍ਹਾਂ ਧੋਖਾ ਕਰਨ, ਠੱਗੀ ਕਰਨ ਦੇ ਅਰਥਾਂ ਵਿਚ ਵਰਤਿਆ ਜਾਣ ਲੱਗਾ। ਐਪਰ ਗੱਚਾ ਖਾਣਾ ਜਾਂ ਗੱਚਾ ਦੇਣਾ ਮੁਹਾਵਰੇ ਦੇ ਅਜਿਹੇ ਅਰਥਾਂ ਦੀ ਵਿਆਖਿਆ ਹੋਰ ਪਾਸੇ ਤੋਂ ਹੈ, ਜਿਸ ਦੀ ਵਿਆਖਿਆ ਬਾਅਦ ਵਿਚ ਕੀਤੀ ਜਾਵੇਗੀ।

ਜ਼ਰਾ ਦੇਖੀਏ ਇਹ ਸ਼ਬਦ ਕਿਵੇਂ ਹੋਂਦ ਵਿਚ ਆਇਆ ਹੋਵੇਗਾ। ਪਲੈਟਸ ਅਨੁਸਾਰ ਇਹ ਸ਼ਬਦ ਪੁਰਾਣੀ ਫਾਰਸੀ ਦੇ ਸ਼ਬਦ ਗਚ ਤੋਂ ਬਣਿਆ ਹੈ, ਜਿਸ ਦਾ ਹੋਰ ਪੁਰਾਤਨ ਜ਼ੈਂਦ ਰੂਪ 'ਵਿਚਿਚ' ਜਿਹਾ ਹੈ। ਉਸ ਨੇ ਸੰਭਾਵਨਾ ਜਤਾਈ ਹੈ ਕਿ ਇਹ ਸੰਸਕ੍ਰਿਤ ਵਿਚਿਤ੍ਰ ਜਾਂ ਵਿਸਤ੍ਰਿਤ ਦਾ ਸਜਾਤੀ ਹੋ ਸਕਦਾ ਹੈ। ਇਹ ਖਿੱਚ-ਧੂਹ ਕੇ ਕੀਤੀ ਵਿਆਖਿਆ ਲਗਦੀ ਹੈ।

ਲਿਲੀ ਟਰਨਰ ਨੇ ਇਸ ਦਾ ਅਰਥ ਗਾਰਾ ਕਰਦਿਆਂ ਇਸ ਦੇ ਧੁਨੀ-ਅਨੁਕਰਣਕ ਹੋਣ ਵੱਲ ਸੰਕੇਤ ਕੀਤਾ ਹੈ। ਧੁਨੀ-ਅਨੁਕਰਣਕ ਸ਼ਬਦ ਵਿਭਿੰਨ ਭਾਸ਼ਾਵਾਂ ਵਿਚ ਸੁਤੰਤਰ ਤੌਰ 'ਤੇ ਕਿਸੇ ਕੁਦਰਤੀ ਵਰਤਾਰੇ ਦੀ ਧੁਨੀ ਦੀ ਮਨੁੱਖ ਦੁਆਰਾ ਕੀਤੀ ਮੌਖਿਕ ਨਕਲ ਤੋਂ ਉਪਜੇ ਹੁੰਦੇ ਹਨ। ਮਿਸਾਲ ਵਜੋਂ ਪੰਜਾਬੀ ਕਾਂ ਤੇ ਅੰਗਰੇਜ਼ੀ ਕਰੋਅ; ਪੰਜਾਬੀ ਚਿੜੀ ਤੇ ਅੰਗਰੇਜ਼ੀ ਚਿਰਪ। ਦ੍ਰਾਵੜੀ ਭਾਸ਼ਾਵਾਂ ਵਿਚ 'ਗਿਚ' ਸ਼ਬਦ ਮੌਜੂਦ ਹੈ। ਟਰਨਰ ਨੇ ਪਹਿਲਵੀ ਗੱਚ ਦਾ ਵੀ ਹਵਾਲਾ ਦਿੱਤਾ ਹੈ ਜਿਸ ਦਾ ਅਰਥ ਗਾਰਾ ਹੈ।

ਨਿਰੁਕਤ ਸ਼ਾਸਤਰੀ ਅਜਿਤ ਵਡਨੇਰਕਰ ਨੇ ਵੀ ਇਸ ਸ਼ਬਦ ਨੂੰ ਧੁਨੀ-ਅਨੁਕਰਣਕ ਮੰਨਿਆ ਹੈ। ਉਸ ਨੇ ਫਾਰਸੀ ਗਚ ਦੀ ਰਿਸ਼ਤੇਦਾਰੀ ਸੰਸਕ੍ਰਿਤ 'ਖਚ' ਧਾਤੂ ਨਾਲ ਦਰਸਾਈ ਹੈ। 'ਖਚ' ਧਾਤੂ ਵਿਚ ਜਕੜਨ, ਬੰਨ੍ਹਣ, ਜੜ੍ਹਨ, ਗੱਡਮੱਡ ਕਰਨ ਦੇ ਭਾਵ ਹਨ। ਮਨਿ-ਖਚਿਤ ਸ਼ਬਦ ਦਾ ਅਰਥ ਹੁੰਦਾ ਹੈ, ਮਣੀ-ਜੜਿਤ। ਗੁਰਬਾਣੀ ਵਿਚ ਕਈ ਮਿਸਾਲਾਂ ਉਪਲਭਦ ਹਨ। ਅਸੀਂ ਗੁਰੂ ਰਾਮ ਦਾਸ ਦੀਆਂ ਦੋ ਤੁਕਾਂ ਲੈਂਦੇ ਹਾਂ, "ਪ੍ਰੀਤਿ ਪ੍ਰੇਮ ਤਨੁ ਖਚਿ ਰਹਿਆ ਬੀਚੁ ਨ ਰਾਤੀ ਹੋਤ॥" ਅਤੇ "ਗੁਰ ਪ੍ਰਸਾਦਿ ਪਾਈਐ ਪਰਮਾਰਥੁ ਸਤਸੰਗਤਿ ਸੇਤੀ ਮਨੁ ਖਚਨਾ॥"

ਗੌਰਤਲਬ ਹੈ ਕਿ ਕੁਝ ਸ੍ਰੋਤਾਂ ਨੇ ਇਸ ਸ਼ਬਦ ਦਾ ਅਰਥਾਪਣ ਕੁਝ ਇਸ ਤਰ੍ਹਾਂ ਕੀਤਾ ਹੈ ਜਿਵੇਂ ਇਸ ਸ਼ਬਦ ਦਾ ਸਬੰਧ ਆਕਰਸ਼ਣ ਸ਼ਬਦ ਦੇ ਅਰਥਾਂ ਵਾਲੇ ਸ਼ਬਦ 'ਖਿੰਚਣ' ਨਾਲ ਹੋਵੇ ਜਦਕਿ ਅਸਲ ਵਿਚ ਇਥੇ ਭਾਵ ਜੁੜਨ ਨਾਲ ਹੈ, ਨਾ ਕਿ ਮਨ ਆਦਿ ਦਾ ਆਕਰਸ਼ਤ ਹੋਣ ਵੱਲ। ਇਸ ਤੋਂ ਬਣੇ ਦੁਰਕਤੀ ਸ਼ਬਦ 'ਖਚਾਖਚ' ਦਾ ਮੂਲ ਅਰਥ ਹੈ, ਨਾਲ ਨਾਲ ਲੱਗਾ ਹੋਇਆ।



ਟਾਕਰਾ ਕਰੋ ਪਿਛੇ ਵਰਣਿਤ ਸ਼ਬਦ ਗਹਿਗੱਚ, ਘਿਚਮਿੱਚ, ਘਚਾਪੀਚ। ਮਰਾਠੀ ਵਿਚ ਖਚਾਖਚ ਲਈ ਗਚਾਗੱਚ ਸ਼ਬਦ ਚਲਦਾ ਹੈ।

ਇਸ ਤਰ੍ਹਾਂ ਸਪੱਸ਼ਟ ਹੈ ਕਿ ਪਹਿਲਵੀ ਵਲੋਂ ਆਏ ਫਾਰਸੀ ਗੱਚ ਅਤੇ ਸੰਸਕ੍ਰਿਤ ਖੱਚ ਦੀ ਸਜਾਤੀ ਸਾਂਝ ਹੈ। ਫਾਰਸੀ ਗੱਚ ਵਿਚ ਤੂੜ ਤੂੜ ਕੇ ਭਰਨ ਦਾ ਭਾਵ ਹੈ। ਜ਼ਾਹਰ ਹੈ ਕਿ ਚਿਣਾਈ ਸਮੇਂ ਦੋ ਇੱਟਾਂ ਜਾਂ ਪੱਥਰਾਂ ਵਿਚਕਾਰਲੀ ਖਾਲੀ ਜਗ੍ਹਾ ਨੂੰ ਚੂਨੇ ਨਾਲ ਤੂੜ ਤੂੜ ਕੇ ਭਰਿਆ ਜਾਂਦਾ ਹੈ। ਇਸ ਲਈ ਗੱਚ ਵਿਚੋਂ ਭਾਵ ਨਿਕਲਦੇ ਹਨ, ਉਹ ਸਮੱਗਰੀ ਜਿਸ ਨੂੰ ਠੋਸ ਠੋਸ ਕੇ ਭਰਿਆ ਜਾਵੇ ਜਾਂ ਜੜਿਆ ਜਾਵੇ। ਸ਼ਾਇਦ 'ਗੱਚ ਭਰ ਜਾਣਾ' ਉਕਤੀ ਵਿਚ ਵੀ ਥੁੱਕ ਆਦਿ ਦਾ ਗਲੇ ਤੱਕ ਪੂਰੀ ਤਰ੍ਹਾਂ ਭਰ ਜਾਣ ਦਾ ਭਾਵ ਹੈ।

ਅਜਿਤ ਵਡਨੇਰਕਰ ਅਨੁਸਾਰ ਗਿੱਲੀ ਜਗ੍ਹਾ 'ਤੇ ਪੈਰ ਜਾਂ ਕਿਸੇ ਹੋਰ ਚੀਜ਼ ਦੇ ਡਿੱਗਣ ਨਾਲ ਗੱਚ, ਖੱਚ ਜਾਂ ਫੱਚ ਜਿਹੀ ਧੁਨੀ ਪੈਦਾ ਹੁੰਦੀ ਹੈ। ਹਿੰਦੀ ਵਿਚ ਗਚਾਕਾ ਦਾ ਅਰਥ ਡਿੱਗਣਾ ਹੈ। ਧੋਖਾ ਖਾਣਾ ਦੇ ਅਰਥਾਂ ਵਿਚ 'ਗੱਚਾ ਖਾਣਾ' ਮੁਹਾਵਰਾ ਇਥੋਂ ਹੀ ਆ ਰਿਹਾ ਹੈ। ਗੱਚਾ ਦੇਣ ਵਿਚ ਜਾਣ ਬੁਝ ਕੇ ਨੁਕਸਾਨ ਪਹੁੰਚਾਉਣ ਜਾਂ ਧੋਖਾ ਦੇਣ ਦਾ ਭਾਵ ਹੈ। ਚਿੱਕੜ ਜਾਂ ਚਿਪਚਿਪੀ ਜਗ੍ਹਾ ਵਿਚ ਡਿੱਗਣ ਤੋਂ ਉਪਜੀ ਆਵਾਜ਼ ਖੱਚ ਜਾਂ ਗੱਚ ਦਾ ਵਿਕਾਸ ਬਾਅਦ ਵਿਚ ਜਕੜਨ, ਜੜ੍ਹਨ, ਬੰਨ੍ਹਣ, ਫਸਾਉਣ ਆਦਿ ਦੇ ਭਾਵਾਂ ਵਿਚ ਹੋਇਆ। ਚਿੱਕੜ ਜਾਂ ਦਲਦਲ ਆਦਿ ਵਿਚ ਡਿੱਗੀ ਕੋਈ ਵਸਤੂ ਜਕੜੀ ਜਾਂਦੀ ਹੈ ਅਤੇ ਸੁੱਕਣ 'ਤੇ ਉਥੇ ਹੀ ਧੱਸ ਜਾਂਦੀ ਹੈ।

ਇਸ ਤਰ੍ਹਾਂ ਗੱਚ ਅਤੇ ਇਸ ਨਾਲ ਸਬੰਧਤ ਸ਼ਬਦਾਂ ਦਾ ਮੁਢ ਧੁਨੀ ਤੋਂ ਬੱਝਦਾ ਹੈ। ਖਾਣ ਵਾਲਾ ਗੱਚਕ ਸ਼ਬਦ ਵੀ ਇਥੇ ਥਾਂ ਸਿਰ ਲੱਗਦਾ ਹੈ ਅਰਥਾਤ ਅਜਿਹਾ ਪਦਾਰਥ ਜੋ ਗੱਚ ਦੀ ਤਰ੍ਹਾਂ 'ਅਤਿ ਕਰੜਾ, ਪੱਧਰਾ ਤੇ ਕੂਲਾ' ਹੋਵੇ, ਭਾਵੇਂ ਮੈਂ ਬਹੁਤੇ ਯਕੀਨ ਨਾਲ ਨਹੀਂ ਕਹਿ ਸਕਦਾ। ਮੁਲਤਾਨੀ ਮਿੱਟੀ ਲਈ ਗਾਚੀ ਜਾਂ ਗਾਚਨੀ ਸ਼ਬਦ ਵਰਤਿਆ ਜਾਂਦਾ ਹੈ। ਸਾਡੇ ਸਮੇਂ ਪ੍ਰਾਇਮਰੀ ਸਕੂਲਾਂ ਵਿਚ ਲਿਖਣ ਵਾਲੀ ਫੱਟੀ ਪੋਚ ਕੇ ਇਸ 'ਤੇ ਮਿੱਟੀ ਦਾ ਲੇਪ ਕੀਤਾ ਜਾਂਦਾ ਸੀ। ਇਸ ਪੂਰੀ ਕ੍ਰਿਆ ਨੂੰ ਵੀ ਫੱਟੀ ਪੋਚਣਾ ਕਿਹਾ ਜਾਂਦਾ ਸੀ। ਗਾਚੀ/ਗਾਚਣੀ ਸ਼ਬਦ ਦਾ ਸਬੰਧ ਗੱਚ ਨਾਲ ਹੋਣ ਦੀ ਸੰਭਾਵਨਾ ਹੈ।

## ਕਾਵਿ ਜਗਤ

### ਪਿਛਲੀ ਵਿਧਾਨ ਸਭਾ ਚੋਣ 'ਤੇ

ਥੋੜ੍ਹਾ ਕੁ ਸੂਰਜ ਉਠਿਆ ਹੈ
ਥੋੜ੍ਹਾ ਕੁ ਹਨੇਰਾ ਦੜਿਆ ਹੈ।
ਥੋੜ੍ਹਾ ਕੁ ਬਾਦਲ ਫਟਿਆ ਹੈ
ਥੋੜ੍ਹਾ ਕੁ ਵਣ-ਤਿਣ ਖਿੜਿਆ ਹੈ।
ਇਕ ਨਵਾਂ ਇਰਾਦਾ ਉਛਲ ਉਛਲ
ਅੱਜ ਆ ਸੜਕਾਂ 'ਤੇ ਹੜ੍ਹਿਆ ਹੈ।

ਸੱਤਾ ਵਾਲੇ ਲੈ ਗਏ ਸੱਤਾ
ਉਂਜ 'ਆਮ' ਬਥੇਰਾ ਲੜਿਆ ਹੈ।
ਤੇ ਚੋਰ ਬਣਾ ਭੁੰਗਲਮਾਟਾ
ਫਿਰ ਜਾ ਕੁਰਸੀ 'ਤੇ ਚੜ੍ਹਿਆ ਹੈ।
ਤੇ ਸਾਂਝ ਸਮਰਥਕ ਝੰਡੀਆਂ ਨੂੰ
ਆਪਣੇ ਆਪਣੇ ਰਾਹ ਮੁੜਿਆ ਹੈ।
ਇਹ ਲੋਕ ਰਾਜ ਦੇ ਸੰਦ ਛਲਾਵਾ
ਕੇਸ ਕੁਟੱਲੀਆ ਘੜਿਆ ਹੈ।
ਨਾ ਸਰਗਰਮੀ, ਨਾ ਅਗਵਾਈ
'ਕੁਲਬੀਰ' ਫਿਰੇ ਕਿਉਂ ਦੜ੍ਹਿਆ ਹੈ।

*-ਕੁਲਬੀਰ ਪੰਡਾ*

---

### ਮਾਂ ਬੋਲੀ

ਗੀਤਕਾਰੋ-ਗਾਇਕੋ ਹੋਸ਼ ਕਰੋ,
ਕੀ ਲਿਖਦੇ ਤੇ ਕੀ ਗਾ ਰਹੇ ਹੋ?
ਇਹ ਪੰਜਾਬ ਦਾ ਵਿਰਸਾ ਨਹੀਂ,
ਜੋ ਤਸਵੀਰ ਦਿਖਾ ਰਹੇ ਹੋ।
ਕਿਉਂ ਲਿਖੋ ਗਾਓ ਹਥਿਆਰਾਂ ਨੂੰ,
ਜਾਂ ਨੱਢੀਆਂ ਤੇ ਹੂਰਾਂ ਨੂੰ?
ਗਾਓ ਡੁੱਬ ਰਹੀ ਕਿਸਾਨੀ ਨੂੰ,
ਜਾਂ ਕਿਰਤੀ ਤੇ ਮਜ਼ਦੂਰਾਂ ਨੂੰ।

ਕਿਹੜਾ ਜੱਟ ਹੈ ਬੁੱਲੇ ਲੁੱਟਦਾ,
ਕਿਉਂ ਅਸਮਾਨੀਂ ਚਾੜ੍ਹਿਆ ਏ?
ਜੱਟ ਤਾਂ ਜੱਟਪੁਣੇ ਵਿਚ ਡੁੱਬਾ,
ਟੌਹਰਾਂ, ਕਰਜ਼ੇ ਮਾਰਿਆ ਏ।
ਨਸ਼ੇ ਦੇ ਦਰਿਆ ਵਗਦੇ,
ਦੁੱਧ ਦੀਆਂ ਨਦੀਆਂ ਸੁੱਕ ਗਈਆਂ,
ਪੜ੍ਹ ਕੇ ਫਿਰਦੇ ਵਿਹਲੇ,
ਰੁਜ਼ਗਾਰ ਦੀਆਂ ਆਸਾਂ ਮੁੱਕ ਗਈਆਂ।

ਲੱਚਰ ਗਾ ਕੇ ਤੇ ਨੰਗ ਨਚਾ ਕੇ,
ਆਪਣੀਆਂ ਜੇਬਾਂ ਭਰਦੇ ਹੋ,
ਕਿਹੜੇ ਸਭਿਆਚਾਰ ਦੀ ਸੇਵਾ?
ਮਾਂ ਬੋਲੀ ਗੰਦੀ ਕਰਦੇ ਹੋ।
ਪੰਜਾਬ ਤੇ ਪੰਜਾਬੀ ਖੂੰਡੇ ਲਾਈ,
ਸਮੇਂ ਦੀਆਂ ਸਰਕਾਰਾਂ ਨੇ,
'ਸਾਹੀ' ਕਿਤੇ ਆਪ ਕੁਚੱਜੇ ਮਾਰਿਆ
ਫੁੱਟ ਦੀਆਂ ਮਾਰਾਂ ਨੇ।

*-ਚਰਨਜੀਤ ਸਿੰਘ ਸਾਹੀ*
*ਫੋਨ: 317-430-6545*

### ਬਦਲ ਗਏ ਨੇ

ਸਫਰ ਨੇ ਦਸਤਕ ਦਿੱਤੀ
ਬਈ ਸਰੋਕਾਰ ਬਦਲ ਗਏ ਨੇ।
ਵਕਤ ਦੀ ਚੂੜੀ ਕੱਸਣ ਵਾਲੇ
ਔਜ਼ਾਰ ਬਦਲ ਗਏ ਨੇ।

ਮੂਰਤੀਆਂ 'ਚ ਚਿਪਕ ਕੇ ਬੈਠੇ
ਦੇਵੀਆਂ ਦੇ ਨਾਲ ਦੇਵ ਬੜੇ,
ਇਸ ਧਰਤੀ ਦੇ ਯਾਰੋ
ਸਭ ਅਵਤਾਰ ਬਦਲ ਗਏ ਨੇ।

ਨਿੱਕੀ ਵੱਡੀ ਉਮਰ ਦੇ
'ਬਾਬੇ' ਸੰਤ ਬਣੇ ਏਥੇ,
ਕੀ ਹੋਇਆ ਜੇ ਉਨ੍ਹਾਂ ਦੇ
ਕਿਰਦਾਰ ਬਦਲ ਗਏ ਨੇ।

ਲੋਕਾਂ ਦਿੱਤਾ ਫਤਵਾ ਜਿਨ੍ਹਾਂ ਨੂੰ
ਰੰਗਿਆਂ ਬਿੱਲਿਆਂ ਦਾ,
ਜਾਂਦੇ ਜਾਂਦੇ ਕਈ ਵਾਰੀ
ਸਰਕਾਰ ਬਦਲ ਗਏ ਨੇ।

ਧੂਣੀਆਂ ਵਾਂਗੂੰ ਧੁਖ ਧੁਖ ਕੇ
ਅਸੀਂ ਅੰਦਰ ਸਾੜ ਲਿਆ,
ਸਾਡੇ ਅੰਦਰ ਵਾਲੇ ਹੁਣ
'ਅੰਗਿਆਰ' ਬਦਲ ਗਏ ਨੇ।

ਜਿਨ੍ਹਾਂ ਦੇ ਨਾਲ ਸਫਰ ਉਤੇ
ਆਪਾਂ ਇੱਕ ਦਿਨ ਨਿਕਲੇ ਸਾਂ,
ਐਸਾ ਹੋਇਆ ਤਮਾਸ਼ਾ ਕਿ
ਸਭ ਯਾਰ ਬਦਲ ਗਏ ਨੇ।

ਸਾਡੀਆਂ ਰਗਾਂ ਦੇ ਅੰਦਰ
ਅਜੇ ਵੀ ਲਹੂ ਦੌੜਦਾ ਹੈ,
ਕੀ ਹੋਇਆ ਜੇ ਲੜਨ ਵਾਲੇ
ਹਥਿਆਰ ਬਦਲ ਗਏ ਨੇ।

ਉਚੇ ਤਖਤ 'ਤੇ ਚੜ੍ਹ ਕੇ
ਬਹਿ ਗਿਆ ਅਦਲੀ ਰਾਜਾ ਹੈ,
ਲੋਕ ਰਾਜ ਦੇ ਨਾਂ ਥੱਲੇ
ਦਰਬਾਰ ਬਦਲ ਗਏ ਨੇ।

*-ਹਰਜਿੰਦਰ ਗੁਲਪੁਰ*
*ਫੋਨ: 91-98722-38981*

---

### ਬੱਸ ਹੋ ਗਈ

ਬੱਸ ਹੋ ਗਈ ਜੀ, ਬੱਸ ਹੋ ਗਈ
ਰੂਹ ਉਸ ਦੀ ਅੰਦਰ ਤਕ ਕਮਲੋ ਗਈ।

ਪੈਰ ਜੋ ਉਸ ਦੇ ਨੰਗੇ ਸੀ
ਸੂਲਾਂ 'ਤੇ ਜੋ ਟੰਗੇ ਸੀ।
ਲਹੂ ਲੁਹਾਣ ਸੀ ਲਾਲੋ ਲਾਲ ਸੀ
ਲੱਗਦਾ ਸੀ ਜਿਵੇਂ ਹੋਏ ਹਲਾਲ ਸੀ।

ਬੱਸ ਹੋ ਗਈ ਜੀ, ਬੱਸ ਹੋ ਗਈ।

ਨਜ਼ਰ ਜੋ ਉਸ ਦੀ ਸੁੰਨੀ ਸੀ
ਗਈ ਕਹਿਰ ਵਿਚ ਪਰੁਨੀ ਸੀ।
ਬਿਲਕੁਲ ਟਿਕੀ, ਬਿਲਕੁਲ ਨਿਰਾਸ਼ ਸੀ
ਲੱਗਦਾ ਸੀ ਨਾ ਕੋਈ ਖੁਸ਼ੀ, ਨਾ ਆਸ ਸੀ।
ਬੱਸ ਹੋ ਗਈ ਜੀ, ਬੱਸ ਹੋ ਗਈ।

ਬੁੱਲ੍ਹ ਜੋ ਉਸ ਦੇ ਨੀਲੇ ਸਨ
ਨਾ ਸੁੱਕੇ, ਨਾ ਗਿੱਲੇ ਸਨ।
ਨਾ ਕੋਈ ਜ਼ੁਬਾਨ, ਨਾ ਪਹਿਚਾਣ ਸੀ
ਲੱਗਦਾ ਚੀਕਾਂ 'ਚ ਹੋ ਗਏ ਵੀਰਾਨ ਸੀ।
ਬੱਸ ਹੋ ਗਈ ਜੀ, ਬੱਸ ਹੋ ਗਈ।

ਦਿਲ ਜੋ ਉਸ ਦਾ ਧੜਕਦਾ ਸੀ
ਬਸ ਨਾਮ ਦਾ ਹੀ ਗੜਕਦਾ ਸੀ।
ਲੱਗਦਾ ਮਾਸ ਦਾ ਇਕ ਲੋਥਾ ਸੀ
ਹੁਣ ਬਣ ਗਿਆ ਬੋਝੇ ਦਾ ਪੋਥਾ ਸੀ।
ਬੱਸ ਹੋ ਗਈ ਜੀ, ਬੱਸ ਹੋ ਗਈ
ਰੂਹ ਉਸ ਦੀ ਅੰਦਰ ਤਕ ਕਮਲੋ ਗਈ।

*-ਗੁਰਪ੍ਰੀਤ ਕੌਰ ਪਨੇਸਰ*
*ਫੋਨ: 469-925-4767*

# ਚੰਨ ਦਾ ਚਾਨਣ-ਰਾਗ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਹ ਹੈ ਤਾਂ ਫਿਜ਼ਿਕਸ ਜਿਹੇ ਖੁਸ਼ਕ ਵਿਸ਼ੇ ਦੇ ਅਧਿਆਪਕ ਪਰ ਉਨ੍ਹਾਂ ਦੀ ਵਾਰਤਕ ਵਿਚ ਕਵਿਤਾ ਜਿਹੀ ਰਵਾਨਗੀ ਹੈ। ਉਹ ਸ਼ਬਦਾਂ ਦੀ ਅਜਿਹੀ ਜੁਗਤ ਵਰਤਦੇ ਹਨ ਕਿ ਪਾਠਕ ਦੇ ਮੂੰਹੋਂ ਸੁਤੇ ਸਿਧ ਨਿਕਲ ਜਾਂਦਾ ਹੈ, ਕਿਆ ਬਾਤ ਹੈ! ਇਸ ਲੇਖ ਲੜੀ ਵਿਚ ਉਨ੍ਹਾਂ ਕੁਦਰਤ ਦੀਆਂ ਨਿਆਮਤਾਂ ਨੂੰ ਸਲਾਮ ਕੀਤਾ ਹੈ ਅਤੇ ਮਨੁੱਖ ਦੀ ਇਨ੍ਹਾਂ ਪ੍ਰਤੀ ਅਕ੍ਰਿਤਘਣਤਾ ਉਤੇ ਅਫਸੋਸ ਜ਼ਾਹਰ ਕੀਤਾ ਹੈ। ਪਿਛਲੇ ਲੇਖ ਵਿਚ ਉਨ੍ਹਾਂ ਰਾਤ ਦੀਆਂ ਨਿਆਮਤਾਂ ਦੀ ਗੱਲ ਕਰਦਿਆਂ ਬੰਦੇ ਵੱਲੋਂ ਕੀਤੀਆਂ ਜਾ ਰਹੀਆਂ ਖਿਆਮਤਾਂ 'ਤੇ ਗਿਲਾ ਪ੍ਰਗਟਾਇਆ ਸੀ ਕਿ ਅੱਜ ਕੱਲ ਹਰ ਦਿਨ ਹੀ ਰਾਤ ਵਰਗਾ ਅਤੇ ਮਨੁੱਖ ਦਿਨ ਦੇ ਪਿੰਡੇ 'ਤੇ ਰਾਤ ਦੀ ਨਿਸ਼ਾਨਦੇਹੀ ਕਰਨ ਲੱਗਿਆਂ ਪਲ ਵੀ ਨਹੀਂ। ਹਥਲੇ ਲੇਖ ਵਿਚ ਉਨ੍ਹਾਂ ਚੰਦ ਅਤੇ ਇਸ ਦੀ ਚਾਨਣੀ ਦੀਆਂ ਨਿਆਮਤਾਂ ਦਾ ਵਿਖਿਆਨ ਕੀਤਾ ਹੈ। ਉਹ ਕਹਿੰਦੇ ਹਨ, "ਚੰਨ-ਚਾਨਣੀ, ਚੰਦ 'ਚੋਂ ਚੰਨ ਦਾ ਦੀਦਾਰ, ਚਾਨਣ-ਰਾਹਾਂ ਨਾਲ ਪਿਆਰ, ਚਾਨਣ-ਸੰਸਾਰ ਦਾ ਵਿਸਥਾਰ ਅਤੇ ਹਨੇਰਿਆਂ ਦਾ ਉਤਰਦਾ ਉਛਾੜ।...ਚਾਨਣੀ ਰਾਤ ਵਿਚ ਕੋਠੇ 'ਤੇ ਦਾਦੀ ਦੀਆਂ ਬਾਤਾਂ, ਹੁੰਮਸੀ ਰਾਤ ਵਿਚ ਹਵਾ ਦੇ ਆਉਂਦੇ ਬੁੱਲ੍ਹੇ ਅਤੇ ਚੰਦ ਉਪਰ ਦਾਦੀ ਮਾਂ ਦੇ ਚਰਖੇ ਦੀਆਂ ਯਾਦਾਂ ਜਦ ਮਨ-ਦਰ 'ਤੇ ਦਸਤਕ ਦਿੰਦੀਆਂ ਤਾਂ ਬੀਤਿਆ ਸਮਾਂ ਯਾਦਗਾਰੀ ਸ਼ਿਦਤ ਬਣ ਜਾਂਦਾ।" -ਸੰਪਾਦਕ*

## ਨਿਆਮਤਾਂ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਚੰਨ-ਚਾਨਣੀ, ਰੌਸ਼ਨ-ਤਰੌਂਕਾ, ਹਨੇਰ ਨਾਲ ਆਢਾ, ਰਾਹ-ਦਸੇਰਾ, ਮੰਜ਼ਿਲ ਪਛਾਣ ਅਤੇ ਰਾਹਾਂ 'ਤੇ ਕਦਮਾਂ ਦੀ ਪੈੜਚਾਲ ਨੂੰ ਸੁਣਨ ਦਾ ਹੁਨਰ।

ਚੰਨ-ਚਾਨਣੀ, ਅੰਬਰ 'ਚੋਂ ਤ੍ਰਿਪ ਤ੍ਰਿਪ ਚੋਂਦਾ ਚਾਨਣ, ਨਿੱਕੀਆਂ ਨਿੱਕੀਆਂ ਰੌਸ਼ਨ-ਕਿਰਨਾਂ ਦਾ ਆਗਮਨ ਅਤੇ ਇਸ ਵਿਚ ਭਿੱਜਣ ਦਾ ਅਕਹਿ ਅਨੰਦ।

ਚੰਨ-ਚਾਨਣੀ, ਸਮੁੱਚੀ ਕਾਇਨਾਤ 'ਤੇ ਦੁਧੀਆ ਚਾਦਰ, ਦੂਰ ਦੂਰ ਤੀਕ ਪਸਰੀਆਂ ਰਾਹਾਂ ਦੀ ਚਿੱਤਰਕਾਰੀ ਅਤੇ ਪ੍ਰਛਾਵਿਆਂ ਵਿਚੋਂ ਰੌਸ਼ਨ-ਰਾਹਾਂ ਦੀ ਤਸਦੀਕ।

ਚੰਨ-ਚਾਨਣੀ, ਉਧਾਰੀ ਰੌਸ਼ਨੀ ਨੂੰ ਧਰਤ ਦੇ ਨਾਮ ਲਾਉਣਾ, ਕਿਸੇ ਦੇ ਚਾਨਣ ਵਿਚੋਂ ਖੁਦ ਨੂੰ ਪਰਿਭਾਸ਼ਤ ਤੇ ਵਿਸਥਾਰਤ ਕਰਨਾ ਅਤੇ ਸ਼ੁਕਰਗੁਜ਼ਾਰੀ ਵਿਚੋਂ ਜੀਵਨ ਦੀ ਸਾਰਥਕਤਾ ਨੂੰ ਕਿਆਸਣਾ।

ਚੰਨ-ਚਾਨਣੀ, ਚੰਨ ਦਾ ਚਾਨਣ-ਰਾਗ ਜੋ ਸੂਖਮ ਸੰਦੇਸ਼ ਦਿੰਦਾ ਕਿ ਖੁਦ ਦਾ ਚਾਨਣ ਨਾ ਹੁੰਦਿਆਂ, ਚਾਨਣ ਮੰਗਣ ਵਿਚ ਕੋਈ ਹਰਜ ਨਹੀਂ ਕਿਉਂਕਿ ਚਾਨਣ ਵੰਡਣਾ ਹੀ ਮਨੁੱਖਤਾ ਦਾ ਸਭ ਤੋਂ ਉਚਤਮ ਧਰਮ।

ਚੰਨ-ਚਾਨਣੀ, ਰਾਤ-ਵਿਹੜੇ ਮਹਿਕਾਂ ਵੰਡਦੀ, ਰਾਤ ਨੂੰ ਸੰਦਲੀ ਰੰਗਤ ਬਖਸ਼ਦੀ ਅਤੇ ਰੰਗਲੀ ਰਾਤ ਸੁਹੰਢਣੇ ਸਾਥ ਦਾ ਨਸੀਬ ਬਣਦੀ।

ਚੰਨ-ਚਾਨਣੀ ਰਾਤ ਦਾ ਦੂਜਾ ਪਹਿਰ, ਛੱਤ 'ਤੇ ਅਲਸਾਈਆਂ ਦੋ ਰੂਹਾਂ, ਇਕ ਦੂਜੇ ਵਿਚ ਸਮਾਈਆਂ, ਚਾਨਣ ਚਾਨਣ ਹੋਈਆਂ, ਜੀਵਨ ਪੈਂਡਿਆਂ ਦੀ ਸੁਰਖ ਦਾਸਤਾਨ। ਚਾਨਣ ਰੱਤੇ ਰਾਹਾਂ ਦੇ ਮਾਰਗ-ਦਰਸ਼ਕ।

ਚੰਨ-ਚਾਨਣੀ ਵਿਚ ਸਫਰ ਨੂੰ ਖੰਭ ਲੱਗਦੇ, ਮੰਜਿਲ ਧਾਹ ਕੇ ਮਿਲਦੀ ਅਤੇ ਸੁਖਨ-ਸਾਥ ਵਿਚ ਸਾਹ-ਸੰਵੇਦਨਾ ਜੀਵਨੀ-ਸੱਚ ਬਣਦੀ।

ਚੰਨ-ਚਾਨਣੀ ਦੌਰਾਨ ਨਿੱਤਰੇ ਪਾਣੀਆਂ ਵਿਚਲੇ ਬਿੰਬ ਸਪੱਸ਼ਟ ਨਜ਼ਰ ਆਉਂਦੇ, ਇਕ ਦੂਜੇ ਵਿਚ ਸਮਾਉਂਦੇ ਅਤੇ ਆਤਮਕ-ਅੰਤਰੀਵ ਦੀ ਥਾਹ ਪਾਉਂਦੇ।

ਚੰਨ-ਚਾਨਣੀ, ਰਾਤ ਨੂੰ ਭਾਗ ਲਾਉਂਦੀ, ਸਮੁੱਚੇ ਚੌਗਿਰਦੇ ਵਿਚ ਚਾਨਣ ਦਾ ਇਤਰ ਡੋਲ੍ਹਦੀ ਅਤੇ ਸੰਧੂਰੀ ਸੁਗੰਧ ਨੂੰ ਸਰਬੱਤ ਦੇ ਨਾਮ ਲਾਉਂਦੀ।

ਚੰਨ-ਚਾਨਣੀ ਵਿਚ ਸਮੁੰਦਰ ਸ਼ਾਂਤ, ਪਾਣੀਆਂ ਵਿਚ ਠਹਿਰਾਅ। ਸਮੁੰਦਰੀ-ਜੀਵਨ ਤੋਰ ਨੂੰ ਜੇ ਮਨੁੱਖ ਆਪਣੀ ਜੀਵਨ ਜਾਚ ਬਣਾ ਲਵੇ ਤਾਂ ਸਾਹ-ਸੰਗੀਤ ਜਿੰਦ ਦਾ ਹਾਸਲ ਬਣ ਜਾਵੇ।

ਚੰਨ-ਚਾਨਣੀ, ਸੁਪਨਿਆਂ ਦੇ ਨੈਣਾਂ ਵਿਚ ਝਾਕਣਾ, ਸੁਪਨਿਆਂ ਨੂੰ ਸੰਦਲਾਪਣ ਬਖਸ਼ਣਾ ਅਤੇ ਸੁਪਨ-ਸਫਲਤਾ ਨੂੰ ਪੌੜੀ ਬਣਾ ਅੰਬਰਾਂ ਨੂੰ ਹੱਥ ਲਾਉਣ ਦਾ ਵਰ ਦੇਣਾ।

ਚੰਨ-ਚਾਨਣੀ, ਚੰਦ ਕੁ ਦਿਨਾਂ ਦੀ ਪ੍ਰਾਹੁਣੀ, ਪੁੰਨਿਆਂ ਨੂੰ ਭਰ ਜਵਾਨ ਅਤੇ ਅਹਿਸਤਾ ਅਹਿਸਤਾ ਮੱਸਿਆ ਵਾਲੇ ਦਿਨ ਹਨੇਰ ਵਿਚ ਡੁੱਬ ਜਾਂਦੀ। ਫਿਰ ਹੌਲੀ ਹੌਲੀ ਚੰਨ ਦੀ ਕਾਤਰ ਹਨੇਰ ਨਾਲ ਆਢਾ ਲਾਉਂਦੀ, ਚੰਨ ਦਾ ਅਕਾਰ ਵਧਦਾ, ਚਾਨਣੀ

**ਕਰਵਾ ਚੌਥ ਨੂੰ ਛਾਨਣੀ ਵਿਚੋਂ ਝਾਕਦਾ ਚੰਨ, ਸੁਹਾਗਣਾਂ ਲਈ ਸੁਹਾਗ ਦੀ ਖੈਰ। ਚੰਨ ਕੋਲੋਂ ਚਾਨਣ ਦੀ ਖੈਰ, ਵਿਆਹੁਤਾ ਜੀਵਨ ਲਈ ਚਾਨਣ-ਅਸੀਸ ਜੋ ਮੀਆਂ-ਬੀਵੀ ਦੀ ਸਦੀਵੀ ਸੀਰਤ ਅਤੇ ਸੂਰਤ ਦੇ ਸੁਹੱਪਣ ਦਾ ਸਬੱਬ। ਇਸੇ ਲਈ ਤਾਂ ਸੁਹਾਗਣਾਂ ਚੰਨ ਕੋਲੋਂ ਆਪਣੇ ਚੰਨ ਦੀ ਸੁੱਖ ਮੰਗਦੀਆਂ।**

ਦੀ ਉਮਰ ਇਕ ਪਹਿਰ ਤੋਂ ਚਾਰੇ ਪਹਿਰ 'ਤੇ ਪਹੁੰਚ ਫਿਰ ਰੁਖਸਤ ਦਾ ਰਾਹ ਪਕੜਦੀ।

ਚੰਨ-ਚਾਨਣੀ ਰਾਤ ਇਕ ਜੀਵਨ ਯਾਤਰਾ ਜਿਸ ਨੂੰ ਕਿਆਸ ਅਤੇ ਅੰਤਰੀਵ ਵਿਚ ਉਤਾਰ ਮਨੁੱਖ ਸਦੀਵੀ ਸੱਚ ਦੇ ਬਹੁਤ ਕਰੀਬ ਹੁੰਦਾ।

ਚੰਨ-ਚਾਨਣੀ, ਹੁਸਨ, ਜਵਾਨੀ, ਮਾਪੇ ਅਤੇ ਰਾਹੀ ਵਾਂਗ ਸਦੀਵ ਨਹੀਂ ਰਹਿੰਦੀ। ਕੁਝ ਚਿਰ ਦਾ ਸਾਥ ਅਤੇ ਫਿਰ ਪਰਤਣ ਦੀ ਆਸ।

ਚੰਨ-ਚਾਨਣੀ 'ਚ ਬੱਚਿਆਂ ਦਾ ਚੰਦਾ ਮਾਮਾ ਧਰਤੀ 'ਤੇ ਆ, ਧਰਤ ਨੂੰ ਚਾਂਦੀ ਰੰਗ ਦੇ ਬਸਤਰ ਪਹਿਨਾਉਂਦਾ। ਚੰਦਰਮਾ 'ਤੇ ਪਹੁੰਚਣ ਦੀ ਮਨੁੱਖੀ ਰੀਝ ਜਦ ਸੱਚ ਹੋਈ ਤਾਂ ਪਤਾ ਲੱਗਾ ਕਿ ਚੰਨ ਤਾਂ ਨਿਰਾ ਮਾਰੂਥਲ, ਬਿਨ ਪਾਣੀ, ਹਵਾ ਤੇ ਬਨਸਪਤੀ। ਬੇਆਬਾਦ ਉਜਾੜ ਅਤੇ ਸੁੰਨ ਦਾ ਨਾਮ। ਪਰ ਫਿਰ ਵੀ ਸੂਰਜ ਦੀ ਰੌਸ਼ਨੀ ਨੂੰ ਧਰਤ ਦੇ ਨਾਮ ਕਰਦਾ, ਚੰਨ-ਚਾਨਣੀ ਦਾ ਰੂਪ ਧਾਰ ਪਰਉਪਕਾਰੀ ਕਾਰਜ ਵੱਲ ਉਰਜਿਤ ਰਹਿੰਦਾ। ਪਰ ਮਨੁੱਖ ਸਭ ਕੁਝ ਹੁੰਦਿਆਂ ਵੀ ਨਾ-ਸ਼ੁਕਰੀ ਵਿਚ ਹੀ ਜੀਵਨ-ਪੈਂਡਾ ਖੋਟਾ ਕਰ ਜਾਂਦਾ।

ਚੰਨ-ਚਾਨਣੀ, ਦੂਧੀਆ ਚਾਨਣ, ਤਪਸ਼ਹੀਣ, ਠੰਢਕ ਪਹੁੰਚਾਂਦਾ ਜੋ ਤੜਫਦੇ ਅਰਮਾਨਾਂ ਲਈ ਰਾਹਤ, ਸੱਧਰਾਂ ਨੂੰ ਪੂਰਨਤਾ ਦਾ ਵਰ ਅਤੇ ਬੇਆਸ ਲਈ ਨਰੋਈ ਆਸ।

ਚੰਨ-ਚਾਨਣੀ 'ਚ ਦਰਿਆ ਦੀ ਰਵਾਨੀ, ਲਹਿਰਾਂ ਦੀ ਤਰੰਗ ਅਤੇ ਚੱਪੂਆਂ ਦੀ ਆਵਾਜ਼ ਨੂੰ ਕੁਦਰਤੀ ਇਕਸੁਰਤਾ ਰਾਹੀਂ ਮਾਣਨਾ, ਤੁਹਾਨੂੰ ਸਮੁੱਚੀ ਕਾਇਨਾਤ ਗਾਉਂਦੀ ਪ੍ਰਤੀਤ ਹੋਵੇਗੀ।

ਚੰਨ-ਚਾਨਣੀ ਵਿਚ ਤਾਰਿਆਂ ਦੀ ਮੱਧਮਤਾ, ਤਾਰਿਆਂ ਦਾ ਵਡੱਪਣ ਤੇ ਹਲੀਮੀ ਕਿਉਂਕਿ ਜਦ ਉਭਰਦੇ ਚਾਨਣ ਨੂੰ ਰਾਹ ਦੇਣ ਲਈ, ਤਾਰੇ ਰਾਹ ਮੋਕਲਾ ਕਰ ਦੇਣ ਤਾਂ ਚਾਨਣ ਹੋਰ ਮੌਲਦੇ ਨੇ। ਟਿਮਟਿਮਾਉਂਦੇ ਤਾਰੇ, ਚੰਨ-ਚਾਨਣੀ ਦੀਆਂ ਫੁਲਝੜੀਆਂ, ਚਾਨਣ-ਛਿੱਟਾਂ ਅਤੇ ਚਾਨਣ-ਫੁਲਕਾਰੀ ਦੀਆਂ ਬੂਟੀਆਂ।

ਚੰਨ-ਚਾਨਣੀ ਵਿਚ ਚੰਨ ਦਾ ਟਿੱਕਾ ਲਾ ਕੇ ਜਦ ਕੋਈ ਆਲੇ-ਦੁਆਲੇ ਵਿਚ ਮਹਿਕਾਂ ਦਾ ਵਣਜ ਕਰਦਾ ਤਾਂ ਹਵਾਵਾਂ ਦੀ ਮਦਹੋਸ਼ੀ ਸਾਹਾਂ ਦਾ ਹਾਸਲ ਬਣਦੀ।

ਚੰਨ-ਚਾਨਣੀ 'ਚ ਨਹਾਤੀ ਰਾਤ ਜਦ ਕੁਦਰਤ ਦੇ ਵਿਹੜੇ ਜਲਵੇ ਬਿਖੇਰਦੀ ਤਾਂ ਬਨਸਪਤੀ ਦੇ ਮੁੱਖ 'ਤੇ ਮੌਲਣ-ਰੁੱਤ ਦੀ ਦਸਤਕ ਹੁੰਦੀ।

ਚੰਨ-ਚਾਨਣੀ, ਗਰਮੀਆਂ ਵਿਚ ਰੱਜ ਕੇ ਮਾਣੀ ਜਾਂਦੀ, ਇਸ ਨੂੰ ਅੰਤਰੀਵ ਵਿਚ ਉਤਾਰਿਆ ਜਾਂਦਾ ਅਤੇ ਇਸ ਦੀ ਮਧੁਰ ਮੁਸਕਣੀ ਨੂੰ ਜੀਵਨ-ਤੰਦਾਂ ਦੇ ਨਾਮ ਲਾਇਆ ਜਾਦਾ। ਪਰ ਜਦ ਸਰਦੀਆਂ ਦੀ ਚੰਨ-ਚਾਨਣੀ, ਗਰੀਬ ਦੀ ਜਵਾਨੀ ਵਾਂਗ ਬਿਨ ਮਾਣਿਆਂ ਹੀ ਲੰਘ ਜਾਂਦੀ ਤਾਂ ਚੰਨ-ਚਾਨਣੀ ਸੋਗੀ ਜਾਂਦੀ।

ਚੰਨ-ਚਾਨਣੀ, ਚਾਨਣ-ਸਾਥ ਦਾ ਨਿੱਘ, ਰੌਸ਼ਨ-ਰਾਹਾਂ ਦੀ ਕਲਾ-ਨਿਕਾਸ਼ੀ, ਸੁਪਨ-ਸੋਚਾਂ ਦਾ ਆਗਮਨ ਅਤੇ ਹੁਲਾਰ ਨੂੰ ਮਾਣਨ ਦਾ ਹੁਲਾਸ।

ਚੰਨ-ਚਾਨਣੀ ਮਾਣਨਾ, ਹਰੇਕ ਦਾ ਨਸੀਬ ਨਹੀਂ। ਕੁਝ ਵਿਰਲੇ ਹੀ ਇਸ ਦੀ ਸੁੰਦਰਤਾ, ਸੂਖਮ-ਸੰਦੇਸ਼, ਸਦੀਵ-ਸੁਹਜ, ਸਗਵੇਂ-ਸਰੂਪ ਅਤੇ ਸੰਪੂਰਨ-ਸਮਰਪਣ ਨੂੰ ਪਛਾਣ, ਚੰਨ ਨੂੰ ਮਨ 'ਚ ਵਸਾ, ਚੰਨ-ਚਾਨਣੀ ਵਰਗਾ ਬਣਨ ਦੀ ਲੋਚਾ ਮਨ 'ਚ ਪਾਲਦੇ।

ਚੰਨ-ਚਾਨਣੀ ਸੂਰਜ, ਧਰਤੀ ਅਤੇ ਚੰਦਰਮਾ ਦੀ ਗ੍ਰਹਿ ਚਾਲ ਵਿਚੋਂ ਉਦੈ ਹੁੰਦੀ। ਆਪਸੀ ਇਕਸੁਰਤਾ, ਮੋਹ ਅਤੇ ਸਬੰਧ ਦਾ ਸਭ ਤੋਂ ਸਾਰਥਕ ਪ੍ਰਮਾਣ। ਨਿਰੰਤਰਤਾ ਦੀ ਹਾਮੀ ਅਤੇ ਖਾਸ ਸਮੇਂ ਤੇ ਸਥਾਨ ਦੀ ਨਿਯਮਤਾ।

ਚੰਨ-ਚਾਨਣੀ, ਚੋਰਾਂ-ਯਾਰਾਂ ਲਈ ਸਰਾਪ। ਕਮੀਨਗੀਆਂ ਅਤੇ ਕਰਤੂਤਾਂ ਨੂੰ ਜੱਗ-ਜਾਹਰ ਹੋਣ ਦਾ ਡਰ। ਇਸ ਲਈ ਉਹ ਹਨੇਰ ਲੋਚਦੇ, ਚੰਨ-ਚਾਨਣੀ ਦਾ ਕੀਰਤਨ-ਸੋਹਲਾ ਪੜ੍ਹਨ ਲਈ ਕਾਹਲੇ। ਪਰ ਚਾਨਣ ਕਦ ਮਰਦੇ ਨੇ!

ਕਰਵਾ ਚੌਥ ਨੂੰ ਛਾਨਣੀ ਵਿਚੋਂ ਝਾਕਦਾ ਚੰਨ, ਸੁਹਾਗਣਾਂ ਲਈ ਸੁਹਾਗ ਦੀ ਖੈਰ। ਚੰਨ ਕੋਲੋਂ ਚਾਨਣ ਦੀ ਖੈਰ, ਵਿਆਹੁਤਾ ਜੀਵਨ ਲਈ ਚਾਨਣ-ਅਸੀਸ ਜੋ ਮੀਆਂ-ਬੀਵੀ ਦੀ ਸਦੀਵੀ ਸੀਰਤ ਅਤੇ ਸੂਰਤ ਦੇ ਸੁਹੱਪਣ ਦਾ ਸਬੱਬ। ਇਸੇ ਲਈ ਤਾਂ ਸੁਹਾਗਣਾਂ ਚੰਨ ਕੋਲੋਂ ਆਪਣੇ ਚੰਨ ਦੀ ਸੁੱਖ ਮੰਗਦੀਆਂ।

ਚੰਨ-ਚਾਨਣੀ 'ਚ ਜਦ ਚੰਨ ਆਪਣੀ ਚਾਨਣੀ ਨੂੰ ਬੁੱਕਲ 'ਚ ਲੈ, ਦੋ ਜਿਸਮ ਇਕ ਜਾਨ ਦਾ ਸੰਕਲਪ ਬਣਦਾ ਤਾਂ ਚੰਨ-ਚਾਨਣੀ ਅਜਿਹੇ ਪਲਾਂ ਦੇ ਬਲਿਹਾਰੇ ਜਾਂਦੀ ਅਤੇ ਉਨ੍ਹਾਂ ਦੇ ਸਾਹ-ਪੈਂਡਿਆਂ ਵਿਚ ਖੁਸ਼ੀਆਂ ਤੇ ਖੇੜਿਆਂ ਦਾ ਚਮਨ ਖਿੜਾਉਂਦੀ।

ਚੰਨ-ਚਾਨਣੀ ਵਿਚ ਜਦ ਦੋ ਪ੍ਰਛਾਵੇਂ ਜੀਵਨੀ ਪੈਂਡਿਆਂ ਨੂੰ ਸਰ ਕਰਦੇ, ਇਕਸੁਰਤਾ, ਇਕਸੀਰਤਾ ਅਤੇ ਇਕਸਾਰਤਾ ਦਾ ਸੁੱਚਾ ਰਾਗ ਬਣਦੇ ਤਾਂ ਚਾਨਣ-ਰਾਗ ਉਚੀ ਸੁਰ ਵਿਚ ਫਿਜ਼ਾ ਨੂੰ ਤਰੰਗਤ ਕਰਦਾ।



**ਚੰਨ-ਚਾਨਣੀ 'ਚ ਬੱਚਿਆਂ ਦਾ ਚੰਦਾ ਮਾਮਾ ਧਰਤੀ 'ਤੇ ਆ, ਧਰਤ ਨੂੰ ਚਾਂਦੀ ਰੰਗ ਦੇ ਬਸਤਰ ਪਹਿਨਾਉਂਦਾ। ਚੰਦਰਮਾ 'ਤੇ ਪਹੁੰਚਣ ਦੀ ਮਨੁੱਖੀ ਰੀਝ ਜਦ ਸੱਚ ਹੋਈ ਤਾਂ ਪਤਾ ਲੱਗਾ ਕਿ ਚੰਨ ਤਾਂ ਨਿਰਾ ਮਾਰੂਥਲ, ਬਿਨ ਪਾਣੀ, ਹਵਾ ਤੇ ਬਨਸਪਤੀ। ਬੇਆਬਾਦ ਉਜਾੜ ਅਤੇ ਸੁੰਨ ਦਾ ਨਾਮ। ਪਰ ਫਿਰ ਵੀ ਸੂਰਜ ਦੀ ਰੌਸ਼ਨੀ ਨੂੰ ਧਰਤ ਦੇ ਨਾਮ ਕਰਦਾ, ਚੰਨ-ਚਾਨਣੀ ਦਾ ਰੂਪ ਧਾਰ ਪਰਉਪਕਾਰੀ ਕਾਰਜ ਵੱਲ ਉਰਜਿਤ ਰਹਿੰਦਾ। ਪਰ ਮਨੁੱਖ ਸਭ ਕੁਝ ਹੁੰਦਿਆਂ ਵੀ ਨਾ-ਸ਼ੁਕਰੀ ਵਿਚ ਹੀ ਜੀਵਨ-ਪੈਂਡਾ ਖੋਟਾ ਕਰ ਜਾਂਦਾ।**

ਚੰਨ-ਚਾਨਣੀ ਇਕ ਹੀ ਹੁੰਦੀ। ਬਹੁਤ ਸਾਰੇ ਹਨੇਰ ਇਸ ਨੂੰ ਨਿਗਲਣ ਲਈ ਤਿਆਰ। ਪਰ ਚੰਨ-ਚਾਨਣੀ ਹਮੇਸ਼ਾ ਸਦੀਵ। ਚਾਨਣ-ਰੰਗ ਨੂੰ ਪੂਰਨ ਸਮਰਪਣ ਨਾਲ ਚੌਗਿਰਦੇ ਦੇ ਨਾਮ ਲਾਉਂਦੀ।

ਮੱਸਿਆ ਦੀ ਰਾਤ ਨੂੰ ਬਹੁਤ ਸਾਰੇ ਟਿਮਟਿਮਾਉਂਦੇ ਤਾਰੇ ਅਤੇ ਟੁੱਟਦੇ ਤਾਰੇ ਰੁਸ਼ਨਾਉਣ ਦੀ ਕੋਸ਼ਿਸ਼ ਕਰਦੇ ਪਰ ਅਸਫਲ। ਚੰਨ-ਚਾਨਣੀ 'ਕੱਲੀ ਹੀ ਰਾਤ ਨੂੰ ਜਗਮਗਾਉਂਦੀ। ਹਨੇਰਿਆਂ ਦੀ ਭੀੜ ਨੂੰ ਚੀਰਨ ਲਈ ਚਾਨਣ ਦੀ ਇਕ ਹੀ ਕਾਤਰ ਕਾਫੀ। ਕਾਤਲਾਂ/ਗੁਨਾਹਗਾਰਾਂ ਦੀ ਭੀੜ ਹੁੰਦੀ। ਬੇਗੁਨਾਹ/ਕਤਲ ਹੋਣ ਵਾਲੇ ਕਦੇ ਭੀੜ ਨਹੀਂ ਹੁੰਦੇ। ਚਾਨਣ 'ਕੱਲਾ ਹੀ ਬਹੁਤ ਹੁੰਦਾ ਹਨੇਰਿਆਂ ਦੀ ਭੀੜ ਨਾਲ ਆਢਾ ਲਾਉਣ ਲਈ।

ਚੰਨ-ਚਾਨਣੀ ਪਲਾਂ ਦੀ ਜਦ ਮਨ ਬਣੇ ਤਸ਼ਬੀਹ, ਤਾਂ ਅੱਟੇ ਰਾਹੀਂ ਫੁੱਲ ਵਰਸਾਉਣ ਦੀ ਬਣਦੀ ਤਰਜੀਹ। ਚੰਨ-ਚਾਨਣੀ ਜਦ ਕਾਲਖਾਂ ਦੇ ਪਿੰਡੇ ਲਿਖੇ ਪੈਗਾਮ। ਤਦ ਕੁਕਰਮਾਂ ਦੀ ਬੀਹੀ ਦੇ ਵਿਚ ਉਤਰੇ ਡੂੰਘੀ ਸ਼ਾਮ। ਚੰਨ-ਚਾਨਣੀ ਦੀ ਦਸਤਕ ਜਦ ਸੋਚ-ਦਰ ਖੜਕਾਵੇ ਤਾਂ ਸਾਹ-ਜਲਧਾਰਾ ਵਿਚ ਸੰਗੀਤ ਘੁੱਲ ਜਾਵੇ। ਚੰਨ-ਚਾਨਣੀ ਵਿਚ ਜਦ ਕੋਈ ਫੁੱਲ ਮਲ-ਮਲ ਨਹਾਵੇ, ਤਾਂ ਚਮਨ ਦਾ ਹਰ ਬਿਰਖ ਸੁਗੰਧ ਦੀ ਉਮਰ ਹੰਢਾਵੇ। ਚੰਨ-ਚਾਨਣੀ ਲੇਖੀਂ ਚਾਨਣ-ਜਾਗ ਜਦ ਲਾਉਂਦੀ, ਤਾਂ ਕਰਮ-ਸਾਧਨਾ, ਕਰਮ-ਧਰਮ ਬਣ ਜਾਂਦੀ।

ਚੰਨ-ਚਾਨਣੀ ਜਦ ਕਲਮ ਦਾ ਰੂਪ ਵਟਾਵੇ ਤਾਂ ਹਰ ਅੱਖਰ ਦੇ ਵਿਹੜੇ 'ਚ ਚੰਨ ਉਤਰ ਆਵੇ। ਚੰਨ-ਚਾਨਣੀ ਜਦ ਸਾਹੀਂ ਰਮ ਕੇ ਅੰਦਰ ਚਾਨਣ ਕਰਦੀ ਤਾਂ ਜਿੰਦ ਚੰਨ-ਪਤਵਾਰ ਨਾਲ ਭਵ-ਸਾਗਰ ਤਰਦੀ।

ਚੰਨ-ਚਾਨਣੀ ਖੁਦ ਵਿਚੋਂ ਚਾਨਣ-ਰਾਹਾਂ ਦੀ ਨਿਸ਼ਾਨਦੇਹੀ, ਖੁਦ ਵਿਚੋਂ ਉਦੈ ਹੁੰਦੇ ਚੰਨ ਦਾ ਦੀਦਾਰ ਅਤੇ ਖੁਦ ਵਿਚੋਂ ਖੁਦਾਈ-ਮਾਰਗ ਦੀ ਅਰਘ-ਅਰਾਧਨਾ।

ਚੰਨ-ਚਾਨਣੀ, ਰੌਸਨ-ਮਾਰਗ ਦੀ ਦੱਸ, ਰਾਹਾਂ ਦੀਆਂ ਦੁਸ਼ਵਾਰੀਆਂ ਦੀ ਹਾਥ ਅਤੇ ਰਾਹਾਂ ਨੂੰ ਨੈਣ-ਨਜ਼ਰਾਨੇ।

ਚੰਨ-ਚਾਨਣੀ, ਚੰਦ 'ਚੋਂ ਚੰਨ ਦਾ ਦੀਦਾਰ, ਚਾਨਣ-ਰਾਹਾਂ ਨਾਲ ਪਿਆਰ, ਚਾਨਣ-ਸੰਸਾਰ ਦਾ ਵਿਸਥਾਰ ਅਤੇ ਹਨੇਰਿਆਂ ਦਾ ਉਤਰਦਾ ਉਛਾੜ।

ਚੰਨ-ਚਾਨਣੀ, ਚਮਕਦੇ ਮੀਲ ਪੱਥਰ, ਆਲ੍ਹਣਿਆਂ ਵਿਚ ਚਹਿਕਦੇ ਪਰਿੰਦਿਆਂ ਦੇ ਬੋਲ, ਪੱਤਿਆਂ ਦਾ ਰੁਮਕਣ-ਸਾਜ਼ ਅਤੇ ਪੋਲੇ ਪੋਲੇ ਪੱਬ ਧਰਦੀ ਕੋਮਲ ਆਵਾਜ਼ ਜਿਸ ਦਾ ਪ੍ਰਭਾਵੀ ਅੰਦਾਜ਼ ਬਣਦਾ ਜੀਵਨ-ਧਰਾਤਲ ਦਾ ਰਾਜ਼।

ਚਾਨਣੀ-ਰਾਤ ਸਿਰਫ ਉਨ੍ਹਾਂ ਲੋਕਾਂ ਦਾ ਨਸੀਬ ਜਿਨ੍ਹਾਂ ਦੇ ਹਿੱਸੇ ਰਾਤ ਆਉਂਦੀ। ਦਿਨ ਵੇਲੇ ਕਿਸ ਨੂੰ ਨਜ਼ਰ ਆਵੇਗਾ ਚੰਨ ਤੇ ਚਾਨਣੀ?

ਹਰ ਚੰਨ-ਚਾਨਣੀ ਰਾਤ ਇਕਸਾਰ ਨਹੀਂ। ਅਗਰ ਹਰ ਚਾਨਣੀ ਰਾਤ ਨੂੰ ਨਵੇਂ ਖਿਆਲਾਂ, ਨਵੀਆਂ ਸੁਪਨ-ਉਡਾਰੀਆਂ, ਨਵੇਂ ਦਿਸਹੱਦਿਆਂ ਅਤੇ ਨਵੇਂ ਪੂਰਨਿਆਂ ਦੀ ਪ੍ਰਾਪਤੀ ਦੇ ਨਾਮ ਲਾ ਸਕੀਏ ਤਾਂ ਚੰਨ-ਚਾਨਣੀ ਦਾ ਧਰਮ ਨਿਭਦਾ।

ਚੰਨ-ਚਾਨਣੀ ਵਿਚ ਅਗਰ ਖਾਮੋਸ਼ੀ ਅਤੇ ਠਹਿਰੇ ਹੋਏ ਖਿਆਲਾਂ ਦਾ ਸਾਥ ਮਿਲ ਜਾਵੇ ਤਾਂ ਇਸ ਦੀ ਕੁੱਖ ਵਿਚ ਸੂਰਜ ਜਨਮ ਲੈਂਦੇ, ਇਸ ਦੀ ਜੂਹ ਵਿਚ ਕਲੀਆਂ ਮਹਿਕਦੀਆਂ ਅਤੇ ਕੁਦਰਤੀ ਨਿਆਮਤਾਂ ਅਹੁਲਦੀਆਂ।

ਚੰਨ ਦਾਗਦਾਰ ਹੋ ਕੇ ਵੀ ਚਾਨਣੀ ਵੰਡਦਾ, ਧਰਤ ਨੂੰ ਨੂਰੋ-ਨੂਰ ਕਰਦਾ ਏ। ਕੋਝੇਪਣ ਨੂੰ ਆਪਣੇ ਕੋਲ ਰੱਖ, ਸੁਹਜ ਵੰਡਣ ਦਾ ਗੁਰ, ਚੰਨ ਦਾ ਹਾਸਲ। ਕਿੰਜ ਰੀਸ ਕਰੇਗਾ ਮਨੁੱਖ?

ਚੰਨ ਦੇਖਣ ਦੇ ਬਹਾਨੇ ਕੋਠੇ 'ਤੇ ਚੜ੍ਹਨਾ ਇਕ ਪੁੰਨ ਕਿਉਂਕਿ ਚਾਨਣੀ ਰਾਤ ਵਿਚ ਚੰਨ ਅਤੇ ਚੰਦ ਇਕੋ ਸਮੇਂ ਦੂਰੋਂ ਹੀ ਨਜ਼ਰ ਆਉਂਦੇ।

ਚੰਨ-ਚਾਨਣੀ ਰਾਤ, ਪੁਰਾਣੀ ਪੀੜ੍ਹੀ ਦੇ ਚੇਤਿਆਂ ਵਿਚ ਵੱਸਦੀ। ਬਿਜਲੀ-ਵਿਹੂਣੇ ਪਿੰਡਾਂ-ਸ਼ਹਿਰਾਂ ਵਿਚ ਚਾਨਣੀਆਂ ਰਾਤਾਂ ਵਿਚ ਦੇਰ ਰਾਤ ਤੀਕ ਖੇਡਦੇ ਰਹਿਣਾ, ਪਿੰਡ ਦੀਆਂ ਸੱਥਾਂ ਵਿਚ ਮਜਲਿਸਾਂ ਸੱਜਦੀਆਂ ਅਤੇ ਚਾਨਣ-ਤੋਰ ਵਿਚੋਂ ਹੀ ਸਮੇਂ ਨੂੰ ਕਿਆਸ, ਗਈ ਰਾਤ ਅਤੇ ਸਵੇਰ ਹੋਣ ਵਿਚ ਦੇਰੀ ਦਾ ਅੰਦਾਜ਼ਾ ਲਾਇਆ ਜਾਂਦਾ ਸੀ।

ਚੰਨ ਚਾਨਣੀ ਉਦਾਸੀ ਦਾ ਲਿਬਾਸ ਪਾਉਂਦੀ ਜਦ ਤੇਜ ਰੌਸ਼ਨੀਆਂ ਚਾਨਣੀ ਨੂੰ ਧੁੰਦਲਾ ਕਰਦੀਆਂ, ਰੌਸ਼ਨੀ ਦਾ ਪ੍ਰਦੂਸ਼ਣ ਚਾਨਣੀ ਦੀ ਨਿੰਮੀ-ਨਿੰਮੀ ਲੋਅ ਨੂੰ ਦੁਰਕਾਰਦਾ ਅਤੇ ਆਧੁਨਿਕ ਮਨੁੱਖ ਵਿਚ ਚਾਨਣੀ ਨੂੰ ਮਾਣਨ ਦਾ ਸੁਹਜ-ਸਵਾਦ, ਗੁੰਮਸ਼ੁਦਗੀ ਦੀ ਜੂਨ ਹੰਢਾਉਂਦਾ।

ਚੰਨ-ਚਾਨਣੀ ਵਰਗੇ ਕੁਝ ਲੋਕ ਜਦ ਜ਼ਿੰਦਗੀ ਵਿਚ ਆਉਂਦੇ ਤਾਂ ਜੀਵਨ-ਰਾਹਾਂ ਚਾਨਣ 'ਚ ਧੋਤੀਆਂ ਜਾਂਦੀਆਂ, ਜੰਗਾਲੇ ਸੁਪਨਿਆਂ ਨੂੰ ਨਰੋਈ ਦਿੱਖ ਮਿਲਦੀ ਅਤੇ ਰੁਕੇ ਹੋਏ ਕਦਮਾਂ ਨੂੰ ਤੁਰਨ ਦਾ ਸਾਹਸ ਤੇ ਪ੍ਰੇਰਨਾ ਮਿਲਦੇ।

ਚੰਨ ਚਾਨਣੀ ਵਿਚ ਰਾਤ ਖਾਮੋਸ਼, ਹਵਾ ਠਹਿਰੀ, ਤਾਰਿਆਂ ਦਾ ਭਰਮਣ ਅਤੇ ਸਮੁੰਦਰੀ ਲਹਿਰਾਂ ਦੀ ਖਾਮੋਸ਼ੀ। ਪ੍ਰਭਾਤ ਦੇ ਰਾਹਾਂ ਵਿਚ ਅੱਖਾਂ ਵਿਛਾਈ ਪਲ ਪਲ ਲੰਘ ਰਹੀ ਰਾਤ।

ਚੰਨ-ਚਾਨਣੀ ਦੇ ਚਾਨਣ-ਰਾਗ ਵਿਚ, ਸਾਹੀਂ ਸੰਗੀਤ, ਜੀਵ-ਸੰਸਾਰ ਮਸਤ, ਸਰੂਰੀ ਪਲਾਂ ਵਿਚ ਅਲਸਾਈ ਕੁਦਰਤ, ਖੁਦ ਨੂੰ ਵਿਸਥਾਰਨ ਦੇ ਰਾਹ ਤੁਰੀ ਬਨਸਪਤੀ ਅਤੇ ਹੌਲੀ ਹੌਲੀ ਚਾਨਣ-ਰਾਹ ਦਾ ਸਫਰ ਮੁਕਾ ਰਿਹਾ ਚੰਦਰਮਾ।

ਚੰਨ ਚਾਨਣੀ ਰਾਤ ਵਿਚ ਚੰਨ 'ਤੇ ਥੁੱਕਣ ਵਾਲੇ ਲੋਕ ਭੁੱਲ ਜਾਂਦੇ ਨੇ ਦਾਗਦਾਰ ਚੰਨ ਹੀ ਚਾਨਣ ਦਾ ਵਣਜਾਰਾ। ਮਨੁੱਖ ਤਾਂ ਚਾਨਣ ਦੇ ਦੰਭ ਵਿਚ ਕਪਟ ਦਾ ਵਪਾਰੀ।

ਚਾਨਣੀ ਰਾਤ ਵਿਚ ਕੋਠੇ 'ਤੇ ਦਾਦੀ ਦੀਆਂ ਬਾਤਾਂ, ਹੁੰਮਸੀ ਰਾਤ ਵਿਚ ਹਵਾ ਦੇ ਆਉਂਦੇ ਬੁੱਲ੍ਹੇ ਅਤੇ ਚੰਦ ਉਪਰ ਦਾਦੀ ਮਾਂ ਦੇ ਚਰਖੇ ਦੀਆਂ ਯਾਦਾਂ ਜਦ ਮਨ-ਦਰ 'ਤੇ ਦਸਤਕ ਦਿੰਦੀਆਂ ਤਾਂ ਬੀਤਿਆ ਸਮਾਂ ਯਾਦਗਾਰੀ ਸ਼ਿਦਤ ਬਣ ਜਾਂਦਾ।

ਚੰਨ-ਚਾਨਣੀ ਰਾਤ ਹੋਵੇ, ਪ੍ਰਛਾਵੇਂ ਵਰਗਾ ਸਾਥ ਹੋਵੇ, ਮਨ 'ਚ ਉਗੀ ਪ੍ਰਭਾਤ ਹੋਵੇ ਤਾਂ ਪੱਲੇ ਪੈਂਦੀ ਚਾਨਣ-ਚੋਗ। ਚੰਨ-ਚਾਨਣਾ ਮੁੱਖ ਹੋਵੇ, ਚਿਹਰੇ 'ਤੇ ਨੂਰੀ ਚੁੱਪ ਹੋਵੇ, ਮਨ 'ਚ ਉਤਰੀ ਧੁੱਪ ਹੋਵੇ ਤਾਂ ਮਿਲਦਾ ਸਾਥ ਦਾ ਜੋਗ। ਚੰਨ-ਚਾਨਣੀ ਲੋਅ ਹੋਵੇ, ਦਿਲ 'ਚ ਸੱਜਣ ਦਾ ਮੋਹ ਹੋਵੇ, ਚਾਅਵਾਂ ਨੂੰ ਮਿਲਦੀ ਢੋਅ ਹੋਵੇ ਤਾਂ ਅਸਾਧੀ ਆਸ ਵੀ ਹੋਵੇ ਅਰੋਗ। ਚੰਨ-ਚਾਨਣ ਦੀ ਜਾਗ ਹੋਵੇ, ਅਰਥ-ਆਲੇ ਧਰਿਆ ਚਿਰਾਗ ਹੋਵੇ, ਸੋਚਾਂ 'ਚ ਜੀਵਨ-ਨਾਦ ਹੋਵੇ ਤਾਂ ਬੋਲੀਂ ਉਗਦਾ ਸ਼ਬਦ-ਸੰਜੋਗ।

ਚੰਨ-ਚਾਨਣੀ, ਹਨੇਰਿਆਂ ਨੂੰ ਬੇਦਾਵਾ ਤੇ ਰੌਸ਼ਨੀ ਨੂੰ ਬੁਲਾਵਾ। ਕਾਲੇ ਦੌਰ ਦਾ ਖਾਤਮਾ ਤੇ ਚਾਨਣ-ਯੁੱਗ ਦਾ ਆਗਾਜ਼। ਅਕਾਰਾਂ ਦੇ ਧੁੰਦਲੇਪਣ ਤੋਂ ਪ੍ਰਛਾਵਿਆਂ ਦੀ ਸਪਸ਼ਟਤਾ ਤੀਕ ਦਾ ਸਫਰ। ਮਸਤਕ 'ਤੇ ਉਕਰੀ ਕਾਲਖ ਤੋਂ ਸੋਚ-ਸੂਰਜ ਦਾ ਜਲੌਅ।

ਚਾਨਣੀ ਰਾਤ ਵਿਚ ਜਿਨ੍ਹਾਂ ਦੇ ਸੁਪਨੇ ਜਾਗਦੇ, ਨੈਣਾਂ ਵਿਚ ਤੈਰਦੇ ਹੰਝੂਆਂ ਦੀ ਇਬਾਰਤ ਪੜ੍ਹਦੇ, ਕਰਮ ਵਿਚ ਧਰਮ ਧੜਕਦਾ, ਬੋਲਾਂ ਵਿਚ ਹਮਦਰਦੀ, ਪਿਆਰ ਤੇ ਦੁਲਾਰ ਦੀ ਭਾਸ਼ਾ ਪਨਪਦੀ, ਉਹ ਹੀ ਚਾਨਣੀ ਰਾਤ ਦੇ ਦਰਦ ਨੂੰ ਹਾਸਿਆਂ ਦੇ ਸ਼ਗੂਫੇ ਵਿਚ ਬਦਲਦੇ।

# ਪੰਜਾਬੀ ਦਾ ਵਿਲੱਖਣ ਫਿਲਮਸਾਜ਼ ਗੁਰਵਿੰਦਰ ਸਿੰਘ

ਸੁਖਵੰਤ ਹੁੰਦਲ

ਗੁਰਵਿੰਦਰ ਸਿੰਘ ਪੰਜਾਬੀ ਦਾ ਵਿਲੱਖਣ ਫਿਲਮਸਾਜ਼ ਹੈ। ਉਸ ਦੀ ਵਿਲੱਖਣਤਾ ਦਾ ਕਾਰਨ ਉਸ ਦੀ ਫਿਲਮਸਾਜ਼ੀ ਦੀ ਵੱਖਰੀ ਸ਼ੈਲੀ ਅਤੇ ਵਿਸ਼ਿਆਂ ਦੀ ਵੱਖਰੀ ਚੋਣ ਹੈ। ਉਸ ਦਾ ਕਹਿਣਾ ਹੈ, "ਸਿਨੇਮਾ ਮੇਰੇ ਲਈ ਜ਼ਿੰਦਗੀ ਤੇ ਘਟਨਾਵਾਂ, ਸਮੇਂ ਤੇ ਥਾਂ, ਪ੍ਰਤੱਖ ਤੇ ਅਪ੍ਰਤੱਖ, ਕਹੀ ਤੇ ਅਣਕਹੀ ਬਾਰੇ ਘੋਖ ਕਰਨ ਦਾ ਦਾਰਸ਼ਨਿਕ ਮਾਧਿਅਮ ਹੈ। ਕੋਈ ਵੀ ਮਹੱਤਵਪੂਰਨ ਜਾਂ ਮਾਮੂਲੀ ਘਟਨਾ ਇਸ ਘੋਖ ਦਾ ਵਿਸ਼ਾ ਬਣ ਸਕਦੀ ਹੈ। ਵਪਾਰਕ ਤੌਰ ਉਤੇ 'ਕਾਮਯਾਬ' ਹੋਣ ਜਾਂ ਕਿਸੇ ਸਮੇਂ ਦੇ ਪ੍ਰਚਲਿਤ ਵਿਚਾਰਾਂ ਜਾਂ ਭਾਵਨਾਵਾਂ ਦਾ ਫਾਇਦਾ ਉਠਾਉਣ ਦੀ ਖਾਹਿਸ਼ ਮੈਨੂੰ ਸੇਧ ਨਹੀਂ ਦਿੰਦੀ। ਫਿਰ ਵੀ ਮੈਂ ਉਮੀਦ ਕਰਦਾ ਹਾਂ ਕਿ ਮੇਰੀ ਫਿਲਮ ਨੂੰ ਵੱਧ ਤੋਂ ਵੱਧ ਲੋਕਾਂ ਵਲੋਂ ਦੇਖਿਆ ਜਾਵੇ।"

ਕੌਮਾਂਤਰੀ ਫਿਲਮ ਜਗਤ ਅਤੇ ਪੰਜਾਬੀਆਂ ਦੇ ਇਕ ਖਾਸ ਦਾਇਰੇ ਵਿਚ ਬੇਸ਼ਕ, ਉਸ ਦੇ ਨਾਂ ਦੀ ਚਰਚਾ ਉਸ ਦੀ 2011 'ਚ ਬਣੀ ਪਹਿਲੀ ਫੀਚਰ ਫਿਲਮ 'ਅੰਨ੍ਹੇ ਘੋੜੇ ਦੇ ਦਾਨ' ਦੇ ਨਾਲ ਹੀ ਸ਼ੁਰੂ ਹੋ ਗਈ ਸੀ, ਪਰ ਪੰਜਾਬੀ ਫਿਲਮਾਂ ਦਾ ਆਮ ਦਰਸ਼ਕ ਉਸ ਬਾਰੇ ਬਹੁਤ ਘੱਟ ਜਾਣਦਾ ਹੈ। ਇਸ ਲਈ ਉਸ ਦੀ ਜ਼ਿੰਦਗੀ ਅਤੇ ਕੰਮ ਬਾਰੇ ਇਹ ਸੰਖੇਪ ਜਾਣਕਾਰੀ ਹਾਜ਼ਰ ਹੈ।

ਗੁਰਵਿੰਦਰ ਦਾ ਜਨਮ ਦਿੱਲੀ ਦੇ ਰਾਜੌਰੀ ਗਾਰਡਨ ਇਲਾਕੇ ਵਿਚ ਸੰਨ 1973 ਵਿਚ ਹੋਇਆ। ਇਹ ਇਲਾਕਾ ਵੰਡ ਸਮੇਂ ਪਾਕਿਸਤਾਨ ਤੋਂ ਉਜੜ ਕੇ ਆਏ ਪੰਜਾਬੀਆਂ ਦਾ ਗੜ੍ਹ ਸੀ। ਉਸ ਦਾ ਬਚਪਨ ਅਤੇ ਜਵਾਨੀ ਦਿੱਲੀ ਵਿਚ ਲੰਘੇ। ਉਸ ਦੇ ਪਿਤਾ ਇਸ਼ਤਿਹਾਰਾਂ ਦੀਆਂ ਕੰਪਨੀਆਂ ਲਈ ਆਰਟ ਡਿਜ਼ਾਇਨਰ ਦਾ ਕੰਮ ਕਰਦੇ ਸਨ। ਇਸ ਕਰ ਕੇ ਘਰ ਵਿਚ ਆਰਟ ਬਾਰੇ ਕਿਤਾਬਾਂ, ਕੈਟਾਲੌਗ ਅਤੇ ਗਿਆਨਕੋਸ਼ ਪਏ ਰਹਿੰਦੇ ਸਨ। ਇਨ੍ਹਾਂ ਨੂੰ ਦੇਖਦਿਆਂ ਉਹ ਫੋਟੋਗ੍ਰਾਫਰ ਬਣਨ ਵਿਚ ਰੁਚਿਤ ਹੋ ਗਿਆ। ਦਿੱਲੀ ਯੂਨੀਵਰਸਟੀ ਵਿਚ ਪੜ੍ਹਦਿਆਂ ਉਹ ਐਡਵਰਟਾਈਜ਼ਿੰਗ ਦੇ ਖੇਤਰ ਵਿਚ ਗ੍ਰਾਫਿਕ ਆਰਟਿਸਟ ਦੇ ਤੌਰ 'ਤੇ ਕੰਮ ਕਰਨ ਲੱਗਾ। ਫਿਰ ਉਹ ਪੂਣੇ ਯੂਨੀਵਰਸਿਟੀ ਵਿਚ ਮਾਸ ਕਮਿਊਨੀਕੇਸ਼ਨ ਦਾ ਕੋਰਸ ਕਰਨ ਚਲਾ ਗਿਆ। ਪੂਣੇ ਰਹਿੰਦਿਆਂ ਉਹ ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਵਿਚ ਆਉਣ-ਜਾਣ ਲੱਗਾ ਅਤੇ ਉਸ ਤੋਂ ਬਾਅਦ ਉਸ ਨੇ ਇਸ ਇੰਸਟਿਚਿਊਟ ਤੋਂ ਫਿਲਮ ਨਿਰਦੇਸ਼ਕ ਦਾ ਪੋਸਟ-ਗਰੈਜੂਏਟ ਦਾ ਕੋਰਸ ਕੀਤਾ।

ਪੰਜਾਬ ਦੇ ਸਬੰਧ ਵਿਚ ਉਸ ਨੇ ਸਭ ਤੋਂ ਪਹਿਲੀ ਦਸਤਾਵੇਜ਼ੀ ਫਿਲਮ ਪਾਲਾ ਨਾਂ ਦੇ ਢਾਡੀ ਬਾਰੇ 'ਪਾਲਾ' ਬਣਾਈ। ਫਿਲਮ ਐਂਡ ਟੈਲੀਵਿਜ਼ਨ ਇੰਸਟਿਚਿਊਟ ਪੂਣੇ ਤੋਂ ਆਪਣੀ ਪੜ੍ਹਾਈ ਖਤਮ ਕਰਨ ਬਾਅਦ ਉਹ ਚਾਰ ਸਾਲ ਤੱਕ ਪੰਜਾਬ ਵਿਚ ਕਿੱਸਾ ਗਾਉਣ ਵਾਲਿਆਂ ਨਾਲ ਘੁੰਮਦਾ ਫਿਰਦਾ ਰਿਹਾ ਤਾਂ ਕਿ ਉਹ ਉਨ੍ਹਾਂ ਦੇ ਕੰਮ ਨੂੰ ਸੰਭਾਲ ਸਕੇ। ਇਹ ਦਸਤਾਵੇਜ਼ੀ ਇਸ ਸਮੇਂ ਦੌਰਾਨ ਇਕੱਤਰ ਕੀਤੀ ਸਮੱਗਰੀ ਦੇ ਆਧਾਰ 'ਤੇ ਬਣੀ। ਇਨ੍ਹਾਂ ਚਾਰ ਸਾਲਾਂ ਦੌਰਾਨ ਪੰਜਾਬ ਦੀਆਂ ਫੇਰੀਆਂ ਨੇ ਉਸ ਨੂੰ ਪੰਜਾਬ ਨਾਲ ਜੋੜਨ ਦਾ ਕੰਮ ਕੀਤਾ। ਦਿੱਲੀ ਵਿਚ ਜੰਮਿਆ ਪਲਿਆ ਹੋਣ ਕਰ ਕੇ ਉਹ ਇਸ ਤੋਂ ਪਹਿਲਾਂ ਪੰਜਾਬ 'ਚ ਇਸ ਤਰ੍ਹਾਂ ਘੁੰਮਿਆ ਫਿਰਿਆ ਨਹੀਂ ਸੀ, ਨਾ ਹੀ ਉਸ ਨੂੰ ਪੰਜਾਬੀ ਪੜ੍ਹਨੀ ਆਉਂਦੀ ਸੀ।

ਫਿਲਮ ਐਂਡ ਟੈਲੀਵਿਜ਼ਨ ਇੰਸਟਿਚਿਊਟ


ਫਿਲਮਸਾਜ਼ ਗੁਰਵਿੰਦਰ ਸਿੰਘ

ਪੂਣੇ ਵਿਚ ਪੜ੍ਹਦੇ ਸਮੇਂ ਗੁਰਵਿੰਦਰ ਪਹਿਲਾਂ ਹਿੰਦੀ ਵਿਚ ਫਿਲਮ ਬਣਾਉਣ ਬਾਰੇ ਸੋਚਦਾ ਸੀ। ਫਿਰ ਉਥੋਂ ਦੀ ਲਾਇਬਰੇਰੀ ਵਿਚੋਂ ਉਸ ਨੂੰ ਨਾਵਲਕਾਰ ਗੁਰਦਿਆਲ ਸਿੰਘ ਦਾ ਨਾਵਲ 'ਅੰਨ੍ਹੇ ਘੋੜ੍ਹੇ ਦਾ ਦਾਨ' ਹਿੰਦੀ ਵਿਚ ਅਨੁਵਾਦ ਹੋਇਆ ਮਿਲਿਆ। ਉਸ ਨੇ ਗੁਰਦਿਆਲ ਸਿੰਘ ਦੇ 5-6 ਨਾਵਲ ਪੜ੍ਹੇ। ਉਹ ਨਾਵਲ ਪੜ੍ਹ ਕੇ ਉਸ ਨੂੰ ਪੰਜਾਬ ਨੂੰ ਦੇਖਣ ਲਈ ਇਕ ਨਵੀਂ ਖਿੜਕੀ ਮਿਲ ਗਈ। 'ਕਾਰਵਾਂ' ਮੈਗਜ਼ੀਨ ਦੀ ਪੱਤਰਕਾਰ ਤ੍ਰਿਸ਼ਾ ਗੁਪਤਾ ਨਾਲ ਇੰਟਰਵਿਊ ਦੌਰਾਨ ਗੁਰਵਿੰਦਰ ਸਿੰਘ ਆਪਣੇ ਇਸ ਤਜਰਬੇ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ, "ਮੈਂ ਪੰਜਾਬ ਦਾ ਇਹ ਪਾਸਾ ਨਹੀਂ ਦੇਖਿਆ ਸੀ। ਇਸ ਤਰ੍ਹਾਂ ਦੇ ਪਾਤਰ, ਇਸ ਤਰ੍ਹਾਂ ਦੇ ਮਸਲੇ, ਇਸ ਤਰ੍ਹਾਂ ਦਾ ਪੇਂਡੂ ਪੰਜਾਬ। ਉਸ (ਗੁਰਦਿਆਲ ਸਿੰਘ) ਦਾ ਵਰਨਣ ਬਿਲਕੁਲ ਚੈਖੋਵ ਵਾਂਗ ਸੀ: ਵਾਤਾਵਰਨ, ਮੂਡ, ਲੈਂਡਸਕੇਪ - ਬਹੁਤ ਹੀ ਭਾਵਨਾਵਾਂ ਭਰਪੂਰ। 'ਅੰਨ੍ਹੇ ਘੋੜੇ ਦਾ ਦਾਨ' ਮੇਰੇ ਦਿਮਾਗ ਵਿਚ ਘਰ ਕਰ ਗਿਆ। ਮੈਂ ਸੋਚਿਆ ਕਿ ਜੇ ਕੋਈ ਕਿਤਾਬ ਹੈ ਜਿਸ ਬਾਰੇ ਮੈਂ ਫਿਲਮ ਬਣਾਉਣੀ ਚਾਹੁੰਦਾ ਹਾਂ, ਤਾਂ ਉਹ ਹੈ ਇਹ ਕਿਤਾਬ; ਤੇ ਉਦੋਂ ਤੱਕ ਮੈਂ ਕਦੇ ਪੰਜਾਬ ਨਹੀਂ ਗਿਆ ਸੀ।"

ਜਦੋਂ ਉਹ ਢਾਡੀਆਂ ਬਾਰੇ ਦਸਤਾਵੇਜ਼ੀ ਬਣਾਉਣ ਲਈ ਚਾਰ ਸਾਲ ਪੰਜਾਬ ਵਿਚ ਘੁੰਮਿਆ ਤਾਂ ਉਸ ਨੂੰ ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਬਿਆਨੇ ਪੰਜਾਬ ਦੇ ਦਰਸ਼ਨ ਹੋਏ। ਉਸ ਦਾ ਪੰਜਾਬ ਵਿਚਲੀ ਜਾਤਪਾਤ ਨਾਲ ਸਾਹਮਣਾ ਹੋਇਆ। ਇਸ ਸਮੇਂ ਦੌਰਾਨ ਉਹ ਜੋ ਕਿੱਸਾ ਗਾਉਣ ਵਾਲਿਆਂ ਨੂੰ ਮਿਲਿਆ, ਉਹ ਸਾਰੇ ਅਖੌਤੀ ਛੋਟੀਆਂ ਜਾਤਾਂ- ਬਾਲਮੀਕੀ, ਮਜ਼ਹਬੀਆਂ ਨਾਲ ਸਬੰਧਤ ਸਨ। ਪਿੰਡਾਂ 'ਚ ਉਸ ਨੇ ਜੱਟਾਂ ਤੇ ਅਖੌਤੀ ਛੋਟੀਆਂ ਜਾਤਾਂ ਦੇ ਵੱਖ ਵੱਖ ਗੁਰਦਵਾਰੇ ਦੇਖੇ। ਨਾਵਲ 'ਅੰਨ੍ਹੇ ਘੋੜੇ ਦੇ ਦਾਨ' ਦੀ ਯਾਦ ਫਿਰ ਤਾਜ਼ਾ ਹੋ ਗਈ, ਕਿਉਂਕਿ ਇਹ ਨਾਵਲ ਪੰਜਾਬ ਵਿਚਲੇ ਦਲਿਤਾਂ ਦੇ ਜੀਵਨ 'ਤੇ ਆਧਾਰਤ ਹੈ। ਉਸ ਨੇ ਇਸ 'ਤੇ ਫਿਲਮ ਬਣਾਉਣ ਦਾ ਫੈਸਲਾ ਕਰ ਲਿਆ।

'ਅੰਨ੍ਹੇ ਘੋੜੇ ਦਾ ਦਾਨ' ਫਿਲਮ 2011 ਵਿਚ ਰਿਲੀਜ਼ ਹੋਈ। ਇਹ ਫਿਲਮ ਪੰਜਾਬੀ ਦੀਆਂ ਉਨ੍ਹਾਂ ਇਕ ਦੋ ਫਿਲਮਾਂ ਵਿਚੋਂ ਹੈ ਜਿਨ੍ਹਾਂ ਵਿਚ ਪੰਜਾਬ ਦੇ ਦਲਿਤਾਂ ਦੀ ਜ਼ਿੰਦਗੀ ਨੂੰ ਕੇਂਦਰ 'ਚ ਰੱਖਿਆ ਗਿਆ ਹੈ। ਇਸ ਤੋਂ ਪਹਿਲਾਂ ਬਣੀਆਂ ਪੰਜਾਬੀ ਫਿਲਮਾਂ ਵਿਚੋਂ ਸ਼ਾਇਦ 1989 ਵਿਚ ਬਣੀ 'ਮੜ੍ਹੀ ਦਾ ਦੀਵਾ' ਹੀ ਅਜਿਹੀ ਫਿਲਮ ਹੈ ਜਿਸ ਦੀ ਕਹਾਣੀ ਪੰਜਾਬ ਦੇ ਦਲਿਤਾਂ 'ਤੇ ਕੇਂਦਰਿਤ ਹੈ। 'ਅੰਨ੍ਹੇ ਘੋੜੇ ਦਾ ਦਾਨ' ਫਿਲਮ ਵਿਚ 1960ਵਿਆਂ ਦੇ ਪੰਜਾਬ ਵਿਚ ਵਿਕਾਸ ਮਾਡਲ ਅਧੀਨ ਹਾਸ਼ੀਏ 'ਤੇ ਧੱਕੇ ਜਾ ਰਹੇ ਦਲਿਤਾਂ ਦੀ ਦਾਸਤਾਨ ਦਰਸਾਈ ਗਈ ਹੈ। ਫਿਲਮ ਵਿਚ ਦਿਖਾਇਆ ਗਿਆ ਹੈ ਕਿ ਇਸ ਸਮੇਂ ਪੰਜਾਬ ਦੇ ਦਲਿਤ ਨੂੰ ਨਾ ਤਾਂ ਪਿੰਡ ਵਿਚ ਚੰਗੀ ਜ਼ਿੰਦਗੀ ਨਸੀਬ ਹੁੰਦੀ ਹੈ ਤੇ ਨਾ ਹੀ ਨਵੇਂ ਵਿਕਸਤ ਹੋ ਰਹੇ ਸ਼ਹਿਰਾਂ ਵਿਚ। ਇਹ ਫਿਲਮ ਵੈਨਿਸ ਦੇ ਕੌਮਾਂਤਰੀ ਫਿਲਮ ਮੇਲੇ 'ਚ ਦਿਖਾਈ ਗਈ। ਭਾਰਤ ਵਿਚ ਇਸ ਫਿਲਮ ਨੇ ਬੈਸਟ ਡਾਇਰੈਕਟਰ ਦਾ ਅਵਾਰਡ ਜਿੱਤਿਆ। ਕੌਮਾਂਤਰੀ ਪੱਧਰ 'ਤੇ ਇਸ ਨੂੰ ਹੋਰ ਵੀ ਕਈ ਫਿਲਮ ਮੇਲਿਆਂ ਵਿਚ ਦਿਖਾਇਆ ਗਿਆ। ਫਿਲਮ ਦੀ ਇਕ ਵੱਡੀ ਸਮੱਸਿਆ ਸੀ ਕਿ ਕਹਾਣੀ ਟੁੱਟਵੇਂ ਢੰਗ ਨਾਲ ਪੇਸ਼ ਕੀਤੀ ਗਈ ਸੀ ਅਤੇ ਫਿਲਮ ਦੇ ਕਈ ਪਾਤਰਾਂ ਬਾਰੇ ਪੂਰੀ ਜਾਣਕਾਰੀ ਨਹੀਂ ਦਿੱਤੀ ਗਈ ਸੀ। ਨਤੀਜੇ ਵਜੋਂ ਇਸ ਫਿਲਮ ਨੂੰ ਸਮਝਣਾ ਬਹੁਤ ਮੁਸ਼ਕਿਲ ਸੀ। ਬਹੁਤ ਸਾਰੇ ਦਰਸ਼ਕਾਂ ਨੂੰ ਇਹ ਫਿਲਮ ਸਮਝ ਨਾ ਆਈ ਅਤੇ ਉਨ੍ਹਾਂ ਨੇ ਇਸ ਫਿਲਮ ਨੂੰ ਦੇਖਣ ਵਿਚ ਕਾਫੀ ਮੁਸ਼ਕਿਲ ਮਹਿਸੂਸ ਕੀਤੀ। ਨਤੀਜੇ ਵਜੋਂ ਉਨ੍ਹਾਂ ਨੇ ਸਵਾਲ ਕੀਤਾ ਕਿ ਗੁਰਵਿੰਦਰ ਸਿੰਘ ਇਸ ਫਿਲਮ ਵਿਚ ਕੀ ਕਹਿਣਾ ਚਾਹੁੰਦਾ ਹੈ? ਇਸ ਦੇ ਨਾਲ ਹੀ ਇਹ ਸਵਾਲ ਵੀ ਉਠਿਆ ਕਿ ਜੇ ਫਿਲਮ ਉਨ੍ਹਾਂ ਲੋਕਾਂ ਨੂੰ ਸਮਝ ਨਹੀਂ ਆਈ ਜਿਨ੍ਹਾਂ ਦੇ ਜੀਵਨ ਦੀ ਕਹਾਣੀ ਇਹ ਪੇਸ਼ ਕਰਦੀ ਹੈ ਤਾਂ ਇਸ ਫਿਲਮ ਨੂੰ ਬਣਾਉਣ ਦਾ ਮਕਸਦ ਕੀ ਹੈ?

2015 'ਚ ਬਣੀ 'ਚੌਥੀ ਕੂਟ' ਉਸ ਦੀ ਦੂਜੀ ਫੀਚਰ ਫਿਲਮ ਹੈ। ਪ੍ਰਸਿਧ ਕਹਾਣੀਕਾਰ ਵਰਿਆਮ ਸਿੰਘ ਸੰਧੂ ਦੀਆਂ ਦੋ ਕਹਾਣੀਆਂ 'ਚੌਥੀ ਕੂਟ' ਅਤੇ 'ਮੈਂ ਹੁਣ ਠੀਕ ਠਾਕ ਹਾਂ' ਉਤੇ ਆਧਾਰਤ ਇਹ ਫਿਲਮ ਸਰਕਾਰੀ ਅਤੇ ਗੈਰ-ਸਰਕਾਰੀ ਦਹਿਸ਼ਤ ਹੇਠ ਪਿਸਦੇ ਪੰਜਾਬੀਆਂ ਦੀ ਕਹਾਣੀ ਪੇਸ਼ ਕਰਦੀ ਹੈ। ਫਿਲਮ ਦਾ 'ਕੱਲਾ 'ਕੱਲਾ ਦ੍ਰਿਸ਼ ਉਸ ਸਮੇਂ ਪੰਜਾਬੀਆਂ ਵਲੋਂ ਹੰਢਾਈ ਪੀੜ ਅਤੇ ਸੰਤਾਪ ਨੂੰ ਬਹੁਤ ਹੀ ਖੂਬਸੂਰਤ ਤੇ ਭਾਵਮਈ ਢੰਗ ਨਾਲ ਬਿਆਨ ਕਰਦਾ ਹੈ।

ਚੌਥੀ ਕੂਟ ਪੰਜਾਬ ਦੇ 1980ਵਿਆਂ ਦੇ ਹਿੰਸਕ ਦੌਰ ਬਾਰੇ ਹੈ, ਪਰ ਸਾਰੀ ਫਿਲਮ ਵਿਚ ਬਹੁਤ ਹੀ ਮਾਮੂਲੀ ਹਿੰਸਾ ਦਿਖਾਈ ਗਈ ਹੈ। ਸਾਰੀ ਫਿਲਮ ਵਿਚ ਇਕ ਗੋਲੀ ਚਲਦੀ ਹੈ ਅਤੇ ਪੁਲਿਸ ਨਾਲ ਇਕ ਝੜਪ ਹੁੰਦੀ ਹੈ। ਫਿਰ ਵੀ ਦਰਸ਼ਕ ਫਿਲਮ ਦੇਖਦਾ ਹੋਇਆ ਹਰ ਪਲ ਉਸ ਦੌਰ ਦੀ ਹਿੰਸਾ ਦੀ ਦਹਿਸ਼ਤ ਨੂੰ ਮਹਿਸੂਸ ਕਰਦਾ ਹੈ। ਦਹਿਸ਼ਤ ਦਾ ਇਹ ਅਹਿਸਾਸ ਇਸ ਫਿਲਮ ਦੀ ਪ੍ਰਾਪਤੀ ਹੈ। 'ਦਿ ਹਿੰਦੂ' ਅਖਬਾਰ ਵਿਚ ਨਮਰਤਾ ਜੋਸ਼ੀ ਨਾਲ ਕੀਤੀ ਇੰਟਰਵਿਊ ਵਿਚ ਗੁਰਵਿੰਦਰ ਸਿੰਘ ਫਿਲਮ ਵਿਚ ਹਿੰਸਾ ਨਾ ਦਿਖਾਉਣ ਦੀ ਆਪਣੀ ਚੋਣ ਬਾਰੇ ਇਸ ਤਰ੍ਹਾਂ ਕਹਿੰਦਾ ਹੈ, "ਇਸ ਸਮੇਂ ਅਸੀਂ ਹਿੰਸਾ ਬਾਰੇ ਬਹੁਤ ਜ਼ਿਆਦਾ ਅਸੰਵੇਦਨਸ਼ੀਲ ਹੋ ਗਏ ਹਾਂ। ਇਹ ਹਰ ਵੇਲੇ ਮੀਡੀਏ ਵਿਚ ਦਿਖਾਈ ਜਾਂਦੀ ਹੈ - ਇਧਰ ਉਧਰ ਖਿੰਡਰੀਆਂ ਹੋਈਆਂ ਲਾਸ਼ਾਂ, ਬੰਬ ਧਮਾਕੇ, ਆਤਮਘਾਤੀ ਬੰਬਾਰ। ਖੂਨ ਨੇ ਆਪਣੇ ਅਰਥ ਗਵਾ ਦਿੱਤੇ ਹਨ। ਲੋਕਾਂ 'ਤੇ ਇਸ ਦਾ ਕੋਈ ਅਸਰ ਨਹੀਂ ਹੁੰਦਾ। ਮੇਰੀ ਫਿਲਮ ਵਿਚ ਬਹੁਤ ਹੀ ਘੱਟ ਹਿੰਸਾ ਹੈ। ਸਿਰਫ ਇਕ ਗੋਲੀ ਚਲਦੀ ਹੈ ਅਤੇ ਤੁਹਾਨੂੰ ਉਸ ਦਾ ਨਤੀਜਾ ਨਹੀਂ ਦਿਸਦਾ। ਸਜੀਵਤਾ ਕੁਝ ਚਿਰ ਲਈ ਲਟਕ ਜਾਂਦੀ ਹੈ। ਸਾਰੀ ਫਿਲਮ ਵਿਚ ਇਕ ਝੜਪ ਹੁੰਦੀ ਹੈ ਅਤੇ ਬੰਦੂਕ ਦੀ ਇਕ ਗੋਲੀ ਚਲਦੀ ਹੈ; ਫਿਰ ਵੀ ਇਹ ਹਿੰਸਾ ਅਤੇ ਡਰ ਬਾਰੇ ਹੈ। 'ਨਾਟਯ ਸ਼ਾਸਤਰ' ਵਿਚ ਕਿਹਾ ਗਿਆ ਹੈ ਕਿ ਜਜ਼ਬਾ ਸਿਰਫ ਅਦਾਕਾਰਾਂ ਵਲੋਂ ਮਹਿਸੂਸ ਨਹੀਂ ਕੀਤਾ ਜਾਣਾ ਚਾਹੀਦਾ, ਸਗੋਂ ਇਹ ਦਰਸ਼ਕਾਂ ਤੱਕ ਪਹੁੰਚਣਾ ਚਾਹੀਦਾ ਹੈ, ਇਹ ਦਰਸ਼ਕਾਂ ਵਿਚ ਪੈਦਾ ਹੋਣਾ ਚਾਹੀਦਾ ਹੈ। ਹਿੰਸਾ ਦਿਖਾਏ ਬਿਨਾਂ ਤੁਹਾਡੇ ਲਈ ਹਿੰਸਾ ਦਾ ਡਰ ਪੈਦਾ ਕਰਨਾ ਜ਼ਰੂਰੀ ਹੈ।"

'ਚੌਥੀ ਕੂਟ' ਵਿਚ ਗੁਰਵਿੰਦਰ ਸਿੰਘ ਨੇ ਆਪਣੀ ਗੱਲ ਕਹਿਣ ਲਈ ਪੰਜਾਬ ਦੇ ਲੈਂਡਸਕੇਪ ਨੂੰ ਵੱਖਰੇ ਅਤੇ ਖੂਬਸੂਰਤ ਢੰਗ ਨਾਲ ਵਰਤਿਆ ਹੈ। ਫਿਲਮ ਦੇ ਕੇਂਦਰ ਵਿਚਲਾ ਪਰਿਵਾਰ ਖੇਤਾਂ ਵਿਚ ਬਣੇ ਡੇਰੇ 'ਤੇ ਰਹਿੰਦਾ ਹੈ। ਇਕ ਰਾਤ ਉਨ੍ਹਾਂ ਦੇ ਡੇਰੇ 'ਤੇ ਅਤਿਵਾਦੀ ਚੱਕਰ ਮਾਰਦੇ ਹਨ ਅਤੇ ਅਗਲੀ ਸਵੇਰ ਸੀ ਆਰ ਪੀ ਐਫ। ਇਨ੍ਹਾਂ ਦੋਹਾਂ ਦੀਆਂ ਫੇਰੀਆਂ ਤੋਂ ਬਾਅਦ ਮੀਂਹ ਤੇ ਹਨ੍ਹੇਰੀ ਦੇ ਸੀਨ ਵਿਚ ਚੜ੍ਹ ਕੇ ਆਉਂਦੇ ਬੱਦਲ, ਹਨ੍ਹੇਰੀ ਦੀ ਮਾਰ ਝੱਲਦੀਆਂ ਹਰੀਆਂ ਕਚੂਰ ਕਣਕਾਂ ਅਤੇ ਮੋਹਲੇਦਾਰ ਮੀਂਹ ਉਸ ਪਰਿਵਾਰ ਦੇ ਮੈਂਬਰਾਂ ਦੇ ਮਨਾਂ ਅੰਦਰ ਉਠਦੀਆਂ ਸੋਚਾਂ ਦੀ ਹਨ੍ਹੇਰੀ ਨੂੰ ਬਹੁਤ ਹੀ ਸ਼ਕਤੀਸ਼ਾਲੀ ਢੰਗ ਨਾਲ ਪੇਸ਼ ਕਰਦੇ ਹਨ। ਦਰਸ਼ਕ ਨਾ ਹੀ ਇਸ ਝੱਖੜ ਦੇ ਸੀਨ ਨੂੰ ਭੁੱਲ ਸਕਦਾ ਹੈ ਅਤੇ ਨਾ ਹੀ ਇਸ ਝੱਖੜ ਰਾਹੀਂ ਪੇਸ਼ ਕੀਤੇ ਉਸ ਪਰਿਵਾਰ ਦੇ ਸੰਤਾਪ ਨੂੰ।

ਬੇਸ਼ਕ ਚੌਥੀ ਕੂਟ ਦੀ ਕਹਾਣੀ ਪੰਜਾਬ 'ਤੇ ਕੇਂਦਰਿਤ ਹੈ, ਪਰ ਇਹ ਇਕੱਲੇ ਪੰਜਾਬ ਦੀ ਕਹਾਣੀ ਨਹੀਂ ਹੈ। ਦੁਨੀਆ ਦੇ ਕਿਸੇ ਵੀ ਹਿੱਸੇ ਵਿਚ ਸਰਕਾਰੀ ਅਤੇ ਗੈਰ-ਸਰਕਾਰੀ ਦਹਿਸ਼ਤ ਦੀ ਮਾਰ ਝੱਲ ਰਿਹਾ ਮਨੁੱਖ ਇਸ ਕਹਾਣੀ ਵਿਚ ਆਪਣੇ ਦੁੱਖ ਦਰਦ ਨੂੰ ਦੇਖ ਸਕਦਾ ਹੈ। ਉਹ ਭਾਵੇਂ ਅਫਗਾਨਿਸਤਾਨ ਹੋਵੇ, ਭਾਵੇਂ ਸੀਰੀਆ ਜਾਂ ਇਰਾਕ ਜਾਂ ਦੁਨੀਆ ਦਾ ਕੋਈ ਹੋਰ ਦੇਸ਼, ਜਿਥੇ ਵੀ ਲੋਕ ਦੋ ਤਰਫੀ ਹਿੰਸਾ ਦਾ ਸ਼ਿਕਾਰ ਹਨ, ਉਹ ਇਸ ਫਿਲਮ ਨੂੰ ਆਪਣੀ ਫਿਲਮ ਦੇ ਤੌਰ 'ਤੇ ਦੇਖ ਸਕਦੇ ਹਨ। ਨਮਰਤਾ ਜੋਸ਼ੀ ਨਾਲ ਇੰਟਰਵਿਊ ਵਿਚ ਗੁਰਵਿੰਦਰ ਸਿੰਘ ਕਹਿੰਦਾ ਹੈ, "ਮੈਂ ਅਤਿਵਾਦੀ, ਪੁਲਿਸ ਤੇ ਫੌਜ ਬਾਰੇ ਸੋਚਦਾ ਹੋਇਆ ਅਤਿਵਾਦੀ, ਪੁਲਿਸ ਤੇ ਫੌਜ ਬਾਰੇ ਸੋਚਦਾ ਹਾਂ; 'ਭਾਰਤੀ' ਜਾਂ 'ਪੰਜਾਬੀ' ਅਤਿਵਾਦੀ, ਪੁਲਿਸ ਜਾਂ ਫੌਜ ਬਾਰੇ ਨਹੀਂ। ਮੈਂ ਸਥਾਨਕ ਪੱਧਰ 'ਤੇ ਸੋਚਣ ਦੇ ਨਾਲ ਨਾਲ ਯੂਨੀਵਰਸਲ ਪੱਧਰ 'ਤੇ ਸੋਚ ਰਿਹਾ ਹਾਂ।"

2015 ਵਿਚ ਰਿਲੀਜ਼ ਹੋਣ ਤੋਂ ਬਾਅਦ ਫਿਲਮ 'ਚੌਥੀ ਕੂਟ' ਦੀ ਦੁਨੀਆ ਭਰ ਵਿਚ ਪ੍ਰਸ਼ੰਸਾ ਹੋਈ ਹੈ। ਫਿਲਮ ਦਾ ਪ੍ਰੀਮੀਅਰ ਫਰਾਂਸ ਦੇ 68ਵੇਂ ਕਾਨ ਫਿਲਮ ਮੇਲੇ ਵਿਚ ਹੋਇਆ ਅਤੇ ਇਸ ਨੂੰ ਸਿੰਗਾਪੁਰ ਕੌਮਾਂਤਰ ਮੇਲੇ ਵਿਚ ਏਸ਼ੀਆ ਦੀ ਸਭ ਤੋਂ ਵਧੀਆ ਫਿਲਮ ਹੋਣ ਦਾ ਅਵਾਰਡ ਮਿਲਿਆ। ਸੰਨ 2016 ਵਿਚ ਇਸ ਨੂੰ ਹਿੰਦੁਸਤਾਨ ਵਿਚ ਪੰਜਾਬੀ ਵਿਚ ਬੈਸਟ ਫੀਚਰ ਫਿਲਮ ਹੋਣ ਦਾ ਅਵਾਰਡ ਮਿਲਿਆ। 'ਚੌਥੀ ਕੂਟ' ਦੀ 'ਅੰਨ੍ਹੇ ਘੋੜੇ ਦੇ ਦਾਨ' ਵਾਲੀ ਨਾ ਸਮਝ ਆਉਣ ਵਾਲੀ ਸਮੱਸਿਆ ਵੀ ਨਹੀਂ। ਇਹ ਆਮ ਦਰਸ਼ਕ ਦੇ ਸਮਝ ਆਉਣ ਵਾਲੀ ਫਿਲਮ ਹੈ।


ਗੁਰਵਿੰਦਰ ਸਿੰਘ ਦੀ ਫਿਲਮ 'ਚੌਥੀ ਕੂਟ' ਦੀ ਝਲਕ।

# ਅਦਾਕਾਰੀ ਦੀ ਜਾਨ ਪ੍ਰਾਣ

ਸੁਖਮਿੰਦਰ ਸੇਖੋਂ

ਪ੍ਰਾਣ ਦਾ ਪੂਰਾ ਨਾਂ ਪ੍ਰਾਣ ਕਿਸ਼ਨ ਸਿਕੰਦ ਸੀ ਤੇ ਉਸ ਦਾ ਜਨਮ 12 ਫਰਵਰੀ, 1920 ਨੂੰ ਪੁਰਾਣੀ ਦਿੱਲੀ ਵਿਖੇ ਹੋਇਆ। ਚੜ੍ਹਦੀ ਜਵਾਨੀ ਵੇਲੇ ਉਸ ਦਾ ਸੁਪਨਾ ਫੋਟੋਗ੍ਰਾਫਰ ਬਣਨ ਦਾ ਸੀ, ਪਰ ਮਨ ਵਿਚ ਫ਼ਿਲਮ ਐਕਟਰ ਬਣਨ ਦੀ ਚਾਹਤ ਵੀ ਸੀ। ਇਸ ਦੇ ਮੱਦੇਨਜ਼ਰ ਲਾਹੌਰ ਵਿਚ ਬਣੀ ਪੰਜਾਬੀ ਫ਼ਿਲਮ 'ਯਮਲਾ ਜੱਟ' ਵਿਚ ਉਸ ਨੂੰ ਬਤੌਰ ਨਾਇਕ ਦੀ ਭੂਮਿਕਾ ਪ੍ਰਾਪਤ ਹੋ ਗਈ। ਜਲਦੀ ਹੀ ਉਸ ਨੂੰ ਇੱਕ ਹਿੰਦੀ ਫ਼ਿਲਮ ਵਿਚ ਵੀ ਨਿੱਕਾ ਜਿਹਾ ਕਿਰਦਾਰ ਨਿਭਾਉਣ ਲਈ ਮਿਲ ਗਿਆ। ਫ਼ਿਲਮ ਦਾ ਨਾਂ ਸੀ 'ਜ਼ਿੱਦੀ' ਤੇ ਨਾਇਕ ਸਨ ਦੇਵ ਆਨੰਦ। ਬਸ ਉਸ ਖ਼ਲਨਾਇਕ ਦੇ ਨਿੱਕੇ ਜਿਹੇ ਰੋਲ ਉਪਰੰਤ ਉਸ ਨੂੰ ਹਿੰਦੀ ਸਿਨੇਮਾ ਨੇ ਝੱਟ ਅਪਣਾ ਲਿਆ। ਹੌਲੀ ਹੌਲੀ ਉਸ ਨੂੰ ਹੋਰ ਫ਼ਿਲਮਾਂ ਵੀ ਮਿਲਣੀਆਂ ਸ਼ੁਰੂ ਹੋ ਗਈਆਂ ਤੇ ਉਸ ਨੇ 'ਰੇਹਾਨਾ', 'ਗੁਪਤ ਰਾਜ', 'ਨੇਕ ਦਿਲ', 'ਬੜੀ ਬਹਿਨ', 'ਸੰਗੀਤਾ', 'ਦੇਵਦਾਸ' ਆਦਿ ਫ਼ਿਲਮਾਂ ਵਿਚ ਵੱਖ ਵੱਖ ਭੂਮਿਕਾਵਾਂ ਸਫਲਤਾ ਪੂਰਵਕ ਨਿਭਾਈਆਂ। ਦਿਲੀਪ ਕੁਮਾਰ ਨਾਲ 'ਦੇਵਦਾਸ' ਤੋਂ ਬਾਅਦ ਉਸ ਨੇ 'ਦਿਲ ਦੀਆ ਦਰਦ ਲੀਆ' ਅਤੇ 'ਰਾਮ ਔਰ ਸ਼ਿਆਮ' ਵਿਚ ਵੀ ਆਪਣੀ ਖ਼ਲਨਾਇਕੀ ਵਿਚ ਕੋਈ ਖੜੋਤ ਨਹੀਂ ਆਉਣ ਦਿੱਤੀ, ਬਲਕਿ ਉਸ ਦੀ ਅਦਾਕਾਰੀ ਵਿਚ ਹੋਰ ਨਿਖਾਰ ਆਇਆ। ਇਨ੍ਹਾਂ ਦੋਨੋਂ ਫ਼ਿਲਮਾਂ ਦੇ ਕਿਰਦਾਰਾਂ ਵਿਚ ਉਸ ਦੀਆਂ ਅੱਖਾਂ ਤੇ ਅਦਾਵਾਂ ਦੇਖਣ ਵਾਲੀਆਂ ਸਨ।



ਪ੍ਰਾਣ ਨੇ ਆਪਣੇ ਫ਼ਿਲਮੀ ਸਫ਼ਰ ਦੌਰਾਨ ਸੈਂਕੜੇ ਹੀ ਫ਼ਿਲਮਾਂ ਕੀਤੀਆਂ ਜਿਨ੍ਹਾਂ 'ਤੇ ਮੋਟੀ ਜਿਹੀ ਨਜ਼ਰ ਮਾਰਨੀ ਹੀ ਕਾਫ਼ੀ ਹੋਵੇਗੀ, ਜਿਵੇਂ 'ਆਦਮੀ', 'ਸਾਧੂ ਔਰ ਸ਼ੈਤਾਨ', 'ਨੰਨ੍ਹਾ ਫਰਿਸ਼ਤਾ', 'ਭਾਈ ਭਾਈ', 'ਹੀਰ ਰਾਂਝਾ', 'ਜਾਨੀ ਮੇਰਾ ਨਾਮ', 'ਆਖੋਂ ਆਖੋਂ ਮੇਂ' ਅਤੇ 'ਜੰਗਲ ਮੇਂ ਮੰਗਲ'। ਬਾਅਦ ਵਿਚ ਆਈਆਂ 'ਕਰਜ਼', 'ਕਾਲੀਆ', 'ਦੋਸਤਾਨਾ', 'ਸ਼ਰਾਬੀ', 'ਲਫੰਗੇ', 'ਦਸ ਨੰਬਰੀ', 'ਵਿਸ਼ਵਨਾਥ', 'ਦੇਸ਼ ਧਰੋਹੀ' ਵਿਚ ਵੀ ਉਸ ਨੇ ਆਪਣੀ ਅਨੋਖੀ ਤੇ ਅਨੂਠੀ ਅਦਾਕਾਰੀ ਨੂੰ ਅੰਜਾਮ ਦਿੱਤਾ। ਪ੍ਰਾਣ ਨੇ ਆਪਣੇ ਵੇਲਿਆਂ ਦੇ ਹਰ ਇਕ ਵੱਡੇ ਹੀਰੋ ਨਾਲ ਕੰਮ ਕੀਤਾ। ਕਾਮੇਡੀਅਨ ਕਿਸ਼ੋਰ ਕੁਮਾਰ ਨਾਲ ਆਈ ਫ਼ਿਲਮ 'ਹਾਫ ਟਿਕਟ' ਵਿਚ ਉਹ ਨਿਰਾਲੇ ਖ਼ਲਨਾਇਕ ਵਜੋਂ ਪੇਸ਼ ਹੋਇਆ। ਪ੍ਰਾਣ ਨੇ ਚੰਗੇ ਡਾਇਰੈਕਟਰਾਂ ਦੀਆਂ ਫ਼ਿਲਮਾਂ ਵਿਚ ਖ਼ਲਨਾਇਕ ਤੇ ਕਰੈਕਟਰ ਐਕਟਰ ਦੇ ਤੌਰ 'ਤੇ ਬਹੁਤ ਫ਼ਿਲਮਾਂ ਕੀਤੀਆਂ ਜਿਨ੍ਹਾਂ ਵਿਚ ਬਿਮਲ ਰਾਏ, ਰਿਸ਼ੀਕੇਸ਼ ਮੁਖਰਜੀ, ਸ਼ਕਤੀ ਸਾਮੰਤ, ਪ੍ਰਕਾਸ਼ ਮਹਿਰਾ, ਰਾਜ ਖੋਸਲਾ, ਜੇ ਓਮ ਪ੍ਰਕਾਸ਼, ਰਾਜ ਕਪੂਰ ਤੇ ਸੁਭਾਸ਼ ਘਈ ਆਦਿ ਸ਼ਾਮਲ ਹਨ। ਫ਼ਿਲਮਸਾਜ਼ ਬ੍ਰਿਜ ਦੀ ਫ਼ਿਲਮ 'ਵਿਕਟੋਰੀਆ ਨੰਬਰ 203' ਵਿਚ ਉਹ ਰਾਣਾ ਦੇ ਕਿਰਦਾਰ ਵਿਚ ਸੀ ਤੇ ਅਸ਼ੋਕ ਕੁਮਾਰ ਰਾਜਾ ਸੀ। ਸੁਰਿੰਦਰ ਕਪੂਰ ਦੀ ਧਰਮਾ ਪ੍ਰੋਡਕਸ਼ਨ ਦੀ ਫ਼ਿਲਮ 'ਧਰਮਾ' ਨਾਲ ਉਸ ਨੂੰ ਨਵੀਂ ਪਛਾਣ ਮਿਲੀ। ਖ਼ਲਨਾਇਕਾ ਬਿੰਦੂ ਨਾਲ ਉਸ 'ਤੇ ਫ਼ਿਲਮਾਈ ਗਈ ਕੱਵਾਲੀ ਚਰਚਿਤ ਰਹੀ- 'ਇਸ਼ਾਰੋ ਕੋ ਅਗਰ ਸਮਝੋ ਰਾਜ਼ ਕੋ ਰਾਜ਼ ਰਹਿਨੇ ਦੋ', ਪਰ ਪ੍ਰਕਾਸ਼ ਮਹਿਰਾ ਦੇ ਨਿਰਦੇਸ਼ਨ ਵਿਚ ਬਣੀ ਫ਼ਿਲਮ ਜਿਸ ਨੇ ਅਮਿਤਾਭ ਬਚਨ ਨੂੰ ਐਂਗਰੀ ਯੰਗਮੈਨ ਦਾ ਰੁਤਬਾ ਦਿੱਤਾ, ਉਹ ਸੀ 'ਜ਼ਮਜੀਰ'। ਇਸ ਫ਼ਿਲਮ ਵਿਚ ਪ੍ਰਾਣ ਪਠਾਨ ਦੇ ਕਿਰਦਾਰ ਵਿਚ ਸੀ। ਮੰਨਾ ਡੇ ਦੀ ਆਵਾਜ਼ ਵਿਚ ਕੱਵਾਲੀ ਫਿਰ ਹਾਜ਼ਰ ਸੀ- 'ਯਾਰੀ ਹੈ ਈਮਾਨ ਮੇਰਾ ਯਾਰ ਮੇਰੀ ਜ਼ਿੰਦਗੀ'। ਇਹ ਰੋਲ ਵੀ ਯਾਦਗਾਰੀ ਹੋ ਨਿਬੜਿਆ। ਇਕ ਹੋਰ ਫ਼ਿਲਮ ਵਿਚ ਉਹ ਦੇਵ ਆਨੰਦ ਦੇ ਭਰਾ ਦੇ ਰੋਲ ਵਿਚ ਸੀ, ਫ਼ਿਲਮ ਦਾ ਨਾਂ ਸੀ 'ਜਾਨੀ ਮੇਰਾ ਨਾਮ'। ਸੁਭਾਸ਼ ਘਈ ਦੀ 'ਵਿਸ਼ਵਨਾਥ' ਵਿਚ ਉਸ ਨੇ ਗੋਲੂ ਗਵਾਹ ਦੀ ਭੂਮਿਕਾ ਵੀ ਬਾਖ਼ੂਬੀ ਨਿਭਾਈ। 'ਕਾਲੀਆ' ਫ਼ਿਲਮ ਵਿਚ ਪੁਲਿਸ ਅਫ਼ਸਰ ਦੇ ਕਿਰਦਾਰ ਵਿਚ ਵੀ ਇਸ ਅਦਾਕਾਰ ਨੇ ਪ੍ਰਾਣ ਪਾ ਦਿੱਤੇ ਸਨ। ਚੇਤਨ ਆਨੰਦ ਦੀ 'ਹੀਰ ਰਾਂਝਾ' ਵਿਚ ਉਸ ਵੱਲੋਂ ਨਿਭਾਏ 'ਕੈਦੋਂ' ਦੇ ਕਿਰਦਾਰ ਨੂੰ ਤਾਂ ਦਰਸ਼ਕ ਅੱਜ ਵੀ ਨਹੀਂ ਭੁੱਲੇ ਹੋਣਗੇ। ਹੀਰੋ ਤੇ ਫਿਲਮਸਾਜ਼ ਮਨੋਜ ਕੁਮਾਰ ਨੇ ਪ੍ਰਾਣ ਨੂੰ ਆਪਣੀ ਫ਼ਿਲਮ 'ਉਪਕਾਰ' ਵਿਚ ਚਰਿਤਰ ਅਦਾਕਾਰ ਦੇ ਰੂਪ ਵਿਚ ਪੇਸ਼ ਕੀਤਾ। ਫ਼ਿਲਮ ਉਪਕਾਰ ਵਿਚ ਉਸ 'ਤੇ ਫ਼ਿਲਮਾਇਆ। ਮੰਨਾ ਡੇ ਦੀ ਆਵਾਜ਼ ਵਿਚ ਇੱਕ ਗੀਤ ਤਾਂ ਦਰਸ਼ਕਾਂ ਦੇ ਚੇਤਿਆਂ ਵਿਚ ਹੁਣ ਵੀ ਤਾਜ਼ਾ ਹੋਵੇਗਾ- 'ਕਸਮੇ ਵਾਅਦੇ ਪਿਆਰ ਵਫ਼ਾ, ਸਭ ਬਾਤੇਂ ਹੈਂ ਬਾਤੋਂ ਕਾ ਕਯਾ'।

ਇਸ ਜਾਨਦਾਰ ਤੇ ਸ਼ਾਨਦਾਰ ਖ਼ਲਨਾਇਕ ਤੇ ਚਰਿਤਰ ਅਭਿਨੇਤਾ ਨੇ ਲੰਬਾ ਸਮਾਂ ਫ਼ਿਲਮ ਸਨਅਤ 'ਤੇ ਰਾਜ ਕੀਤਾ ਤੇ ਉਹ ਅਦਾਕਾਰੀ ਦੀ ਦੁਨੀਆਂ ਵਿਚ ਮਿੱਥ ਬਣ ਗਿਆ ਸੀ। ਪੁਰਾਣੇ ਹੀ ਨਹੀਂ, ਨਵੇਂ ਖ਼ਲਨਾਇਕ ਵੀ ਉਸ ਦੀ ਅਦਾਕਾਰੀ ਤੋਂ ਪ੍ਰੇਰਨਾ ਲੈਂਦੇ ਹਨ। ਹਰ ਕਿਰਦਾਰ ਨੂੰ ਆਪਣੇ ਵਿਲੱਖਣ ਅੰਦਾਜ਼ ਸਦਕਾ ਪ੍ਰਾਣ ਨੂੰ ਕਈ ਫ਼ਿਲਮੀ ਪੁਰਸਕਾਰ ਪ੍ਰਾਪਤ ਹੋਏ। ਫ਼ਿਲਮ 'ਉਪਕਾਰ', 'ਆਂਸੂ ਬਨ ਗਏ ਫੂਲ' ਅਤੇ 'ਬੇਈਮਾਨ' ਲਈ ਉਸ ਨੂੰ ਸਹਾਇਕ ਫ਼ਿਲਮ ਅਦਾਕਾਰ, ਭਾਰਤ ਸਰਕਾਰ ਵੱਲੋਂ ਪਦਮ ਭੂਸ਼ਨ ਅਤੇ ਫ਼ਿਲਮ ਉਦਯੋਗ ਦਾ ਸਭ ਤੋਂ ਵੱਡਾ ਐਵਾਰਡ ਦਾਦਾ ਸਾਹਿਬ ਫਾਲਕੇ ਵੀ ਹਾਸਲ ਹੋਇਆ। ਸਿਨੇਮਾ ਪ੍ਰੇਮੀਆਂ ਦਾ ਇਹ ਚਹੇਤਾ ਅਦਾਕਾਰ 12 ਜੁਲਾਈ, 2013 ਨੂੰ ਰੁਖ਼ਸਤ ਹੋ ਗਿਆ। ਪ੍ਰਾਣ ਸੱਚਮੁੱਚ ਫ਼ਿਲਮ ਸਨਅਤ ਦਾ ਪ੍ਰਾਣ ਸੀ।


PUNJABI STARLIVE EVENT MANAGEMENT PVT LTD.
PRESENTS
Nirmal Sidhu
Resham Anmol
Sara Gurpal
USA TOUR 2018
MEDIA PARTNER
BOSTON DESI CONNECTION
BDC tv
Bunty Bains
GUEST APPEARANCE
CONTACT FOR LIVE SHOW BOOKINGS ACROSS USA
+1 - 847-907-1074 | +1 - 224-410-8380
www.punjabistarlive.com